

TANYA'S
BEAUTY SALON
Threading/Waxing, Facial(Men & Women)
Anti-Aging Facial, Bleach
Hair Cut, Color and Style
40-39 75 St. Jackson Heights, NY 11373
718-478-9009
137-40 Jamaica Avenue Jamaica, NY 11435
718-297-1019
85-03 Roosevelt Avenue Jackson Heights, NY 11373
718-205-7832


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

Ad Space Available
Please Call
Ph:847-359-0746



Fourteenth Year of Publication | ਨਿਊ ਯਾਰਕ ਐਡੀਸ਼ਨ | Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 14, Issue 34, August 24th, 2013 | 20451 N Plum Grove Rd., Palatine, IL 60074 | Ph:847-359-0746, Fax:847-705-9388


# ਮਨਮੋਹਨ ਸਿੰਘ ਦਾ ਆਰਥਿਕ ਸੁਪਨ-ਸੰਸਾਰ ਟੋਟੇ ਟੋਟੇ

## ਆਰਥਿਕਤਾ ਨੂੰ ਲੀਹੇ ਪਾਉਣ ਦਾ ਹਰ ਹੀਲਾ ਨਾਕਾਮ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਚੋਟੀ ਦੇ ਆਲਮੀ ਅਰਥ-ਸ਼ਾਸਤਰੀਆਂ ਵਿਚ ਆਪਣੀ ਪੈਂਠ ਬਣਾਈ ਬੈਠੇ ਡਾ. ਮਨਮੋਹਨ ਸਿੰਘ ਦਾ 'ਆਰਥਿਕ ਸੁਪਨ-ਸੰਸਾਰ' ਖਿੰਡਣਾ ਸ਼ੁਰੂ ਹੋ ਗਿਆ ਹੈ। 'ਸਾਊ ਬੰਦੇ' ਵੱਲੋਂ 1991 ਵਿਚ ਸ਼ੁਰੂ ਕੀਤੀਆਂ ਉਦਾਰੀਕਰਨ ਤੇ ਸੰਸਾਰੀਕਰਨ ਦੀਆਂ ਨੀਤੀਆਂ ਦੇ ਮਾੜੇ ਨਤੀਜੇ ਹੁਣ ਸਾਹਮਣੇ ਆਉਣ ਲੱਗੇ ਹਨ ਜਿਨ੍ਹਾਂ ਨੂੰ ਵੇਖ ਕੇ ਉਹ ਖੁਦ ਵੀ ਹੈਰਾਨ ਹਨ। ਵਿੱਤ ਮੰਤਰੀ ਪੀ. ਚਿਦੰਬਰਮ ਤੇ ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਮੌਨਟੇਕ ਸਿੰਘ ਆਹਲੂਵਾਲੀਆ ਵਰਗੇ 'ਮਹਾਂਰਥੀਆਂ' ਦੀ ਟੀਮ ਨਾਲ ਮਿਲ ਕੇ ਡਾ. ਮਨਮੋਹਨ ਸਿੰਘ ਪਿਛਲੇ ਇਕ ਦਹਾਕੇ ਤੋਂ ਮਹਿੰਗਾਈ ਨੂੰ ਨੱਥ ਪਾਉਣ ਅਤੇ ਆਰਥਿਕ ਵਿਕਾਸ ਨੂੰ ਲੀਹੇ ਚਾੜ੍ਹਨ ਦੀ ਕੋਸ਼ਿਸ਼ ਵਿਚ ਜੁਟੇ ਹੋਏ ਹਨ ਪਰ ਅਜੇ ਤੱਕ ਉਨ੍ਹਾਂ ਦੀਆਂ ਸਾਰੀਆਂ ਸਕੀਮਾਂ ਨਾਕਾਮ ਰਹੀਆਂ ਹਨ। ਉਪਰੋਂ ਆ ਰਹੀਆਂ ਲੋਕ ਸਭਾ ਚੋਣਾਂ ਨੇ ਉਨ੍ਹਾਂ ਦੀ ਨੀਂਦ ਉੜਾ ਦਿੱਤੀ ਹੈ।

ਇਨ੍ਹਾਂ ਕਾਂਗਰਸੀ 'ਅਰਥ-ਸ਼ਾਸਤਰੀਆਂ' ਨੂੰ ਉਸ ਵੇਲੇ ਤਰੇਲੀਆਂ ਆ ਗਈਆਂ ਜਦੋਂ ਡਾਲਰ ਦੀ ਲਗਾਤਾਰ ਮੰਗ ਅਤੇ ਘੇਰਲੂ ਸ਼ੇਅਰ ਬਾਜ਼ਾਰ ਵਿਚ ਨਰਮੀ ਕਾਰਨ ਰੁਪਏ ਦੀ ਕੀਮਤ ਘਟ ਕੇ ਇਕ ਡਾਲਰ ਦੇ ਮੁਕਾਬਲੇ 64.11 ਰੁਪਏ ਹੋ ਗਈ। ਇਹ ਇਸ ਦਹਾਕੇ ਦੀ ਸਭ ਤੋਂ ਵੱਡੀ ਗਿਰਾਵਟ ਸੀ। ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਵੱਲੋਂ ਬੇਸ਼ੱਕ ਡਾਲਰ ਦੀ ਭਾਰੀ ਬਿਕਵਾਲੀ ਕਰਨ ਤੋਂ ਬਾਅਦ ਰੁਪਏ ਦੀ ਹਾਲਤ ਵਿਚ ਥੋੜ੍ਹਾ ਸੁਧਾਰ ਆਇਆ ਸੀ, ਪਰ ਰੁਪਏ ਦੀ ਲਗਾਤਾਰ ਘਟ ਰਹੀ ਕੀਮਤ ਕਾਰਨ ਭਾਰਤੀ ਆਰਥਿਕ ਖੇਤਰ ਵਿਚ ਸਹਿਮ ਬਰਕਰਾਰ ਹੈ।

ਜ਼ਿਕਰਯੋਗ ਹੈ ਕਿ 20 ਅਗਸਤ ਨੂੰ ਬਰਤਾਨਵੀ ਪੌਂਡ ਦੇ ਮੁਕਾਬਲੇ ਰੁਪਈਆ ਪਹਿਲੀ ਵਾਰ 100 ਦੇ ਅੰਕੜੇ ਨੂੰ ਛੂਹ ਗਿਆ

*(ਬਾਕੀ ਸਫਾ 6 'ਤੇ)*

# ਜਹਾਦੀਆਂ ਤੇ ਖਾੜਕੂਆਂ 'ਚ ਤਾਲਮੇਲ ਜੱਗ-ਜ਼ਾਹਿਰ

## ਟੂੰਡੇ ਦੇ ਖੁਲਾਸਿਆਂ ਨੇ ਪੰਜਾਬ ਪੁਲਿਸ ਦੀ ਨੀਂਦ ਉੜਾਈ



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਨੂੰ ਅਤਿ ਲੋੜੀਂਦੇ 20 ਅਤਿਵਾਦੀਆਂ ਵਿਚੋਂ ਇਕ ਅਬਦੁਲ ਕਰੀਮ ਟੂੰਡਾ ਉਰਫ਼ ਅਬਦੁਲ ਕੁਦਸ ਦੀ ਗ੍ਰਿਫ਼ਤਾਰੀ ਨਾਲ ਅਤਿਵਾਦੀ ਜਥੇਬੰਦੀ ਲਸ਼ਕਰ-ਏ-ਤੋਇਬਾ ਦੀਆਂ ਤਾਰਾਂ ਪੰਜਾਬ ਵਿਚ ਸਰਗਰਮ ਖਾੜਕੂ ਜਥੇਬੰਦੀਆਂ ਨਾਲ ਜਾ ਜੁੜੀਆਂ ਹਨ ਜਿਸ ਨੂੰ ਲੈ ਕੇ ਖੁਫੀਆ ਏਜੰਸੀਆਂ ਅਤੇ ਪੰਜਾਬ ਪੁਲਿਸ ਚੌਕਸ ਹੋ ਗਈ ਹੈ। ਲਸ਼ਕਰ-ਏ-ਤੋਇਬਾ ਦੇ ਅਤਿਵਾਦੀ ਟੂੰਡਾ ਨੂੰ ਲੰਘੇ ਦਿਨੀਂ ਭਾਰਤ-ਨੇਪਾਲ ਸਰਹੱਦ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ 'ਤੇ ਭਾਰਤ ਵਿਚ 40 ਬੰਬ ਧਮਾਕਿਆਂ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦੇ ਦੋਸ਼ ਹਨ।

ਸੱਤਰ ਸਾਲਾ ਅਬਦੁਲ ਕਰੀਮ ਟੂੰਡਾ ਬੰਬ ਬਣਾਉਣ ਦਾ ਮਾਹਿਰ ਹੈ। ਟੂੰਡਾ ਉਨ੍ਹਾਂ ਵੀਹ ਅਤਿਵਾਦੀਆਂ ਦੀ ਸੂਚੀ ਵਿਚ ਸ਼ਾਮਲ ਹੈ ਜਿਨ੍ਹਾਂ ਦੀ ਮੁੰਬਈ ਅਤਿਵਾਦੀ ਹਮਲਿਆਂ ਦੇ ਦੋਸ਼ ਵਿਚ ਭਾਰਤ ਸਰਕਾਰ, ਪਾਕਿਸਤਾਨ ਸਰਕਾਰ ਤੋਂ ਸਪੁਰਦਗੀ ਦੀ ਮੰਗ ਕਰ ਚੁੱਕੀ ਹੈ। ਇਸ ਸੂਚੀ ਵਿਚ ਲਸ਼ਕਰ-ਏ-ਤੋਇਬਾ ਦਾ ਮੁਖੀ ਹਾਫਿਜ਼ ਸਈਦ, ਜੈਸ਼-ਏ-ਮੁਹੰਮਦ ਮੁਖੀ ਮੌਲਾਨਾ ਮਸੂਦ ਅਜ਼ਹਰ ਤੇ ਦਾਊਦ ਇਬਰਾਹੀਮ ਦੇ ਨਾਂ ਵੀ ਸ਼ਾਮਲ ਹਨ। ਪੁਲਿਸ ਸੂਤਰਾਂ ਅਨੁਸਾਰ ਟੂੰਡਾ ਇਕੱਲੀ ਦਿੱਲੀ ਵਿਚ ਹੀ 21 ਵਾਰਦਾਤਾਂ ਲਈ ਲੋੜੀਂਦਾ ਹੈ ਜੋ 1994 ਤੋਂ 1996-98 ਦੇ ਕਰੀਬ ਦੀਆਂ ਹਨ। ਟੂੰਡਾ ਨੇ ਮੰਨਿਆ ਹੈ

*(ਬਾਕੀ ਸਫਾ 6 'ਤੇ)*



*Ranjit Singh*

Heating, Ventilation & Air Conditioning
COOL AIR INC.
35-57 9th Street, Long Island City, NY 11106
Serving in all FIVE BOROUGHS
Residential & Commercial
Sales, Services & Installations
Room AC, PTAC, Split, Central
Roof Top, Packaged,
Water Source Chiller & Cooling
Tower, Duct Cleaning
We sell Generators
*Authorized Warranty Service Center
*OSHA, EPA & FDNY Certificated Techs
*Licensed & FULLY insured
"Experienced HVAC Mechanics needed. Call for interview"
We keep NYC cool
For pricing, estimates & information, log on to www.coolairnyc.com
www.coolairny.com
Write us at coolair@coolairnyc.com
Call Now:
718-721-2131


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
Limited Time Offer. Restrictions & Additional Fees Apply.
800.914.1013 • 408.659.9400

ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ ॥

ਧੁਰ ਕੀ ਬਾਣੀ ਆਈ ॥ ਤਿਨ ਸਗਲੀ ਚਿੰਤ ਮਿਟਾਈ ॥

# ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ

95-30, 118 ਸਟਰੀਟ ਰਿਚਮੰਡ ਹਿੱਲ, ਨਿਊਯਾਰਕ 11419

ਫੋਨ : 718-864-3333, ਫੈਕਸ 718-441-7305

ਵਲੋਂ

ਗੁਰੂ ਪਿਆਰੀ ਸਾਧ ਸੰਗਤ ਜੀ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਵਲੋਂ ਟਰਾਈ ਸਟੇਟ ਦੀਆਂ ਸਮੂਹ ਸੰਗਤਾਂ, ਪ੍ਰਬੰਧਕ ਕਮੇਟੀਆਂ, ਸਮੂਹ ਸੁਸਾਇਟੀਆਂ, ਸਮੂਹ ਜਥੇਬੰਦੀਆਂ ਤੇ ਸਭਾਵਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਗੁਰਪੁਰਬ ਜੋ ਪਹਿਲੀ ਸਤੰਬਰ ਐਤਵਾਰ ਨੂੰ ਆ ਰਿਹਾ ਹੈ। ਦੇ ਸਬੰਧ ਵਿਚ ਵਿਸੇਸ ਸਮਾਗਮ ਉਲੀਕੇ ਹਨ ਜੋ ਕਿ ਇਸ ਪ੍ਰਕਾਰ ਹਨ।

# ਤੀਜਾ ਮਹਾਨ ਨਗਰ ਕੀਰਤਨ

## 24 ਅਗਸਤ 2013 ਦਿਨ ਸ਼ਨੀਵਾਰ ਨੂੰ ਕੱਢਿਆਂ ਜਾ ਰਿਹਾ ਹੈ ।



ਗੁਰੂ ਘਰ ਵਲੋਂ ਸਤਿਗੁਰੂ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਦੀ ਖੁਸ਼ੀ ਵਿਚ ਤੀਸਰਾ ਮਹਾਨ ਨਗਰ ਕੀਰਤਨ 24 ਅਗਸਤ ਦਿਨ ਸ਼ਨੀਵਾਰ ਨੂੰ ਸ਼ਰਧਾ ਪਿਆਰ ਸਹਿਤ ਕੱਢਿਆ ਜਾ ਰਿਹਾ ਹੈ। ਇਹ ਨਗਰ ਕੀਰਤਨ ਉਸ ਇਤਿਹਾਸ ਨੂੰ ਦਰਸਾਉਂਦਾ ਹੈ ਜਦੋਂ 1604 ਈ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਬੀੜ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਨ ਉਪਰੰਤ ਰਾਮਸਰ ਸਰੋਵਰ ਤੋਂ ਇਸ ਗ੍ਰੰਥ ਨੂੰ ਬਾਬਾ ਬੁੱਢਾ ਜੀ ਦੇ ਸੀਸ ਤੇ ਸੁਸ਼ੋਭਿਤ ਕਰਕੇ ਆਪ ਨੰਗੇ ਪੈਰੀ ਚੌਰ ਸਾਹਿਬ ਕਰਦਿਆਂ ਸ਼ਬਦ ਕੀਰਤਨ ਕਰਦਿਆਂ ਨਗਰ ਕੀਰਤਨ ਦੇ ਰੂਪ ਵਿਚ ਸ੍ਰੀ ਹਰਿਮੰਦਰ ਸਾਹਿਬ ਪਹੁੰਚੇ ਸਨ ਤੇ ਉਥੇ ਸਤਿਗੁਰੂ ਜੀ ਦਾ ਪਹਿਲਾ ਪ੍ਰਕਾਸ਼ ਕਰਕੇ ਪਹਿਲੇ ਗ੍ਰੰਥੀ ਧੰਨ ਧੰਨ ਬਾਬਾ ਬੁੱਢਾ ਜੀ ਨੂੰ ਥਾਪਿਆ ਗਿਆ। ਸਿੱਖ ਧਰਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਅਗਵਾਈ ਵਿਚ ਇਹ ਪਹਿਲਾ ਨਗਰ ਕੀਰਤਨ ਸੀ। ਸੋ ਉਸ ਦਿਹਾੜੇ ਨੂੰ ਯਾਦ ਕਰਦਿਆਂ ਸਿੱਖ ਕਲਚਰਲ ਸੁਸਾਇਟੀ ਦੀ ਪ੍ਰਬੰਧਕ ਕਮੇਟੀ ਵਲੋਂ ਪਿਛਲੇ ਸਾਲਾਂ ਤੋਂ ਇਹ ਨਗਰ ਕੀਰਤਨ ਦਾ ਸਮਾਗਮ ਆਰੰਭ ਕੀਤਾ ਗਿਆ। ਆਓ ਅਸੀਂ ਸਾਰੇ ਰਲ ਮਿਲ ਕੇ ਇਸ ਨਗਰ ਕੀਰਤਨ ਦੀ ਸ਼ੋਭਾ ਨੂੰ ਵਧਾਈਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਅਸੀਸਾਂ ਪ੍ਰਾਪਤ ਕਰੀਏ।

*ਨਗਰ ਕੀਰਤਨ ਦਾ ਸਮਾਂ ਅਤੇ ਰਸਤਾ:* *ਨਗਰ ਕੀਰਤਨ ਗੁਰੂ ਘਰ ਤੋਂ ਸਨਿਚਰਵਾਰ ਦੁਪਹਿਰ 12 ਵਜੇ ਅਰਦਾਸ ਉਪਰੰਤ ਅਰੰਭ ਹੋਵੇਗਾ ਅਤੇ 118 ਸਟਰੀਟ ਤੋਂ ਸੱਜੇ 101 ਐਵਨਿਊ 'ਤੇ ਹੁੰਦਾ 111 ਸਟਰੀਟ ਤੋਂ ਖੱਬੇ ਹੋ ਕੇ ਲਿਬਰਟੀ ਐਵਨਿਊ ਤੋਂ ਫਿਰ ਖੱਬੇ 123 ਸਟਰੀਟ ਤੋਂ ਅਟਲਾਂਟਿਕ ਐਵਨਿਊ ਤੋਂ ਹੁੰਦਾ ਹੋਇਆ 118 ਸਟਰੀਟ ਤੋਂ ਲੈਫਟ ਕਰਕੇ ਗੁਰੂ ਘਰ ਰਿਚਮੰਡ ਹਿਲ ਵਿਖੇ ਸਮਾਪਤ ਹੋਵੇਗਾ।*



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਜੀ ਅਤੇ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ ਅਤੇ ਗੁਰਦੁਆਰਾ ਬੰਗਲਾ ਸਾਹਿਬ ਦੇ ਹੈਡ ਗ੍ਰੰਥ ਗਿਆਨੀ ਰਣਜੀਤ ਸਿੰਘ ਜੀ ਵੀ ਵਿਸ਼ੇਸ਼ ਤੌਰ ਤੇ ਇਸ ਨਗਰ ਕੀਰਤਨ ਵਿਚ ਹਿੱਸਾ ਲੈਣ ਲਈ ਪਹੁੰਚ ਰਹੇ ਹਨ।



ਬੇਨਤੀ ਕਰਤਾ ਸਮੂਹ ਸਾਧ ਸੰਗਤ ਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ

ਹੈਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ
917.353.7265

ਪ੍ਰਧਾਨ ਸ. ਗੁਰਦੇਵ ਸਿੰਘ ਕੰਗ
718.974.4827

ਚੀਫ ਕੋਆਰਡੀਨੇਟਰ ਸਪੋਰਟਸ ਵਿੰਗ ਹਰਬੰਸ ਸਿੰਘ ਢਿੱਲੋਂ
917.515.1721

ਚੇਅਰਮੈਨ ਸ. ਮੋਹਣ ਸਿੰਘ ਖੱਟੜਾ
917.662.3749

ਜਨਰਲ ਸਕੱਤਰ ਸ. ਕੁਲਦੀਪ ਸਿੰਘ ਢਿੱਲੋਂ
347-324-2405

ਵਾਈਸ ਪ੍ਰਧਾਨ ਬਾਵਾ ਰਜਿੰਦਰ ਸਿੰਘ ਲਾਲੀ
917.805.0202

ਕੈਸ਼ੀਅਰ ਸ. ਜਸਵਿੰਦਰ ਸਿੰਘ ਪੱਡਾ
917-930-8343

ਪਬਲਿਕ ਰਿਲੇਸ਼ਨ ਚੇਅਰਮੈਨ ਸ. ਭੁਪਿੰਦਰ ਸਿੰਘ ਅਟਵਾਲ
347-837-5615

## ਵਿਸ਼ੇਸ਼ ਕੀਰਤਨ ਦਰਬਾਰ

ਗੁਰੂ ਘਰ ਸਿੱਖ ਕਲਚਰਲ ਸੁਸਾਇਟੀ ਵਿਖੇ ਇਕ ਸਤੰਬਰ ਦਿਨ ਐਤਵਾਰ ਨੂੰ ਗੁਰਪੁਰਬ ਦੇ ਸਬੰਧ ਵਿਚ ਦਿਨ ਭਰ ਦੇ ਦੀਵਾਨ ਸਵੇਰੇ ਅੰਮ੍ਰਿਤ ਵੇਲੇ ਤੋਂ ਸ਼ੁਰੂ ਹੋ ਕੇ ਦੁਪਹਿਰ 3 ਵਜੇ ਤਕ ਚੱਲਣਗੇ। ਪਰ ਇਸ ਤੋਂ ਪਹਿਲਾਂ 31 ਅਗਸਤ ਦਿਨ ਸ਼ਨੀਵਾਰ ਨੂੰ ਸ਼ਾਮ 5 ਤੋਂ 10 ਵਜੇ ਤਕ ਵਿਸ਼ੇਸ਼ ਕੀਰਤਨ ਦਰਬਾਰ ਹੋਵੇਗਾ। ਇਸ ਵਿਚ ਨਾਮਵਰ ਕੀਰਤਨੀਆਂ ਵਲੋਂ ਆਤਮ ਰਸ ਕੀਰਤਨ ਦੀ ਹਾਜ਼ਰੀ ਭਰੀ ਜਾਵੇਗੀ ਤੇ ਆਰਤੀ ਕੀਰਤਨ ਕਰਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਫੁੱਲਾਂ ਦੀ ਵਰਖਾ ਕੀਤੀ ਜਾਵੇਗੀ। ਸਮੁੱਚਾ ਸਮਾਗਮ ਸੰਗਤੀ ਤੌਰ ਤੇ ਕੀਤਾ ਜਾਵੇਗਾ। ਲੰਗਰ ਦੇ ਵਿਸ਼ੇਸ਼ ਪ੍ਰਬੰਧ ਕੀਤਾ ਜਾਵੇਗਾ। ਇਸ ਸਮਾਗਮ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਜੀ ਦੀਆਂ ਖੁਸੀਆਂ ਪ੍ਰਾਪਤ ਕਰੋ ਜੀ

# ਫਰੀਦਕੋਟ ਰਿਆਸਤ ਦੀ ਸ਼ਾਹੀ ਵਸੀਅਤ ਖਿਲਾਫ ਫੈਸਲੇ ਨੂੰ ਚੁਣੌਤੀ

**ਫ਼ਰੀਦਕੋਟ:** ਫ਼ਰੀਦਕੋਟ ਰਿਆਸਤ ਦੇ ਆਖਰੀ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀ ਸ਼ਾਹੀ ਜਾਇਦਾਦ ਬਾਰੇ ਵਸੀਅਤ ਦਾ ਮਾਮਲਾ ਉਲਝਦਾ ਜਾ ਰਿਹਾ ਹੈ।

ਮਹਾਰਾਣੀ ਦੀਪਇੰਦਰ ਕੌਰ ਤੇ ਮਹਾਰਾਵਲ ਖੇਵਾ ਜੀ ਟਰੱਸਟ ਨੇ ਸਾਂਝੇ ਤੌਰ 'ਤੇ ਜ਼ਿਲ੍ਹਾ ਜੱਜ ਦੀ ਅਦਾਲਤ ਵਿਚ ਅਪੀਲ ਦਾਇਰ ਕਰਕੇ ਸ਼ਾਹੀ ਜਾਇਦਾਦ ਨੂੰ ਸਾਂਭ ਸੰਭਾਲ ਬਾਰੇ ਲਿਖੀ ਵਸੀਅਤ ਤੇ ਸਥਾਪਤ ਕੀਤੇ ਟਰੱਸਟ ਨੂੰ ਚੰਡੀਗੜ੍ਹ ਦੇ ਸਿਵਲ ਜੱਜ ਰਜਨੀਸ਼ ਕੁਮਾਰ ਸ਼ਰਮਾ ਵੱਲੋਂ 25 ਜੁਲਾਈ ਨੂੰ ਤੋੜਨ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ ਤੇ ਮੰਗ ਕੀਤੀ ਹੈ ਕਿ ਹੇਠਲੀ ਅਦਾਲਤ ਦੇ ਫੈਸਲੇ ਨੂੰ ਰੱਦ ਕੀਤਾ ਜਾਵੇ ਕਿਉਂਕਿ ਅਦਾਲਤ ਵੱਲੋਂ ਸੁਣਾਇਆ ਫੈਸਲਾ ਕਾਨੂੰਨ ਤੇ ਤੱਥਾਂ ਦੇ ਉਲਟ ਹੈ। ਇਸ ਲਈ ਇਸ ਬਾਰੇ ਨਜ਼ਰਸਾਨੀ ਕੀਤੀ ਜਾਵੇ।

ਜ਼ਿਕਰਯੋਗ ਹੈ ਕਿ ਰਾਜਾ ਹਰਿੰਦਰ ਸਿੰਘ ਬਰਾੜ ਦੀ ਧੀ ਅੰਮ੍ਰਿਤਪਾਲ ਕੌਰ ਨੇ 1992 ਵਿਚ ਚੰਡੀਗੜ੍ਹ ਦੀ ਅਦਾਲਤ ਵਿਚ ਕੇਸ ਕਰਕੇ ਦਾਅਵਾ ਕੀਤਾ ਸੀ ਕਿ ਉਸ ਦੇ ਪਿਤਾ ਨੇ ਆਪਣੀ



ਜ਼ਿੰਦਗੀ ਵਿਚ ਕੋਈ ਵਸੀਅਤ ਨਹੀਂ ਲਿਖੀ ਬਲਕਿ ਉਸ ਦੇ ਕੁਝ ਨਜ਼ਦੀਕੀਆਂ ਨੇ ਮਹਾਰਾਜਾ ਦੀ ਮੌਤ ਤੋਂ ਬਾਅਦ ਝੂਠੀ ਵਸੀਅਤ ਤਿਆਰ ਕਰਕੇ ਫ਼ਰੀਦਕੋਟ ਰਿਆਸਤ ਦੀ 25 ਹਜ਼ਾਰ ਕਰੋੜ ਤੋਂ ਵੱਧ ਦੀ ਜਾਇਦਾਦ ਉਪਰ ਕਬਜ਼ਾ ਕਰ ਲਿਆ। ਰਾਜ ਕੁਮਾਰੀ ਅੰਮ੍ਰਿਤਪਾਲ ਕੌਰ ਨੇ ਆਪਣੇ ਦਾਅਵੇ ਵਿਚ ਕਿਹਾ ਸੀ ਕਿ ਇੱਕ ਜੂਨ 1982 ਨੂੰ ਲਿਖੀ ਵਸੀਅਤ ਜਾਅਲੀ ਦਸਤਾਵੇਜ਼ ਹੈ। ਉਨ੍ਹਾਂ ਕਿਹਾ ਹੈ ਕਿ ਆਪਣੇ ਇਕਲੌਤੇ ਪੁੱਤਰ ਦੀ ਮੌਤ ਤੋਂ ਬਾਅਦ ਮਹਾਰਾਜਾ ਸਦਮੇ ਵਿਚ ਸਨ ਤੇ ਉਸ ਦੇ ਅਹਿਲਕਾਰਾਂ ਨੇ ਇਸ ਮੌਕੇ ਦਾ ਫਾਇਦਾ ਉਠਾ ਕੇ ਝੂਠੀ ਵਸੀਅਤ ਤਿਆਰ ਕਰ ਲਈ ਤੇ 1989 ਵਿਚ ਉਨ੍ਹਾਂ ਦੀ ਮੌਤ ਤੋਂ ਬਾਅਦ ਸ਼ਾਹੀ ਜਾਇਦਾਦ ਦੀ ਸਾਂਭ ਸੰਭਾਲ ਲਈ ਮਹਾਰਾਵਲ ਖੇਵਾ ਜੀ ਟਰੱਸਟ ਸਥਾਪਤ ਕਰ ਦਿੱਤਾ ਜੋ ਮੌਜੂਦਾ ਸਮੇਂ ਵਿਚ ਸ਼ਾਹੀ ਜਾਇਦਾਦਾਂ ਦੀ ਦੇਖ ਭਾਲ ਕਰ ਰਿਹਾ ਹੈ।

ਅਦਾਲਤ ਨੇ ਰਾਜ ਕੁਮਾਰੀ ਅੰਮ੍ਰਿਤਪਾਲ ਕੌਰ ਦੇ ਦੋਸ਼ਾਂ ਨੂੰ ਸਹੀ ਮੰਨਦਿਆਂ ਇਸੇ ਸਾਲ 25 ਜੁਲਾਈ ਨੂੰ ਫ਼ਰੀਦਕੋਟ ਦੇ ਮਹਾਰਾਜਾ ਹਰਿੰਦਰ ਸਿੰਘ ਬਰਾੜ ਦੀ ਵਸੀਅਤ ਨੂੰ ਗੈਰ ਕਾਨੂੰਨੀ ਐਲਾਨਦਿਆਂ ਵਸੀਅਤ ਤੇ ਟਰੱਸਟ ਨੂੰ ਰੱਦ ਕਰ ਦਿੱਤਾ ਸੀ। ਟਰੱਸਟ ਦੇ ਸੀ.ਈ.ਓ, ਐਲ.ਐਮ ਗੁਪਤਾ ਤੇ ਚੇਅਰਪਰਸਨ ਮਹਾਰਾਣੀ ਦੀਪਇੰਦਰ ਕੌਰ ਮਹਿਤਾਬ ਨੇ ਦਾਅਵਾ ਕੀਤਾ ਹੈ ਕਿ ਵਸੀਅਤ ਤੇ ਟਰੱਸਟ ਮਹਾਰਾਜਾ ਦੀ ਇੱਛਾ ਤੇ ਲਿਖਤ ਮੁਤਾਬਕ ਹੀ ਬਣਾਏ ਗਏ ਹਨ, ਇਸ ਲਈ ਇਨ੍ਹਾਂ ਨੂੰ ਰੱਦ ਕਰਨ ਵਾਲਾ ਫੈਸਲਾ ਕਾਨੂੰਨੀ ਤੌਰ 'ਤੇ ਗਲਤ ਹੈ। ਇਸੇ ਕਰ ਕੇ ਉਨ੍ਹਾਂ ਹੁਣ ਅਦਾਲਤ ਦਾ ਦਰ ਖੜਕਾਇਆ ਹੈ।

## Matrimonials

### ਵਰ ਦੀ ਲੋੜ

ਜੱਟ ਸਿੱਖ, ਸੋਹਣੀ ਸੁਨੱਖੀ ਅਮਰੀਕੀ ਸਿਟੀਜ਼ਨ ਤਲਾਕਸ਼ੁਦਾ ਲੜਕੀ, ਉਮਰ 38 ਸਾਲ ਕੱਦ 5'-7" ਲਈ 34-40 ਸਾਲ ਉਮਰ ਦੇ ਸੁਹਣੇ-ਸੁਨੱਖੇ ਯੋਗ ਵਰ ਦੀ ਲੋੜ ਹੈ। ਸਿਰਫ਼ ਗੰਭੀਰ ਲੋਕ ਹੀ ਸੰਪਰਕ ਕਰਨ: ਫੋਨ: 916-753-2041 ਜਾਂ ਈਮੇਲ: kaurm707@gmail.com

Wanted suitable US Citizen match for Jatt Sikh girl, 28, 5'-6", diploma in Aviation Management, working with Indigo Airline in New Delhi. Contact with details at e-mail: prince84india@yahoo.com

ਅਮਰੀਕਨ ਸਿਟੀਜ਼ਨ, ਕਸ਼ਯਪ ਰਾਜਪੂਤ, ਉਮਰ 28 ਸਾਲ, ਕੱਦ 5'-4", ਸਰਕਾਰੀ ਜਾਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਸਟੂਡੈਂਟ ਵੀਜ਼ਾ ਅਤੇ ਵਰਕ ਪਰਮਿਟ 'ਤੇ ਆਏ ਲੜਕੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਫੋਟੋ ਅਤੇ ਬਾਇਓਡਾਟਾ ਈਮੇਲ ਕਰੋ: preetny1@yahoo.com

### ਕੰਨਿਆ ਦੀ ਲੋੜ

ਕਲੀਨਸ਼ੇਵ ਜੱਟ ਸਿੱਖ ਬੀ-ਟੈਕ (ਸੀ ਐਸ ਈ), ਗਰੀਨ ਕਾਰਡ ਹੋਲਡਰ, ਸ਼ਿਕਾਗੋ ਵਿਚ ਟੈਕਨੀਕਲ ਐਸੋਸੀਏਸਟ ਵਜੋਂ ਕੰਮ ਕਰਦੇ ਲੜਕੇ, ਉਮਰ 25 ਸਾਲ, ਕੱਦ 5'-5" ਲਈ ਪੜ੍ਹੀ-ਲਿਖੀ ਸੁਨੱਖੀ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਈਮੇਲ ਕਰੋ: mannparents1@gmail.com

# ਜਨਰਲ ਮੁਸ਼ੱਰਫ਼ 'ਤੇ ਬੇਨਜ਼ੀਰ ਭੁੱਟੋ ਦੀ ਹੱਤਿਆ ਦੇ ਦੋਸ਼ ਆਇਦ

**ਇਸਲਾਮਾਬਾਦ:** ਪਾਕਿਸਤਾਨ ਦੇ ਸਾਬਕਾ ਫੌਜੀ ਸ਼ਾਸਕ ਪਰਵੇਜ਼ ਮੁਸ਼ੱਰਫ ਨੂੰ ਅਤਿਵਾਦ ਵਿਰੋਧੀ ਅਦਾਲਤ ਨੇ 2007 ਵਿਚ ਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਬੇਨਜ਼ੀਰ ਭੁੱਟੋ ਦੀ ਹੱਤਿਆ ਲਈ ਦੋਸ਼ੀ ਨਾਮਜ਼ਦ ਕੀਤਾ ਹੈ।



ਬੇਨਜ਼ੀਰ ਭੁੱਟ

ਪਿਛਲੇ ਚਾਰ ਮਹੀਨਿਆਂ ਤੋਂ ਘਰ ਵਿਚ ਨਜ਼ਰਬੰਦ ਮੁਸ਼ੱਰਫ਼ 'ਤੇ ਕਤਲ, ਕਤਲ ਕਰਨ ਦੀ ਸਾਜ਼ਿਸ਼ ਅਤੇ ਇਸ ਕੰਮ ਵਿਚ ਮਦਦ ਦੇਣ ਦੇ ਦੋਸ਼ ਲਾਏ ਗਏ ਹਨ। ਇਹ ਖੁਲਾਸਾ ਸਰਕਾਰੀ ਵਕੀਲ ਚੌਧਰੀ ਮੁਹੰਮਦ ਅਜ਼ਹਰ ਨੇ ਕੀਤਾ ਹੈ। 70 ਸਾਲਾ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਨੂੰ ਭਾਰੀ ਸੁਰੱਖਿਆ ਹੇਠ ਅਤਿਵਾਦ ਵਿਰੋਧੀ ਅਦਾਲਤ ਦੇ ਜੱਜ ਹਬੀਬ-ਉਰ ਰਹਿਮਾਨ ਅੱਗੇ ਰਾਵਲਪਿੰਡੀ ਵਿਚ ਪੇਸ਼ ਕੀਤਾ ਗਿਆ। ਦੋਸ਼ੀ ਸਿੱਧ ਹੋਣ 'ਤੇ ਮੁਸ਼ੱਰਫ਼ ਨੂੰ ਮੌਤ ਦੀ ਸਜ਼ਾ ਜਾਂ ਉਮਰ ਕੈਦ ਹੋ ਸਕਦੀ ਹੈ। ਮੁਸ਼ੱਰਫ਼ ਨੇ ਆਪਣੇ ਉਤੇ ਲੱਗੇ ਦੋਸ਼ਾਂ ਤੋਂ ਅਦਾਲਤ ਵਿਚ ਇਨਕਾਰ ਕੀਤਾ। ਮੁਸ਼ੱਰਫ਼ ਦੀ 'ਆਲ ਪਾਕਿਸਤਾਨ ਮੁਸਲਿਮ ਲੀਗ' ਦੀ ਸੂਚਨਾ ਸਕੱਤਰ ਆਸੀਆ ਇਸਹਾਕ ਨੇ ਦੱਸਿਆ ਕਿ ਮੁਸ਼ੱਰਫ਼ ਦੇ ਬਚਾਅ ਲਈ ਲੱਗੀ ਵਕੀਲਾਂ ਦੀ ਟੀਮ ਆਪਣਾ ਕੰਮ ਜਾਰੀ ਰੱਖੇਗੀ। ਉਨ੍ਹਾਂ ਕਿਹਾ ਕਿ ਮੁਸ਼ਰੱਫ ਨੂੰ ਇਸ ਕੇਸ ਵਿਚ ਝੂਠਾ ਫਸਾਇਆ ਗਿਆ ਹੈ। ਇਸਹਾਕ ਅਨੁਸਾਰ 2008 ਤਕ ਉਹ ਮੁਲਜ਼ਮਾਂ ਦੀ ਸੂਚੀ ਵਿਚ ਸ਼ਾਮਲ ਨਹੀਂ ਸਨ, ਪਰ ਬੇਨਜ਼ੀਰ ਭੁੱਟੋ ਵੱਲੋਂ ਅਮਰੀਕੀ ਪੱਤਰਕਾਰ ਮਾਰਕ ਸੀਗਲ ਨੂੰ ਲਿਖੀ ਈਮੇਲ ਦੇ ਆਧਾਰ 'ਤੇ ਮਗਰੋਂ ਉਨ੍ਹਾਂ ਦਾ ਨਾਂ ਵੀ ਇਸ ਕੇਸ ਵਿਚ ਜੋੜ ਲਿਆ ਗਿਆ। ਉਂਝ ਵੀ ਅਦਾਲਤ ਨੇ ਇਹ ਈ-ਮੇਲ ਤਾਂ ਵਿਚਾਰ ਲਈ, ਪਰ ਉਹ ਈ-ਮੇਲ ਕਿਉਂ ਨਹੀਂ ਵਿਚਾਰੀ ਜਾਂਦੀ ਜੋ ਬੇਨਜ਼ੀਰ ਨੇ ਮੁਸ਼ੱਰਫ਼ ਨੂੰ ਭੇਜੀ ਸੀ ਜਿਸ ਵਿਚ ਉਸ ਨੇ ਆਪਣੀ ਸੰਭਾਵੀ ਹੱਤਿਆ ਲਈ 3 ਜਣਿਆਂ ਦੇ ਨਾਂ ਲਏ ਸਨ। ਅਦਾਲਤ ਨੇ ਕੇਸ ਦੀ ਸੁਣਵਾਈ 28 ਅਗਸਤ 'ਤੇ ਪਾਈ ਹੈ। ਵਰਣਨਯੋਗ ਹੈ ਕਿ 2007 ਵਿਚ ਰਾਵਲਪਿੰਡੀ ਵਿਚ ਆਤਮਘਾਤੀ ਹਮਲੇ ਵਿਚ ਬੇਨਜ਼ੀਰ ਭੁੱਟੋ ਦੀ ਹੱਤਿਆ ਕਰ ਦਿੱਤੀ ਗਈ ਸੀ। ਮੁਸ਼ਰੱਫ ਨੇ ਉਸ ਦੀ ਹੱਤਿਆ ਦਾ ਇਲਜ਼ਾਮ ਪਾਕਿਸਤਾਨੀ ਤਾਲਿਬਾਨ ਦੇ ਮੁਖੀ ਬੈਤੁੱਲਾ ਮਹਿਮੂਦ ਸਿਰ ਮੜ੍ਹਿਆ ਸੀ ਜਿਸ ਨੇ ਇਸ ਹਮਲੇ ਵਿਚ ਸ਼ਮੂਲੀਅਤ ਤੋਂ ਇਨਕਾਰ ਕੀਤਾ ਸੀ।

# ਭਗਵਾਨ ਸਿੰਘ ਜੌਹਲ ਦਾ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਸਨਮਾਨ

ਨਿਊ ਯਾਰਕ (ਬਿਊਰੋ): ਉਘੇ ਸਿੱਖ ਚਿੰਤਨ ਸ. ਭਗਵਾਨ ਸਿੰਘ ਜੌਹਲ ਇਥੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਵਿਖੇ ਨਤਮਸਤਕ ਹੋਣ ਆਏ ਤਾਂ ਗੁਰੂ ਘਰ ਦੀ ਤਰਫੋਂ ਸਿਰੋਪਾਓ ਦੀ ਬਖਸ਼ਿਸ਼ ਕਰਕੇ ਗੁਰਦੁਆਰਾ ਪ੍ਰਧਾਨ ਗੁਰਮੇਜ ਸਿੰਘ ਹਰਿਆਣਾ ਵਲੋਂ ਉਨ੍ਹਾਂ ਦਾ ਮਾਣ ਸਨਮਾਨ ਕੀਤਾ ਗਿਆ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਸ. ਗੁਰਮੇਜ ਸਿੰਘ ਨੇ ਸ. ਜੌਹਲ ਨੂੰ ਪੰਥਕ ਸਟੇਜਾਂ ਦੀ ਸ਼ਾਨ ਇਕ ਵਿਲੱਖਣ ਸ਼ਖਸੀਅਤ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਸ. ਜੌਹਲ ਨੂੰ ਸੰਗਤਾਂ ਦੇ ਰੂਬਰੂ ਕਰਕੇ ਉਹ ਮਾਣ ਮਹਿਸੂਸ ਕਰ ਰਹੇ ਹਨ। ਇਸ ਮੌਕੇ ਸ. ਜੌਹਲ ਨੇ ਸੰਗਤਾਂ ਨੂੰ ਮੁਖਾਤਬ ਹੁੰਦਿਆਂ ਕਿਹਾ ਕਿ ਉਹ ਵਿਦੇਸ਼ਾਂ ਵਿਚ ਸਿੱਖੀ ਦੀ ਸ਼ਾਨ ਨੂੰ ਵੇਖ ਕੇ ਬਹੁਤ ਅਨੰਦ ਮਹਿਸੂਸ ਕਰਦੇ ਹਨ ਅਤੇ ਇਸ ਪਾਸੇ ਵਿਦੇਸ਼ ਵਿਚ ਹੋ ਰਹੇ ਯਤਨ ਸ਼ਲਾਘਾਯੋਗ ਹਨ। ਇਸ ਮੌਕੇ ਨਿਊ ਯਾਰਕ ਅਕਾਲੀ ਦਲ ਦੇ ਪ੍ਰਧਾਨ ਰਘਬੀਰ ਸਿੰਘ ਸੁਭਾਨਪੁਰ, ਜਸਵੀਰ ਸਿੰਘ ਪਠਾਣਕੋਟ, ਲੇਖਕ ਤੇ ਪੱਤਰਕਾਰ ਹਰਬਖਸ਼ ਸਿੰਘ ਟਾਹਲੀ, ਗੁਰਮੀਤ ਸਿੰਘ, ਜਨਰਲ ਸਕੱਤਰ ਰਘਬੀਰ ਸਿੰਘ ਬੱਬੀ, ਚੇਅਰਮੈਨ ਬਲਦੇਵ ਸਿੰਘ ਗਿਲਜੀਆਂ, ਮੀਤ ਪ੍ਰਧਾਨ ਮਹਿੰਦਰ ਸਿੰਘ, ਸਾਬਕਾ ਚੇਅਰਮੈਨ ਰਣਜੀਤ ਸਿੰਘ ਅਤੇ ਹੈਡ ਗ੍ਰੰਥੀ ਗਿਆਨੀ ਜਸਪਾਲ ਸਿੰਘ ਵੀ ਹਾਜ਼ਰ ਸਨ। ਕਬੱਡੀ ਦੇ ਸਾਬਕਾ ਖਿਡਾਰੀ ਸਰਵਣ ਸਿੰਘ ਬੱਲ ਅਤੇ ਸ. ਅਜੀਤ ਸਿੰਘ ਸੁਭਾਨਪੁਰ ਨੂੰ ਵੀ ਇਸ ਮੌਕੇ ਸਿਰੋਪਾਓ ਦੀ ਬਖਸ਼ਿਸ਼ ਕੀਤੀ ਗਈ।



*ਭਗਵਾਨ ਸਿੰਘ ਜੌਹਲ, ਸਰਵਣ ਸਿੰਘ ਬੱਲ ਅਤੇ ਅਜੀਤ ਸਿੰਘ ਸੁਭਾਨਪੁਰ ਨਾਲ ਗੁਰਦੁਆਰਾ ਪ੍ਰਬੰਧਕ*

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਲੋਂ ਗੁਰੂ ਲਾਧੋ ਰੇ ਦਿਵਸ 25 ਨੂੰ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਲੋਂ ਗੁਰੂ ਲਾਧੋ ਰੇ ਦਿਵਸ 25 ਅਗਸਤ ਨੂੰ ਇਥੇ ਅਟਲਾਂਟਿਕ ਐਵਨਿਊ ਉਤੇ ਸਥਿਤ ਸਮੋਕੀ ਪਾਰਕ ਵਿਚ ਮਨਾਇਆ ਜਾ ਰਿਹਾ ਹੈ। ਬਾਬਾ ਮੱਖਣ ਸ਼ਾਹ ਲੁਬਾਣਾ ਵਲੋਂ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਨੂੰ ਪੰਥ ਸਾਹਮਣੇ ਪ੍ਰਗਟ ਕਰਨ ਲਈ ਦਿੱਤੇ ਗਏ 'ਗੁਰੂ ਲਾਧੋ ਰੇ' ਦੇ ਹੋਕੇ ਦੇ ਸਬੰਧ ਵਿਚ ਕੀਤਾ ਜਾ ਰਿਹਾ ਇਹ ਧਾਰਮਿਕ ਸਮਾਗਮ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਚੱਲੇਗਾ।

ਗੁਰਦੁਆਰਾ ਪ੍ਰਬੰਧਕਾਂ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਸਮਾਗਮ ਵਿਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਤਖਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ ਗੁਰਦਾਸਪੁਰ ਵਾਲੇ, ਸ੍ਰੀ ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਅਤੇ ਗਿਆਨੀ ਬਲਦੇਵ ਸਿੰਘ ਸ਼ਬਦ ਕੀਰਤਨ ਅਤੇ ਪੰਥਕ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਉਨ੍ਹਾਂ ਤੋਂ ਇਲਾਵਾ ਸਿੱਖ ਵਿਦਵਾਨ ਡਾ. ਸੁਖਪ੍ਰੀਤ ਸਿੰਘ ਉਦੋਕੇ, ਜੋ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਬਾਰੇ ਹੋਰ ਇਤਿਹਾਸਕ ਖੋਜ ਕਰ ਰਹੇ ਹਨ, ਸੰਗਤਾਂ ਨੂੰ ਸੰਬੋਧਨ ਕਰਨਗੇ। ਇਹ ਸਮਾਗਮ ਗਲੋਬਲ ਪੰਜਾਬ ਅਤੇ ਗੈਟ ਪੰਜਾਬੀ ਟੀ ਵੀ ਵਲੋਂ ਨਾਲੋ ਨਾਲ ਪ੍ਰਸਾਰਿਤ ਕੀਤਾ ਜਾਵੇਗਾ।

ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਮੇਜ ਸਿੰਘ ਹਰਿਆਣਾ, ਜਨਰਲ ਸਕੱਤਰ ਰਘਬੀਰ ਸਿੰਘ ਬੱਬੀ ਅਤੇ ਹੋਰ ਕਮੇਟੀ ਮੈਂਬਰਾਂ ਵਲੋਂ ਸਮਾਗਮ ਨੂੰ ਨੇਪਰੇ ਚਾੜ੍ਹਨ ਲਈ ਭਰਪੂਰ ਯਤਨ ਕੀਤੇ ਜਾ ਰਹੇ ਹਨ। ਇਸ ਮੌਕੇ ਸ਼ਰਧਾਲੂਆਂ ਲਈ ਵੱਖ ਵੱਖ ਕਿਸਮ ਦੇ ਪਕਵਾਨਾਂ ਦੇ ਸਟਾਲ ਲਾਏ ਜਾਣਗੇ।

# ਕੋਲਾ ਘੁਟਾਲੇ ਦੇ ਰੌਲੇ ਵਿਚ ਰੁਲਿਆ ਖੁਰਾਕ ਬਿੱਲ

**ਨਵੀਂ ਦਿੱਲੀ:** ਕੋਲਾ ਬਲਾਕਾਂ ਦੀ ਅਲਾਟਮੈਂਟ ਕੇਸ ਵਿਚ ਗੁਆਚੀਆਂ ਫਾਈਲਾਂ ਦੇ ਮਾਮਲੇ ਨੂੰ ਲੈ ਕੇ ਵਿਰੋਧੀ ਧਿਰ ਨੇ ਸੰਸਦ ਵਿਚ ਰੌਲਾ-ਰੱਪਾ ਪਾਇਆ ਤੇ ਮੰਗ ਕੀਤੀ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਖ਼ੁਦ ਇਸ ਬਾਰੇ ਬਿਆਨ ਦੇਣ। ਐਨ.ਡੀ.ਏ. ਵਿਚ ਸ਼ਾਮਲ ਕਈ ਪਾਰਟੀਆਂ ਤੇ ਸੀ.ਪੀ.ਐਮ. ਦੇ ਆਗੂਆਂ ਨੇ ਜ਼ੋਰਦਾਰ ਢੰਗ ਨਾਲ ਇਹ ਮੁੱਦੇ ਉਠਾਏ ਜਿਸ ਕਾਰਨ ਸੰਸਦ ਦੇ ਦੋਵੇਂ ਸਦਨਾਂ ਦੀ ਕਾਰਵਾਈ ਵਿਚ ਵਾਰ-ਵਾਰ ਵਿਘਨ ਪਿਆ।

ਕੋਲਾ ਮੰਤਰੀ ਪ੍ਰਕਾਸ਼ ਜੈਸਵਾਲ ਦਾ ਸਪੱਸ਼ਟੀਕਰਨ ਤੇ ਜੁਆਬ ਵੀ ਵਿਰੋਧੀਆਂ ਨੂੰ ਸ਼ਾਂਤ ਨਾ ਕਰ ਸਕਿਆ ਤੇ ਉਨ੍ਹਾਂ ਇਹ ਮੰਗ ਜਾਰੀ ਰੱਖੀ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਇਸ ਮੁੱਦੇ 'ਤੇ ਸਦਨ ਵਿਚ ਆ ਕੇ ਸਪਸ਼ਟ ਕਰਨ।

ਸ੍ਰੀ ਜੈਸਵਾਲ ਨੇ ਸਦਨ ਵਿਚ ਕਿਹਾ ਕਿ ਗੁਆਚੀਆਂ ਫਾਈਲਾਂ ਲੱਭਣ ਲਈ ਹਰ ਵਾਹ ਲਾਈ ਜਾਏਗੀ ਤੇ ਇਸ ਮਾਮਲੇ ਵਿਚ ਜੇ ਉਹ ਦੋਸ਼ੀ ਸਾਬਤ ਹੋ ਜਾਂਦੇ ਹਨ ਤਾਂ ਹਰ ਸਜ਼ਾ ਭੁਗਤਣ ਲਈ ਤਿਆਰ ਹਨ।

Trailer For Sale

Strick 2006-53 feet dry van

ਟਰੇਲਰ ਵਿਕਾਊ ਹੈ
ਸਟਰਿਕ 2006
53 ਫੁੱਟ ਡਰਾਈ ਵੈਨ



Contact:
Gurshinder Singh 734-306-3975

ਲੋੜ ਹੈ

ਬੇਕਰਸਫੀਲਡ ਕੈਲੀਫੋਰਨੀਆ ਵਿਚ
ਸਟੋਰ ਲਈ ਕੈਸ਼ੀਅਰ
$9:00 (ਪ੍ਰਤੀ ਘੰਟਾ) ਤੋਂ ਸ਼ੁਰੂ
ਸਟੋਰ ਲਈ ਤਨਖਾਹ ਤੇ ਸੁਪਰਵਾਈਜ਼ਰ
ਰੈਸਟੋਰੈਂਟ ਲਈ ਵੇਟਰ/ਮੈਨੇਜ਼ਰ
ਰਸੋਈ ਲਈ ਹੈਲਪਰ
ਦੀ ਤੁਰੰਤ ਲੋੜ ਹੈ
ਸੰਪਰਕ ਕਰੋ
661-364-0341

# ਨਸਲੀ ਹਮਲਿਆਂ ਬਾਰੇ ਸਿੱਖ ਭਾਈਚਾਰਾ ਫਿਕਰਮੰਦ

**ਲੰਡਨ:** ਵਿਦੇਸ਼ਾਂ ਵਿਚ ਨਸਲੀ ਹਮਲਿਆਂ ਨੂੰ ਲੈ ਕੇ ਸਿੱਖ ਭਾਈਚਾਰਾ ਫਿਕਰਮੰਦ ਹੈ। ਲੰਘੇ ਦਿਨੀਂ ਬਰਤਾਨੀਆ ਵਿਚ ਇਕ ਗੋਰੀ ਮੁਟਿਆਰ ਨੇ 80 ਸਾਲਾ ਸਿੱਖ ਬਜ਼ੁਰਗ ਦੀ ਕੁੱਟਮਾਰ ਕੀਤੀ ਜਿਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਇਹ ਮਾਮਲਾ ਉਦੋਂ ਭਖਿਆ ਜਦੋਂ ਇਸ ਘਟਨਾ ਦੀ ਵੀਡੀਓ ਸੋਸ਼ਲ ਨੈੱਟਵਰਕ 'ਤੇ ਪਾ ਦਿੱਤੀ ਗਈ।

ਉਧਰ, ਬਰਤਾਨਵੀ ਅਦਾਲਤ ਨੇ 19 ਸਾਲਾ ਗੋਰੀ ਮੁਟਿਆਰ ਕੋਰਲ ਮਿਲਰਚਿੱਪ ਦੀ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ। ਉਸ ਨੂੰ ਕੁਵੈਂਟਰੀ ਮੈਜਿਸਟਰੇਟ ਕੋਰਟ ਵਿਚ ਪੇਸ਼ ਕਰਕੇ 25 ਨਵੰਬਰ ਤੱਕ ਰਿਮਾਂਡ 'ਤੇ ਭੇਜ ਦਿੱਤਾ ਗਿਆ ਸੀ। ਸਥਾਨਕ ਮੀਡੀਆ ਰਿਪੋਰਟਾਂ ਅਨੁਸਾਰ ਬਚਾਓ ਪੱਖ ਦੇ ਵਕੀਲ ਸ਼ੇਨ ਹੈਨਿੰਗਨ ਨੇ ਬੇਨਤੀ ਕੀਤੀ ਸੀ ਕਿ ਮੁਲਜ਼ਮ 'ਤੇ ਕਾਰਵਾਈ ਮੈਜਿਸਟਰੇਟਸ ਦੀ ਕੋਰਟ ਵਿਚ ਹੋਵੇ ਪਰ ਅਦਾਲਤ ਨੇ ਵਕੀਲ ਦੀ ਇਹ ਬੇਨਤੀ ਵੀ ਠੁਕਰਾ ਦਿੱਤੀ ਤੇ ਹੁਕਮ ਕੀਤੇ ਕਿ ਉਹ ਕੁਵੈਂਟਰੀ ਕ੍ਰਾਊਨ ਕੋਰਟ ਵਿਚ ਪੇਸ਼ ਹੋਵੇਗੀ। ਇਹ ਅਦਾਲਤ ਵਧੇਰੇ ਗੰਭੀਰ ਮਾਮਲਿਆਂ 'ਤੇ ਵਿਚਾਰ ਕਰਦੀ ਹੈ।

ਬਰਤਾਨਵੀ ਮੀਡੀਆ ਦੀ ਰਿਪੋਰਟ ਅਨੁਸਾਰ ਲੜਕੀ ਨੇ ਬਜ਼ੁਰਗ ਦੇ ਮੂੰਹ ਉਤੇ ਮੁੱਕੇ ਮਾਰੇ ਜਿਸ ਨਾਲ ਉਸ ਦੀ ਪੱਗ ਡਿੱਗ ਪਈ ਤੇ ਨੱਕ ਵਿਚੋਂ ਖੂਨ ਵਗਣ ਲੱਗ ਪਿਆ। ਇਸ 19 ਸਾਲਾ ਲੜਕੀ ਨੇ ਇਸ ਮੌਕੇ ਬਜ਼ੁਰਗ ਖਿਲਾਫ ਇਤਰਾਜ਼ਯੋਗ ਭਾਸ਼ਾ ਵੀ ਵਰਤੀ ਤੇ ਬਾਅਦ ਵਿਚ ਉਥੋਂ ਜਾਣ ਵੇਲੇ ਉਸ ਦੇ ਉਪਰ ਥੁੱਕਿਆ ਵੀ।

## ਸਿੱਖ ਬਜ਼ੁਰਗ 'ਤੇ ਹਮਲਾ ਕਰਨ ਵਾਲੀ ਗੋਰੀ ਨੂੰ ਨਾ ਮਿਲੀ ਜ਼ਮਾਨਤ

ਇਹ ਹਮਲਾ ਬਿਨਾਂ ਕਿਸੇ ਭੜਕਾਹਟ ਤੋਂ ਕੋਵੈਂਟਰੀ ਦੀ ਟ੍ਰਿਨਿਟੀ ਸਟਰੀਟ ਵਿਚ 10 ਅਗਸਤ ਸ਼ਾਮ



ਇਕ ਗੋਰੀ ਨਸਲਪ੍ਰਸਤ ਵਲੋਂ ਹਮਲੇ ਪਿਛੋਂ ਡਿਗਿਆ ਸਿੱਖ ਬਜ਼ੁਰਗ

ਨੂੰ 8.30 ਵਜੇ ਕੀਤਾ ਗਿਆ। ਜਦੋਂ ਇਹ ਘਟਨਾ ਘਟੀ ਤਾਂ ਉਥੋਂ ਲੰਘਦੇ ਕਿਸੇ ਵਿਅਕਤੀ ਨੇ ਇਸ ਸਾਰੇ ਮਾਮਲੇ ਦੀ ਵੀਡੀਓ ਬਣਾ ਲਈ। ਦਿ ਕੋਵੈਂਟਰੀ ਟੈਲੀਗ੍ਰਾਫ ਦੀ ਰਿਪੋਰਟ ਅਨੁਸਾਰ ਕੋਵੈਂਟਰੀ ਪੁਲਿਸ ਅਨੁਸਾਰ ਇਹ ਇਕ ਬਜ਼ੁਰਗ ਵਿਅਕਤੀ ਉਤੇ ਦਿਨ ਦਿਹਾੜੇ ਨਫ਼ਰਤ ਭਰਿਆ ਹਿੰਸਕ ਹਮਲਾ ਹੈ।

ਜ਼ਿਕਰਯੋਗ ਹੈ ਕਿ ਪਿਛੇ ਜਿਹੇ ਅਮਰੀਕਾ ਦੇ ਸ਼ਹਿਰ ਓਕ ਕਰੀਕ ਵਿਚ ਗੁਰਦੁਆਰਾ ਸਾਹਿਬ ਅੰਦਰ ਸੈਂਕੜੇ ਲੋਕਾਂ 'ਤੇ ਅੰਨ੍ਹੇਵਾਹ ਫਾਇਰਿੰਗ ਕਰਕੇ ਛੇ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਤੇ 20 ਤੋਂ ਜ਼ਿਆਦਾ ਲੋਕਾਂ ਨੂੰ ਜ਼ਖ਼ਮੀ ਕਰਕੇ ਬੰਧਕ ਬਣਾਇਆ ਗਿਆ। ਇਸੇ ਤਰ੍ਹਾਂ ਕੈਲੇਫੋਰਨੀਆ ਦੇ ਸ਼ਹਿਰ ਫਰੈਂਸਕੋ ਸਥਿਤ ਗੁਰਦੁਆਰਾ ਸਾਹਿਬ ਵਿਚ ਸੇਵਾ ਕਰਕੇ ਬਾਹਰ ਆ ਰਹੇ 82 ਸਾਲਾ ਪਿਆਰਾ ਸਿੰਘ ਉਪਰ ਗਿਲਬਰਟ ਗਾਰਸੀਆ ਨਾਂ ਦੇ ਗੋਰੇ ਵਿਅਕਤੀ ਵੱਲੋਂ ਨਸਲੀ ਭੇਦਭਾਵ ਤਹਿਤ ਹਮਲਾ ਕੀਤਾ ਗਿਆ ਤੇ ਅਮਰੀਕਾ ਦੇ ਸ਼ਹਿਰ ਕੈਲੇਫੋਰਨੀਆ ਵਿਚ ਹੀ ਸਿੱਖ ਡਰਾਈਵਰ ਸਲਵਿੰਦਰ ਸਿੰਘ 'ਤੇ ਗੋਰੇ ਵਿਅਕਤੀ ਵੱਲੋਂ ਹਮਲਾ ਕਰਕੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਗਿਆ।

ਉਧਰ, ਸ਼੍ਰੋਮਣੀ ਅਕਾਲੀ ਦਲ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਤੇ ਭਾਰਤੀ ਜਨਤਾ ਪਾਰਟੀ ਦੇ ਉਪ ਪ੍ਰਧਾਨ ਐਸ.ਐਸ. ਆਹਲੂਵਾਲੀਆ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਕੋਲੋਂ ਮੰਗ ਕੀਤੀ ਹੈ ਕਿ ਉਹ ਲੰਡਨ ਵਿਚ ਪਿਛਲੇ ਹਫਤੇ ਸਿੱਖ ਬਜ਼ੁਰਗ ਉਪਰ ਸ਼ਰਾਬੀ ਗੋਰੀ ਲੜਕੀ ਵੱਲੋਂ ਕੀਤੇ ਨਸਲੀ ਹਮਲੇ ਤੇ ਉਸ ਵੱਲੋਂ ਪਹਿਨੀ ਪੱਗ ਦੇ ਅਪਮਾਨ ਦੇ ਮਾਮਲੇ ਵਿਚ ਫੌਰੀ ਦਖਲ ਦੇਣ। ਸ. ਆਹਲੂਵਾਲੀਆ ਨੇ ਕਿਹਾ ਕਿ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਸਿੱਖੀ ਚਿੰਨ੍ਹ ਦਸਤਾਰ ਪਹਿਨਦੇ ਹਨ ਪਰ ਦੁਖਦਾਈ ਗੱਲ ਇਹ ਹੈ ਕਿ ਉਹ ਇਸ ਪੱਗ ਦੀ ਵਿਸ਼ਵ ਪੱਧਰ 'ਤੇ ਪਛਾਣ ਸਪਸ਼ਟ ਕਰਨ ਵਿਚ ਨਾਕਾਮ ਸਾਬਤ ਹੋਏ ਹਨ। ਉਨ੍ਹਾਂ ਅਫਸੋਸ ਪ੍ਰਗਟਾਇਆ ਕਿ ਸਿੱਖ ਪੱਗ ਦੀ ਅਫਗਾਨਿਸਤਾਨ ਦੀ ਪੱਗੜੀ ਨਾਲ ਤੁਲਨਾ ਕੀਤੀ ਜਾਂਦੀ ਹੈ ਜਦੋਂਕਿ ਵਿਸ਼ਵ ਨੂੰ ਇਹ ਜਾਣਕਾਰੀ ਪਹੁੰਚਾਉਣ ਦੀ ਸਖਤ ਲੋੜ ਹੈ ਕਿ ਇਨ੍ਹਾਂ ਵਿਚ ਬਹੁਤ ਫਰਕ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਇਸ ਘਟਨਾ ਦੀ ਨਿਖੇਧੀ ਕਰਦਿਆਂ ਇਸ ਨੂੰ ਨਸਲੀ ਵਿਤਕਰੇ ਦੀ ਇਕ ਹੋਰ ਸ਼ਰਮਨਾਕ ਉਦਾਹਰਨ ਕਰਾਰ ਦਿੱਤਾ ਹੈ। ਪਾਰਟੀ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਉਹ ਇਹ ਮਾਮਲਾ ਬਰਤਾਨਵੀ ਸਰਕਾਰ ਕੋਲ ਉਚ ਪੱਧਰ 'ਤੇ ਉਠਾਉਣ ਤਾਂ ਜੋ ਦੋਸ਼ੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲ ਸਕੇ। ਪਾਰਟੀ ਨੇ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿਚ ਵਸੇ ਸਿੱਖ ਭਾਈਚਾਰੇ ਦੀ ਸੁਰੱਖਿਆ ਨੂੰ ਲੈ ਕੇ ਵੀ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ।

## ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਅਪੀਲ

**ਅੰਮ੍ਰਿਤਸਰ:** ਲੰਡਨ ਦੀ ਕੋਵੈਂਟਰੀ ਸਿਟੀ ਸੈਂਟਰ ਨੇੜੇ ਟ੍ਰਿਨਿਟੀ ਸਟਰੀਟ ਵਿਚ ਵਾਪਰੀ ਨਸਲੀ ਹਮਲੇ ਦੀ ਘਟਨਾ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਆਏ ਦਿਨ ਹੀ ਇਹ ਘਟਨਾਵਾਂ ਵਾਪਰ ਰਹੀਆਂ ਹਨ ਜੋ ਵਿਦੇਸ਼ਾਂ ਵਿਚ ਬੈਠੇ ਸਿੱਖ ਭਾਈਚਾਰੇ ਨਾਲ ਨਸਲਵਾਦ ਦੇ ਵਿਤਕਰੇ ਦਾ ਸਬੂਤ ਦਿੰਦੀਆਂ ਹਨ।

ਉਨ੍ਹਾਂ ਭਾਰਤ ਦੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਉਚੇਚੇ ਤੌਰ 'ਤੇ ਇਸ ਵੱਲ ਧਿਆਨ ਦੇਣ ਤੇ ਲੰਡਨ ਦੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕਰਕੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਪਹਿਲਕਦਮੀ ਕਰਨ।

# ਚੀਨ ਦੇ ਹਵਾਈ ਅੱਡੇ 'ਤੇ ਰੁਲੀ ਪੰਜਾਬੀ ਬਜ਼ੁਰਗ ਦੀ ਲਾਸ਼

**ਚੰਡੀਗੜ੍ਹ:** ਤਕਰੀਬਨ ਤਿੰਨ ਮਹੀਨੇ ਪਹਿਲਾਂ ਅਮਰੀਕਾ ਦੇ ਸ਼ਹਿਰ ਫਰਿਜਨੋ ਵਿਚ ਆਪਣੀ ਬੇਟੀ ਨੂੰ ਮਿਲਣ ਗਏ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਭਿੰਗਤ ਕਲਾਂ ਨਿਵਾਸੀ ਸਾਬਕਾ ਫੌਜੀ ਬਜ਼ੁਰਗ ਸਰਵਣ ਸਿੰਘ (73) ਦੀ ਲਾਸ਼ ਤਕਰੀਬਨ ਇਕ ਮਹੀਨੇ ਤੋਂ ਚੀਨ ਦੇ ਸ਼ੰਘਾਈ ਹਵਾਈ ਅੱਡੇ 'ਤੇ ਰੁਲ ਰਹੀ ਹੈ ਪਰ ਪੰਜਾਬ ਰਹਿੰਦੇ ਉਸ ਦੇ ਬੇਟੇ ਗੁਰਦੀਪ ਸਿੰਘ ਵੱਲੋਂ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ, ਕੇਂਦਰੀ ਵਿਦੇਸ਼ ਰਾਜ ਮੰਤਰੀ ਪਰਨੀਤ ਕੌਰ, ਦਿੱਲੀ ਸਥਿਤ ਚੀਨੀ ਦੂਤਾਵਾਸ ਤੇ ਚੀਨ ਸਥਿਤ ਭਾਰਤੀ ਦੂਤਾਵਾਸ ਤੱਕ ਪਹੁੰਚ ਕਰਨ ਦੇ ਬਾਵਜੂਦ ਕੋਈ ਨਤੀਜਾ ਨਹੀਂ ਨਿਕਲਿਆ ਹੈ।

ਗੁਰਦੀਪ ਸਿੰਘ ਅਨੁਸਾਰ 25 ਜੁਲਾਈ, 2013 ਨੂੰ ਉਸ ਦੀ ਭੈਣ ਹਰਦੀਪ ਕੌਰ ਨੇ ਉਸ ਦੇ ਪਿਤਾ ਸਰਵਣ ਸਿੰਘ ਨੂੰ ਚੀਨੀ ਈਸਟਰਨ ਏਅਰ ਲਾਈਨਜ਼ ਦੇ ਜਹਾਜ਼ ਵਿਚ ਫਰਿਜਨੋ (ਕੈਲੀਫੋਰਨੀਆ) ਤੋਂ ਦਿੱਲੀ ਹਵਾਈ ਅੱਡੇ ਲਈ ਬਿਠਾਇਆ ਸੀ ਤੇ ਉਨ੍ਹਾਂ 27 ਜੁਲਾਈ ਨੂੰ ਤੜਕੇ ਡੇਢ ਵਜੇ ਦਿੱਲੀ ਪੁੱਜਣਾ ਸੀ। ਗੁਰਦੀਪ ਸਿੰਘ ਆਪਣੇ ਪਿਤਾ ਨੂੰ ਲੈਣ ਲਈ ਦਿੱਲੀ ਹਵਾਈ ਅੱਡੇ ਗਿਆ ਪਰ ਜਦੋਂ ਉਹ ਫਲਾਈਟ ਵਿਚ ਉਸ ਦਾ ਪਿਤਾ ਨਾ ਪੁੱਜਾ ਤਾਂ ਉਸ ਨੇ ਏਅਰ ਲਾਈਨ ਅਧਿਕਾਰੀਆਂ ਨਾਲ ਗੱਲ ਕੀਤੀ ਜਿਨ੍ਹਾਂ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਸਰਵਣ ਸਿੰਘ ਨਾਂ ਦਾ ਕੋਈ ਯਾਤਰੀ ਉਨ੍ਹਾਂ ਦੀ ਉਡਾਣ ਵਿਚ ਸਵਾਰ ਹੀ ਨਹੀਂ ਸੀ।

ਇਸ ਪਿਛੋਂ ਉਸ ਨੇ ਦਿੱਲੀ ਸਥਿਤ ਚੀਨੀ ਦੂਤਾਵਾਸ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਤਿੰਨ ਦਿਨਾਂ ਬਾਅਦ ਦੱਸਿਆ ਕਿ ਉਨ੍ਹਾਂ ਦੇ ਪਿਤਾ ਦੀ ਸ਼ੰਘਾਈ ਹਵਾਈ ਅੱਡੇ 'ਤੇ ਮੌਤ ਹੋ ਗਈ ਸੀ ਤੇ ਉਨ੍ਹਾਂ ਦੀ ਲਾਸ਼ ਉਥੇ ਹੀ ਪਈ ਹੈ। ਜਦੋਂ ਇਸ ਸਬੰਧੀ ਭਾਰਤੀ ਦੂਤਾਵਾਸ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਕਿਹਾ ਕਿ ਸਰਵਣ ਸਿੰਘ ਦੀ ਲਾਸ਼ ਵਿਸ਼ੇਸ਼ ਚਾਰਟਡ ਹਵਾਈ ਜਹਾਜ਼ ਰਾਹੀਂ ਭਾਰਤ ਭੇਜੀ ਜਾ ਸਕਦੀ ਹੈ ਜਿਸ ਦਾ ਸੱਤ ਤੋਂ ਅੱਠ ਲੱਖ ਦਾ ਖਰਚਾ ਦੇਣਾ ਪਵੇਗਾ ਪਰ ਇਸ ਮੌਤ ਦੀ ਜਾਂਚ 'ਤੇ ਹੋਣ ਵਾਲਾ ਖਰਚ ਵੀ ਚੀਨੀ ਦੂਤਾਵਾਸ ਕੋਲ ਜਮ੍ਹਾਂ ਕਰਾਉਣਾ ਪਵੇਗਾ।

ਸਰਵਣ ਸਿੰਘ ਦੀ ਮੌਤ ਸ਼ੰਘਾਈ ਹਵਾਈ ਅੱਡੇ 'ਤੇ ਕਿਵੇਂ ਹੋਈ ਤੇ ਚੀਨੀ ਏਅਰਲਾਈਨ ਆਪਣੇ ਯਾਤਰੀ ਨੂੰ ਲਏ ਬਿਨਾਂ ਹੀ ਦਿੱਲੀ ਰਵਾਨਾ ਕਿਵੇਂ ਹੋ ਗਈ। ਉਸ ਦੀ ਮੌਤ ਦੀ ਖ਼ਬਰ ਵਾਰਸਾਂ ਨੂੰ ਕਿਉਂ ਨਹੀਂ ਦਿੱਤੀ ਗਈ। ਇਸ ਬਾਰੇ ਚੀਨੀ ਤੇ ਭਾਰਤੀ ਅਧਿਕਾਰੀ ਕੁਝ ਵੀ ਨਹੀਂ ਦੱਸ ਰਹੇ। ਗੁਰਦੀਪ ਸਿੰਘ ਨੇ ਦੱਸਿਆ ਕਿ ਹੁਣ ਉਸ ਨੇ ਭਾਜਪਾ ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਤੱਕ ਪਹੁੰਚ ਕੀਤੀ ਹੈ ਜਿਨ੍ਹਾਂ ਕੇਂਦਰੀ ਵਿਦੇਸ਼ ਮੰਤਰੀ ਸਲਮਾਨ ਖ਼ੁਰਸ਼ੀਦ ਨਾਲ ਸੰਪਰਕ ਕੀਤਾ ਹੈ ਪਰ ਉਸ ਦੇ ਪਿਤਾ ਦੀ ਲਾਸ਼ ਕਦੋਂ ਉਨ੍ਹਾਂ ਦੇ ਜੱਦੀ ਪਿੰਡ ਪੁੱਜੇਗੀ ਅਜੇ ਤੱਕ ਕੋਈ ਪਤਾ ਨਹੀਂ।

## ਗੁਰਦੁਆਰੇ ਨੇੜੇ ਮੀਟ ਪਲਾਂਟ ਤੋਂ ਸਿੱਖ ਖਫ਼ਾ

**ਲੰਡਨ:** ਸਿੱਖ ਭਾਈਚਾਰੇ ਦੇ ਵਿਰੋਧ ਦੇ ਬਾਵਜੂਦ ਬਰਤਾਨੀਆ ਦੇ ਇਕ ਸ਼ਹਿਰ ਵਿਚ ਫੂਡ ਫਰਮ ਨੂੰ ਗੁਰਦੁਆਰੇ ਦੇ ਨੇੜੇ ਹਲਾਲ ਮੀਟ ਪਲਾਂਟ ਲਾਉਣ ਦੀ ਤਜਵੀਜ਼ ਨੂੰ ਹਰੀ ਝੰਡੀ ਮਿਲ ਗਈ ਹੈ। ਬ੍ਰੈਡਫੋਰਡ ਦੀ ਖੇਤਰੀ ਯੋਜਨਾਬੰਦੀ ਕਮੇਟੀ ਨੇ ਪਰਸੀਵਲ ਸਟਰੀਟ ਉਪਰ ਗੁਰਦੁਆਰਾ ਗੁਰੂ ਸਿੰਘ ਸਭਾ ਦੀ ਇਮਾਰਤ ਦੇ ਨੇੜੇ ਇਕ ਅਣਵਰਤੀ ਕਾਰ ਰਿਪੇਅਰ ਵਰਕਸ਼ਾਪ ਨੂੰ ਆਧੁਨਿਕ ਥੋਕ ਮੀਟ ਪਲਾਂਟ ਵਿਚ ਤਬਦੀਲ ਕਰਨ ਦੀ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਮੁਜ਼ਾਹਰਾਕਾਰੀਆਂ ਨੇ ਯੋਜਨਾਬੰਦੀ ਕਮੇਟੀ ਦੀ ਮੀਟਿੰਗ ਵਾਲੀ ਜਗ੍ਹਾ ਤਖ਼ਤੀਆਂ ਲਹਿਰਾਈਆਂ ਤੇ ਸਿਟੀ ਹਾਲ ਦੇ ਬਾਹਰ ਕਈ ਹੋਰ ਲੋਕਾਂ ਨੇ ਪ੍ਰਦਰਸ਼ਨ ਕੀਤਾ। ਸਿੱਖ ਭਾਈਚਾਰੇ ਦੇ ਨੁਮਾਇੰਦੇ ਬੈਰਿਸਟਰ ਕੁਲਜੀਤ ਸਿੰਘ ਨੇ ਕਿਹਾ ਕਿ ਨੇੜੇ ਮੀਟ ਪਲਾਂਟ ਖੁੱਲ੍ਹਣ ਕਾਰਨ ਸ਼ਰਧਾਲੂਆਂ ਨੂੰ ਪ੍ਰੇਸ਼ਾਨੀ ਆਵੇਗੀ। ਗੁਰਦੁਆਰੇ ਦੀ ਪਵਿੱਤਰਤਾ ਨੂੰ ਆਂਚ ਆਵੇਗੀ ਤੇ ਇਸ ਨਾਲ ਸਿੱਖਾਂ ਦੇ ਆਪਣੇ ਧਰਮ ਦੀ ਪਾਲਣਾ ਕਰਨ ਦਾ ਹੱਕ ਅਸਰਅੰਦਾਜ਼ ਹੋਵੇਗਾ।

# ਨਸਲੀ ਵਿਤਕਰੇ ਦੇ ਦੋਸ਼ ਵਿਚ ਕੈਨੇਡਾ ਦੇ ਕਲੱਬ ਨੂੰ ਜੁਰਮਾਨਾ

**ਟੋਰਾਂਟੋ:** ਕੈਨੇਡਾ ਦੇ ਉਸ ਮਸ਼ਹੂਰ ਸਪੋਰਟਸ ਬਾਰ ਨੂੰ ਜੁਰਮਾਨਾ ਕੀਤਾ ਗਿਆ ਹੈ ਜਿਸ ਨੇ ਦੋ ਸਾਲ ਪਹਿਲਾਂ ਭਾਰਤੀ ਮੂਲ ਦੇ ਤਿੰਨ ਕੈਨੇਡੀਅਨ ਨਾਗਰਿਕਾਂ ਨਾਲ ਨਸਲੀ ਵਿਤਕਰਾ ਕਰਦਿਆਂ ਉਨ੍ਹਾਂ ਨੂੰ ਅੰਦਰ ਦਾਖ਼ਲ ਨਹੀਂ ਹੋਣ ਦਿੱਤਾ ਸੀ। ਬ੍ਰਿਟਿਸ਼ ਕੋਲੰਬੀਆ ਦੇ ਮਨੁੱਖੀ ਅਧਿਕਾਰਾਂ ਸਬੰਧੀ ਟ੍ਰਿਬਿਊਨਲ ਨੇ ਲੈਂਗਲੇ ਦੇ ਸ਼ਾਰਕ ਕਲੱਬ ਨੂੰ ਸੁਰਿੰਦਰਜੀਤ ਰਾਏ, ਮਨਜੀਤ ਗਿੱਲ ਤੇ ਮਨਜਿੰਦਰ ਗਿੱਲ ਦੇ ਆਤਮ-ਸਨਮਾਨ ਨੂੰ ਠੇਸ ਪਹੁੰਚਾਉਣ ਦਾ ਦੋਸ਼ੀ ਮੰਨਿਆ ਹੈ।

ਟ੍ਰਿਬਿਊਨਲ ਨੇ ਹੁਕਮ ਦਿੱਤਾ ਹੈ ਕਿ ਕਲੱਬ ਤਿੰਨਾਂ ਪੀੜਤਾਂ ਨੂੰ 10-10 ਹਜ਼ਾਰ ਕੈਨੇਡੀਅਨ ਡਾਲਰ ਹਰਜਾਨੇ ਵਜੋਂ ਅਦਾ ਕਰੇ। ਇਹ ਘਟਨਾ ਨੌਂ ਦਸੰਬਰ, 2011 ਦੀ ਹੈ ਜਦੋਂ ਇਹ ਵਿਅਕਤੀ ਕਲੱਬ ਵਿਚ ਹੋ ਰਹੀ ਪਾਰਟੀ ਵਿਚ ਸ਼ਾਮਲ ਹੋਣ ਗਏ ਸਨ। ਉਨ੍ਹਾਂ ਨੇ ਆਪਣੇ ਸਾਥੀਆਂ ਲਈ ਕਲੱਬ ਵਿਚ ਸੀਟਾਂ ਰਾਖਵੀਆਂ ਕਰਵਾਈਆਂ ਹੋਈਆਂ ਸਨ। ਉਨ੍ਹਾਂ ਦੇ 20 ਸਾਥੀ ਕਲੱਬ ਵਿਚ ਦਾਖਲ ਹੋ ਚੁੱਕੇ ਸਨ ਪਰ ਇਹ ਤਿੰਨੋਂ ਕਰੀਬ 15 ਮਿੰਟ ਲੇਟ ਗਏ। ਇਸ ਲਈ ਇਨ੍ਹਾਂ ਨੂੰ ਅੰਦਰ ਦਾਖਲ ਨਹੀਂ ਹੋਣ ਦਿੱਤਾ ਗਿਆ।

'ਵੈਨਕੂਵਰ ਸਨ' ਦੀ ਰਿਪੋਰਟ ਮੁਤਾਬਕ ਉਸ ਵੇਲੇ ਕਲੱਬ ਦੇ ਬਾਹਰ ਤਾਇਨਾਤ ਦਰਬਾਨ ਐਂਡਰਿਊ ਨੇ ਕਿਹਾ ਕਿ ਉਨ੍ਹਾਂ ਨੂੰ ਟਿਕਟਾਂ ਖਰੀਦਣੀਆਂ ਪੈਣਗੀਆਂ ਜਾਂ ਸੀਟਾਂ ਰਾਖਵੀਆਂ ਕਰਨ ਵਾਲੀ ਸੂਚੀ ਵਿਚ ਆਪਣਾ ਨਾਂ ਦਿਖਾਉਣਾ ਹੋਵੇਗਾ। ਸਥਿਤੀ ਉਦੋਂ ਵਿਗੜ ਗਈ ਜਦੋਂ ਰਾਏ ਨੇ ਉਸ ਨੂੰ ਸੂਚੀ ਵਿਚ ਆਪਣਾ ਨਾਂ ਦੇਖਣ ਲਈ ਕਿਹਾ। ਇਸ ਦੌਰਾਨ ਉਸ ਨੇ ਦਰਬਾਨ ਦੀ ਤਸਵੀਰ ਵੀ ਖਿੱਚ ਲਈ। ਇਸ 'ਤੇ ਦਰਬਾਨ ਨੇ ਰਾਏ 'ਤੇ ਹਮਲਾ ਕਰ ਦਿੱਤਾ ਤੇ ਪੁਲਿਸ ਬੁਲਾ ਲਈ।

# ਬਰਤਾਨੀਆ 'ਚ ਸਿੱਖ ਟੀ.ਵੀ. ਚੈਨਲ ਨੂੰ ਜੁਰਮਾਨਾ

**ਲੰਡਨ:** ਬਰਤਾਨੀਆ ਦੇ ਮੀਡੀਆ ਰੈਗੂਲੇਟਰ ਨੇ ਇਕ ਸਿੱਖ ਚੈਨਲ ਨੂੰ 30,000 ਪੌਂਡ ਦਾ ਭਾਰੀ ਜੁਰਮਾਨਾ ਕੀਤਾ ਹੈ ਕਿਉਂਕਿ ਇਸ ਨੇ ਭਾਰਤੀ ਸੈਨਾ ਦੇ ਮੈਂਬਰਾਂ ਵਿਰੁੱਧ ਭਾਈਚਾਰੇ ਵਿਚ ਹਿੰਸਾ ਭੜਕਾਉਣ ਵਾਲਾ ਪ੍ਰੋਗਰਾਮ ਪ੍ਰਸਾਰਿਤ ਕਰਕੇ ਇਸ ਦੇ ਜ਼ਾਬਤੇ ਦੀ ਅਵੱਗਿਆ ਕੀਤੀ ਸੀ। ਬਰਮਿੰਘਮ ਦੇ ਉਪਗ੍ਰਹਿ ਚੈਨਲ 'ਸੰਗਤ ਟੀਵੀ' ਨੂੰ ਆਫਕੌਮ ਦੇ ਜ਼ਾਬਤੇ ਦੀ ਉਲੰਘਣਾ ਕਰਨ ਦੇ ਦੋਸ਼ਾਂ ਤਹਿਤ ਇਹ ਜੁਰਮਾਨਾ ਅਦਾ ਕਰਨਾ ਹੋਏਗਾ।

ਪੰਜਾਬੀ ਤੇ ਅੰਗਰੇਜ਼ੀ ਵਿਚ ਪ੍ਰੋਗਰਾਮ ਪ੍ਰਸਾਰਿਤ ਕਰਕੇ ਇਸ ਚੈਨਲ ਨੇ ਲੈਫਟੀਨੈਂਟ ਜਨਰਲ (ਸਾਬਕਾ) ਕੇ.ਐਸ. ਬਰਾੜ ਤੇ ਭਾਰਤੀ ਸੈਨਾਵਾਂ ਦੇ ਹੋਰ ਮੈਂਬਰਾਂ ਵਿਰੁੱਧ ਹਿੰਸਕ ਕਾਰਵਾਈ ਲਈ ਸਿੱਖਾਂ ਨੂੰ ਉਕਸਾਉਂਦਾ ਪ੍ਰੋਗਰਾਮ ਪੇਸ਼ ਕੀਤਾ ਸੀ। ਵਿਚਾਰ-ਚਰਚਾ ਅਧਾਰਤ ਇਹ ਪ੍ਰੋਗਰਾਮ ਪਿਛਲੇ ਸਾਲ ਲੈਫਟੀਨੈਂਟ ਜਨਰਲ (ਸਾਬਕਾ) ਬਰਾੜ 'ਤੇ ਹੋਏ ਹਮਲੇ ਮਗਰੋਂ ਪੇਸ਼ ਕੀਤਾ ਗਿਆ ਸੀ। ਸ੍ਰੀ ਬਰਾੜ ਨੇ 1984 ਵਿਚ ਅਪਰੇਸ਼ਨ ਬਲਿਊਸਟਾਰ ਮੌਕੇ ਭਾਰਤੀ ਫੌਜ ਦੀ ਅਗਵਾਈ ਕੀਤੀ ਸੀ। ਸ਼ੋਅ ਵਿਚ ਸ਼ਾਮਲ ਕੁਝ ਮੈਂਬਰਾਂ ਨੇ ਕਿਹਾ ਸੀ ਕਿ ਬਰਾੜ 'ਤੇ




ਹਮਲਾ ਕਰਨਾ ਬਣਦਾ ਸੀ ਤੇ ਉਨ੍ਹਾਂ ਨੇ ਹਮਲਾਵਰਾਂ ਨੂੰ ਵਧਾਈ ਵੀ ਦਿੱਤੀ ਸੀ।

ਪਿਛਲੇ ਮਹੀਨੇ ਸਿੱਖ ਮੂਲ ਦੇ ਤਿੰਨ ਪੁਰਸ਼ਾਂ ਤੇ ਇਕ ਔਰਤ ਨੂੰ 78 ਸਾਲਾ ਸੇਵਾਮੁਕਤ ਫੌਜੀ ਅਧਿਕਾਰੀ ਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਕਰਨ ਦਾ ਦੋਸ਼ੀ ਪਾਇਆ ਗਿਆ ਸੀ। ਸ੍ਰੀ ਬਰਾੜ ਸਤੰਬਰ 2012 ਵਿਚ ਇਥੇ ਛੁੱਟੀਆਂ ਕੱਟਣ ਆਏ ਸਨ। ਉਨ੍ਹਾਂ ਦੀ ਗਰਦਨ 'ਤੇ ਜ਼ਖ਼ਮ ਹੋ ਗਿਆ ਸੀ ਜਿਸ ਨੂੰ ਬਰਤਾਨਵੀ ਪ੍ਰਾਸੀਕਿਊਟਰ ਨੇ ਸੋਚਿਆ-ਸਮਝਿਆ ਤੇ ਯੋਜਨਾਬੱਧ ਹਮਲਾ ਕਰਾਰ ਦਿੱਤਾ ਸੀ। ਆਫਕੌਮ ਨੇ ਕਿਹਾ ਕਿ ਰੇਜੀਸ 1 ਲਿਮਿਟਿਡ ਨਾਂ ਦੀ ਕੰਪਨੀ ਵੱਲੋਂ ਚਲਾਏ ਜਾਂਦੇ ਸੰਗਤ ਟੀਵੀ ਨੇ ਹਮਲੇ ਤੋਂ ਮਗਰੋਂ ਅਜਿਹੇ ਬਿਆਨ ਟੈਲੀਕਾਸਟ ਕੀਤੇ ਸਨ ਜੋ ਸਿੱਖ ਭਾਈਚਾਰੇ ਨੂੰ ਸ੍ਰੀ ਬਰਾੜ ਤੇ ਭਾਰਤੀ ਸੈਨਾਵਾਂ ਦੇ ਹੋਰ ਮੈਂਬਰਾਂ ਵਿਰੁੱਧ ਹਿੰਸਕ ਕਾਰਵਾਈ ਲਈ ਉਕਸਾਉਂਦੇ ਸਨ।

ਰੇਜੀਸ 1 ਦਾ ਕਹਿਣਾ ਹੈ ਕਿ ਇਸ ਚੈਨਲ ਨੂੰ ਵਾਲੰਟੀਅਰ ਹੀ ਚਲਾਉਂਦੇ ਹਨ ਜੋ ਚੈਰੀਟੇਬਲ 'ਸੰਗਤ ਟਰਸਟ' ਦੇ ਮੈਂਬਰ ਹਨ। ਟੋਕਨ ਵਜੋਂ ਜੁਰਮਾਨੇ ਤੋਂ ਵਧੀਕ ਜੇਕਰ ਚੈਨਲ ਨੂੰ ਜੁਰਮਾਨਾ ਪੈ ਜਾਂਦਾ ਹੈ ਤਾਂ ਉਹ ਇਸ ਲਈ ਮਾਰੂ ਸਾਬਤ ਹੋਏਗਾ। ਆਫਕੌਮ ਨੇ ਇਹ ਸਖਤ ਫੈਸਲਾ ਬ੍ਰਾਡਕਾਸਟਿੰਗ ਕੋਡ ਦੇ ਰੂਲ ਨੰਬਰ 3.1 ਦੀ ਉਲੰਘਣਾ ਲਈ ਕੀਤਾ ਹੈ ਜਿਸ ਅਨੁਸਾਰ ਅਜਿਹੀ ਸਮੱਗਰੀ ਜੋ ਅਪਰਾਧ ਕੀਤੇ ਜਾਣ ਦੀ ਉਕਸਾਹਟ ਪੈਦਾ ਕਰੇ ਜਾਂ ਬੇਚੈਨੀ ਪੈਦਾ ਕਰਦੀ ਹੋਵੇ, ਉਸ ਨੂੰ ਟੀਵੀ ਜਾਂ ਰੇਡੀਓ ਪ੍ਰੋਗਰਾਮਾਂ ਵਿਚ ਬਿਲਕੁਲ ਸ਼ਾਮਲ ਨਾ ਕੀਤਾ ਜਾਵੇ।

## ਪਰਵਾਸੀ ਭਾਰਤੀ ਰਿਸ਼ਵਤ ਦੇਣ ਦਾ ਦੋਸ਼ੀ ਕਰਾਰ

**ਟੋਰਾਂਟੋ:** ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕ ਨੂੰ ਏਅਰ ਇੰਡੀਆ ਦੇ ਅਧਿਕਾਰੀਆਂ ਤੇ ਇਕ ਮੰਤਰੀ ਨੂੰ ਮਨਪਸੰਦ ਦਾ ਠੇਕਾ ਹਾਸਲ ਕਰਨ ਲਈ 45,0000 ਅਮਰੀਕੀ ਡਾਲਰ ਰਿਸ਼ਵਤ ਦੇਣ ਦੇ ਦੋਸ਼ ਵਿਚ ਓਟਾਵਾ ਦੀ ਅਦਾਲਤ ਨੇ ਦੋਸ਼ੀ ਠਹਿਰਾਇਆ ਹੈ। ਨਜ਼ੀਰ ਕਾਰੀਗਰ (65) ਨੂੰ ਅਦਾਲਤ ਨੇ ਭ੍ਰਿਸ਼ਟਾਚਾਰ ਦੇ ਲਈ ਦੋਸ਼ੀ ਠਹਿਰਾਇਆ ਹੈ। ਉਸ ਨੂੰ ਪੁਲਿਸ ਨੇ ਮਈ 2010 ਵਿਚ ਭ੍ਰਿਸ਼ਟਾਚਾਰ ਦੇ ਦੋਸ਼ ਅਧੀਨ ਗ੍ਰਿਫਤਾਰ ਕੀਤਾ ਸੀ।

ਉਸ ਉਤੇ ਸਾਲ 2005 ਤੋਂ 2007 ਤੱਕ ਏਅਰ ਇੰਡੀਆ ਦੇ ਅਧਿਕਾਰੀਆਂ ਨੂੰ ਇਕ ਯੋਜਨਾ ਤਹਿਤ ਲੱਖਾਂ ਡਾਲਰ ਰਿਸ਼ਵਤ ਦੇਣ ਦਾ ਦੋਸ਼ ਸੀ। ਬੀਤੇ ਸਾਲ ਕੈਨੇਡੀਅਨ ਮੀਡੀਆ ਨੇ ਇਕ ਰਿਪੋਰਟ ਨਸ਼ਰ ਕੀਤੀ ਸੀ ਕਿ ਜਾਂਚ ਅਧਿਕਾਰੀ ਨੇ ਦੋਸ਼ ਲਾਇਆ ਹੈ ਕਿ ਨਜ਼ੀਰ ਕਾਰੀਗਰ ਸਾਲ 2007 ਦੇ ਸ਼ੁਰੂ ਵਿਚ ਭਾਰਤ ਦੇ ਤਤਕਾਲੀਨ ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਨੂੰ ਮਿਲਿਆ ਸੀ ਤੇ ਠੇਕਾ ਹਾਸਲ ਕਰਨ ਲਈ ਮੰਤਰੀ ਦੇ ਇਕ ਨਜ਼ਦੀਕੀ ਨੂੰ 25,0000 ਅਮਰੀਕੀ ਡਾਲਰ ਰਿਸ਼ਵਤ ਵਜੋਂ ਦਿੱਤੇ ਸਨ। ਪ੍ਰਫੁੱਲ ਪਟੇਲ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰ ਦਿੱਤਾ ਸੀ।

## ਸੁਖਬੀਰ ਬਾਦਲ ਵੱਲੋਂ ਮੁੜ ਕੈਨੇਡਾ ਦੌਰੇ ਦੀ ਤਿਆਰੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵੱਲੋਂ ਅਗਲੇ ਮਹੀਨੇ ਕੈਨੇਡਾ ਦੌਰੇ 'ਤੇ ਜਾਣ ਦੀ ਉਮੀਦ ਹੈ। ਸੂਤਰਾਂ ਅਨੁਸਾਰ ਉਪ ਮੁੱਖ ਮੰਤਰੀ ਕੈਨੇਡਾ ਵਿਚ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਘੱਟੋ-ਘੱਟ ਚਾਰ ਸ਼ਹਿਰਾਂ ਵੈਨਕੂਵਰ, ਟੋਰਾਂਟੋ, ਕੈਲਗਰੀ ਤੇ ਐਡਮਿੰਟਨ ਵਿਚ ਜਨਤਕ ਸਮਾਗਮ ਕੀਤੇ ਜਾਣ ਦੀਆਂ ਤਿਆਰੀਆਂ ਹਨ।

ਬੇਅੰਤ ਸਿੰਘ ਕਤਲ ਕਾਂਡ

# ਸਜ਼ਾ ਭੁਗਤਣ ਮਗਰੋਂ ਵੀ ਰਿਹਾ ਨਹੀਂ ਕੀਤੇ ਗਏ ਸਿੱਖ ਨੌਜਵਾਨ

**ਚੰਡੀਗੜ੍ਹ:** ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿਚ ਉਮਰ ਕੈਦ ਦੀ ਸਜ਼ਾ ਪਾਉਣ ਉਪਰੰਤ ਲਗਾਤਾਰ ਤੇ ਬਿਨਾਂ ਇਕ ਵੀ ਛੁੱਟੀ ਦੇ 20-20 ਸਾਲ ਜੇਲ੍ਹ ਵਿਚ ਬਿਤਾਉਣ ਵਾਲੇ ਭਾਈ ਲਖਵਿੰਦਰ ਸਿੰਘ ਲੱਖਾ, ਭਾਈ ਸਮਸ਼ੇਰ ਸਿੰਘ ਸ਼ੇਰਾ ਤੇ ਭਾਈ ਗੁਰਮੀਤ ਸਿੰਘ ਇੰਜਨੀਅਰ ਨੂੰ ਅਜੇ ਵੀ ਰਿਹਾਈ ਦੀ ਕੋਈ ਆਸ ਨਜ਼ਰ ਨਹੀਂ ਆ ਰਹੀ।

ਭਾਵੇਂਕਿ ਆਮ ਤੌਰ 'ਤੇ ਉਮਰ ਕੈਦ ਦੀ ਸਜ਼ਾ ਵਾਲੇ ਤੋਂ 14 ਸਾਲ ਤੋਂ 20 ਸਾਲ ਸਾਲ ਤੱਕ ਕੈਦ ਕਟਵਾਈ ਜਾਂਦੀ ਹੈ ਤੇ ਜੇਕਰ ਇਸ ਸਮੇਂ ਦੌਰਾਨ ਉਸ ਦਾ ਵਿਉਹਾਰ ਸ਼ਾਂਤਮਈ ਤੇ ਠੀਕ ਆਚਰਨ ਵਾਲਾ ਹੋਵੇ ਤਾਂ ਰਾਜ ਸਰਕਾਰ ਉਸ ਦੀ ਰਿਹਾਈ ਲਈ ਮਨਜ਼ੂਰੀ ਦੇ ਦਿੰਦੀ ਹੈ ਪਰ ਉਕਤ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਵਿਚ ਅਜਿਹਾ ਮਾਪਦੰਡ ਨਹੀਂ ਅਪਣਾਇਆ ਜਾ ਰਿਹਾ। ਹਾਲਾਂਕਿ ਉਨ੍ਹਾਂ ਨੂੰ ਸੁਣਾਈ ਗਈ ਉਮਰ ਕੈਦ ਦੀ ਸਜ਼ਾ ਬਿਨਾਂ ਪੈਰੋਲ ਨਹੀਂ ਹੈ ਪਰ ਫਿਰ ਵੀ ਉਨ੍ਹਾਂ ਦੇ ਮਾਤਾ-ਪਿਤਾ ਤੇ ਨਜ਼ਦੀਕੀਆਂ ਦੀ ਮੌਤ ਸਮੇਂ ਵੀ ਉਨ੍ਹਾਂ ਨੂੰ ਪੈਰੋਲ 'ਤੇ ਛੁੱਟੀ ਨਹੀਂ ਦਿੱਤੀ ਗਈ।

ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਸੁਪਰੀਮ ਕੋਰਟ ਨੇ ਇਕ ਮਾਮਲੇ ਵਿਚ ਇਹ ਹੁਕਮ ਜਾਰੀ ਕੀਤਾ ਸੀ ਕਿ ਉਮਰ ਕੈਦ ਦੀ ਸਜ਼ਾ ਦਾ ਮਤਲਬ ਉਮਰ ਭਰ ਕੈਦ ਹੀ ਹੈ ਪਰ ਇਸ ਦੇ ਨਾਲ ਹੀ ਰਾਜ ਸਰਕਾਰਾਂ ਕੋਲ ਅਜਿਹੇ ਅਖਤਿਆਰ ਹਨ ਕਿ ਉਹ ਕੈਦੀ ਦੇ ਚੰਗੇ ਵਿਉਹਾਰ, ਸੁਧਰਨ ਦੇ ਲੱਛਣਾਂ ਨੂੰ ਦੇਖਦਿਆਂ ਉਸ ਨੂੰ ਰਿਹਾ ਕਰ ਸਕਦੀਆਂ ਹਨ ਕਿਉਂਕਿ ਜੇਲ੍ਹਾਂ ਨੂੰ ਇਸੇ ਲਈ ਹੀ ਸੁਧਾਰ ਘਰ ਕਿਹਾ ਜਾਂਦਾ ਹੈ ਪਰ ਉਕਤ ਬੰਦੀ ਸਿੰਘ ਦੇ ਮਾਮਲੇ ਵਿਚ ਤਾਂ ਅਜੀਬ ਹਾਸੋਹੀਣੇ ਮਾਪਦੰਡ ਅਪਣਾਏ ਜਾ ਰਹੇ ਹਨ।

ਭਾਈ ਲੱਖਾ ਦੀ ਦਾਦੀ ਦੀ 1998 ਵਿਚ ਮੌਤ ਹੋ ਗਈ, ਭੈਣ ਦਾ 2000 ਵਿਚ ਵਿਆਹ ਹੋਇਆ, 2009 ਵਿਚ ਮਾਤਾ ਦੀ ਮੌਤ ਹੋ ਗਈ, 2011 ਵਿਚ ਛੋਟੇ ਭਰਾ ਦੀ ਮੌਤ ਹੋ ਗਈ, 2012 ਵਿਚ ਚਾਚੇ ਦੀ ਮੌਤ ਹੋ ਗਈ, ਫਿਰ 2013 ਵਿਚ ਛੋਟੀ ਭੈਣ ਦਾ ਵਿਆਹ ਹੋਇਆ, ਇਨ੍ਹਾਂ ਸਾਰਿਆਂ ਹੀ ਮੌਕਿਆਂ 'ਤੇ ਉਸ ਨੇ ਪੈਰੋਲ 'ਤੇ ਕੁਝ ਦਿਨਾਂ ਦੀ ਛੁੱਟੀ ਮੰਗੀ ਪਰ ਜਾਂ ਤਾਂ ਉਸ ਦੀ ਅਰਜ਼ੀ ਠੁਕਰਾ ਦਿੱਤੀ ਗਈ ਜਾਂ ਫਿਰ ਇਸ ਢੰਗ ਨਾਲ ਛੁੱਟੀ ਦਿੱਤੀ ਗਈ ਕਿ ਉਸ ਨੂੰ ਖੁਦ ਹੀ ਠੁਕਰਾਉਣੀ ਪਈ।

ਅਜਿਹਾ ਕੁਝ ਹੀ ਭਾਈ ਸ਼ੇਰਾ ਤੇ ਭਾਈ ਗੁਰਮੀਤ ਸਿੰਘ ਦੇ ਮਾਮਲੇ ਵਿਚ ਵੀ ਹੋ ਰਿਹਾ ਹੈ। ਭਾਈ ਗੁਰਮੀਤ ਸਿੰਘ, ਲਖਵਿੰਦਰ ਸਿੰਘ ਤੇ ਸਮਸ਼ੇਰ ਸਿੰਘ ਨੂੰ ਸਾਲ 2007 ਵਿਚ ਧਾਰਾ 302, 120-ਬੀ ਤੇ 307 ਤਹਿਤ ਉਮਰਕੈਦ ਤੇ 10-10 ਸਾਲ ਦੀ ਸਜ਼ਾ ਸੁਣਾਈ ਗਈ ਸੀ ਜੋ ਨਾਲੋ ਨਾਲ ਚੱਲਣੀ ਸੀ ਪਰ ਉਕਤ ਤਿੰਨੋ 1995 ਤੋਂ ਹੀ ਜੇਲ੍ਹ ਵਿਚ ਬੰਦ ਸਨ ਜਿਸ ਕਾਰਨ 1995 ਤੋਂ ਹੀ ਉਨ੍ਹਾਂ ਦੀ ਸਜ਼ਾ ਗਿਣੀ ਜਾ ਰਹੀ ਹੈ।

31 ਮਈ, 2013 ਨੂੰ ਜੇਲ੍ਹ ਸੁਪਰਡੈਂਟ ਬੁੜੈਲ ਵੱਲੋਂ ਜੋ ਕਸਟਡੀ ਸਰਟੀਫਿਕੇਟ ਜਾਰੀ ਕੀਤਾ ਹੈ ਉਸ ਵਿਚ ਲਿਖਿਆ ਹੈ ਕਿ ਲਖਵਿੰਦਰ ਸਿੰਘ ਹੁਣ ਤੱਕ 20 ਸਾਲ ਤਿੰਨ ਮਹੀਨੇ ਦੀ ਸਜ਼ਾ ਕੱਟ ਚੁੱਕਾ ਹੈ, ਏਨੀ ਹੀ ਕੈਦ ਭਾਈ ਸ਼ੇਰਾ ਤੇ ਭਾਈ ਗੁਰਮੀਤ ਸਿੰਘ ਵੀ ਕੱਟ ਚੁੱਕੇ ਹਨ। ਭਾਈ ਲੱਖਾ ਦੀ ਰਿਹਾਈ ਲਈ ਉਨ੍ਹਾਂ ਦੀ ਭੈਣ ਸੁਖਵਿੰਦਰ ਕੌਰ ਨੇ ਸੁਪਰੀਮ ਕੋਰਟ ਵਿਚ ਮਾਮਲਾ ਦਾਇਰ ਕੀਤਾ ਸੀ ਪਰ ਦੋ ਸਾਲ ਬੀਤ ਜਾਣ ਦੇ ਬਾਵਜੂਦ ਉਸ ਦੀ ਸੁਣਵਾਈ ਵੀ ਸ਼ੁਰੂ ਨਹੀਂ ਹੋ ਸਕੀ।



## ਰਿਹਾਈ ਲਈ ਸਿੱਖ ਜਥੇਬੰਦੀਆਂ ਇਕਮੁੱਠ

**ਮੁਹਾਲੀ:** ਬੇਅੰਤ ਸਿੰਘ ਕਤਲ ਕਾਂਡ ਵਿਚ ਨਾਮਜ਼ਦ ਸ਼ਮਸ਼ੇਰ ਸਿੰਘ, ਲਖਵਿੰਦਰ ਸਿੰਘ ਤੇ ਗੁਰਮੀਤ ਸਿੰਘ ਦੀ ਰਿਹਾਈ ਲਈ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਰੋਸ ਮਾਰਚ ਕੀਤਾ ਗਿਆ। ਇਹ ਤਿੰਨੇ ਜ਼ਿਲ੍ਹਾ ਪਟਿਆਲਾ ਨਾਲ ਸਬੰਧਤ ਹਨ। ਸ਼ਮਸ਼ੇਰ ਸਿੰਘ ਰਾਜਪੁਰਾ ਨੇੜਲੇ ਪਿੰਡ ਉਕਸੀ ਦਾ ਵਸਨੀਕ ਹੈ, ਲਖਵਿੰਦਰ ਸਿੰਘ ਤੇ ਗੁਰਮੀਤ ਸਿੰਘ, ਗੁਰੂ ਨਾਨਕ ਨਗਰ ਪਟਿਆਲਾ ਦੇ ਰਹਿਣ ਵਾਲੇ ਹਨ। ਲਖਵਿੰਦਰ ਸਿੰਘ ਦੀ ਵੱਡੀ ਭੈਣ ਸੁਖਵਿੰਦਰ ਕੌਰ ਤੇ ਜੀਜਾ ਜੰਗ ਸਿੰਘ ਦੀ ਅਪੀਲ 'ਤੇ ਸਿੱਖ ਜਥੇਬੰਦੀਆਂ ਵੱਲੋਂ ਇਨ੍ਹਾਂ ਸਿੱਖ ਨੌਜਵਾਨਾਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਪੰਜਾਬ ਰਾਜ ਭਵਨ ਤੱਕ ਰੋਸ ਮਾਰਚ ਕੱਢਣ ਦਾ ਪ੍ਰੋਗਰਾਮ ਉਲੀਕਿਆ ਪਰ ਚੰਡੀਗੜ੍ਹ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਰੋਕ ਲਿਆ।

# ਅਦਾਲਤ ਵੱਲੋਂ ਭੁੱਲਰ ਦੀ ਸਜ਼ਾ ਘਟਾਉਣ ਤੋਂ ਨਾਂਹ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਸਜ਼ਾ-ਏ-ਮੌਤ ਨੂੰ ਉਮਰ ਕੈਦ ਵਿਚ ਬਦਲਣ ਲਈ ਪ੍ਰੋ. ਦਵਿੰਦਰ ਪਾਲ ਸਿੰਘ ਭੁੱਲਰ ਤੇ ਉਨ੍ਹਾਂ ਦੀ ਪਤਨੀ ਨਵਨੀਤ ਕੌਰ ਵੱਲੋਂ ਪਾਈਆਂ ਨਜ਼ਰਸਾਨੀ ਪਟੀਸ਼ਨਾਂ ਰੱਦ ਕਰ ਦਿੱਤੀਆਂ। ਦੋਵਾਂ ਨੇ ਅਦਾਲਤ ਨੂੰ ਅਪੀਲ ਕੀਤੀ ਸੀ ਕਿ ਉਹ ਆਪਣੇ 12 ਅਪਰੈਲ, 2013 ਦੇ ਫੈਸਲੇ 'ਤੇ ਨਜ਼ਰਸਾਨੀ ਕਰੇ। ਉਸ ਫੈਸਲੇ ਵਿਚ ਸਰਵਉੱਚ ਅਦਾਲਤ ਨੇ ਪ੍ਰੋ. ਭੁੱਲਰ ਦੀ ਸਜ਼ਾਏ-ਮੌਤ ਉਮਰ ਕੈਦ ਵਿਚ ਬਦਲਣ ਤੋਂ ਇਨਕਾਰ ਕਰ ਦਿੱਤਾ ਸੀ।

ਜਸਟਿਸ ਜੀ.ਐਸ. ਸਿੰਘਵੀ ਤੇ ਜਸਟਿਸ ਐਸ.ਜੇ. ਮੁਖੋਪਾਧਿਆਏ ਦੇ ਬੈਂਚ ਨੇ ਬੀਤੇ ਦਿਨ ਜੱਜਾਂ ਦੇ ਚੈਂਬਰ ਵਿਚ ਇਨ੍ਹਾਂ ਨਜ਼ਰਸਾਨੀ ਪਟੀਸ਼ਨਾਂ 'ਤੇ ਵਿਚਾਰ ਕੀਤਾ ਸੀ। ਸਰਵਉੱਚ ਅਦਾਲਤ ਨੇ 12 ਅਪਰੈਲ ਨੂੰ ਸੁਣਾਏ ਫੈਸਲੇ ਵਿਚ ਕਿਹਾ ਸੀ ਕਿ ਅਤਿਵਾਦੀਆਂ ਨੂੰ ਰਹਿਮ ਦੀ ਅਪੀਲ ਪਾਉਣ ਦਾ ਅਧਿਕਾਰ ਨਹੀਂ ਹੈ। ਨਜ਼ਰਸਾਨੀ ਪਟੀਸ਼ਨ ਰੱਦ ਹੋਣ ਨਾਲ ਪ੍ਰੋ. ਭੁੱਲਰ ਲਈ ਹਾਲੇ ਰਾਹ ਬੰਦ ਨਹੀਂ ਹੋਏ ਤੇ ਆਸ ਦੀ ਕਿਰਨ ਬਰਕਰਾਰ ਹੈ। ਉਨ੍ਹਾਂ ਦੀ ਪਤਨੀ ਨੇ ਇਸ ਸਾਲ ਮਈ ਵਿਚ ਇਕ ਜਨਹਿਤ ਪਟੀਸ਼ਨ ਸੁਪਰੀਮ ਕੋਰਟ ਵਿਚ ਪਾਈ ਸੀ ਜੋ ਸੁਣਵਾਈ ਅਧੀਨ ਹੈ।

ਇਸੇ ਤਰ੍ਹਾਂ ਪਟਿਆਲਾ ਵਾਸੀ ਤਰਸੇਮ ਸਿੰਘ ਖਟਕੜ ਨੇ ਵੀ ਪੱਤਰ ਪਟੀਸ਼ਨ ਸੁਪਰੀਮ ਕੋਰਟ ਕੋਲ ਭੇਜੀ ਹੋਈ ਹੈ। ਜਨਹਿੱਤ ਪਟੀਸ਼ਨ ਵਿਚ ਬੀਬੀ ਨਵਨੀਤ ਕੌਰ ਨੇ ਰਾਸ਼ਟਰਪਤੀ ਵੱਲੋਂ 30 ਮਈ, 2011 ਵਿਚ ਭੁੱਲਰ ਦੀ ਰਹਿਮ ਦੀ ਅਪੀਲ ਰੱਦ ਕਰਨ ਸਬੰਧੀ ਨੁਕਤੇ ਉਠਾਏ ਹਨ। ਉਨ੍ਹਾਂ ਕਿਹਾ ਹੈ ਕਿ ਰਾਸ਼ਟਰਪਤੀ ਭਵਨ ਕੋਲ 200 5 ਤੇ 2011 ਵਿਚ ਜਿਹੜੀ ਫਾਈਲ ਭੇਜੀ ਗਈ ਸੀ ਉਸ ਵਿਚ ਜਸਟਿਸ ਐਮ.ਬੀ. ਸ਼ਾਹ ਵੱਲੋਂ ਫਾਂਸੀ ਦੀ ਸਜ਼ਾ ਦੀ ਮੁਖਾਲਫਤ ਕਰਨ ਦੇ ਕਾਰਨਾਂ ਦਾ ਜ਼ਿਕਰ ਨਹੀਂ ਕੀਤਾ ਗਿਆ।

ਦਿੱਲੀ ਵਿਚਲੀ ਅਤਿਵਾਦ ਵਿਰੋਧੀ ਅਦਾਲਤ ਨੇ 25 ਅਗਸਤ 2001 ਨੂੰ ਪ੍ਰੋ. ਭੁੱਲਰ ਨੂੰ ਸਜ਼ਾ-ਏ-ਮੌਤ ਸੁਣਾਈ ਸੀ। ਬੀਬੀ ਭੁੱਲਰ ਅਨੁਸਾਰ ਸਜ਼ਾ ਸੁਣਾਉਣ ਦਾ ਆਧਾਰ ਪ੍ਰੋ. ਭੁੱਲਰ ਦੇ ਪੁਲਿਸ ਰਿਮਾਂਡ ਮੌਕੇ ਡੀਸੀਪੀ ਅੱਗੇ ਜੁਰਮ ਕਬੂਲ ਕਰਨ ਨੂੰ ਮੰਨਿਆ ਗਿਆ ਕਿਉਂਕਿ ਪੁਲਿਸ ਉਨ੍ਹਾਂ ਦੇ ਪਤੀ ਖ਼ਿਲਾਫ਼ ਸਬੂਤ ਜੁਟਾਉਣ ਵਿਚ ਪੂਰੀ ਤਰ੍ਹਾਂ ਫੇਲ੍ਹ ਹੋ ਗਈ ਸੀ। ਇਥੋਂ ਤਕ ਕੋਈ ਭਰੋਸੇਯੋਗ ਗਵਾਹ ਵੀ ਉਨ੍ਹਾਂ ਦੇ ਪਤੀ ਖ਼ਿਲਾਫ਼ ਪੇਸ਼ ਨਹੀਂ ਹੋਇਆ।

ਉਨ੍ਹਾਂ ਦੇ ਪਤੀ ਨੂੰ ਸਿਰਫ਼ ਗੁਨਾਹ ਕਬੂਲ ਕਰਨ ਦੇ ਆਧਾਰ 'ਤੇ ਹੀ ਸੁਣਵਾਈ ਅਦਾਲਤ ਤੇ ਸੁਪਰੀਮ ਕੋਰਟ ਵੱਲੋਂ ਸਜ਼ਾ ਦੇਣੀ ਵੱਡੀ ਗਲਤੀ ਹੈ। ਪਟਿਆਲਾ ਵਾਸੀ ਤੇ ਸਮਾਜ ਸੇਵਕ 73 ਸਾਲਾ ਸ. ਖਟਕੜ ਨੇ ਪਟੀਸ਼ਨ ਵਿਚ ਜ਼ੋਰ ਦੇ ਕੇ ਕਿਹਾ ਹੈ ਕਿ ਪ੍ਰੋ. ਭੁੱਲਰ ਦੀ ਅਪੀਲ ਉਪਰ ਪੰਜ ਜਾਂ ਵੱਧ ਜੱਜਾਂ ਵਾਲੇ ਸੰਵਿਧਾਨਕ ਬੈਂਚ ਵੱਲੋਂ ਸੁਣਵਾਈ ਕੀਤੀ ਜਾਵੇ।

# ਗਿਆਨੀ ਮੱਲ ਸਿੰਘ ਬਣੇ ਤਖਤ ਸ੍ਰੀ ਕੇਸਗੜ੍ਹ ਦੇ ਜਥੇਦਾਰ



**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਗਿਆਨੀ ਮੱਲ ਸਿੰਘ ਨੂੰ ਤਖ਼ਤ ਕੇਸਗੜ੍ਹ ਸਾਹਿਬ ਦਾ ਨਵਾਂ ਜਥੇਦਾਰ ਥਾਪਿਆ ਹੈ। ਉਨ੍ਹਾਂ ਦੀ ਥਾਂ 'ਤੇ ਸ੍ਰੀ ਦਰਬਾਰ ਸਾਹਿਬ ਐਡੀਸ਼ਨਲ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੂੰ ਹੈੱਡ ਗ੍ਰੰਥੀ ਤੇ ਗਿਆਨੀ ਜਗਤਾਰ ਸਿੰਘ ਲੁਧਿਆਣਾ ਨੂੰ ਸਹਾਇਕ ਹੈੱਡ ਗ੍ਰੰਥੀ ਲਾਇਆ ਗਿਆ ਹੈ।

ਚੰਡੀਗੜ੍ਹ ਵਿਚ 15 ਅਗਸਤ ਨੂੰ ਹੋਈ ਅੰਤ੍ਰਿੰਗ ਕਮੇਟੀ ਦੀ ਬੈਠਕ ਵਿਚ ਇਹ ਫੈਸਲਾ ਲਿਆ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਸਾਹਿਬ ਗਿਆਨੀ ਮੱਲ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਵੱਖ-ਵੱਖ ਅਹੁਦਿਆਂ 'ਤੇ ਮਹੱਤਵਪੂਰਨ ਸੇਵਾਵਾਂ ਦਿੱਤੀਆਂ ਹਨ। ਉਨ੍ਹਾਂ ਦੇ ਸਮੁੱਚੇ ਕਾਰਜਕਾਲ ਵਿਚ ਕੋਈ ਵਿਵਾਦ ਨਹੀਂ ਉੱਠਿਆ ਹੈ। ਇਥੋਂ ਤੱਕ ਕਿ ਉਨ੍ਹਾਂ ਦਾ ਜੀਵਨ ਸਾਦਾ ਹੈ ਤੇ ਉਨ੍ਹਾਂ ਗੁਰਬਾਣੀ 'ਤੇ ਆਧਾਰਤ ਕਈ ਪੁਸਤਕਾਂ ਵੀ ਲਿਖੀਆਂ ਹਨ।

ਗਿਆਨੀ ਮੱਲ ਸਿੰਘ ਦਾ ਪਿਛੋਕੜ ਸੰਗਰੂਰ ਜ਼ਿਲ੍ਹੇ ਦੇ ਪਿੰਡ ਤਾਜੋਕੇ ਦਾ ਹੈ। 1979 ਵਿਚ ਉਨ੍ਹਾਂ ਬਤੌਰ ਹੈੱਡ ਗ੍ਰੰਥੀ ਤੇ ਕਥਾਵਾਚਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਨੌਕਰੀ ਦੀ ਸ਼ੁਰੂਆਤ ਬਰਨਾਲਾ ਦੇ ਗੁਰਦੁਆਰਾ ਬਾਬਾ ਗਾਂਧਾ ਸਿੰਘ ਤੋਂ ਕੀਤੀ। 2001 ਵਿਚ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਵਿਖੇ ਗ੍ਰੰਥੀ ਨਿਯੁਕਤ ਕਰ ਦਿੱਤਾ ਗਿਆ। 2012 ਵਿਚ ਉਨ੍ਹਾਂ ਨੂੰ ਇਥੇ ਹੀ ਹੈੱਡ ਗ੍ਰੰਥੀ ਬਣਾ ਦਿੱਤਾ ਗਿਆ।

# ਪੀ.ਜੀ.ਆਈ. ਦੀ ਪ੍ਰੀਖਿਆ ਵਿਚ ਸਿੱਖੀ ਚਿੰਨ੍ਹ ਲੁਹਾਏ

**ਚੰਡੀਗੜ੍ਹ:** ਵਿਦੇਸ਼ਾਂ ਵਿਚ ਵੱਖਰੀ ਪਛਾਣ ਦੀ ਲੜਾਈ ਲੜ ਰਹੇ ਸਿੱਖਾਂ ਨੂੰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵਿਚ ਅਪਮਾਨਿਤ ਹੋਣਾ ਪੈ ਰਿਹਾ ਹੈ। ਅਜਿਹੀ ਹੀ ਘਟਨਾ ਪੀਜੀਆਈ ਵੱਲੋਂ ਪੈਰਾ ਮੈਡੀਕਲ ਕੋਰਸਾਂ ਵਿਚ ਦਾਖ਼ਲੇ ਲਈ ਗਈ ਪ੍ਰੀਖਿਆ ਦੇ ਕੇਂਦਰ ਵਿਚ ਵਾਪਰੀ ਜਦੋਂ ਅਮਿੰਤਧ੍ਰਾਰੀ ਪ੍ਰੀਖਿਆਰਥੀਆਂ ਦੇ ਹਾਲ ਵਿਚ ਜਾਣ ਤੋਂ ਪਹਿਲਾਂ ਸਿੱਖੀ ਚਿੰਨ੍ਹ ਲੁਹਾ ਦਿੱਤੇ ਗਏ। ਵਿਰੋਧ ਕਰਨ ਵਾਲੇ ਕਈ ਵਿਦਿਆਰਥੀਆਂ ਨੂੰ ਇਮਤਿਹਾਨ ਦਿੱਤੇ ਬਿਨਾਂ ਹੀ ਵਾਪਸ ਮੁੜਨਾ ਪਿਆ ਹੈ। ਇਕ ਵਿਦਿਆਰਥਣ ਗੁਰਵਿੰਦਰ ਕੌਰ ਨੇ ਪੀਜੀਆਈ ਪ੍ਰਸ਼ਾਸਨ ਖ਼ਿਲਾਫ਼ ਪੁਲੀਸ ਕੋਲ ਸ਼ਿਕਾਇਤ ਵੀ ਦਰਜ ਕਰਾਈ ਹੈ।

ਉਂਜ ਗੁਰਵਿੰਦਰ ਕੌਰ ਪੌਣੇ ਘੰਟੇ ਦੇ ਸੰਘਰਸ਼ ਪਿੱਛੋਂ ਕਕਾਰਾਂ ਸਮੇਤ ਪ੍ਰੀਖਿਆ ਹਾਲ ਵਿਚ ਦਾਖ਼ਲ ਹੋਣ ਵਿਚ ਸਫਲ ਹੋ ਗਈ ਸੀ। ਡੀਏਵੀ ਸਕੂਲ ਸੈਕਟਰ 15 ਸਥਿਤ ਇਮਤਿਹਾਨ ਕੇਂਦਰ ਦੇ ਇੰਚਾਰਜ ਡਾ. ਗਾਬਾ ਨੂੰ ਬਾਅਦ ਵਿਚ ਗੁਰਵਿੰਦਰ ਕੌਰ ਨੂੰ ਪੇਪਰ ਹੱਲ ਕਰਨ ਲਈ ਵਾਧੂ ਸਮਾਂ ਵੀ ਦੇਣਾ ਪਿਆ। ਉਸ ਤੋਂ ਪਹਿਲਾਂ ਪ੍ਰੀਖਿਆ



ਹਾਲ ਵਿਚ ਸਾਰੇ ਸਿੱਖ ਵਿਦਿਆਰਥੀਆਂ ਨੂੰ ਆਪਣੇ ਕੜੇ ਉਤਾਰ ਕੇ ਅੰਦਰ ਜਾਣਾ ਪਿਆ ਹੈ। ਇਸ ਘਟਨਾ ਨੇ ਉਦੋਂ ਗੰਭੀਰ ਰੂਪ ਧਾਰਨ ਕਰ ਲਿਆ ਜਦੋਂ ਇਸ ਅੰਮ੍ਰਿਤਧਾਰੀ ਵਿਦਿਆਰਥਣ ਨੂੰ ਸ੍ਰੀ ਸਾਹਿਬ ਦੇ ਨਾਲ ਸਿਰ ਤੋਂ ਕੇਸਕੀ ਉਤਾਰ ਕੇ ਤਲਾਸ਼ੀ ਦੇਣ ਲਈ ਕਹਿ ਦਿੱਤਾ ਗਿਆ ਸੀ। ਉਸ ਨੇ ਸ੍ਰੀ ਸਾਹਿਬ ਤੇ ਕੇਸਕੀ ਲਾਹ ਕੇ ਪ੍ਰੀਖਿਆ ਦੇਣ ਨਾਲੋਂ ਪੇਪਰ ਨਾ ਦੇਣ ਨੂੰ ਪਹਿਲ ਦਿੱਤੀ। ਉਸ ਨੇ ਨਾਲੋਂ-ਨਾਲ ਸਾਰੀ ਜਾਣਕਾਰੀ ਆਪਣੇ ਪਿਤਾ ਜਸਵਿੰਦਰ ਸਿੰਘ ਨੂੰ ਦੇ ਦਿੱਤੀ।

ਸੈਕਟਰ 51 ਦੀ ਵਾਸੀ ਗੁਰਵਿੰਦਰ ਕੌਰ ਦਾ ਪੂਰਾ ਪਰਿਵਾਰ ਅੰਮ੍ਰਿਤਧਾਰੀ ਹੈ। ਆਪਣੇ ਬੱਚਿਆਂ ਨਾਲ ਪ੍ਰੀਖਿਆ ਹਾਲ ਤੱਕ ਆਏ ਮਾਪਿਆਂ ਨੇ ਪੀ ਜੀਆਈ ਪ੍ਰਸ਼ਾਸਨ ਦੀ ਇਸ ਸਿੱਖ ਵਿਰੋਧੀ ਕਾਰਵਾਈ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਏਨੇ ਚਿਰ ਨੂੰ ਵੱਖ ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਵੀ ਉੱਥੇ ਪੁੱਜ ਗਏ ਤੇ ਉਨ੍ਹਾਂ ਰੋਸ ਪ੍ਰਗਟਾਉਣਾ ਸ਼ੁਰੂ ਕਰ ਦਿੱਤਾ। ਲੋਕਾਂ ਦੇ ਰੋਹ ਅੱਗੇ ਝੁਕਦਿਆਂ ਪ੍ਰੀਖਿਆ ਇੰਚਾਰਜ ਡਾ. ਗਾਬਾ ਨੂੰ ਮੁਆਫ਼ੀ ਮੰਗਣੀ ਪਈ।

ਜ਼ਿਕਰਯੋਗ ਇਹ ਕਿ ਉੱਥੇ ਇਕੱਠੇ ਹੋਏ ਸਿੱਖ ਨਮੁਇੰਦਿਆਂ ਨੇ ਡਾ. ਗਾਬਾ ਨੂੰ ਇਹ ਗੱਲ ਵਾਰ ਵਾਰ ਦੱਸੀ ਕਹੀ ਕਿ ਸਿੰਘਾਂ ਲਈ ਕਕਾਰ ਉਨ੍ਹਾਂ ਦੇ ਸਰੀਰ ਦੇ ਅੰਗਾਂ ਬਰਾਬਰ ਹੁੰਦੇ ਹਨ। ਜ਼ਿਕਰਯੋਗ ਹੈ ਕਿ ਪੀ.ਜੀ.ਆਈ. ਵਿਚ ਐਮਡੀ ਦਾ ਪੇਪਰ ਲੀਕ ਹੋਣ ਤੋਂ ਬਾਅਦ ਪ੍ਰਸ਼ਾਸਨ ਵੱਲੋਂ ਇਮਤਿਹਾਨ ਹਾਲ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਵਿਦਿਆਰਥੀਆਂ ਦੀ ਸਖ਼ਤੀ ਨਾਲ ਤਲਾਸ਼ੀ ਲਈ ਜਾਂਦੀ ਹੈ। ਪੀ ਜੀ ਆਈ ਪ੍ਰਸ਼ਾਸਨ ਵੱਲੋਂ ਪ੍ਰੀਖਿਆਰਥੀਆਂ ਨੂੰ ਘੜੀ ਤੇ ਗਹਿਣੇ ਆਦਿ ਤਾਂ ਪਹਿਲਾਂ ਵੀ ਲੁਹਾ ਲਏ ਜਾਂਦੇ ਰਹੇ ਹਨ ਪਰ ਸਿੱਖੀ ਚਿੰਨ੍ਹਾਂ ਨੂੰ ਉਤਾਰਨ ਦੀ ਘਟਨਾ ਪਹਿਲੀ ਵਾਰ ਵਾਪਰੀ ਹੈ।

ਵਿਦਿਆਰਥਣ ਗੁਰਵਿੰਦਰ ਕੌਰ ਨੇ ਕਿਹਾ ਹੈ ਕਿ ਉਹ ਸਿੱਖੀ ਕੱਕਾਰਾਂ ਨੂੰ ਆਪਣੀ ਜਾਨ ਤੇ ਕਰੀਅਰ ਤੋਂ ਜ਼ਿਆਦਾ ਪਿਆਰ ਕਰਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਡਾ. ਗਾਬਾ ਦੀ ਗ੍ਰਿਫਤਾਰੀ ਦੀ ਮੰਗ ਕਰਦਿਆਂ ਇਸ ਨੂੰ ਨਾ ਬਖ਼ਸ਼ਣਯੋਗ ਗੁਸਤਾਖ਼ੀ ਦੱਸਿਆ ਹੈ। ਉਨ੍ਹਾਂ ਕਿਹਾ ਹੇ ਕਿ ਪੰਜਾਬ ਦੀ ਰਾਜਧਾਨੀ ਵਿਚ ਅਜਿਹੀ ਘਟਨਾ ਵਾਪਰਨੀ ਇਕ ਬਦਤਮੀਜ਼ੀ ਹੈ ਤੇ ਉਹ ਮਾਮਲਾ ਸਰਕਾਰ ਕੋਲ ਵੀ ਉਠਾਣਗੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਨੂੰ ਗੰਭੀਰਤਾ ਨਾਲ ਲਿਆ ਜਾਵੇਗਾ।

# ਸ਼੍ਰੋਮਣੀ ਕਮੇਟੀ ਵੱਲੋਂ ਕਈ ਅਹਿਮ ਫੈਸਲੇ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਵਿਸ਼ੇਸ਼ ਮੀਟਿੰਗ ਵਿਚ ਕਈ ਮਹੱਤਵਪੂਰਨ ਫ਼ੈਸਲੇ ਕੀਤੇ ਗਏ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਮੀਟਿੰਗ ਵਿਚ ਅਹਿਮ ਫ਼ੈਸਲਾ ਕਰਦਿਆਂ ਮਹਿਰੂਮ ਗਿਆਨੀ ਤਰਲੋਚਨ ਸਿੰਘ, ਬਾਬਾ ਪ੍ਰੀਤਮ ਸਿੰਘ ਕਾਰਸੇਵਾ ਸਿਰਸਾ ਵਾਲੇ ਤੇ ਪੰਥ ਪ੍ਰਸਿੱਧ ਢਾਡੀ ਗਿਆਨੀ ਕੁਲਵੰਤ ਸਿੰਘ ਬੀ.ਏ. ਦੀਆਂ ਤਸਵੀਰਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਸਿਖਿ ਅਜਾਇਬ ਘਰ ਵਿਚ ਲਾਉਣ ਦਾ ਫ਼ੈਸਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਨਵੰਬਰ 1984 ਵਿਚ ਹੋਂਦ ਚਿੱਲੜ (ਹਰਿਆਣਾ) ਵਿਖੇ ਸਿੱਖ ਨਸਲਕੁਸ਼ੀ ਦੌਰਾਨ ਮਾਰੇ ਗਏ ਸਿੱਖਾਂ ਦੀ ਯਾਦ ਵਿਚ ਯਾਦਗਾਰ ਦੀ ਉਸਾਰੀ ਕੀਤੀ ਜਾਵੇਗੀ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਕੇਂਦਰੀ ਸਿੱਖ ਅਜਾਇਬ ਘਰ ਨੂੰ ਨਵੀਨਤਮ ਦਿੱਖ ਦਿੱਤੀ ਜਾਵੇਗੀ ਤੇ ਇਸ ਵਿਚ ਲੱਗੀਆਂ ਇਤਿਹਾਸਕ ਤਸਵੀਰਾਂ ਦੀ ਕੈਪਸ਼ਨ ਨਵੇਂ ਸਿਰੇ ਤੋਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ (ਤਿੰਨ ਭਾਸ਼ਾਵਾਂ) ਵਿਚ ਲਿਖੀ ਜਾਵੇਗੀ। ਇਤਿਹਾਸਕ ਤਸਵੀਰਾਂ ਦੇ ਫਰੇਮ ਨਵੀਨਤਮ ਕਿਸਮ ਦੇ ਬਣਵਾਏ ਜਾਣਗੇ। ਅਜਾਇਬ ਘਰ ਦੀਆਂ ਪੌੜੀਆਂ ਨੂੰ ਵੱਡ ਅਕਾਰੀ ਕੀਤਾ ਜਾਵੇਗਾ ਤੇ ਇਸ ਦੇ ਤਿੰਨੇ ਹਾਲ ਏ.ਸੀ. ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸ੍ਰੀ ਹਰਿਮੰਦਰ ਸਾਹਿਬ 'ਚ ਰੰਗਦਾਰ ਲਾਈਟਾਂ ਲਾਈਆਂ ਜਾਣਗੀਆਂ।

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਜਹਾਦੀਆਂ ਤੇ ਖਾੜਕੂਆਂ 'ਚ ਤਾਲਮੇਲ ਜੱਗ-ਜ਼ਾਹਿਰ

*(ਸਫਾ ਇਕ ਦੀ ਬਾਕੀ)*

ਕਿ ਉਸ ਨੇ ਆਈ.ਐਸ.ਆਈ. ਦੇ ਸਾਬਕਾ ਮੁਖੀ ਹਾਮਿਦ ਗੁਲ ਨਾਲ ਪਾਕਿਸਤਾਨ ਵਿਚ ਮੀਟਿੰਗ ਕੀਤੀ ਸੀ ਤੇ ਉਸ ਦੇ ਬਾਅਦ ਲਗਾਤਾਰ ਇਸ ਖੁਫੀਆ ਏਜੰਸੀ ਦੇ ਸੰਪਰਕ ਵਿਚ ਰਿਹਾ ਸੀ। ਇਹ ਮੁਲਾਕਾਤ ਸਾਊਦੀ ਅਰਬ ਰਾਹੀਂ ਪਾਕਿਸਤਾਨ ਪਹੁੰਚਣ ਬਾਅਦ ਹੋਈ ਸੀ। ਸੂਤਰਾਂ ਅਨੁਸਾਰ ਸਤੰਬਰ-ਅਕਤੂਬਰ 2010 ਵਿਚ ਜਦੋਂ ਬੱਬਰ ਖਾਲਸਾ ਦੇ ਮੁਖੀ ਵਧਾਵਾ ਸਿੰਘ ਬੰਗਲਾ ਦੇਸ਼ ਰਾਹੀਂ ਭਾਰਤ ਵਿਚ ਕੁਝ ਵਿਸਫੋਟਕ ਭੇਜਣਾ ਚਾਹੁੰਦਾ ਸੀ ਤਾਂ ਇਸ ਕੇਸ ਲਈ ਉਸ ਨੇ ਟੁੰਡਾ ਨਾਲ ਸੰਪਰਕ ਸਾਧਿਆ ਸੀ।

ਪੁਲਿਸ ਅਨੁਸਾਰ ਵਿਸਫੋਟਕ ਪਾਕਿਸਤਾਨ ਦੇ ਬਾਹਰੋਂ ਤਿਆਰ ਕਰਵਾਏ ਗਏ ਸਨ ਤੇ ਇਹ ਦਿੱਲੀ ਜਾਂ ਪੰਜਾਬ ਭਿਜਵਾਏ ਜਾਣੇ ਸਨ। ਉਂਜ ਇਹ ਯੋਜਨਾ ਠੁਸ ਹੋ ਗਈ ਕਿਉਂਕਿ ਬੰਗਲਾ ਦੇਸ਼ ਵਿਚ ਟੁੰਡਾ ਦਾ ਕਾਰਿੰਦਾ ਗ੍ਰਿਫਤਾਰ ਹੋ ਗਿਆ ਸੀ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਟੁੰਡਾ ਦੀ 1997 ਵਿਚ ਜਲੰਧਰ ਵਿਚ ਹੋਏ ਬੰਬ ਧਮਾਕਿਆਂ ਵਿਚ ਵੀ ਸ਼ਮੂਲੀਅਤ ਸੀ। 14 ਮਾਰਚ, 1997 ਨੂੰ ਜਲੰਧਰ ਰੇਲਵੇ ਸਟੇਸ਼ਨ ਦੀ ਪਾਰਕਿੰਗ ਵਿਚ ਹੋਏ ਧਮਾਕੇ ਕਾਰਨ ਸੱਤ ਬੰਦੇ ਮਾਰੇ ਗਏ ਸਨ ਤੇ 13 ਹੋਰ ਜ਼ਖ਼ਮੀ ਹੋ ਗਏ ਸਨ।

ਉਧਰ, ਪੰਜਾਬ ਪੁਲਿਸ ਵੀ ਟੁੰਡਾ ਤੋਂ ਪੁੱਛ-ਪੜਤਾਲ ਕਰਨ ਦੀ ਤਿਆਰੀ ਵਿਚ ਜੁਟ ਗਈ ਹੈ। ਟੁੰਡਾ ਦੇ ਬੱਬਰ ਖਾਲਸਾ ਦੇ ਖਾੜਕੂ ਰਤਨਦੀਪ ਸਿੰਘ ਵੱਲੋਂ 15 ਅਗਸਤ ਨੂੰ ਆਜ਼ਾਦੀ ਦਿਹਾੜੇ ਮੌਕੇ ਦਿੱਲੀ ਵਿਖੇ ਬੰਬ ਧਮਾਕੇ ਕਰਨ ਦੀ ਯੋਜਨਾ ਬਣਾਉਣ ਦੇ ਕੀਤੇ ਖੁਲਾਸੇ ਕਾਰਨ ਪੰਜਾਬ ਪੁਲਿਸ ਹਰਕਤ ਵਿਚ ਆ ਗਈ ਹੈ। ਇਸ ਖੁਲਾਸੇ ਤੋਂ ਬਾਅਦ ਪੰਜਾਬ ਪੁਲਿਸ ਨੇ ਰਤਨਦੀਪ ਦਾ ਪੁਰਾਣਾ ਰਿਕਾਰਡ ਖੰਗਾਲ ਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

ਪੰਜਾਬ ਪੁਲਿਸ ਅਨੁਸਾਰ ਜੇ ਰਤਨਦੀਪ ਆਜ਼ਾਦੀ ਦਿਹਾੜੇ ਮੌਕੇ ਦੇਸ਼ ਦੀ ਰਾਜਧਾਨੀ ਵਿਚ ਬੰਬ ਧਮਾਕੇ ਕਰਨ ਦੀ ਯੋਜਨਾ ਬਣਾ ਸਕਦਾ ਹੈ ਤਾਂ ਫਿਰ ਉਹ ਪੰਜਾਬ ਵਿਚ ਵੀ ਕਿਸੇ ਵੱਡੀ ਘਟਨਾ ਨੂੰ ਅੰਜਾਮ ਦੇ ਸਕਦਾ ਹੈ। ਇਸ ਨੂੰ ਮੁੱਖ ਰੱਖਦਿਆਂ ਜਿਥੇ ਪੰਜਾਬ ਪੁਲਿਸ ਨੇ ਉਸ ਦੀ ਭਾਲ ਤੇਜ਼ ਕਰ ਦਿੱਤੀ ਹੈ, ਉਥੇ ਟੁੰਡੇ ਦੀ ਪੁੱਛ-ਪੜਤਾਲ ਕਰਨ ਦੇ ਯਤਨ ਵੀ ਕੀਤੇ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਕਸ਼ਮੀਰੀ ਅਤਿਵਾਦੀਆਂ ਤੇ ਪੰਜਾਬ ਦੀਆਂ ਵੱਖ-ਵੱਖ ਖਾਲਿਸਤਾਨੀ ਜਥੇਬੰਦੀਆਂ ਵਿਚਕਾਰ ਤਾਲਮੇਲ ਪੈਦਾ ਹੋਣ ਦਾ ਪਤਾ ਵੀ ਲੱਗਾ ਹੈ। ਇਸੇ ਕਾਰਨ ਪੰਜਾਬ ਪੁਲਿਸ ਟੁੰਡੇ ਰਾਹੀਂ ਇਹ ਜਾਣਨਾ ਚਾਹੁੰਦੀ ਹੈ ਕਿ ਰਤਨਦੀਪ ਦਾ ਅਪਰੇਸ਼ਨ ਖੇਤਰ ਕਿਹੜਾ ਹੈ ਤੇ ਅੱਜਕੱਲ੍ਹ ਉਹ ਜ਼ਿਆਦਾ ਕਿੱਥੇ ਰਹਿ ਰਿਹਾ ਸੀ। ਇਸ ਤੋਂ ਇਲਾਵਾ ਉਹ ਪੰਜਾਬ ਵਿਚ ਕਿਹੋ ਜਿਹੀਆਂ ਸਰਗਰਮੀਆਂ ਚਲਾ ਰਿਹਾ ਹੈ ਕਿਉਂਕਿ ਪਿਛਲੇ ਸਮੇਂ ਦੌਰਾਨ ਅਜਿਹੇ ਵੀ ਸੰਕੇਤ ਮਿਲੇ ਸਨ ਕਿ ਬੱਬਰ ਖਾਲਸਾ ਦੇ ਕੁਝ ਕਾਰਕੁਨ ਚੁੱਪ-ਚੁਪੀਤੇ ਖਾਲਿਸਤਾਨੀ ਲਹਿਰ ਲਈ ਨਵੀਂ ਭਰਤੀ ਕਰ ਰਹੇ ਹਨ। ਇਸ ਸਬੰਧ ਵਿਚ ਪਿਛਲੇ ਸਮੇਂ ਪੰਜਾਬ ਪੁਲਿਸ ਨੇ ਕੁਝ ਨਵੇਂ ਚਿਹਰਿਆਂ ਕੋਲੋਂ ਹਥਿਆਰ ਵੀ ਬਰਾਮਦ ਕੀਤੇ ਹਨ।

ਇਸ ਤੋਂ ਇਲਾਵਾ ਬੇਅੰਤ ਸਿੰਘ ਹੱਤਿਆ ਕਾਂਡ ਦਾ ਮੁਲਜ਼ਮ ਜਗਤਾਰ ਸਿੰਘ ਤਾਰਾ ਜੋ 20 ਤੋਂ 21 ਜਨਵਰੀ 2004 ਦੀ ਕਾਲੀ ਰਾਤ ਨੂੰ ਮਾਡਲ ਬੁੜੈਲ ਜੇਲ੍ਹ ਚੰਡੀਗੜ੍ਹ ਤੋਂ 14 ਫੁੱਟ ਡੂੰਘੀ ਤੇ 94 ਫੁੱਟ ਲੰਬੀ ਸੁਰੰਗ ਪੁੱਟ ਕੇ ਆਪਣੇ ਸਾਥੀਆਂ ਜਗਤਾਰ ਸਿੰਘ ਹਵਾਰਾ ਤੇ ਪਰਮਜੀਤ ਸਿੰਘ ਭਿਓਰਾ ਨਾਲ ਫਰਾਰ ਹੋਇਆ ਸੀ, ਵੀ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹੈ। ਖੁਫ਼ੀਆ ਏਜੰਸੀਆਂ ਉਸ ਦੇ ਵੀ ਪਾਕਿਸਤਾਨ ਵਿਚ ਹੋਣ ਦੀ ਗੱਲ ਕਹਿ ਰਹੀਆਂ ਹਨ।

ਅਡੀਸ਼ਨਲ ਡਾਇਰੈਕਟਰ ਜਨਰਲ ਪੁਲਿਸ ਪੰਜਾਬ (ਇੰਟੈਲੀਜੈਂਸ) ਹਰਦੀਪ ਸਿੰਘ ਢਿੱਲੋਂ ਨੇ ਪੁਸ਼ਟੀ ਕੀਤੀ ਕਿ ਉਹ ਦਿੱਲੀ ਪੁਲਿਸ ਕੋਲੋਂ ਟੁੰਡੇ ਦੀ ਪੁੱਛ-ਪੜਤਾਲ ਕਰਨ ਦਾ ਯਤਨ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਰਤਨਦੀਪ ਸਿੰਘ ਭਾਵੇਂ ਹਰਿਆਣੇ ਤੋਂ ਹੈ ਪਰ ਅਤਿਵਾਦ ਦੇ ਦੌਰ ਦੌਰਾਨ ਉਸ ਨੇ ਵਾਰਦਾਤਾਂ ਪੰਜਾਬ ਵਿਚ ਹੀ ਕੀਤੀਆਂ ਹਨ। ਪਿਛਲੇ ਸਮੇਂ ਪਾਕਿਸਤਾਨ ਤੋਂ ਅੰਮ੍ਰਿਤਸਰ ਵੱਡੀ ਮਾਤਰਾ ਵਿਚ ਧਮਾਕਾਖੇਜ਼ ਸਮੱਗਰੀ ਲਿਆਉਣ ਵਾਲਾ ਵੀ ਇਹ ਰਤਨਦੀਪ ਹੀ ਸੀ।

ਦੱਸਣਯੋਗ ਹੈ ਕਿ ਜਦੋਂ ਉਸ ਵੇਲੇ ਦੇਸ਼ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਅੰਮ੍ਰਿਤਸਰ ਫੇਰੀ ਸੀ ਤਾਂ ਉਸ ਤੋਂ ਇਕ ਦਿਨ ਪਹਿਲਾਂ ਹੀ ਅੰਮ੍ਰਿਤਸਰ ਦੇ ਇਕ ਖੇਤਰ ਵਿਚੋਂ ਲਾਵਾਰਸ ਕਾਰ ਮਿਲੀ ਸੀ। ਇਸ ਕਾਰ ਵਿਚੋਂ ਹੀ ਧਮਾਕਾਖੇਜ਼ ਸਮੱਗਰੀ ਦੀ ਵੱਡੀ ਖੇਪ ਬਰਾਮਦ ਹੋਈ ਸੀ। ਰਤਨਦੀਪ ਕਿਸੇ ਵੇਲੇ ਖਾੜਕੂ ਪਰਮਜੀਤ ਸਿੰਘ ਪੰਜਵੜ ਦਾ ਡਰਾਈਵਰ ਵੀ ਰਹਿ ਚੁੱਕਾ ਹੈ ਤੇ ਪਾਕਿਸਤਾਨੀ ਅਤਿਵਾਦੀਆਂ ਨਾਲ ਉਸ ਦੇ ਸਬੰਧ ਪਹਿਲਾਂ ਵੀ ਉਜਾਗਰ ਹੋ ਚੁੱਕੇ ਹਨ।

## ਅਰਥ-ਵਿਵਸਥਾ ਮੁੜ ਲੀਹ 'ਤੇ ਆਵੇਗੀ: ਮਨਮੋਹਨ ਸਿੰਘ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ 67ਵੇਂ ਆਜ਼ਾਦੀ ਦਿਵਸ ਮੌਕੇ ਰਾਸ਼ਟਰ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਕਿਸਤਾਨੀ ਫੌਜੀਆਂ ਵੱਲੋਂ ਭਾਰਤੀ ਖੇਤਰ ਵਿਚ ਦਾਖਲ ਹੋ ਕੇ ਕੀਤੀਆਂ ਗਈਆਂ ਭਾਰਤੀ ਫੌਜੀਆਂ ਦੀਆਂ ਹੱਤਿਆਵਾਂ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ ਤੇ ਇਸ ਸਬੰਧੀ ਲੋੜੀਂਦੇ ਕਦਮ ਚੁੱਕੇ ਜਾਣਗੇ। ਉਨ੍ਹਾਂ ਕਿਹਾ ਕਿ ਦੋਹਾਂ ਦੇਸ਼ਾਂ ਦੇ ਸਬੰਧਾਂ ਵਿਚ ਸੁਧਾਰ ਲਈ ਇਹ ਜ਼ਰੂਰੀ ਹੈ ਕਿ ਗੁਆਂਢੀ ਦੇਸ਼ ਆਪਣੀ ਧਰਤੀ ਦੀ ਵਰਤੋਂ ਭਾਰਤ ਵਿਰੁੱਧ ਕਾਰਵਾਈਆਂ ਲਈ ਨਾ ਹੋਣ ਦੇਵੇ। ਆਪਣੇ 30 ਮਿੰਟ ਦੇ ਭਾਸ਼ਨ ਦੌਰਾਨ ਪ੍ਰਧਾਨ ਮੰਤਰੀ ਨੇ ਆਰਥਿਕਤਾ, ਗਰੀਬੀ, ਬੇਰੁਜ਼ਗਾਰੀ ਸਮੇਤ ਅਨੇਕਾਂ ਮੁੱਦਿਆਂ ਬਾਰੇ ਚਰਚਾ ਕੀਤੀ। ਉਨ੍ਹਾਂ ਦੇਸ਼ਵਾਸੀਆਂ ਨੂੰ ਭਰੋਸਾ ਦਿੱਤਾ ਕਿ ਬੀਤੇ ਵਿਚ ਚੁੱਕੇ ਗਏ ਕਦਮਾਂ ਸਦਕਾ ਅਰਥ ਵਿਵਸਥਾ ਫਿਰ ਤੇਜ਼ੀ ਨਾਲ ਵਿਕਾਸ ਕਰੇਗੀ।

## ਪੰਜਾਬ ਵਿਚ ਹੜ੍ਹਾਂ ਨੇ ਮਚਾਈ ਤਬਾਹੀ

**ਹਰੀਕੇ ਪੱਤਣ:** ਬਿਆਸ ਤੇ ਸਤਲੁਜ ਦਰਿਆਵਾਂ ਦੇ ਸੰਗਮ ਹਰੀਕੇ ਹੈੱਡ ਵਰਕਸ ਤੋਂ ਛੱਡੇ ਗਏ ਪਾਣੀ ਦੀ ਮਾਰ ਕਾਰਨ ਕਿਸਾਨਾਂ ਦੀ ਹਜ਼ਾਰਾਂ ਏਕੜ ਫਸਲ ਜਿਥੇ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ, ਉਥੇ ਸੈਂਕੜੇ ਘਰ ਵੀ ਪਾਣੀ ਦੀ ਲਪੇਟ ਵਿਚ ਆ ਚੁੱਕੇ ਹਨ ਤੇ ਇਨ੍ਹਾਂ ਘਰਾਂ ਵਿਚ ਪੰਜ ਤੋਂ 10 ਫੁੱਟ ਤੱਕ ਪਾਣੀ ਭਰ ਗਿਆ ਹੈ। ਇਨ੍ਹਾਂ ਲੋਕਾਂ ਨੇ ਪ੍ਰਸ਼ਾਸਨ ਖਿਲਾਫ ਰੋਸ ਪ੍ਰਗਟ ਕੀਤਾ ਹੈ ਕਿ ਇੰਨੀ ਤਬਾਹੀ ਹੋਣ ਦੇ ਬਾਵਜੂਦ ਸਰਕਾਰ ਨੇ ਉਨ੍ਹਾਂ ਦੀ ਸਾਰ ਨਹੀਂ ਲਈ। ਇਸ ਤੋਂ ਇਲਾਵਾ ਫਿਰੋਜ਼ਪੁਰ, ਫਰੀਦਕੋਟ ਤੇ ਮੁਕਤਸਰ ਜ਼ਿਲ੍ਹਿਆਂ ਵਿਚ ਹੜ੍ਹ ਨੇ ਤਬਾਹੀ ਮਚਾਈ ਹੈ।

# ਰੁਜ਼ਗਾਰ ਪ੍ਰਾਪਤੀ ਵਿਚ ਸਿੱਖ ਪਛੜੇ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਦੇਸ਼ਾਂ ਵਿਚ ਜਾ ਕੇ ਸਿੱਖਾਂ ਨੇ ਬੇਸ਼ੱਕ ਨਵੇਂ ਕੀਰਤੀਮਾਨ ਕਾਇਮ ਕੀਤੇ ਹਨ, ਪਰ ਭਾਰਤ ਵਿਚ ਰੁਜ਼ਗਾਰ ਦੇ ਮੌਕੇ ਹਾਸਲ ਕਰਨ ਪੱਖੋਂ ਉਹ ਕਾਫੀ ਪਛੜ ਗਏ ਹਨ। ਸਾਲ 2004-05 ਤੋਂ ਸਾਲ 2009-10 ਦੇ ਸਮੇਂ ਵੱਖ-ਵੱਖ ਧਰਮਾਂ ਦੇ ਲੋਕਾਂ ਵਿਚ ਬੇਰੁਜ਼ਗਾਰੀ ਬਾਰੇ ਕਰਵਾਏ ਗਏ ਸਰਵੇਖਣ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਸਿੱਖ ਭਾਈਚਾਰੇ ਦੇ ਲੋਕਾਂ ਵਿਚ ਸਭ ਤੋਂ ਵੱਧ ਬੇਰੁਜ਼ਗਾਰੀ ਹੈ।

ਲੋਕ ਸਭਾ ਵਿਚ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਕੇਂਦਰੀ ਕਿਰਤ ਮੰਤਰੀ ਸੀਸ ਰਾਮ ਓਲਾ ਨੇ ਦੱਸਿਆ ਕਿ ਸਿੱਖਾਂ ਵਿਚ ਬੇਰੁਜ਼ਗਾਰੀ ਦੀ ਦਰ ਸਭ ਤੋਂ ਵੱਧ 6.1 ਫੀਸਦੀ ਹੈ। ਉਨ੍ਹਾਂ ਦੱਸਿਆ ਕਿ ਨੈਸ਼ਨਲ ਸੈਂਪਲ ਸਰਵੇ ਆਫਿਸ (ਐਨ.ਐਸ.ਐਸ.ਓ.) ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਹਿੰਦੂਆਂ ਵਿਚ ਬੇਰੁਜ਼ਗਾਰੀ ਦੀ ਦਰ 3.4 ਫੀਸਦੀ ਹੈ ਜਦਕਿ 3.2 ਫੀਸਦੀ ਬੇਰੁਜ਼ਗਾਰੀ ਨਾਲ ਮੁਸਲਿਮ ਤੀਜੇ ਤੇ 2.9 ਫੀਸਦੀ ਬੇਰੁਜ਼ਗਾਰੀ ਨਾਲ ਇਸਾਈ ਚੌਥੇ ਸਥਾਨ 'ਤੇ ਹਨ। ਉਨ੍ਹਾਂ ਦੱਸਿਆ ਕਿ ਦੇਸ਼ ਵਿਚ ਬੇਰੁਜ਼ਗਾਰੀ ਦੀ ਔਸਤ ਦਰ 3.4 ਫੀਸਦੀ ਹੈ। ਸਿੱਖਾਂ ਵਿਚ ਬੇਰੁਜ਼ਗਾਰੀ ਦੀ ਦਰ ਭਾਵੇਂ ਸਭ ਤੋਂ ਵੱਧ 6.1 ਫੀਸਦੀ ਹੈ, ਪਰ ਇਕ ਹੋਰ ਸਰਵੇ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਜੀਵਨ ਪੱਧਰ ਦੇ ਮਾਮਲੇ ਵਿਚ ਸਿੱਖ ਭਾਈਚਾਰਾ ਬਾਕੀ ਸਭ ਤੋਂ ਬਹੁਤ ਅੱਗੇ ਹੈ। ਸਰਵੇਖਣ ਅਨੁਸਾਰ ਸਿੱਖ ਭਾਈਚਾਰੇ ਦੇ ਲੋਕ ਔਸਤਨ 55.30 ਰੁਪਏ ਪ੍ਰਤੀ ਵਿਅਕਤੀ ਰੋਜ਼ਾਨਾ ਖਰਚ ਕਰਦੇ ਹਨ। ਇਸਾਈ 51.43 ਰੁਪਏ ਪ੍ਰਤੀ ਵਿਅਕਤੀ ਰੋਜ਼ਾਨਾ ਵਿਚ ਗੁਜ਼ਾਰਾ ਕਰਦੇ ਹਨ। ਹਿੰਦੂ 37.50 ਰੁਪਏ ਤੇ ਮੁਸਲਿਮ 32.66 ਰੁਪਏ ਰੋਜ਼ਾਨਾ ਖਰਚਾ ਕਰਦੇ ਹਨ। ਸਰਵੇਖਣ ਅਨੁਸਾਰ ਸਿੱਖ ਭਾਈਚਾਰੇ ਵਿਚ ਪ੍ਰਤੀ ਵਿਅਕਤੀ ਔਸਤਨ ਮਹੀਨੇਵਾਰ ਖਰਚ 1659 ਰੁਪਏ ਹੈ, ਜਦਕਿ ਮੁਸਲਿਮ ਲੋਕ 980 ਰੁਪਏ ਪ੍ਰਤੀ ਮਹੀਨੇ ਵਿਚ ਗੁਜ਼ਾਰਾ ਕਰਦੇ ਹਨ। ਇਸ ਤੋਂ ਇਲਾਵਾ ਹਿੰਦੂ 1125 ਰੁਪਏ ਪ੍ਰਤੀ ਮਹੀਨਾ ਤੇ ਇਸਾਈ 1773 ਰੁਪਏ ਪ੍ਰਤੀ ਮਹੀਨੇ ਵਿਚ ਗੁਜ਼ਾਰਾ ਕਰਦੇ ਹਨ। ਸਰਵੇਖਣ ਅਨੁਸਾਰ ਦੇਸ਼ ਭਰ ਦੇ ਪਿੰਡਾਂ ਵਿਚ ਮਹੀਨੇਵਾਰ ਔਸਤਨ ਖਪਤ 901 ਰੁਪਏ ਤੇ ਸ਼ਹਿਰਾਂ ਵਿਚ 1773 ਰੁਪਏ ਹੈ ਜਦਕਿ ਦੇਸ਼ ਵਿਚ ਕੁੱਲ ਔਸਤਨ ਖਪਤ 1128 ਰੁਪਏ ਮਹੀਨਾ ਹੈ।

ਪੇਂਡੂ ਖੇਤਰਾਂ ਵਿਚ ਵੀ ਔਸਤਨ 833 ਰੁਪਏ ਮਹੀਨਾ ਪ੍ਰਤੀ ਵਿਅਕਤੀ ਖਰਚ ਕੇ ਮੁਸਲਿਮ ਲੋਕ ਸਭ ਤੋਂ ਆਖਰੀ ਸਥਾਨ 'ਤੇ ਹੈ। ਪੇਂਡੂ ਖੇਤਰਾਂ ਵਿਚ 1498 ਰੁਪਏ ਪ੍ਰਤੀ ਵਿਅਕਤੀ ਮਹੀਨਾ ਖਰਚ ਕਰਕੇ ਸਿੱਖ ਪਹਿਲੇ ਸਥਾਨ 'ਤੇ ਹਨ ਜਦਕਿ 1296 ਰੁਪਏ ਹਰ ਮਹੀਨੇ ਪ੍ਰਤੀ ਵਿਅਕਤੀ ਖਰਚ ਕੇ ਈਸਾਈ ਦੂਜੇ ਤੇ 888 ਰੁਪਏ ਨਾਲ ਹਿੰਦੂ ਤੀਸਰੇ ਸਥਾਨ 'ਤੇ ਹਨ। ਸ਼ਹਿਰੀ ਖੇਤਰਾਂ ਵਿਚ ਵੀ ਪ੍ਰਤੀ ਵਿਅਕਤੀ ਖਰਚ ਕਰਨ ਦੇ ਹਿਸਾਬ ਨਾਲ ਸਿੱਖ ਸਭ ਤੋਂ ਅੱਗੇ ਹਨ ਤੇ ਉਹ 2180 ਰੁਪਏ ਮਹੀਨਾ ਖਰਚ ਕਰ ਰਹੇ ਹਨ। ਇਸਾਈ 2053 ਰੁਪਏ ਖਰਚ ਨਾਲ ਦੂਜੇ, ਹਿੰਦੂ 1797 ਰੁਪਏ ਖਰਚ ਨਾਲ ਤੀਜੇ ਤੇ ਮੁਸਲਿਮ 1272 ਰੁਪਏ ਮਹੀਨੇ ਦੇ ਹਿਸਾਬ ਨਾਲ ਚੌਥੇ ਸਥਾਨ 'ਤੇ ਹਨ।

# ਮਨਮੋਹਨ ਸਿੰਘ ਦਾ ਆਰਥਿਕ ਸੁਪਨ-ਸੰਸਾਰ ਟੋਟੇ ਟੋਟੇ

*(ਸਫਾ ਇਕ ਦੀ ਬਾਕੀ)*

ਸੀ। ਵਿਦੇਸ਼ੀ ਸੰਸਥਾਈ ਨਿਵੇਸ਼ਕਾਂ ਵੱਲੋਂ ਕਰਜ਼ਾ ਬਾਜ਼ਾਰ ਫੰਡਾਂ ਵਿਚੋਂ ਨਿਕਲਣ ਤੋਂ ਬਾਅਦ ਰੁਪਈਆ ਪਹਿਲਾਂ 64.13 'ਤੇ ਪੁੱਜ ਗਿਆ, ਪਰ ਫਿਰ ਆਰ.ਬੀ.ਆਈ. ਦੇ ਦਖਲ ਸਦਕਾ ਇਸ ਦੀ ਹਾਲਤ ਕੁਝ ਸੰਭਲ ਗਈ ਤੇ ਕਾਰੋਬਾਰ ਬੰਦ ਹੋਣ ਵੇਲੇ ਇਹ 63.25 ਅੰਕਾਂ 'ਤੇ ਸੀ। ਵੱਡਾ ਆਰਥਿਕ ਝਟਕਾ 16 ਅਗਸਤ ਨੂੰ ਉਸ ਵੇਲੇ ਲੱਗਾ ਜਦੋਂ ਬੰਬਈ ਸਟਾਕ ਐਕਸਚੇਂਜ (ਬੀ.ਐਸ.ਈ.) ਦਾ ਸੰਵੇਦੀ ਸੂਚਕ ਅੰਕ (ਸੈਂਸੈਕਸ) 769 ਅੰਕ ਥੱਲੇ ਆ ਗਿਆ। ਇਹ ਸਭ ਡਾਲਰ ਦੇ ਮੁਕਾਬਲੇ ਰੁਪਿਆ ਹੋਰ ਕਮਜ਼ੋਰ ਹੋ ਜਾਣ ਕਾਰਨ ਵਾਪਰਿਆ। ਇਸੇ ਦੌਰਾਨ ਸੋਨੇ ਦੇ ਭਾਅ ਚੜ੍ਹ ਗਏ ਹਨ ਜੋ ਦੋ ਸਾਲਾਂ ਦੌਰਾਨ ਸਭ ਤੋਂ ਵਧੇਰੇ ਹਨ।

ਹੁਣ ਭਾਰਤੀ ਰਿਜ਼ਰਵ ਬੈਂਕ ਤੇ ਵਿੱਤ ਮੰਤਰਾਲੇ ਨੂੰ ਪ੍ਰਚਾਰ ਕਰਨਾ ਪੈ ਰਿਹਾ ਹੈ ਕਿ ਪੂੰਜੀ ਕੰਟਰੋਲ ਕਰਨ ਲਈ ਕੋਈ ਰੋਕਾਂ ਨਹੀਂ ਲਾਈਆਂ ਜਾ ਰਹੀਆਂ। ਦੂਜੇ ਬੰਨੇ, ਭਾਰਤੀ ਸ਼ੇਅਰ ਬਾਜ਼ਾਰ ਵਿਚ ਇਨ੍ਹਾਂ ਅਫਵਾਹਾਂ ਦਾ ਜ਼ੋਰ ਹੈ ਕਿ ਅਮਰੀਕਾ ਦੀ ਸੁਧਰ ਰਹੀ ਆਰਥਿਕਤਾ ਨਾਲ ਘਰੇਲੂ ਮੰਡੀਆਂ ਵਿਚੋਂ ਵਿਦੇਸ਼ੀ ਪੂੰਜੀ ਬਾਹਰ ਵੱਲ ਜਾਏਗੀ। 'ਵਾਲ ਸਟਰੀਟ' ਵਿਚ ਤਿੱਖੀ ਗਿਰਾਵਟ ਨਾਲ ਆਲਮੀ ਸਟਾਕ ਮਾਰਕੀਟਾਂ ਵੀ ਝੰਜੋੜੀਆਂ ਗਈਆਂ ਹਨ।

ਡਾਲਰ ਦੇ ਮੁਕਾਬਲੇ ਰੁਪਏ ਦੀ ਡਿੱਗ ਰਹੀ ਕੀਮਤ ਤੇ ਸ਼ੇਅਰ ਬਾਜ਼ਾਰ ਵਿਚ ਮੰਦੇ ਦੇ ਬਾਵਜੂਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਦੇਸ਼ ਦੇ ਅਰਥਚਾਰੇ ਦੀ 1991 ਵਰਗੀ ਮੰਦੀ ਹਾਲਤ ਨਹੀਂ ਹੋਵੇਗੀ। ਉਦੋਂ ਅਦਾਇਗੀਆਂ ਦੇ ਤਵਾਜ਼ਨ ਦਾ ਸੰਕਟ ਪੈਦਾ ਹੋ ਗਿਆ ਸੀ ਅਤੇ ਭਾਰਤ ਨੂੰ ਸੰਕਟ ਕਾਰਨ ਆਪਣਾ ਸੋਨਾ ਗਹਿਣੇ ਰੱਖਣਾ ਪਿਆ ਸੀ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਮੌਕੇ 1991 ਵਾਲੀ ਹਾਲਤ ਬਣਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਸ ਵੇਲੇ ਭਾਰਤ ਵਿਚ ਵਿਦੇਸ਼ੀ ਮੁਦਰਾ ਨਾਲ ਰੁਪਏ ਦੀ ਤਬਾਦਲਾ ਕੀਮਤ ਮਿਥੀ ਹੋਈ ਸੀ ਜਦੋਂਕਿ ਹੁਣ ਇਹ ਬਾਜ਼ਾਰ ਮੁਤਾਬਕ ਘਟਦੀ-ਵਧਦੀ ਰਹਿੰਦੀ ਹੈ। 1991 ਵਿਚ ਦੇਸ਼ ਕੋਲ ਵਿਦੇਸ਼ੀ ਸਿੱਕੇ ਦੇ ਰਾਖਵੇਂ ਭੰਡਾਰ ਮਹਿਜ਼ 15 ਦਿਨਾਂ ਦੇ ਹੀ ਬਾਕੀ ਬਚੇ ਸਨ ਪਰ ਹੁਣ ਵਿਦੇਸ਼ੀ ਸਿੱਕੇ ਦੇ ਰਾਖਵੇਂ ਭੰਡਾਰ ਛੇ-ਸੱਤ ਮਹੀਨਿਆਂ ਦੇ ਹਨ। ਉਦੋਂ ਦੀ ਹਾਲਤ ਨਾਲ ਇਸ ਦਾ ਕੋਈ ਮੁਕਾਬਲਾ ਨਹੀਂ ਹੈ।

ਗ਼ੌਰਤਲਬ ਹੈ ਕਿ ਦੇਸ਼ ਦੇ ਬਹੁਤ ਵਧ ਚੁੱਕੇ ਚਾਲੂ ਖ਼ਾਤਾ ਘਾਟੇ (ਸੀ.ਏ.ਡੀ.) ਤੇ ਰੁਪਏ ਦੀ ਕੀਮਤ ਦੇ ਹੁਣ ਤਕ ਦੇ ਸਭ ਤੋਂ ਹੇਠਲੇ ਪੱਧਰ ਤਕ ਡਿੱਗ ਜਾਣ ਦੇ ਮੱਦੇਨਜ਼ਰ ਅਜਿਹੇ ਖ਼ਦਸ਼ੇ ਜ਼ਾਹਰ ਕੀਤੇ ਜਾ ਰਹੇ ਹਨ ਕਿ ਭਾਰਤ ਇਕ ਵਾਰੀ ਫੇਰ 1991 ਵਰਗੇ ਮਾਲੀ ਸੰਕਟ ਵੱਲ ਵਧ ਰਿਹਾ ਹੈ। ਉਦੋਂ ਹੀ ਭਾਰਤ ਨੂੰ ਮਾਲੀ ਸੁਧਾਰ ਸ਼ੁਰੂ ਕਰਨੇ ਪਏ ਸਨ ਤੇ ਭਾਰਤ ਨੇ ਅਰਥਚਾਰੇ ਨੂੰ ਵਿਸ਼ਵੀਕਰਨ ਦੇ ਰਾਹ ਉਤੇ ਤੋਰਿਆ ਸੀ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਸੁਤੰਤਰਤਾ ਦੀ ਯਾਤਰਾ ਦਾ ਅਣਲਿਖਿਆ ਕਾਂਡ



ਸੁਤੰਤਰਤਾ ਪ੍ਰਾਪਤੀ ਲਈ ਮਿਥੀ ਗਈ ਮਿਤੀ 15 ਅਗਸਤ ਦੇ ਨੇੜੇ-ਤੇੜੇ ਅਖੰਡ ਹਿੰਦੁਸਤਾਨ ਦੇ ਵਾਸੀਆਂ ਨੇ ਜਿਹੜੇ ਦੁੱਖ ਦੇਖੇ, ਕਿਸੇ ਨੂੰ ਭੁੱਲੇ ਹੋਏ ਨਹੀਂ। ਇਸ ਮਿਤੀ ਤੋਂ ਪਹਿਲਾਂ ਦਾ ਸਮਾਂ ਵੀ ਘੱਟ ਦੁਖਦਾਈ ਨਹੀਂ ਸੀ। ਜਦੋਂ ਮੁਹੰਮਦ ਅਲੀ ਜਿਨਾਹ ਅਤੇ ਬੰਗਾਲ ਦੇ ਮੁੱਖ ਮੰਤਰੀ ਸੁਹਰਾਵਰਦੀ ਨੇ ਬਹੁਗਿਣਤੀ ਹਿੰਦੂ ਭਾਈਚਾਰੇ ਨੂੰ ਅੱਖਾਂ ਦਿਖਾਉਣੀਆਂ ਸ਼ੁਰੂ ਕੀਤੀਆਂ ਤਾਂ ਹਰ ਪਾਸੇ ਹਫੜਾ-ਤਫੜੀ ਮੱਚ ਗਈ। ਅਸੁਰਖਿਅਤ ਥਾਂਵਾਂ ਦੇ ਹਿੰਦੂ ਤੇ ਸਿੱਖ ਆਪਣੇ ਘਰਾਂ ਨੂੰ ਜੰਦਰੇ ਮਾਰ ਕੇ ਸੈਨਿਕ ਅੱਡਿਆਂ ਦੀ ਬੁਕਲ ਵਿਚ ਪਨਾਹ ਲੈਣ ਲਈ ਕੈਂਪਾਂ ਵਿਚ ਜਾ ਵੜੇ। ਖਾਣ-ਪੀਣ ਤੇ ਸਿਹਤ ਸਹੂਲਤਾਂ ਦੀ ਘਾਟ ਹੋਣ ਕਾਰਨ ਕੈਂਪਾਂ ਵਿਚ ਹੈਜ਼ਾ ਫੈਲ ਗਿਆ। ਖਾਰਸ਼-ਜਲਣ ਤੇ ਚੇਚਕ ਆਦਿ ਰੋਗਾਂ ਦਾ ਡਰ ਹੋਰ ਵੀ ਭਿਆਨਕ ਸੀ। ਲਾਹੌਰ, ਰਾਵਲਪਿੰਡੀ ਤੇ ਅੰਮ੍ਰਿਤਸਰ ਦੇ ਮੈਡੀਕਲ ਕਾਲਜ ਬੰਦ ਕਰਕੇ ਉਨ੍ਹਾਂ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਇਨ੍ਹਾਂ ਕੈਂਪਾਂ ਵਿਚ ਭੇਜਿਆ ਗਿਆ। ਜੇ ਰਾਵਲਪਿੰਡੀ, ਲਾਹੌਰ ਤੇ ਅੰਮ੍ਰਿਤਸਰ ਦੇ ਮੁਸਲਮਾਨ ਬਿਹਾਰ ਤੇ ਦੂਜੇ ਰਾਜਾਂ ਨੂੰ ਆਏ ਤਾਂ ਇਧਰ ਦੇ ਹਿੰਦੂ ਵਿਦਿਆਰਥੀ ਤੇ ਅਧਿਆਪਕ ਕਾਲਾ ਕੈਂਪ (ਜਿਹਲਮ) ਤੇ ਵਾਹ ਕੈਂਪ (ਕੋਹਿਸਤਾਨ) ਲਈ ਰਵਾਨਾ ਹੋਏ। ਮੈਨੂੰ ਇਹ ਜਾਣਕਾਰੀ ਵਰਤਮਾਨ ਗਵਾਂਢੀ ਕਰਨਲ ਰਾਜ ਕੁਮਾਰ ਦੱਤਾ (ਸੇਵਾਮੁਕਤ) ਤੋਂ ਮਿਲੀ ਹੈ ਜਿਹੜਾ ਦੇਸ਼ ਵੰਡ ਉਪਰੰਤ ਡਾ. ਜਸਵੰਤ ਸਿੰਘ ਨੇਕੀ ਦਾ ਜਮਾਤੀ ਰਿਹਾ ਹੈ। ਡਾ. ਦੱਤਾ ਤੇ ਡਾ. ਯਸ਼ਪਾਲ ਭੰਡਾਰੀ ਕਾਲਾ ਕੈਂਪ ਲਈ ਤੁਰੇ ਤਾਂ ਲਾਹੌਰ ਤੋਂ ਬਾਲਕ ਰਾਮ ਮੈਡੀਕਲ ਕਾਲਜ ਤੋਂ ਵਿਸ਼ਵਾਨਾਥ ਵੀ ਉਨ੍ਹਾਂ ਦੇ ਨਾਲ ਰਲ ਗਿਆ। ਇਸ ਟੋਲੀ ਕੋਲ ਸਹਾਇਕਾਂ ਤੋਂ ਬਿਨਾਂ ਢੇਰ ਸਾਰੀਆਂ ਦਵਾਈਆਂ, ਟੀਕੇ ਤੇ ਮਲ੍ਹਮ ਪੱਟੀ ਦਾ ਸਾਮਾਨ ਸੀ। ਜਿਹਲਮ ਵਿਚ ਇਨ੍ਹਾਂ ਦਾ ਸਵਾਗਤ ਉਘੇ ਸਮਾਜ ਸੇਵਕ ਅਵਤਾਰ ਨਾਰਾਇਣ (ਇੰਦਰ ਕੁਮਾਰ ਗੁਜਰਾਲ ਦੇ ਪਿਤਾ) ਨੇ ਕੀਤਾ ਅਤੇ ਨੌਜਵਾਨ ਇੰਦਰ ਤੇ ਉਸ ਦੇ ਸਾਥੀ ਵੀ ਸਹਾਇਤਾ ਲਈ ਹਾਜ਼ਰ ਹੋਏ। ਕਾਲਾ ਕੈਂਪ ਉਸ ਵੇਲੇ ਬਹੁਤ ਵੱਡਾ ਬਾਰੂਦ ਡਿਪੂ ਹੋਣ ਕਾਰਨ ਆਰਮੀ ਮੈਡੀਕਲ ਕੋਰ ਦਾ ਅਮਲਾ ਵੀ ਟੋਲੀ ਦੀ ਸਹਾਇਤਾ ਲਈ ਵਚਨਬੱਧ ਸੀ।

ਇਹ ਟੋਲੀ ਜਿੰਨੇ ਸ਼ਰਨਾਰਥੀਆਂ ਨੂੰ ਸਿਹਤ ਸਹੂਲਤਾਂ ਤੇ ਵਿਸ਼ਵਾਸ ਵਿਚ ਲੈ ਕੇ ਘਰੋ-ਘਰੀ ਤੋਰਦੀ ਸੀ, ਉਸ ਤੋਂ ਵੱਧ ਨਵੇਂ ਸ਼ਰਨਾਰਥੀ ਕੈਂਪ ਵਿਚ ਆ ਵੜਦੇ ਸਨ।

ਕਾਲਾ ਕੈਂਪ ਵਿਚ ਅਮਨ ਸ਼ਾਂਤੀ ਆਈ ਤਾਂ ਇਸ ਟੋਲੀ ਨੂੰ ਪੰਜਾ ਸਾਹਿਬ ਦੇ ਨੇੜੇ ਕੋਹਿਸਤਾਨ ਵਾਲੇ ਵਾਹ ਕੈਂਪ ਭੇਜਿਆ ਗਿਆ। ਉਥੇ ਸ਼ਰਨ ਲੈਣ ਵਾਲਿਆਂ ਦੀ ਗਿਣਤੀ ਓਨੀ ਨਹੀਂ ਸੀ ਪਰ ਬੱਚੇ ਬੁੱਢਿਆਂ ਦਾ ਚੀਕ ਦਿਹਾੜਾ ਓਨਾ ਹੀ ਸੀ। ਇਥੇ ਪੰਜਾ ਸਾਹਿਬ ਦਾ ਗੁਰਦੁਆਰਾ ਨੇੜੇ ਹੋਣ ਕਾਰਨ ਅਨੇਕਾਂ ਸ਼ਰਨਾਰਥੀ ਆਪਣੇ ਆਪ ਨੂੰ ਉਥੇ ਵਧੇਰੇ ਸੁਰੱਖਿਅਤ ਅਨੁਭਵ ਕਰ ਰਹੇ ਸਨ। ਨਤੀਜੇ ਵਜੋਂ ਡਾਕਟਰਾਂ ਦੀ ਟੀਮ ਆਪਣੇ ਆਪ ਨੂੰ ਦੋ ਟੋਲੀਆਂ ਵਿਚ ਵੰਡ ਕੇ ਵਲੀ ਕੰਧਾਰੀ ਦੇ ਅੱਡੇ ਤਕ ਵੀ ਹੋ ਆਈ।

ਡਾ. ਆਰ ਕੇ ਦੱਤਾ ਦੇ ਦੱਸਣ ਅਨੁਸਾਰ ਉਨ੍ਹਾਂ ਦੇ ਜ਼ਿੰਮੇ 15 ਅਗਸਤ ਤੋਂ ਪਿੱਛੋਂ ਉਧਰੋਂ-ਏਧਰ ਆਉਣ ਵਾਲੇ ਸ਼ਰਨਾਰਥੀਆਂ ਦੀ ਸਾਂਭ ਸੰਭਾਲ ਦਾ ਕੰਮ ਵੀ ਲਾਇਆ ਗਿਆ। ਹੁਣ ਸ਼ਰਨਾਰਥੀਆਂ ਦੀ ਗਿਣਤੀ ਤੇ ਉਨ੍ਹਾਂ ਦੇ ਦੁੱਖਾਂ ਦੇ ਕਿੱਸੇ ਹੋਰ ਵੀ ਦਿਲ ਕੰਬਾਊ ਸਨ। ਨਵੇਂ ਸ਼ਰਨਾਰਥੀ ਵੱਢ ਟੁੱਕ ਦੀ ਦੁਨੀਆਂ ਵਿਚੋਂ ਲੰਘ ਕੇ ਆਏ ਸਨ। ਪਰ ਇਥੇ ਭਾਰਤ ਦੀ ਨਵੀਂ ਸਰਕਾਰ ਵਲੋਂ ਭੇਜੀ ਗਈ ਪੰਡਤ ਨਹਿਰੂ ਦੀ ਸਲਾਹਕਾਰ ਸਾਰਾ ਭੈਣ ਉਨ੍ਹਾਂ ਦੀ ਹੌਸਲਾ ਅਫਜ਼ਾਈ ਲਈ ਮੌਜੂਦ ਸੀ। ਉਸ ਦਾ ਠਰ੍ਹੰਮਾ ਤੇ ਢਾਰਸ ਡਾਕਟਰਾਂ ਤੇ ਸ਼ਰਨਾਰਥੀਆਂ ਨੂੰ ਕਮਾਲ ਦਾ ਹੌਸਲਾ ਦਿੰਦਾ ਸੀ। ਉਨ੍ਹਾਂ ਸਮਿਆਂ ਦੀ ਬਾਤ ਪਾਉਂਦਿਆਂ ਡਾ. ਦੱਤਾ ਅੱਜ ਵੀ ਸਕਤੇ ਵਿਚ ਆ ਜਾਂਦਾ ਹੈ। ਉਹ ਬੰਗਾ ਦਾ ਜੰਮਪਲ ਹੈ।

### *ਸੁਤੰਤਰ ਭਾਰਤ ਦੇ ਪਾਣੀ, ਪੁਲ ਤੇ ਰਾਸ਼ਟਰੀ ਮਾਰਗ*

ਮੇਰੀ ਉਮਰ ਦੇ ਪੰਜਾਬੀ ਅੰਗਰੇਜ਼ੀ ਸਰਕਾਰ ਤੋਂ ਪ੍ਰਾਪਤ ਹੋਈਆਂ ਨਹਿਰਾਂ ਅਤੇ ਰੇਲ ਗੱਡੀਆਂ ਦਾ ਗੁਣ ਗਾਇਨ ਕਰਦੇ ਨਹੀਂ ਥੱਕਦੇ। ਪਰ ਜਿਹੜੇ ਮੇਰੇ ਵਰਗੇ ਆਏ ਦਿਨ ਵਰਤਮਾਨ ਰਾਸ਼ਟਰੀ ਮਾਰਗਾਂ 'ਤੇ ਸਫ਼ਰ ਕਰਦੇ ਹਨ ਉਹ ਸੁਤੰਤਰਤਾ ਪ੍ਰਾਪਤੀ ਪਿੱਛੋਂ ਹੋਂਦ ਵਿਚ ਆਏ ਪੁਲਾਂ ਤੇ ਫਲਾਈ ਓਵਰਾਂ ਦੀ ਉਸਾਰੀ ਵੇਖ ਕੇ ਹੈਰਾਨ ਹੋਏ ਬਿਨਾਂ ਨਹੀਂ ਰਹਿੰਦੇ। ਸ਼ੇਰ ਸ਼ਾਹ ਸੂਰੀ ਮਾਰਗ ਉਰਫ ਜੀ ਟੀ ਰੋਡ (ਕਰਨਾਲ-ਅੰਬਾਲਾ ਦਾ ਟੋਟਾ ਛੱਡ ਕੇ) ਹਵਾ ਨਾਲ ਗੱਲਾਂ ਕਰਨ ਲਾ ਦਿੰਦੀ ਹੈ। ਚੰਡੀਗੜ੍ਹ ਤੋਂ ਹਿਮਾਚਲ ਨੂੰ ਚੜ੍ਹੀਏ ਤਾਂ ਪਿੰਜੌਰ-ਕਾਲਕਾ ਬਾਈ ਪਾਸ ਅੱਖਾਂ ਖੋਲ੍ਹ ਦਿੰਦਾ ਹੈ। ਦਿੱਲੀ, ਨਵੀਂ ਦਿੱਲੀ, ਗੁੜਗਾਵਾਂ, ਫਰੀਦਾਬਾਦ, ਨੋਇਡਾ ਤੇ ਗਾਜ਼ੀਆਬਾਦ ਦੀਆਂ ਸੜਕਾਂ, ਪੁਲ ਤੇ ਫਲਾਈਓਵਰ ਵੇਖਿਆਂ ਦਿਲ ਬਾਗ ਬਾਗ ਹੋ ਜਾਂਦਾ ਹੈ। ਇਨ੍ਹਾਂ ਮਾਰਗਾਂ ਉਤੇ ਗੱਡੀਆਂ ਦੀ ਗਿਣਤੀ, ਸਕੂਲੀ ਬੱਚਿਆਂ ਦੇ ਬੂਟ ਤੇ ਵਰਦੀਆਂ ਬਦਲੇ ਹੋਏ ਯੁਗ ਦਾ ਪ੍ਰਮਾਣ ਹਨ। ਵੱਡੀ ਗੱਲ ਇਹ ਕਿ ਸਾਰਾ ਕੁਝ ਠੇਕੇਦਾਰਾਂ ਦੀ ਲੁਟ-ਖਸੁੱਟ, ਭੂ-ਮਾਫੀਆ ਦੀ ਧੌਂਸ ਤੇ ਰਾਜਨੀਤਕ ਪਾਰਟੀਆਂ ਦੀ ਖਹਿਬਾਜ਼ੀ ਦੇ ਹੁੰਦਿਆਂ-ਸੁੰਦਿਆਂ ਹੋ ਰਿਹਾ ਹੈ। ਸੰਸਦ ਦੀ ਕਾਰਵਾਈ ਚੱਲੇ ਨਾ ਚੱਲੇ, ਵਿਕਾਸ ਜਾਰੀ ਹੈ। ਅੰਗਰੇਜ਼ੀ ਰਾਜ ਦੇ ਦੋ ਸੌ ਸਾਲਾਂ ਤੋਂ ਇਕ ਚੁਥਾਈ ਸਮੇਂ ਦੀ ਦੇਣ। ਜੇ ਗੋਰੀ ਸਰਕਾਰ ਨੇ ਦੋ ਸੌ ਸਾਲਾਂ ਵਿਚ ਦਿੱਲੀ-ਸ਼ਾਹਦਰਾ ਨੂੰ ਜੋੜਨ ਵਾਲਾ ਇੱਕ ਪੁਲ ਬਣਾਇਆ ਸੀ ਤਾਂ ਅੱਜ ਇਸ ਦੀ ਬੁੱਕਲ ਵਿਚ ਚਾਰ ਨਵੇਂ ਤੇ ਵੱਡੇ ਪੁਲ ਬਣ ਚੁੱਕੇ ਹਨ। ਆਵਾਜਾਈ ਤੇ ਮੋਟਰ ਗੱਡੀਆਂ ਦਾ ਅੰਤ ਨਹੀਂ ਰਿਹਾ।

ਭਾਖੜਾ ਰੂਪੀ ਡੈਮ ਤੇ ਬੰਧਾਂ ਦਾ ਜਾਲ ਦੂਰ-ਦੁਰੇਡੇ ਪਿੰਡਾਂ ਵਿਚ ਬਿਜਲੀ, ਪਾਣੀ, ਸੀਮਿੰਟ, ਇੱਟਾਂ ਤੇ ਤਾਜ ਮਹੱਲ ਵਾਲਾ ਸੰਗ ਮਰਮਰ ਲੈ ਵੜਿਆ ਹੈ। ਅਸੀਂ ਰੁਖ ਲਾਏ ਬਿਨਾਂ ਅਨਿਯਮਤ ਉਸਾਰੀ ਕਰਕੇ ਮਾਰ ਖਾਧੀ ਹੈ ਤੇ ਏਸ ਪਾਸੇ ਵੱਧ ਤੋਂ ਵਧ ਧਿਆਨ ਦੇਣ ਦੀ ਲੋੜ ਹੈ, ਦੇ ਵੀ ਰਹੇ ਹਾਂ। ਇਹ ਤੱਥ ਵੀ ਕਿਸੇ ਨੂੰ ਭੁੱਲਿਆ ਨਹੀਂ ਕਿ ਤਾਨਾਸ਼ਾਹੀ ਦਾ ਵਿਕਾਸ ਲਹੂ ਭਿਜਿਆ ਹੁੰਦਾ ਹੈ ਤੇ ਲੋਕਤੰਤਰ ਦਾ ਪਿਆਰ ਮੁਹੱਬਤ ਵਾਲਾ। ਗੋਰੇ ਤਾਨਾਸ਼ਾਹ ਸਨ ਤੇ ਸੁਤੰਤਰ ਭਾਰਤ ਵਿਚ, ਐਮਰਜੈਂਸੀ ਦੇ ਦਿਨਾਂ ਨੂੰ ਛੱਡ ਕੇ, ਸਦਾ ਲੋਕਤੰਤਰ ਪ੍ਰਧਾਨ ਰਿਹਾ ਹੈ। ਸੁਤੰਤਰਤਾ ਦੇ ਸਾਢੇ ਛੇ ਦਹਾਕੇ ਮਾਣਦਿਆਂ ਸਾਨੂੰ ਆਪਣੇ ਦੇਸ਼ ਦੇ ਚਾਲਕਾਂ ਨੂੰ ਸਲਾਮ ਕਹਿਣਾ ਬਣਦਾ ਹੈ। ਇਹ ਜਾਣਦਿਆਂ ਵੀ ਕਿ ਜੇ ਰਾਜਨੀਤਕ ਖਹਿਬਾਜ਼ੀ ਨਾ ਹੁੰਦੀ ਤਾਂ ਇਸ ਵਿਚ ਹੋਰ ਵੀ ਵਾਧਾ ਹੋ ਸਕਦਾ ਸੀ।

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

**ਅੰਤਿਕਾ:**

ਸੜਕਾਂ, ਸਫਰ ਤੇ ਮੰਜ਼ਿਲ
ਤੱਕਿਆ ਜਦ ਨੇੜਿਓਂ
ਤੇ ਪੁੱਛਿਆ ਮੈਂ ਹਾਲ ਚਾਲ,
ਸੜਕ ਚੱਲਦੇ ਵਾਹਨਾਂ ਦੇ
ਹੇਠ ਕੁਰਲਾਉਂਦੀ ਮਿਲੀ।

*-ਸਤੀਸ਼ ਗੁਲਾਟੀ*

---

ਕੁਦਰਤ ਦੀ ਹਰ ਖੇਡ
ਇਸ਼ਾਰਾ ਕਰਦੀ ਏ ਕੁੱਝ ਕਰਨ ਲਈ,
ਤੁਰਨ ਨਾਲ ਹੀ ਮੰਜ਼ਿਲ ਮਿਲਦੀ
ਕੱਟ ਕੱਟ ਵਾਟ ਲੰਮੇਰੀ ਨੂੰ।

*-ਤੋਤਾ ਰਾਮ ਚੀਮਾ*


Radio Chann Pardesi ਰੇਡੀਓ ਚੰਨ ਪ੍ਰਦੇਸੀ

ਰੇਡੀਓ ਚੰਨ ਪ੍ਰਦੇਸੀ

ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ
www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579



TRUCK STOP FOR SALE
in California
with Approved Hotel Site

Seller retiring after 30 years. Excellent opportunity to buy well established highway Location with approved lot to build a hotel in almost 13 acres. Newly renovated 10,000 Sq. feet building has Restaurant, Store, Shower, Laundromat, Massage Place, Sign Shop & also Truck Tire & Repair Shop, Truck wash, Propane, Cat Scale & 150 Truck Parking Space. New Digital Remote control Price Signs. Priced only for $6.9 Million. Please only serious & Qualified Buyers with good financials

Contact
Jessie Brar
661-301-7955
E-mail : jessiebrar@sbcglobal.net
Star Real Estate & Development
Lic#01243878



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ
ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price
Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058
1816 Main Ave., Secramento CA, 95838

# ਜੋਗਿੰਦਰ ਪਾਲ ਜੈਨ ਤੋਂ ਚੇਅਰਮੈਨੀ ਖੁੱਸੀ

**ਚੰਡੀਗੜ੍ਹ:** ਲੰਮੇ ਸਮੇਂ ਤੋਂ ਵਿਵਾਦਾਂ ਵਿਚ ਚੱਲ ਰਹੇ ਮੋਗਾ ਤੋਂ ਇਸ ਵੇਲੇ ਅਕਾਲੀ-ਭਾਜਪਾ ਵਿਧਾਇਕ ਜੋਗਿੰਦਰ ਪਾਲ ਜੈਨ ਨੇ ਆਖਰ ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਚੇਅਰਮੈਨ ਦੇ ਅਹੁਦੇ ਤੋਂ ਆਪਣਾ ਅਸਤੀਫ਼ਾ ਪੰਜਾਬ ਸਰਕਾਰ ਨੂੰ ਸੌਂਪ ਦਿੱਤਾ ਹੈ। ਇਸ ਦੀ ਜਾਣਕਾਰੀ ਪੰਜਾਬ ਦੇ ਐਡਵੋਕੇਟ ਜਨਰਲ ਅਸ਼ੋਕ ਅਗਰਵਾਲ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਦਿੱਤੀ। ਹਾਈ ਕੋਰਟ ਨੇ ਇਸ ਬਾਰੇ (ਜੈਨ ਦੀ ਨਿਯੁਕਤੀ) ਪੰਜਾਬ ਸਰਕਾਰ ਨੂੰ ਢੁਕਵਾਂ ਫ਼ੈਸਲਾ ਕਰਨ ਵਾਸਤੇ ਦੋ ਹਫ਼ਤਿਆਂ ਦੀ ਮੋਹਲਤ ਦਿੱਤੀ ਹੈ।

ਹਾਲਾਂਕਿ ਪੰਜਾਬ ਸਰਕਾਰ ਦੇ ਵਕੀਲ ਨੇ ਹਾਈ ਕੋਰਟ ਵਿਚ ਵਿਧਾਇਕ ਜੈਨ ਦੀ ਨਿਯੁਕਤੀ ਨੂੰ ਜਾਇਜ਼ ਠਹਿਰਾਉਣ ਲਈ ਪੂਰਾ ਟਿੱਲ ਲਾ ਦਿੱਤਾ ਪਰ ਚੀਫ਼ ਜਸਟਿਸ ਸੰਜੇ ਕਿਸ਼ਨ ਕੌਲ ਤੇ ਏ.ਜੀ. ਮਸੀਹ ਦੇ ਬੈਂਚ ਅੱਗੇ ਇਨ੍ਹਾਂ ਦਲੀਲਾਂ ਦੀ ਕੋਈ ਪੇਸ਼ ਨਹੀਂ ਚੱਲੀ। ਉਨ੍ਹਾਂ ਹਾਈ ਕੋਰਟ ਵੱਲੋਂ ਪਹਿਲਾਂ ਹੀ ਪੁੱਛਿਆ ਜਾ ਚੁੱਕਾ ਹੋਣ ਬਾਰੇ ਕਿਹਾ ਕਿ ਜੈਨ ਖ਼ਿਲਾਫ਼ ਪਿਛਲੇ ਸਮੇਂ ਦੌਰਾਨ ਹੋਈਆਂ ਅਦਾਲਤੀ ਕਾਰਵਾਈਆਂ ਉਨ੍ਹਾਂ ਦੀ ਹਾਲੀਆ ਨਿਯੁਕਤੀ ਵੇਲੇ ਮੁੱਖ ਮੰਤਰੀ ਵੱਲੋਂ



ਧਿਆਨ ਹੀ ਨਹੀਂ ਦਿੱਤਾ ਜਾ ਸਕਿਆ।

ਹਾਈ ਕੋਰਟ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਕਿ ਕੀ ਇਸ ਅਹਿਮ ਅਹੁਦੇ ਵਾਸਤੇ ਪੰਜਾਬ ਵਿਚ ਹੋਰ ਕੋਈ ਵੀ ਯੋਗ ਬੰਦਾ ਮੌਜੂਦ ਨਹੀਂ ਹੈ। ਇਸ ਮੌਕੇ ਸ੍ਰੀ ਜੈਨ ਵੱਲੋਂ ਪੇਸ਼ ਹੋਏ ਵਕੀਲ ਨੇ ਵੀ ਸ੍ਰੀ ਜੈਨ ਦੇ ਇੰਪਰੂਵਮੈਂਟ ਟਰੱਸਟ ਦਾ ਚੇਅਰਮੈਨ ਰਹਿ ਚੁੱਕਾ ਹੋਣ ਤੇ ਵਿਧਾਇਕ ਵਜੋਂ ਇਕ ਸਫਲ ਸਿਆਸਤਦਾਨ ਹੋਣ ਦੀਆਂ ਦਲੀਲਾਂ ਵੀ ਹਾਈ ਕੋਰਟ ਅੱਗੇ ਰੱਖੀਆਂ।

ਬੈਂਚ ਨੇ ਕਿਹਾ ਕਿ ਇਥੇ ਸ੍ਰੀ ਜੈਨ ਦੇ ਕੇਸ ਨੂੰ ਹੀ ਨਹੀਂ ਬਲਕਿ ਵਡੇਰੇ ਜਨਤਕ ਹਿੱਤਾਂ ਦੀ ਰਾਖੀ ਦਾ ਵੀ ਸਵਾਲ ਹੈ ਤੇ ਨਾਲ ਹੀ ਕਿਹਾ ਕਿ ਉਸ ਦੇ ਮੁਵਕਿਲ ਨੂੰ ਸਿਆਸੀ ਤੌਰ 'ਤੇ ਲੋਕਾਂ ਦੇ ਇਕ ਹਿੱਸੇ ਦਾ ਸਮਰਥਨ ਹਾਸਲ ਹੋ ਸਕਦਾ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਸ੍ਰੀ ਜੈਨ ਹੀ ਪੰਜਾਬ ਰਾਜ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਅਹੁਦੇ ਲਈ ਇਕੋ-ਇਕ ਯੋਗ ਉਮੀਦਵਾਰ ਹੈ। ਸ੍ਰੀ ਜੈਨ ਨੂੰ ਪੰਜਾਬ ਦੇ ਮੁੱਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ 27 ਦਸੰਬਰ, 2012 ਨੂੰ ਹੀ ਉਕਤ ਅਹੁਦੇ ਦਾ ਚੇਅਰਮੈਨ ਨਿਯੁਕਤ ਕੀਤਾ ਸੀ ਜਿਸ ਨੂੰ ਚੰਡੀਗੜ੍ਹ ਦੇ ਸਮਾਜ ਸੇਵੀ ਵਕੀਲ ਐਚ.ਸੀ. ਅਰੋੜਾ ਨੇ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ।

ਜ਼ਿਕਰਯੋਗ ਹੈ ਕਿ ਜੈਨ ਪਹਿਲਾਂ ਮੋਗਾ ਤੋਂ ਕਾਂਗਰਸੀ ਵਿਧਾਇਕ ਸੀ। ਫਿਰ ਉਹ ਕਾਂਗਰਸ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਿਆ। ਅਕਾਲੀ ਦਲ ਵਿਚ ਸ਼ਾਮਲ ਹੋਣ ਸਮੇਂ ਉਸ ਨੇ ਵਿਧਾਨ ਸਭਾ ਤੋਂ ਅਸਤੀਫਾ ਦੇ ਕੇ ਜ਼ਿਮਨੀ ਚੋਣ ਲੜੀ ਤੇ ਜੇਤੂ ਰਿਹਾ ਜਿਸ ਮਗਰੋਂ ਪੰਜਾਬ ਸਰਕਾਰ ਨੇ ਉਸ ਨੂੰ ਗੁਦਾਮ ਨਿਗਮ ਦਾ ਚੇਅਰਮੈਨ ਥਾਪ ਦਿੱਤਾ।

# ਕੈਪਟਨ ਅਮਰਿੰਦਰ ਸਿੰਘ ਤੇ ਵੀਰਭੱਦਰ ਬਣੇ ਰਿਸ਼ਤੇਦਾਰ

**ਸ਼ਿਮਲਾ:** ਹਿਮਾਚਲ ਦੇ ਮੁੱਖ ਮੰਤਰੀ ਵੀਰਭੱਦਰ ਸਿੰਘ ਦੀ ਬੇਟੀ ਅਪਰਾਜਿਤਾ ਦੀ ਮੰਗਣੀ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦੋਹਤੇ ਅੰਗਦ ਸਿੰਘ ਨਾਲ ਹੋ ਗਈ। ਇਸ ਨਵੇਂ ਰਿਸ਼ਤੇ ਨਾਲ ਪੰਜਾਬ ਤੇ ਹਿਮਾਚਲ ਪ੍ਰਦੇਸ਼ ਦੇ ਦੋ ਸ਼ਾਹੀ ਘਰਾਣਿਆਂ ਵਿਚਕਾਰ ਨਵਾਂ ਸਬੰਧ ਸਥਾਪਤ ਹੋ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮੰਗਣੀ ਦੀ ਰਸਮ ਦਿੱਲੀ ਵਿਚ ਹੋਈ ਹੈ ਤੇ ਦੋਹਾਂ ਪਰਿਵਾਰਾਂ ਦੇ ਬੇਹੱਦ ਅਹਿਮ ਰਿਸ਼ਤੇਦਾਰ ਹੀ ਇਸ ਰਸਮ ਵਿਚ ਹਾਜ਼ਰ ਸਨ। ਅੰਗਦ ਸਿੰਘ ਕੈਪਟਨ ਦੀ ਬੇਟੀ ਜੈਇੰਦਰ ਕੌਰ ਦਾ ਬੇਟਾ ਹੈ। ਪਰਿਵਾਰਕ ਸੂਤਰਾਂ ਅਨੁਸਾਰ ਸਮਾਗਮ ਦੋਹਾਂ ਪਰਿਵਾਰਾਂ ਵੱਲੋਂ ਸਾਦਾ ਹੀ ਰੱਖਣ ਦੀ ਕੋਸ਼ਿਸ਼ ਰਹੀ। ਕੈਪਟਨ ਅਮਰਿੰਦਰ ਸਿੰਘ ਦੇ ਹਿਮਾਚਲ ਪ੍ਰਦੇਸ਼ ਨਾਲ ਪੁਰਾਣੇ ਸਬੰਧ ਹਨ ਤੇ ਉਨ੍ਹਾਂ ਦੀ ਬੇਟੀ ਦੇ ਰਿਸ਼ਤੇਦਾਰਾਂ ਦੇ ਸੂਬੇ ਵਿਚ ਚਾਹ ਦੇ ਬਾਗ ਹਨ ਤੇ ਬਾਗਾਂ ਦੇ ਮਾਲਕ ਗੁਰਮੀਤ ਸਿੰਘ ਮਾਨ ਦਾ ਕਾਫੀ ਚੰਗਾ ਕਾਰੋਬਾਰ ਹੈ ਤੇ ਇਕ ਸ਼ੂਗਰ ਮਿੱਲ ਵੀ ਹੈ। ਅੰਗਦ ਦੇ ਪਿਤਾ ਗੁਰਪਾਲ ਸਿੰਘ ਇਸ ਚੀਨੀ ਮਿੱਲ ਦੇ ਪ੍ਰਬੰਧ ਨਿਰਦੇਸ਼ਕ ਹਨ। ਹਿਮਾਚਲ ਦੇ ਸ਼ਾਹੀ ਪਰਿਵਾਰਾਂ ਦੇ ਵਿਆਹ ਪਹਿਲਾਂ ਵੀ ਹੋਰ ਸੂਬਿਆਂ ਵਿਚ ਹੁੰਦੇ ਰਹੇ ਹਨ ਪਰ ਇਹ ਪਹਿਲਾ ਮੌਕਾ ਹੈ ਕਿ ਹਿਮਾਚਲ ਦੇ ਸ਼ਾਹੀ ਪਰਿਵਾਰ ਦੇ ਸਬੰਧ ਪੰਜਾਬ ਦੇ ਸ਼ਾਹੀ ਪਰਿਵਾਰ ਨਾਲ ਜੁੜੇ ਹਨ। ਇਹ ਰਿਸ਼ਤਾ ਦੋਹਾਂ ਸੂਬਿਆਂ ਦੇ ਰਾਜਸੀ ਸਮੀਕਰਣ 'ਤੇ ਅਸਰ ਪਾਵੇਗਾ।

## ਕਾਲੇ ਕੱਛਿਆਂ ਵਾਲੇ ਦੇ ਭੁਲੇਖੇ ਜਵਾਈ ਫੁੰਡਿਆ

**ਸੁਨਾਮ:** ਪੰਜਾਬ ਦੇ ਪਿੰਡਾਂ ਦੇ ਲੋਕ ਕਾਲੇ ਕੱਛਿਆਂ ਵਾਲਿਆਂ ਦੀਆਂ ਅਫ਼ਵਾਹਾਂ ਤੋਂ ਐਨਾ ਭੈਭੀਤ ਹੋ ਚੁੱਕੇ ਹਨ ਕਿ ਬੌਂਦਲੇ ਹੋਏ ਲੋਕਾਂ ਨੂੰ ਆਪਣੇ ਪਰਾਏ ਦਾ ਕੋਈ ਇਲਮ ਨਹੀਂ ਰਹਿੰਦਾ। ਪਿੰਡ ਸੋਹੀਆਂ ਕਲਾਂ ਵਿਖੇ ਪਿੰਡ ਵਾਲਿਆਂ ਨੇ ਪਿੰਡ ਦੇ ਜਵਾਈ ਨੂੰ ਹੀ ਕਾਲੇ ਕੱਛਿਆਂ ਵਾਲਾ ਸਮਝ ਕੇ ਕੁੱਟ ਦਿੱਤਾ। ਉਸ ਨੂੰ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਪਿੰਡ ਵਾਸੀਆਂ ਦੇ ਕਬਜ਼ੇ ਵਿਚੋਂ ਛੁਡਵਾਇਆ।

ਜਾਣਕਾਰੀ ਮੁਤਾਬਕ ਪਿੰਡ ਸੋਹੀਆਂ ਕਲਾਂ ਵਿਖੇ ਕਾਲੇ ਕੱਛਿਆਂ ਵਾਲੇ ਗਰੋਹ ਦੇ ਪਿੰਡ ਵਿੱਚ ਵੜਨ ਦਾ ਰੌਲਾ ਪੈ ਗਿਆ। ਇਸ ਮੌਕੇ ਇਕ ਵਿਅਕਤੀ ਪਿੰਡ ਵਾਸੀਆਂ ਦੇ ਕਾਬੂ ਆ ਗਿਆ ਜਿਸਦੀ ਇਕੱਠੇ ਹੋਏ ਪਿੰਡ ਵਾਸੀਆਂ ਨੇ ਕੁਟਾਈ ਕੀਤੀ। ਦਰਖਤ ਨਾਲ ਬੰਨ੍ਹੇ ਹੋਏ ਇਸ ਵਿਅਕਤੀ ਵੱਲੋਂ ਵਾਰ ਵਾਰ ਆਪਣੀ ਪਛਾਣ ਦੱਸਣ ਦੇ ਬਾਵਜੂਦ ਪਿੰਡ ਵਾਸੀ ਉਸਨੂੰ ਕੁੱਟਦੇ ਰਹੇ ਜਦੋਂਕਿ ਉਸਦੇ ਹੋਰਨਾਂ ਸਾਥੀਆਂ ਦੇ ਮੌਕੇ ਤੋਂ ਭੱਜ ਜਾਣ ਬਾਰੇ ਬੋਲਦੇ ਰਹੇ। ਘਟਨਾ ਦੀ ਸੂਚਨਾ ਮਿਲਦਿਆਂ ਹੀ ਥਾਣਾ ਸਦਰ ਪੁਲੀਸ ਸੁਨਾਮ ਦੀ ਟੀਮ ਨੇ ਜਦੋਂ ਮੌਕੇ 'ਤੇ ਆ ਕੇ ਪੀੜਤ ਵਿਅਕਤੀ ਤੋਂ ਪੁੱਛਗਿੱਛ ਕੀਤੀ ਤਾਂ ਕੁਝ ਹੋਰ ਹੀ ਸਾਹਮਣੇ ਆਇਆ।

ਘਟਨਾਂ ਦਾ ਸ਼ਿਕਾਰ ਵਿਅਕਤੀ ਗੁਰਬਾਜ਼ ਸਿੰਘ ਵਾਸੀ ਪਿੰਡ ਭੇਟੜੀ ਖੁਰਦ (ਪਟਿਆਲਾ) ਦਾ ਰਹਿਣਾ ਵਾਲਾ ਸੀ ਜਿਹੜਾ ਕਿ ਪਿੰਡ ਸੋਹੀਆਂ ਵਿਖੇ ਇੱਕ ਮਨਦੀਪ ਕੌਰ ਨਾਮੀ ਲੜਕੀ ਨਾਲ ਵਿਆਹਿਆ ਹੋਇਆ ਸੀ। ਉਹ ਪੇਕੇ ਘਰ ਆਈ ਆਪਣੀ ਪਤਨੀ ਨੂੰ ਲੈਣ ਲਈ ਆਇਆ ਸੀ ਕਿ ਪਿੰਡ ਵਾਸੀਆਂ ਦੀ ਝਪਟ ਵਿੱਚ ਆ ਗਿਆ। ਥਾਣਾ ਮੁਖੀ ਬਲਜਿੰਦਰ ਸਿੰਘ ਪੰਨੂ ਨੇ ਦੱਸਿਆ ਕਿ ਜੇ ਪੁਲੀਸ ਪਾਰਟੀ ਮੌਕੇ 'ਤੇ ਆਕੇ ਘਟਨਾ ਸਥਾਨ 'ਤੇ ਨਾ ਪੁੱਜਦੀ ਤਾਂ ਕੋਈ ਵੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਸੀ। ਪੁਲੀਸ ਅਧਿਕਾਰੀ ਨੇ ਆਮ ਲੋਕਾਂ ਨੂੰ ਅਜਿਹੀਆਂ ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ।

# ਭਾਰਤ ਸਰਕਾਰ ਗਦਰ ਯਾਦਗਾਰ ਉਸਾਰਨ ਤੋਂ ਭੱਜੀ

**ਚੰਡੀਗੜ੍ਹ:** ਗ਼ਦਰ ਲਹਿਰ ਦੀ 100ਵੀਂ ਵਰ੍ਹੇਗੰਢ ਦੇ ਮੱਦੇਨਜ਼ਰ ਗ਼ਦਰੀ ਬਾਬਿਆਂ ਦੀ ਪੰਜਾਬ ਵਿਚ ਢੁਕਵੀਂ ਯਾਦਗਾਰ ਬਣਾਉਣ ਤੋਂ ਕੇਂਦਰ ਸਰਕਾਰ ਨੇ ਕੋਰਾ ਜਵਾਬ ਦੇ ਦਿੱਤਾ ਹੈ। ਇਸ ਤੋਂ ਰਾਜ ਸਭਾ ਮੈਂਬਰ ਤੇ ਸਾਬਕਾ ਕੇਂਦਰੀ ਖੇਡ ਮੰਤਰੀ ਡਾ. ਮਨੋਹਰ ਸਿੰਘ ਗਿੱਲ ਖਾਸੇ ਨਿਰਾਸ਼ ਹਨ। ਡਾ. ਗਿੱਲ ਨੇ ਗ਼ਦਰ ਲਹਿਰ ਨੂੰ ਦੇਸ਼ ਦੀ ਆਜ਼ਾਦੀ ਲਈ ਅਹਿਮ ਸੰਘਰਸ਼ ਦੱਸਦੇ ਹੋਏ ਪ੍ਰਧਾਨ ਮੰਤਰੀ ਨੂੰ 2012 ਵਿਚ ਬੇਨਤੀ ਕੀਤੀ ਸੀ ਕਿ ਇਸ ਦੀ 100ਵੀਂ ਵਰ੍ਹੇਗੰਢ ਨੂੰ ਵੱਡੀ ਪੱਧਰ 'ਤੇ ਮਨਾਇਆ ਜਾਵੇ।

ਡਾ. ਗਿੱਲ ਨੇ ਇਸ ਬਾਬਤ ਪ੍ਰਧਾਨ ਮੰਤਰੀ ਨੂੰ ਦੋ ਚਿੱਠੀਆਂ ਪਹਿਲੀ 2012 ਤੇ ਦੂਜੀ 13 ਮਈ, 2013 ਨੂੰ ਲਿਖੀਆਂ ਸਨ। ਇਸ ਸਾਲ ਭੇਜੀ ਚਿੱਠੀ ਦੇ ਜਵਾਬ ਵਿਚ ਕੇਂਦਰੀ ਸਭਿਆਚਾਰ ਮੰਤਰਾਲੇ ਦੀ ਮੰਤਰੀ ਨੇ ਡਾ. ਗਿੱਲ ਨੂੰ ਜਵਾਬ ਭੇਜਿਆ ਹੈ ਕਿ ਪੰਜਾਬ ਵਿਚ ਗ਼ਦਰ ਲਹਿਰ ਦੀ ਢੁਕਵੀਂ ਯਾਦਗਾਰ ਬਣਾਉਣ ਜਾਂ ਇਨ੍ਹਾਂ ਦੇਸ਼ ਭਗਤਾਂ ਦੀ ਯਾਦ ਵਿਚ ਕੋਈ ਸੰਸਥਾ ਬਣਾਉਣ ਲਈ ਲੋੜੀਂਦੇ ਫੰਡ ਹੀ ਨਹੀਂ ਹਨ ਤੇ ਦਿੱਲੀ ਤੋਂ ਬਾਹਰ ਅਜਿਹੀ ਯਾਦਗਾਰ ਬਣਾਉਣਾ ਸੂਬਾ ਸਰਕਾਰ ਨਾਲ ਸਬੰਧਤ ਮਾਮਲਾ ਹੈ।

ਸ. ਗਿੱਲ ਨੇ ਦੁਖੀ ਮਨ ਨਾਲ ਦੱਸਿਆ ਕਿ

### ਯਾਦਗਾਰ ਸੂਬਾ ਸਰਕਾਰ ਦਾ ਮਾਮਲਾ ਕਰਾਰ




ਗ਼ਦਰੀ ਬਾਬਿਆਂ ਨੇ ਦੇਸ਼ ਦੀ ਆਜ਼ਾਦੀ ਲਈ ਕੈਲੇਫੋਰਨੀਆ ਵਿਚ ਆਵਾਜ਼ ਬੁਲੰਦ ਕੀਤੀ ਸੀ।

ਇਸ ਲਹਿਰ ਨਾਲ ਸਬੰਧਤ ਡਾਕ ਟਿਕਟ ਕੇਰਲਾ ਵਿਚ ਜਨਵਰੀ 2013 ਨੂੰ ਹੋਏ ਪਰਵਾਸੀ ਸੰਮੇਲਨ ਵਿਚ ਜਾਰੀ ਕੀਤੀ ਗਈ। ਡਾ. ਗਿੱਲ ਨੇ ਗਿਲਾ ਕੀਤਾ ਕਿ ਉਸ ਡਾਕ ਟਿਕਟ ਨੂੰ ਵੇਖ ਕੇ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਗ਼ਦਰ ਲਹਿਰ ਦੀ ਸਮੁੱਚੀ ਭਾਵਨਾ ਨੂੰ ਪ੍ਰਗਟਾਉਂਦੀ ਹੈ ਜਾਂ ਇਸ ਲਹਿਰ ਦੇ ਸ਼ਹੀਦਾਂ ਕਰਤਾਰ ਸਿੰਘ ਸਰਾਭਾ, ਸੋਹਣ ਸਿੰਘ ਭਕਨਾ ਬਾਰੇ ਕੁਝ ਵੀ ਦੱਸਦੀ ਹੋਵੇ।

ਉਨ੍ਹਾਂ ਪ੍ਰਧਾਨ ਮੰਤਰੀ ਨੂੰ ਲਿਖਿਆ ਸੀ ਕਿ ਇਸ ਲਹਿਰ ਬਾਰੇ 30 ਕਰੋੜ ਦੀ ਲਾਗਤ ਨਾਲ ਦੁਆਬਾ ਵਿਚ ਕੋਈ ਤਕਨੀਕੀ ਸੰਸਥਾ ਜਾਂ ਢੁਕਵੀਂ ਯਾਦਗਾਰ ਬਣਾਈ ਜਾਵੇ ਤਾਂ ਜੋ ਅਗਲੀਆਂ ਪੀੜ੍ਹੀਆਂ ਆਪਣਾ ਭਵਿੱਖ ਸੰਵਾਰ ਸਕਣ। ਸਭਿਆਚਾਰ ਮੰਤਰੀ ਨੇ ਕਿਹਾ ਕਿ 9 ਅਗਸਤ, 2013 ਦੀ ਲਿਖੀ ਇਸ ਜਵਾਬੀ ਚਿੱਠੀ ਵਿਚ ਦੱਸਿਆ ਗਿਆ ਕਿ ਸਾਂਫਰਾਂਸਿਸਕੋ ਵਿੱਚ ਗਦਰ ਮੈਮੋਰੀਅਲ ਵਿਚ ਕੇਂਦਰ ਸਰਕਾਰ ਯੋਗਦਾਨ ਪਾ ਸਕਦੀ ਹੈ। ਉਨ੍ਹਾਂ ਕਿਹਾ ਕਿ ਚੰਗਾ ਹੁੰਦਾ ਗ਼ਦਰ ਲਹਿਰ ਨਾਲ ਸਬੰਧਤ ਵੱਡੇ ਸਮਾਗਮ ਪੰਜਾਬ ਵਿਚ ਹੁੰਦੇ ਕਿਉਂਕਿ ਜ਼ਿਆਦਾਤਰ ਗ਼ਦਰੀ ਬਾਬੇ ਅਣਵੰਡੇ ਪੰਜਾਬ ਨਾਲ ਜੁੜੇ ਹੋਏ ਸਨ। ਡਾ. ਗਿੱਲ ਨੇ ਕਿਹਾ ਕਿ ਗ਼ਦਰੀ ਬਾਬਿਆਂ ਦੀ ਸ਼ਤਾਬਦੀ ਮਨਾਉਣ ਪ੍ਰਤੀ ਕੇਂਦਰ ਦਾ ਇਹ ਰਵੱਈਆ ਉਨ੍ਹਾਂ ਦੀ ਸਮਝੋਂ ਪਰ੍ਹੇ ਹੈ।

# ਪੰਜਾਬ ਦੇ ਸਨਅਤਕਾਰ ਅਕਾਲੀਆਂ ਦੀ ਦਹਿਸ਼ਤ ਹੇਠ: ਬਾਜਵਾ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਪੰਜਾਬ ਵਿਚ ਉਦਯੋਗਿਕ ਘਰਾਣਿਆਂ ਤੋਂ ਕਿਸੇ ਵੀ ਤਰ੍ਹਾਂ ਦਾ ਸਪਸ਼ਟੀਕਰਨ ਨਹੀਂ ਚਾਹੀਦਾ, ਜਿਹੜੇ ਅਕਾਲੀ ਦਲ ਦੀ ਦਇਆ 'ਤੇ ਹਨ ਤੇ ਖੁੱਲ੍ਹੇਆਮ ਬੋਲਣ ਤੋਂ ਡਰ ਰਹੇ ਹਨ। ਪੰਜਾਬ ਕਾਂਗਰਸ ਵੱਲੋਂ ਲਾਇਆ ਗਿਆ ਦੋਸ਼ ਕਿ ਉਦਯੋਗਿਕ ਘਰਾਣਿਆਂ 'ਤੇ ਦਬਾਅ ਬਣਾਇਆ ਜਾ ਰਿਹਾ ਹੈ, ਪੂਰੀ ਤਰ੍ਹਾਂ ਨਾਲ ਵਿਸ਼ਵਾਸਯੋਗ ਸੂਤਰਾਂ ਵੱਲੋਂ ਉਪਲਬਧ ਜਾਣਕਾਰੀ 'ਤੇ ਅਧਾਰਤ ਹੈ ਕਿਉਂਕਿ ਕੋਈ ਵੀ ਸੂਬਾ ਸਰਕਾਰ ਦੇ ਡਰ ਨਾਲ ਲਿਖਤੀ ਰੂਪ ਵਿਚ ਹਲਫਨਾਮਾ ਦੇਣ ਦੇ ਸਮਰਥ ਨਹੀਂ ਹੈ।

ਉਨ੍ਹਾਂ ਕਿਹਾ ਕਿ ਕੋਈ ਵੀ ਵੱਡਾ ਉਦਯੋਗਿਕ ਘਰਾਣਾ ਪੰਜਾਬ ਵਿਚ ਨਿਵੇਸ਼ ਕਰਨ ਤੇ ਇਸ ਨੂੰ ਆਪਣਾ ਉਤਪਾਦਨ ਹੱਬ ਬਣਾਉਣ ਨੂੰ ਤਿਆਰ ਨਹੀਂ ਹੈ। ਇਸ ਦੇ ਉਲਟ ਜ਼ਿਆਦਾ ਵੱਡੇ ਉਦਯੋਗਿਕ ਘਰਾਣੇ ਆਪਣਾ ਵਪਾਰ ਵਧਾਉਣ ਲਈ ਸੂਬੇ ਤੋਂ ਬਾਹਰ ਜਾ ਚੁੱਕੇ ਹਨ। ਇਸ ਲੜੀ ਹੇਠ ਪੰਜਾਬ ਸਰਕਾਰ ਵੱਲੋਂ ਪਿਛਲੇ ਛੇ ਸਾਲਾਂ ਦੌਰਾਨ ਕੀਤੇ ਗਏ ਜ਼ਿਆਦਾ ਸਮਝੌਤੇ ਸਿਰਫ ਕਾਗਜ਼ਾਂ ਤੱਕ ਸੀਮਤ ਰਹੇ ਹਨ।

ਉਨ੍ਹਾਂ ਕਿਹਾ ਕਿ ਜਾਣਕਾਰੀ ਮੁਤਾਬਕ 2007-08 ਤੱਕ 63852.40 ਕਰੋੜ ਰੁਪਏ ਦੇ ਪ੍ਰਸਤਾਵਤ ਮੈਗਾ ਹਾਊਸਿੰਗ ਤੇ ਉਦਯੋਗਿਕ ਪ੍ਰਾਜੈਕਟਾਂ ਦੇ ਨਿਵੇਸ਼ ਤੋਂ ਪੰਜਾਬ ਨੂੰ ਸਿਰਫ 20 ਪ੍ਰਤੀਸ਼ਤ ਨਿਵੇਸ਼ ਹੀ ਪ੍ਰਾਪਤ ਹੋਇਆ ਹੈ। ਇਸ ਦੌਰਾਨ ਮਿਲੇ ਨਿਵੇਸ਼ ਦੇ ਪ੍ਰਸਤਾਵਾਂ ਵਿਚ 5652 ਕਰੋੜ ਰੁਪਏ ਦੇ 11 ਮੈਗਾ ਪ੍ਰਾਜੈਕਟ, 52614.12 ਕਰੋੜ ਦੇ 98 ਮੈਗਾ ਪ੍ਰੋਜੈਕਟ, 5352.48 ਕਰੋੜ ਦੇ 40 ਫਾਰਮ ਪ੍ਰਾਜੈਕਟ ਤੇ 233.80 ਕਰੋੜ ਦੇ ਗੈਰ ਰਸਮੀ ਊਰਜਾ ਪ੍ਰਾਜੈਕਟ ਹਨ। ਅਸਲ ਵਿਚ ਇਸ ਸਾਲ ਅਪਰੈਲ ਤੱਕ ਸੂਬੇ ਵਿਚ 12494.20 ਕਰੋੜ ਰੁਪਏ ਦਾ ਨਿਵੇਸ਼ ਆਇਆ ਹੈ। ਸਾਲ 2008 ਵਿਚ ਪ੍ਰਸਤਾਵਿਤ 23999 ਕਰੋੜ ਰੁਪਏ ਦੇ ਮੈਗਾ ਉਦਯੋਗਿਕ ਪਾਰਕ ਪ੍ਰਾਜੈਕਟਾਂ ਵਿਚੋਂ ਸਿਰਫ 2257.40 ਕਰੋੜ ਰੁਪਏ ਹੀ ਮਨਜ਼ੂਰ ਹੋਏ ਹਨ। ਸ. ਬਾਜਵਾ ਨੇ ਕਿਹਾ ਕਿ ਸਿਆਸੀ ਦਬਾਅ ਹੇਠ ਉਦਯੋਗਕ ਘਰਾਣੇ ਤੋਂ ਇਹ ਅਖਵਾਉਣਾ ਕਿ ਉਨ੍ਹਾਂ ਦਾ ਉਦਯੋਗ ਪੰਜਾਬ ਤੋਂ ਬਾਹਰ ਨਹੀਂ ਜਾ ਰਿਹਾ, ਕੋਈ ਬਹਾਦਰੀ ਨਹੀਂ ਹੈ ਜਦਕਿ ਸਚਾਈ ਇਹ ਹੈ ਕਿ ਕੋਈ ਵੀ ਉਦਯੋਗ ਪੰਜਾਬ ਵਿਚ ਨਿਵੇਸ਼ ਕਰਨ ਤੋਂ ਡਰਦਾ ਹੈ।

# ਬੀਬੀ ਨਵਜੋਤ ਸਿੱਧੂ ਨੇ ਸਰਕਾਰ ਦੀ ਖੋਲ੍ਹੀ ਪੋਲ

**ਅੰਮ੍ਰਿਤਸਰ:** ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੀ ਪਤਨੀ ਤੇ ਮੁੱਖ ਸੰਸਦੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਆਪਣੇ ਵਿਧਾਨ ਸਭਾ ਹਲਕੇ ਦੇ ਵਿਕਾਸ ਲਈ ਲੋੜੀਂਦੀ ਸਰਕਾਰੀ ਮਾਇਕ ਮਦਦ ਨਾ ਮਿਲਣ 'ਤੇ ਮੁੜ ਸਰਕਾਰ ਦੀ ਕਾਰਗੁਜ਼ਾਰੀ ਖਿਲਾਫ਼ ਭੜਾਸ ਕੱਢੀ ਹੈ। ਇਥੇ ਇਕ ਸਕੂਲ ਵਿਚ ਕੀਤੇ ਗਏ ਸਮਾਗਮ ਦੌਰਾਨ ਪੰਜਾਬ ਸਰਕਾਰ ਖਿਲਾਫ਼ ਗੁੱਸੇ ਤੇ ਨਾਰਾਜ਼ਗੀ ਦਾ ਪ੍ਰਗਟਾਵਾ ਕਰਦਿਆਂ ਡਾ. ਸਿੱਧੂ ਨੇ ਆਖਿਆ ਕਿ ਚੋਣਾਂ ਤੋਂ ਪਹਿਲਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵਾਅਦਾ ਕੀਤਾ ਸੀ ਕਿ ਪੂਰਬੀ ਵਿਧਾਨ ਸਭਾ ਹਲਕੇ ਦੇ ਵਿਕਾਸ ਲਈ 100 ਕਰੋੜ ਰੁਪਏ ਦੀ ਗਰਾਂਟ ਦਿੱਤੀ ਜਾਵੇਗੀ ਪਰ ਹੁਣ ਤਕ ਹਲਕੇ ਦੇ ਵਿਕਾਸ ਲਈ ਕੋਈ ਫੰਡ ਨਹੀਂ ਆਇਆ ਹੈ।

ਉਨ੍ਹਾਂ ਆਖਿਆ ਕਿ ਆਗੂਆਂ ਵੱਲੋਂ ਝੂਠੇ ਵਾਅਦੇ ਕੀਤੇ ਜਾ ਰਹੇ ਹਨ ਤੇ ਅਧਿਕਾਰੀਆਂ ਵਿਚ ਵੀ ਲੋਕ ਕੰਮਾਂ ਪ੍ਰਤੀ ਸਮਰਪਣ ਦੀ ਭਾਵਨਾ ਨਹੀਂ ਹੈ। ਉਨ੍ਹਾਂ ਦੀਆਂ ਦਿਸ਼ਾਹੀਣ ਨੀਤੀਆਂ ਸਿਰਫ਼ ਆਪਣੇ ਮਨੋਰਥਾਂ ਦੀ ਪੂਰਤੀ ਤਕ ਸੀਮਤ ਹਨ। ਕਈ ਵਾਰ ਸ਼ਿਕਾਇਤਾਂ ਦੇ ਬਾਵਜੂਦ ਵੀ ਅਜਿਹੇ ਸਰਕਾਰੀ ਅਧਿਕਾਰੀਆਂ ਖਿਲਾਫ਼ ਕੋਈ ਕਾਰਵਾਈ ਨਹੀਂ ਹੋਈ ਜਿਨ੍ਹਾਂ ਵਿਚ ਲੋਕ ਕੰਮਾਂ ਪ੍ਰਤੀ ਸਮਰਪਣ ਦੀ ਕੋਈ ਭਾਵਨਾ ਤੇ ਕੰਮ ਪ੍ਰਤੀ ਵਫ਼ਾਦਾਰੀ ਨਹੀਂ



ਹੈ। ਉਨ੍ਹਾਂ ਆਖਿਆ ਕਿ ਉਹ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਨ ਅਤੇ ਉਨ੍ਹਾਂ ਅੱਗੇ ਜਵਾਬਦੇਹ ਹਨ। ਉਹ ਲੋਕਾਂ ਨੂੰ ਪ੍ਰੇਸ਼ਾਨੀ ਬਣ ਚੁੱਕੀ ਆਵਾਜਾਈ ਦੀ ਸਮੱਸਿਆ, ਸਾਫ ਸਫਾਈ ਦੀ ਸਮੱਸਿਆ, ਸੜਕਾਂ ਦਾ ਮਾੜਾ ਹਾਲ ਆਦਿ ਬਾਰੇ ਕੀ ਜਵਾਬ ਦੇਣ।

ਡਾ. ਸਿੱਧੂ ਨੇ ਦੋਸ਼ ਲਾਇਆ ਕਿ ਅੰਮ੍ਰਿਤਸਰ ਦੇ ਵਿਕਾਸ ਲਈ ਤੈਅ ਫੰਡ ਅਜਿਹੇ ਹੋਰ ਸ਼ਹਿਰਾਂ ਨੂੰ ਭੇਜ ਦਿੱਤੇ ਗਏ ਹਨ, ਜਿਥੇ ਪਹਿਲਾ ਹੀ ਮੁੱਢਲੀਆਂ ਸਹੂਲਤਾਂ ਦੀ ਸਥਿਤੀ ਠੀਕ ਹੈ। ਉਨ੍ਹਾਂ ਦਾਅਵਾ ਕੀਤਾ ਕਿ ਅੰਮ੍ਰਿਤਸਰ ਦੇ ਵਿਕਾਸ ਲਈ ਤੈਅ 110 ਕਰੋੜ ਰੁਪਏ ਦੀ ਰਾਸ਼ੀ ਦੀ ਦੁਰਵਰਤੋਂ ਹੋਈ ਹੈ ਤੇ ਇਹ ਹੋਰਨਾਂ ਸ਼ਹਿਰਾਂ ਵਿਚ ਵਿਕਾਸ ਲਈ ਭੇਜੀ ਗਈ ਹੈ ਜਦੋਂਕਿ ਅੰਮ੍ਰਿਤਸਰ ਵਿਚ ਪੀਣ ਵਾਲੇ ਸਾਫ ਪਾਣੀ, ਸੜਕਾਂ ਦੀ ਮੁਰੰਮਤ ਅਤੇ ਸੀਵਰੇਜ ਪ੍ਰਣਾਲੀ ਵਿਚ ਸੁਧਾਰ ਲਈ ਇਹ ਫੰਡ ਵਧੇਰੇ ਲੋੜੀਂਦੇ ਸਨ।

ਉਨ੍ਹਾਂ ਆਖਿਆ ਕਿ ਉਹ ਖੁਦ ਵੀ ਇਨ੍ਹਾਂ ਨੀਤੀਆਂ ਦਾ ਸ਼ਿਕਾਰ ਬਣੇ ਹਨ। ਉਨ੍ਹਾਂ ਦੇ ਹਲਕੇ ਵਿਚ ਸਾਫ ਤੇ ਸ਼ੁੱਧ ਪੀਣ ਵਾਲੇ ਪਾਣੀ ਦੀ ਸਹੂਲਤ ਲਈ ਨਿਰਧਾਰਿਤ 10 ਕਰੋੜ ਰੁਪਏ ਦੀ ਰਾਸ਼ੀ ਹੁਣ ਤਕ ਨਹੀਂ ਮਿਲੀ ਹੈ। ਜਦੋਂਕਿ ਸਥਾਨਕ ਸਰਕਾਰਾਂ ਵੱਲੋਂ ਤਕਰੀਬਨ ਇਕ ਸਾਲ ਪਹਿਲਾਂ ਇਸ ਦੀ ਮਨਜ਼ੂਰੀ ਦੇ ਦਿੱਤੀ ਗਈ ਸੀ। ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਨੇ ਇਹ ਫੰਡ ਹੋਰ ਕੰਮਾਂ ਲਈ ਨਿਸ਼ਚਿਤ ਕਰ ਦਿੱਤੇ ਹਨ। ਅਜਿਹੀ ਸਥਿਤੀ ਵਿਚ ਉਨ੍ਹਾਂ ਲਈ ਲੋਕਾਂ ਦੇ ਸਾਹਮਣੇ ਜਾਣਾ ਵੀ ਔਖਾ ਹੋ ਗਿਆ ਹੈ।

ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਡਾ. ਸਿੱਧੂ ਨੇ ਐਲਾਨ ਕੀਤਾ ਸੀ ਕਿ ਉਹ ਆਪਣੇ ਹਲਕੇ ਦੇ ਵਿਕਾਸ ਲਈ ਐਲਾਨੇ ਹੋਏ 100 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਕਰਨ ਲਈ ਅੰਮ੍ਰਿਤਸਰ ਤੋਂ ਚੰਡੀਗੜ੍ਹ ਤਕ ਪੈਦਲ ਯਾਤਰਾ ਕਰਨਗੇ। ਪਰ ਇਸ ਦੌਰਾਨ ਉਪ ਮੁੱਖ ਮੰਤਰੀ ਨਾਲ ਹੋਈ ਮੁਲਾਕਾਤ ਮਗਰੋਂ ਉਨ੍ਹਾਂ ਇਹ ਫੈਸਲਾ ਵਾਪਸ ਲੈ ਲਿਆ ਸੀ।

# ਰਹਿਮ ਦੇ ਆਧਾਰ 'ਤੇ ਮੌਤ ਦੇ ਹੱਕ ਵਿਚ ਨਹੀਂ ਹੈ ਭਾਰਤ ਸਰਕਾਰ

**ਨਵੀਂ ਦਿੱਲੀ:** ਸਿਹਤ ਤੇ ਪਰਿਵਾਰ ਕਲਿਆਣ ਮੰਤਰਾਲੇ ਨੇ ਰਹਿਮ ਦੇ ਆਧਾਰ 'ਤੇ ਮੌਤ ਬਾਰੇ ਬਿੱਲ ਨੂੰ ਆਪਣੀ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਮੰਤਰਾਲੇ ਨੇ ਇਸ ਬਾਰੇ ਕਈ ਤਰਕ ਪੇਸ਼ ਕਰਦਿਆਂ ਕਿਹਾ ਹੈ ਕਿ ਇਸ ਨਾਲ ਨਾ ਸਿਰਫ ਦਰਦ ਤੋਂ ਮੁਕਤੀ ਦਿਵਾਉਣ ਦੇ ਉਪਰਾਲਿਆਂ ਸਬੰਧੀ ਮੈਡੀਕਲ ਖੋਜਾਂ 'ਤੇ ਅਸਰ ਪਵੇਗਾ ਸਗੋਂ ਨਿਰਾਸ਼ਾਜਨਕ ਹਾਲਾਤ ਦੇ ਸ਼ਿਕਾਰ ਮਰੀਜ਼ਾਂ ਨੂੰ ਵਾਪਸ ਜ਼ਿੰਦਗੀ ਵੱਲ ਮੋੜਨ ਵਿਚ ਵੀ ਮੁਸ਼ਕਲ ਪੇਸ਼ ਆਏਗੀ।

ਮੰਤਰਾਲੇ ਨੇ ਕਿਹਾ ਹੈ ਕਿ ਬਦਲਦੇ ਸਮਾਜਿਕ ਦਬਾਅ ਤਹਿਤ ਤਕਲੀਫ ਨੂੰ ਨਾਪਣਾ ਵੀ ਸੰਭਵ ਨਹੀਂ ਹੈ ਤੇ ਨਾ ਹੀ ਲਗਾਤਾਰ ਸਹਾਇਤਾ ਦਾ ਮੁਲਾਂਕਣ ਕਰਨਾ ਸੌਖਾ ਕੰਮ ਹੈ। 27 ਨਵੰਬਰ, 1973 ਨੂੰ ਮੁੰਬਈ ਵਿਚ ਕੇ.ਈ.ਐਮ. ਹਸਪਤਾਲ ਵਿਚ ਕੰਮ ਕਰਨ ਵਾਲੀ ਅਰੁਣਾ ਸ਼ਾਨਬੇਗ ਨਾਮੀਂ ਇਕ ਨਰਸ ਨਾਲ ਸਫਾਈ ਕਰਮਚਾਰੀ ਵੱਲੋਂ ਕੀਤੇ ਜਬਰ ਜਨਾਹ ਤੋਂ ਬਾਅਦ ਗਲਾ ਘੁੱਟਣ ਕਰਕੇ ਉਹ ਉਸ ਵੇਲੇ ਤੋਂ ਹੀ ਬੇਹੋਸ਼ੀ ਵਿਚ ਹੈ।

37 ਸਾਲਾਂ ਤੋਂ ਅਰੁਣਾ ਹਸਪਤਾਲ ਦੀ ਦੇਖ-ਰੇਖ ਵਿਚ ਜ਼ੇਰੇ ਇਲਾਜ ਹੈ ਜਿਸ ਨੂੰ ਪਾਈਪਾਂ ਰਾਹੀਂ ਖਾਣਾ ਖਵਾ ਕੇ ਜ਼ਿੰਦਾ ਰੱਖਿਆ ਜਾ ਰਿਹਾ ਹੈ। ਅਰੁਣਾ ਵੱਲੋਂ ਉਸ ਦੀ ਦੋਸਤ ਪਿੰਕੀ ਵਿਰਾਨੀ, ਇਕ ਸਮਾਜਿਕ ਕਾਰਜਕਰਤਾ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਪਾਈ ਸੀ ਕਿ ਅਰੁਣਾ ਦੀ ਜ਼ਿੰਦਗੀ ਉਸ ਦੇ ਸਨਮਾਨ ਨਾਲ ਜੀਣ ਦੇ ਹੱਕ ਦੀ ਉਲੰਘਣਾ ਹੈ। ਪਿੰਕੀ ਨੇ ਉਸ ਲਈ ਰਹਿਮ ਦੇ ਆਧਾਰ 'ਤੇ ਮੌਤ ਦੀ ਮੰਗ ਕੀਤੀ ਸੀ। ਸੁਪਰੀਮ ਕੋਰਟ ਨੇ ਸੱਤ ਮਾਰਚ, 2011 ਨੂੰ ਪਟੀਸ਼ਨ ਨੂੰ ਖਾਰਜ ਕਰਦਿਆਂ ਇਸ ਸਬੰਧ ਵਿਚ ਵਿਆਪਕ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਸਨ। ਸੁਪਰੀਮ ਕੋਰਟ ਨੇ ਜਿਸ ਹਾਲਤ ਵਿਚ ਮਰੀਜ਼ ਦੇ ਸਰੀਰ ਦੇ ਸਾਰੇ ਅਹਿਮ ਹਿੱਸੇ ਕੰਮ ਕਰਨਾ ਬੰਦ ਕਰ ਦਿੰਦੇ ਹਨ, ਉਸ ਹਾਲਤ ਵਿਚ ਮਰੀਜ਼ ਤੋਂ 'ਲਾਈਫ ਸਪੋਰਟ ਸਿਸਟਮ' ਹਟਾਉਣ ਦੀ ਆਗਿਆ ਦੇ ਦਿੱਤੀ ਸੀ। ਰਹਿਮ 'ਤੇ ਆਧਾਰਿਤ ਮੌਤ ਬਾਰੇ ਕਾਨੂੰਨ ਤੇ ਨਿਆਂ ਮੰਤਰਾਲੇ ਨਾਲ ਸਲਾਹ-ਮਸ਼ਵਰਾ ਕਰਨ ਤੋਂ ਬਾਅਦ ਇਹ ਫ਼ੈਸਲਾ ਕੀਤਾ ਗਿਆ ਕਿ ਅਰੁਣਾ ਦੇ ਕੇਸ ਵਿਚ ਸੁਪਰੀਮ ਕੋਰਟ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ ਨੂੰ ਹੀ ਕਾਨੂੰਨ ਮੰਨਿਆ ਜਾਵੇਗਾ।

# ਆਜ਼ਾਦੀ ਪਰੇਡ 'ਚ ਦੋ ਲੱਖ ਲੋਕਾਂ ਵੱਲੋਂ ਸ਼ਿਰਕਤ



ਆਜ਼ਾਦੀ ਦਿਵਸ ਪਰੇਡ ਮੌਕੇ ਸੰਬੋਧਨ ਕਰ ਰਹੇ ਅੰਨਾ ਹਜ਼ਾਰੇ।

**ਨਿਊ ਯਾਰਕ:** ਭਾਰਤ ਦੇ ਆਜ਼ਾਦੀ ਦਿਵਸ ਦੇ ਜਸ਼ਨਾਂ ਮੌਕੇ ਹੋਈ ਪਰੇਡ ਦੀ ਅਗਵਾਈ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੇ ਨਾਇਕ ਅੰਨਾ ਹਜ਼ਾਰੇ ਤੇ ਬਾਲੀਵੁੱਡ ਅਦਾਕਾਰਾ ਵਿਦਿਆ ਬਾਲਨ ਨੇ ਕੀਤੀ। ਤਿਰੰਗਾ ਚੁੱਕ ਕੇ ਪਰੇਡ ਵਿਚ ਸ਼ਾਮਲ ਹੋਏ ਦੋ ਲੱਖ ਤੋਂ ਵੱਧ ਲੋਕਾਂ ਨੇ ਭਾਰਤ ਦੇ ਸੱਭਿਆਚਾਰ ਦੀ ਝਲਕ ਪੇਸ਼ ਕੀਤੀ।

ਫੈਡਰੇਸ਼ਨ ਆਫ ਇੰਡੀਅਨ ਐਸੋਸੀਏਸ਼ਨ (ਐਫ.ਆਈ.ਏ.) ਵੱਲੋਂ ਕਰਵਾਈ ਇਸ ਸਾਲਾਨਾ ਭਾਰਤ ਦਿਵਸ ਪਰੇਡ ਵਿਚ ਦੋ ਲੱਖ ਭਾਰਤੀ-ਅਮਰੀਕੀਆਂ ਨੇ ਹਿੱਸਾ ਲਿਆ। ਮੈਨਹਟਨ ਵਿਚ ਹੋਈ ਇਸ ਪਰੇਡ ਵਿਚ 'ਅੰਨਾ ਹਜ਼ਾਰੇ ਜ਼ਿੰਦਾਬਾਦ', 'ਭ੍ਰਿਸ਼ਟਾਚਾਰ ਮੁਰਦਾਬਾਦ' ਦੇ ਨਾਅਰੇ ਗੂੰਜੇ। ਖਾਦੀ ਕੁੜਤਾ ਪਾਈ ਇਸ ਗਾਂਧੀਵਾਦੀ ਆਗੂ ਦੇ ਵਾਹਨ ਨੂੰ ਥਾਂ-ਥਾਂ ਰੋਕਣਾ ਪਿਆ ਕਿਉਂਕਿ ਬਹੁਤੇ ਲੋਕ ਉਨ੍ਹਾਂ ਨਾਲ ਹੱਥ ਮਿਲਾਉਣ ਲਈ ਕਾਹਲੇ ਸਨ।

ਇਸ ਮੌਕੇ ਵਿਦਿਆ ਬਾਲਨ ਨੇ ਕਿਹਾ ਹੈ ਕਿ ਇੰਨਾ ਇਕੱਠਾ ਦੇਖ ਕੇ ਉਹ ਅਚੰਭਿਤ ਤੇ ਬਾਗੋ-ਬਾਗ ਹੈ। ਲੋਕਾਂ ਨੇ ਤਿਰੰਗਾ ਲਹਿਰਾਉਂਦਿਆਂ ਨਾਅਰੇ ਲਾਏ ਕਿ ਉਹ ਭ੍ਰਿਸ਼ਟਾਚਾਰ ਵਿਰੋਧੀ ਜੰਗ ਵਿਚ ਅੰਨਾ ਹਜ਼ਾਰੇ ਦੇ ਨਾਲ ਹਨ। ਸੰਤਰੀ, ਸਫੈਦ ਤੇ ਹਰੇ ਰੰਗ ਦੀਆਂ ਪੁਸ਼ਾਕਾਂ ਪਾ ਕੇ ਪਰੇਡ ਵਿਚ ਸ਼ਾਮਲ ਹੋਏ ਸੈਂਕੜੇ ਲੋਕਾਂ ਨੇ 'ਆਈ ਐਮ ਫਾਰ ਅੰਨਾ' ਲਿਖੀਆਂ ਟੋਪੀਆਂ ਪਾ ਕੇ ਅੰਨਾ ਹਜ਼ਾਰੇ ਦੇ ਸਮਰਥਨ ਦਾ ਐਲਾਨ ਕੀਤਾ। ਇਸ ਦੌਰਾਨ ਭੀੜ ਨੂੰ ਕਾਬੂ ਵਿਚ ਰੱਖਣ ਲਈ ਨਿਊਯਾਰਕ ਪੁਲੀਸ ਨੂੰ ਵੀ ਕਾਫੀ ਮੁਸ਼ੱਕਤ ਕਰਨੀ ਪਈ। ਐਫ.ਆਈ.ਏ. ਦੇ ਬੱਘੀਨੁਮਾ ਵਾਹਨ ਵਿਚ ਐਸੋਸੀਏਸ਼ਨ ਦੇ ਪ੍ਰਧਾਨ ਸੰਜੇ ਅਮੀਨ ਤੇ ਭਾਰਤੀ ਥਲ ਸੈਨਾ ਦੇ ਸਾਬਕਾ ਮੁਖੀ ਜਨਰਲ ਵੀ.ਕੇ. ਸਿੰਘ ਤੇ ਹੋਰਾਂ ਨਾਲ ਸਫ਼ਰ ਕਰ ਰਹੀ ਵਿਦਿਆ ਬਾਲਨ ਨੇ ਵੀ ਮੈਡੀਸਨ ਐਵੇਨਿਊ ਦੇ ਦੋਵੇਂ ਪਾਸੇ ਖੜ੍ਹੇ ਲੋਕਾਂ ਦਾ ਧਿਆਨ ਖਿੱਚਿਆ।

# ਚੀਨ ਦੀ ਜਾਸੂਸੀ ਲਈ ਅਮਰੀਕਾ ਨੇ ਵਰਤਿਆ ਸੀ ਭਾਰਤੀ ਹਵਾਈ ਅੱਡਾ

**ਵਾਸ਼ਿੰਗਟਨ:** ਭਾਰਤ ਦੇ ਮਰਹੂਮ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ 1962 ਦੀ ਜੰਗ ਵਿਚ ਆਪਣੀ ਹਾਰ ਮਗਰੋਂ ਸੀਆਈਏ ਦੇ ਯੂ-2 ਜਾਸੂਸੀ ਜਹਾਜ਼ਾਂ ਨੂੰ ਚੀਨ ਦੇ ਖੇਤਰਾਂ ਵਿਚ ਜਾਸੂਸੀ ਕਰਨ ਲਈ ਅਮਰੀਕਾ ਨੂੰ ਆਪਣਾ ਹਵਾਈ ਅੱਡਾ ਈਂਧਣ ਭਰਨ ਲਈ ਵਰਤਣ ਦੀ ਆਗਿਆ ਦਿੱਤੀ ਸੀ। ਅਮਰੀਕਾ ਵਿਚ ਜਨਤਕ ਕੀਤੇ ਗਏ ਗੁਪਤ ਸਰਕਾਰੀ ਦਸਤਾਵੇਜ਼ਾਂ ਤੋਂ ਇਹ ਖੁਲਾਸਾ ਹੋਇਆ ਹੈ।

11 ਨਵੰਬਰ, 1962 ਨੂੰ ਭਾਰਤ ਦੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਚੀਨ ਨਾਲ ਲਗਦੇ ਖੇਤਰਾਂ ਵਿਚੋਂ ਯੂ-2 ਮਿਸ਼ਨਾਂ ਲਈ ਅਮਰੀਕੀ ਜਹਾਜ਼ਾਂ ਨੂੰ ਉਡਾਣ ਭਰਨ ਦੀ ਆਗਿਆ ਦਿੱਤੀ ਸੀ। ਨੈਸ਼ਨਲ ਸਕਿਓਰਿਟੀ ਆਰਕਾਈਵਜ਼ (ਐਨਐਸਏ) ਨੇ ਹਾਲ ਹੀ ਵਿਚ ਸੂਚਨਾ ਦੀ ਆਜ਼ਾਦੀ ਦੇ ਐਕਟ ਅਧੀਨ ਸੀਆਈਏ ਤੋਂ ਹਾਸਲ ਕੀਤੇ ਦਸਤਾਵੇਜ਼ਾਂ ਦੇ ਆਧਾਰ 'ਤੇ ਇਹ ਖੁਲਾਸਾ ਕੀਤਾ ਹੈ। ਦੂਜੀ ਵਿਸ਼ਵ ਜੰਗ ਵੇਲੇ ਦੇ ਵਰਤੇ ਨਾ ਜਾ ਰਹੇ ਉੜੀਸਾ ਦੇ ਸੁਰਬਤੀਆ ਹਵਾਈ ਅੱਡੇ ਦੀ ਵਰਤੋਂ ਦੀ ਅਮਰੀਕੀ ਜਹਾਜ਼ਾਂ ਨੂੰ ਆਗਿਆ ਦਿੱਤੀ ਗਈ ਸੀ। ਅਮਰੀਕਾ ਦੇ ਰਾਸ਼ਟਰਪਤੀ ਜੌਹਨ ਐਫ ਕੈਨੇਡੀ ਤੇ ਭਾਰਤ ਦੇ ਰਾਸ਼ਟਰਪਤੀ ਐਸ. ਰਾਧਾਕ੍ਰਿਸ਼ਨਨ ਵਿਚਾਲੇ 3 ਜੂਨ, 1963 ਨੂੰ ਹੋਈ ਮੀਟਿੰਗ ਵਿਚ ਇਸ 'ਤੇ ਸਹਿਮਤੀ ਬਣੀ ਸੀ ਪਰ ਭਾਰਤ ਵੱਲੋਂ ਇਸ ਅੱਡੇ ਦੀ ਮੁਰੰਮਤ ਨੂੰ ਆਸ ਨਾਲੋਂ ਵੱਧ ਸਮਾਂ ਲੱਗਣ ਕਾਰਨ ਅਮਰੀਕਾ ਨੇ ਆਪਣੇ ਮਿਸ਼ਨ ਥਾਈਲੈਂਡ ਦੇ ਤਖਲੀ ਹਵਾਈ ਅੱਡੇ ਤੋਂ ਚਲਾ ਲਏ ਸਨ।



ਰਿਪੋਰਟ ਅਨੁਸਾਰ ਅਮਰੀਕਾ ਨੇ ਇਹ ਖੁਫ਼ੀਆ ਮਿਸ਼ਨ 1954 ਤੋਂ 1974 ਤਕ ਚਲਾਇਆ ਸੀ। ਯੂ-2 ਦਾ 10 ਨਵੰਬਰ, 1963 ਦਾ ਮਿਸ਼ਨ ਸਭ ਤੋਂ ਲੰਮਾ 11 ਘੰਟੇ 45 ਮਿੰਟ ਦਾ ਸੀ ਤੇ ਜਹਾਜ਼ ਦਾ ਪਾਇਲਟ ਇੰਨਾ ਥੱਕ ਗਿਆ ਸੀ ਕਿ ਅਗਲੇ ਮਿਸ਼ਨ 10-10 ਘੰਟੇ ਦੇ ਮਿਥੇ ਗਏ ਸਨ। ਐਨਐਸਏ ਅਨੁਸਾਰ ਸੁਰਬਤੀਆ ਵਿਚ ਪਹਿਲੀ ਤਾਇਨਾਤੀ ਸ੍ਰੀ ਨਹਿਰੂ ਦੇ ਚਲਾਣੇ ਨਾਲ ਮਈ 1964 ਵਿਚ ਖਤਮ ਕਰ ਦਿੱਤੀ ਗਈ ਸੀ। ਇਸ ਮਿਸ਼ਨ ਦੌਰਾਨ ਹੀ ਸੀਆਈਏ ਨੇ ਨਵੀਂ ਦਿੱਲੀ ਨੂੰ ਭਾਰਤੀ ਖੇਤਰ ਵਿਚ ਚੀਨ ਦੇ ਦਖਲ ਬਾਰੇ ਦੱਸਿਆ ਸੀ।

# ਨੇਤਾ ਜੀ ਦੀ ਮੌਤ ਦਾ ਰਹੱਸ ਜਨਤਕ ਕਰਨ 'ਤੇ ਜ਼ੋਰ

**ਕੋਲਕਾਤਾ:** ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਚਾਹੁਣ ਵਾਲੇ ਉਨ੍ਹਾਂ ਦੀ ਬਰਸੀ ਮਨਾਉਣ ਲਈ ਜਾਪਾਨ ਦੇ ਰੇਨਕੋਜੀ ਮੰਦਰ ਪਹੁੰਚੇ ਸਨ ਪਰ ਕੋਲਕਾਤਾ ਵਿਚ ਉਨ੍ਹਾਂ ਦੇ ਪਰਿਵਾਰ ਨੇ ਇਸ ਦਿਨ ਨੂੰ ਅਣਗੌਲਿਆ ਦਿਨ ਵਜੋਂ ਮਨਾਉਣ ਦਾ ਫ਼ੈਸਲਾ ਕਰਦੇ ਹੋਏ ਇਹ ਮੰਗ ਕੀਤੀ ਕਿ ਉਨ੍ਹਾਂ ਦੀ ਮੌਤ ਸਬੰਧੀ ਸਾਰੀਆਂ ਫਾਈਲਾਂ ਜਨਤਕ ਕੀਤੀਆਂ ਜਾਣ।

ਸੁਭਾਸ਼ ਚੰਦਰ ਬੋਸ ਜੋ 1945 ਤੋਂ ਬਾਅਦ ਲਾਪਤਾ ਹੋ ਗਏ ਸਨ, ਉਨ੍ਹਾਂ ਦੀ ਮੌਤ ਸਬੰਧੀ ਸਾਰੀਆਂ ਫ਼ਾਈਲਾਂ ਜਨਤਕ ਕਰਨ ਦੀ ਮੰਗ ਕਰਦੇ ਹੋਏ ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਦੀ ਬਰਸੀ ਨੂੰ ਇਸ ਸਾਲ ਤੋਂ ਅਣਗੌਲਿਆ ਦਿਨ ਵਜੋਂ ਮਨਾਉਣ ਦਾ ਫ਼ੈਸਲਾ ਕੀਤਾ ਹੈ। ਪਰਿਵਾਰ ਦੇ ਮੈਂਬਰ ਸੂਰਿਆ ਕੁਮਾਰ ਬੋਸ ਨੇ ਕਿਹਾ ਕਿ ਉਹ ਸਰਕਾਰ 'ਤੇ ਦਬਾਅ ਬਣਾਉਣ ਲਈ ਹੋਰ ਜਥੇਬੰਦੀਆਂ ਨਾਲ ਵੀ ਸੰਪਰਕ ਕਰਨਗੇ।

# ਸਭ ਤੋਂ ਛੋਟੀ ਔਰਤ ਵੱਲੋਂ ਸਭ ਤੋਂ ਵੱਡੀ ਕਿਤਾਬ ਰਿਲੀਜ਼



**ਜੈਪੁਰ:** ਦੁਨੀਆ ਦੀ ਸਭ ਤੋਂ ਛੋਟੀ ਔਰਤ ਜੋਤੀ ਆਮਗੇ (20 ਇੰਚ) ਨੇ ਦੁਨੀਆ ਦੀ ਸਭ ਤੋਂ ਵੱਡੀ ਕਿਤਾਬ ਜੋ ਜੈਨ ਮੁਨੀ ਵੱਲੋਂ ਲਿਖੀ ਗਈ ਹੈ, ਜਾਰੀ ਕੀਤੀ। ਜੈਨ ਮੁਨੀ ਵੱਲੋਂ ਲਿਖੀ ਗਈ ਧਾਰਮਿਕ ਕਿਤਾਬ 'ਕੜਵੇ ਪ੍ਰਵਚਨ' ਜਿਸ ਦਾ ਭਾਰ ਦੋ ਹਜ਼ਾਰ ਕਿਲੋ ਹੈ ਤੇ ਇਹ 30 ਫੁੱਟ ਲੰਮੀ ਤੇ 24 ਫੁੱਟ ਚੌੜੀ ਹੈ।

ਇਸ ਮੌਕੇ ਜੋਤੀ ਨੇ ਕਿਹਾ ਕਿ ਜੈਨ ਮੁਨੀ ਦੀ ਇਹ ਕਿਤਾਬ ਬਹੁਤ ਚੰਗੀ ਹੈ ਤੇ ਜੈਪੁਰ ਦੇ ਲੋਕ ਵੀ ਬਹੁਤ ਚੰਗੇ ਹਨ। ਜ਼ਿਕਰਯੋਗ ਹੈ ਕਿ ਇਸ ਕਿਤਾਬ ਨੂੰ 1500 ਕਿਲੋ ਲੋਹੇ ਤੇ 100 ਲੀਟਰ ਰੰਗ ਨਾਲ 10 ਕਾਮਿਆਂ ਨੇ ਬਣਾਇਆ ਹੈ। ਇਕ ਕੰਮ ਨੂੰ ਪੂਰਾ ਹੋਣ ਵਿਚ ਚਾਰ ਦਿਨ ਲੱਗੇ। ਲਿਮਕਾ ਬੁੱਕ ਆਫ ਵਰਲਡ ਰਿਕਾਰਡ ਦੇ ਇਕ ਨੁਮਾਇੰਦੇ ਨੇ ਇਸ ਨਵੇਂ ਰਿਕਾਰਡ ਸਬੰਧੀ ਸਰਟੀਫਿਕੇਟ ਜੈਨ ਮੁਨੀ ਨੂੰ ਦਿੱਤਾ।

# ਮੋਦੀ ਨੂੰ ਅਮਰੀਕੀ ਵੀਜ਼ੇ ਦਾ ਵਿਰੋਧ

**ਵਾਸ਼ਿੰਗਟਨ:** ਅਮਰੀਕਾ ਦੀ ਇਕ ਅਧਿਕਾਰੀ ਨੇ ਕਿਹਾ ਹੈ ਕਿ ਭਾਰਤ ਦੇ ਗੁਜਰਾਤ ਸੂਬੇ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਅਮਰੀਕਾ ਦਾ ਵੀਜ਼ਾ ਨਹੀਂ ਦਿੱਤਾ ਜਾਣਾ ਚਾਹੀਦਾ ਕਿਉਂਕਿ 2002 ਦੇ ਗੁਜਰਾਤ ਦੰਗਿਆਂ ਵਿਚ ਉਸ ਦਾ ਨਾਂ ਬੋਲਦਾ ਹੈ। ਕੌਮਾਂਤਰੀ ਪੱਧਰ 'ਤੇ ਧਾਰਮਿਕ ਆਜ਼ਾਦੀ ਬਾਰੇ ਅਮਰੀਕਾ ਨੇ ਦੋ ਪਾਰਟੀਆਂ 'ਤੇ ਅਧਾਰਤ ਕਮਿਸ਼ਨ ਦੀ ਵਾਈਸ ਚੇਅਰਪਰਸਨ ਕੈਟਰੀਨਾ ਲੈਂਟੋਸ ਸਵੈਟ ਨੂੰ ਜਦੋਂ ਭਾਰਤ ਵਿਚ ਮੁੱਖ ਵਿਰੋਧੀ ਧਿਰ ਭਾਜਪਾ ਦੇ ਪ੍ਰਧਾਨ ਮੰਤਰੀ ਦੇ ਅਹੁਦੇ ਦੇ ਉਮੀਦਵਾਰ ਵਜੋਂ ਮੋਦੀ ਨੂੰ ਪੇਸ਼ ਕੀਤੇ ਜਾਣ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਭਾਰਤ ਦੇ ਅਗਲੇ ਨੇਤਾ ਬਾਰੇ ਕਿਸੇ ਹੋਰ ਮੁਲਕ ਜਾਂ ਵਿਅਕਤੀ ਨੇ ਨਹੀਂ ਦੱਸਣਾ, ਇਹ ਤਾਂ ਭਾਰਤ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਇਹ ਜ਼ਰੂਰ ਧਿਆਨ ਨਾਲ ਪਰਖ ਲੈਣ ਕਿ ਉਹ ਕਿਸ ਨੂੰ ਅਗਲਾ ਪ੍ਰਧਾਨ ਮੰਤਰੀ ਬਣਾਉਣ ਲੱਗੇ ਹਨ।

ਉਨ੍ਹਾਂ ਕਿਹਾ ਕਿ ਮੋਦੀ ਨੂੰ ਅਮਰੀਕਾ ਦਾ ਵੀਜ਼ਾ ਨਹੀਂ ਦਿੱਤਾ ਜਾਣਾ ਚਾਹੀਦਾ। ਮੋਦੀ ਵਿਰੁੱਧ ਭਾਰਤੀ ਅਦਾਲਤਾਂ ਵਿਚ ਕੋਈ ਸਬੂਤ ਵੀ ਪੇਸ਼ ਨਾ ਹੋਣ ਦੇ ਸਵਾਲ 'ਤੇ ਸਵੈਟ ਦਾ ਜਵਾਬ ਸੀ ਕਿ ਅਮਰੀਕਾ ਨਿਆਂਤੰਤਰ ਮੁਤਾਬਕ ਹੋ ਸਕਦਾ ਹੈ ਕੋਈ ਦੋਸ਼ੀ ਸਿੱਧ ਨਾ ਹੋਵੇ ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਉਹ ਨਿਰਦੋਸ਼ ਹੈ।

# ਸੰਤ ਲੌਂਗੋਵਾਲ ਦਾ ਬਰਸੀ ਸਮਾਗਮ ਕੇਂਦਰ ਖਿਲਾਫ ਮੋਰਚਾ ਬਣਿਆ

**ਲੌਂਗੋਵਾਲ:** ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 28ਵੀਂ ਬਰਸੀ ਮੌਕੇ ਲੌਂਗੋਵਾਲ ਵਿਚ ਹੋਏ ਰਾਜ ਪੱਧਰੀ ਸ਼ਰਧਾਂਜਲੀ ਸਮਾਗਮ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਲੋਕਾਂ ਨੂੰ ਕੇਂਦਰ ਵਿਚ ਐਨ.ਡੀ.ਏ. ਦੀ ਸਰਕਾਰ ਬਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੀਆਂ ਅੰਦਰੂਨੀ ਅਤੇ ਬਾਹਰੀ ਸੁਰੱਖਿਆ ਸਬੰਧੀ ਗਲਤ ਨੀਤੀਆਂ ਕਾਰਨ ਦੇਸ਼ ਨੂੰ ਇਸ ਸਮੇਂ ਭਾਰੀ ਨੁਕਸਾਨ ਉਠਾਉਣਾ ਪੈ ਰਿਹਾ ਹੈ। ਯੂ.ਪੀ.ਏ. ਸਰਕਾਰ ਸਾਰੇ ਮੋਰਚਿਆਂ 'ਤੇ ਫੇਲ੍ਹ ਹੋ ਚੁੱਕੀ ਹੈ ਅਤੇ ਰੁਪਏ ਦੀ ਕੀਮਤ ਵਿਚ ਲਗਾਤਾਰ ਗਿਰਾਵਟ ਇਸ ਦੀ ਮੁੱਖ ਉਦਾਹਰਣ ਹੈ।

ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸ੍ਰੀ ਬਾਦਲ ਨੇ ਕਿਹਾ ਕਿ ਉਹ ਨਾ ਕੇਵਲ ਸਿੱਖ ਦਾਰਸ਼ਨਿਕ ਅਤੇ ਸਿੱਖ ਸਿਧਾਂਤਾਂ ਦੇ ਗਿਆਤਾ ਸਨ ਸਗੋਂ ਉਨ੍ਹਾਂ ਦਾ ਸਮੁੱਚਾ ਜੀਵਨ ਸਿਆਸਤਦਾਨਾਂ ਅਤੇ ਆਮ ਲੋਕਾਂ ਲਈ ਪ੍ਰੇਰਨਾ ਸਰੋਤ ਰਿਹਾ ਹੈ। ਸੰਤ ਜੀ ਨੇ ਧਾਰਮਿਕ, ਸਮਾਜਕ ਤੇ ਸਿਆਸੀ ਪੱਖਾਂ ਤੋਂ ਲੋਕਾਂ ਦੀ ਵਿਲੱਖਣ ਸੇਵਾ ਕੀਤੀ ਅਤੇ ਫਿਰਕੂ ਸਦਭਾਵਨਾ, ਸ਼ਾਂਤੀ ਅਤੇ ਆਪਸੀ ਭਾਈਚਾਰੇ ਦੀ ਰੱਖਿਆ ਲਈ ਆਪਣੀ ਜ਼ਿੰਦਗੀ ਕੁਰਬਾਨ ਕੀਤੀ, ਪਰ ਕੇਂਦਰ ਦੀ ਕਾਂਗਰਸ ਸਰਕਾਰ ਨੇ ਰਾਜੀਵ-ਲੌਂਗੋਵਾਲ ਸਮਝੌਤਾ ਲਾਗੂ ਨਾ ਕਰ ਕੇ ਉਨ੍ਹਾਂ ਦੀ ਪਿੱਠ ਵਿਚ ਛੂਰਾ ਮਾਰਿਆ।

ਸਮਾਗਮ ਵਿਚ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਰਾਜਨਾਥ ਸਿੰਘ ਨੇ ਉਚੇਚੇ ਤੌਰ 'ਤੇ ਭਾਗ ਲਿਆ। ਭਾਜਪਾ ਦੇ ਦੋ ਹੋਰ ਕੌਮੀ ਆਗੂਆਂ ਸ਼ਾਹਨਵਾਜ਼ ਹੁਸੈਨ ਤੇ ਸ਼ਾਂਤਾ ਕੁਮਾਰ ਨੇ ਵੀ ਸਮਾਗਮ ਵਿਚ ਸ਼ਿਰਕਤ ਕੀਤੀ। ਰਾਜਨਾਥ ਸਿੰਘ ਨੇ ਕਿਹਾ ਕਿ ਸੰਤ ਲੌਂਗੋਵਾਲ ਨੇ ਫਿਰਕੂ ਸਦਭਾਵਨਾ, ਸ਼ਾਂਤੀ ਅਤੇ ਆਪਸੀ ਭਾਈਚਾਰੇ ਲਈ ਕੁਰਬਾਨੀ ਕੀਤੀ ਅਤੇ ਪੰਜਾਬ ਦੇ ਮੁੱਖ ਮੰਤਰੀ ਸ੍ਰੀ ਬਾਦਲ, ਸੰਤ ਲੌਂਗੋਵਾਲ ਦੀ ਉਸੇ ਵਿਰਾਸਤ ਨੂੰ ਅੱਗੇ ਤੋਰ ਰਹੇ ਹਨ। ਉਨ੍ਹਾਂ ਨੇ ਕੇਂਦਰ ਸਰਕਾਰ ਅਤੇ ਕਾਂਗਰਸ ਦੀਆਂ ਨੀਤੀਆਂ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਇਹ ਫਿਰਕੇਦਾਰਾਨਾ ਵੰਡੀਆਂ ਰਾਹੀਂ ਵੋਟਾਂ ਬਟੋਰਨਾ ਚਾਹੁੰਦੀ ਹੈ। ਸਾਬਕਾ ਕੇਂਦਰੀ ਮੰਤਰੀ ਅਤੇ ਭਾਜਪਾ ਦੇ ਕੌਮੀ ਬੁਲਾਰੇ ਸ਼ਾਹਨਵਾਜ਼ ਨੇ ਕਿਹਾ ਕਿ ਸਰਹੱਦ 'ਤੇ ਸ਼ਹੀਦ ਹੋਣ ਵਾਲੇ ਸੈਨਿਕਾਂ ਲਈ ਕਾਂਗਰਸ ਤੇ ਕੌਮੀ ਨੇਤਾਵਾਂ ਲਈ ਕੋਈ ਸਮਾਂ ਨਹੀਂ। ਇਹ ਸਰਕਾਰ ਤਾਂ ਸ਼ਹੀਦੇ-ਆਜ਼ਮ ਭਗਤ ਸਿੰਘ ਨੂੰ ਵੀ ਸ਼ਹੀਦ ਨਹੀਂ ਮੰਨਦੀ। ਕੇਂਦਰ ਸਰਕਾਰ ਸਿਰਫ ਉਨ੍ਹਾਂ ਲੋਕਾਂ ਨੂੰ ਹੀ ਸ਼ਹੀਦ ਮੰਨਦੀ ਹੈ ਜਿਹੜੇ ਵਿਸ਼ੇਸ਼ ਪਰਿਵਾਰ ਨਾਲ ਸਬੰਧ ਰੱਖਦੇ ਹਨ। ਸ਼ਾਂਤਾ ਕੁਮਾਰ, ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ, ਪੰਜਾਬ ਦੇ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਰਾਜ ਸਭਾ ਮੈਂਬਰ ਬਲਵਿੰਦਰ ਸਿੰਘ ਭੂੰਦੜ, ਪੰਜਾਬ ਭਾਜਪਾ ਦੇ ਪ੍ਰਧਾਨ ਕਮਲ ਸ਼ਰਮਾ ਤੇ ਹੋਰ ਆਗੂ ਵੀ ਸਮਾਗਮ ਵਿਚ ਸ਼ਾਮਲ ਹੋਏ।

*To Advertise with Punjab Times*
**Call: 847-359-0746**

# ਸਿਹਤ ਸਹੂਲਤਾਂ ਪੱਖੋਂ 19ਵੇਂ ਸਥਾਨ 'ਤੇ ਖਿਸਕਿਆ ਪੰਜਾਬ

**ਨਵੀਂ ਦਿੱਲੀ:** ਪੰਜਾਬ ਸਰਕਾਰ ਨੇ ਸੂਬੇ ਦੇ ਲੋਕਾਂ ਨੂੰ ਸਿਹਤ ਸਹੂਲਤਾਂ ਪੱਖੋਂ ਰੱਬ ਆਸਰੇ ਹੀ ਛੱਡਿਆ ਹੋਇਆ ਹੈ। ਲੋਕਾਂ ਨੂੰ ਚੰਗੀਆਂ ਸਹੂਲਤਾਂ ਦੇਣ ਬਾਰੇ ਦਾਅਵੇ ਕਰਨ ਵਿਚ ਭਾਵੇਂ ਸੂਬਾ ਸਰਕਾਰ ਦਾ ਕੋਈ ਸਾਨੀ ਨਹੀਂ ਪਰ 243 ਸਰਕਾਰੀ ਹਸਪਤਾਲਾਂ ਨਾਲ ਪੰਜਾਬ ਦੇਸ਼ ਵਿਚ 19ਵੇਂ ਨੰਬਰ 'ਤੇ ਹੈ ਜੋ ਦੇਸ਼ ਦੇ ਕੁਲ ਸਰਕਾਰੀ ਹਸਪਤਾਲਾਂ ਦਾ ਸਿਰਫ਼ 0.69 ਫੀਸਦੀ ਹੈ।

ਇਨ੍ਹਾਂ ਅੰਕੜਿਆਂ ਤੋਂ ਦਿਲਚਸਪ ਗੱਲ ਇਹ ਵੀ ਉੱਭਰ ਕੇ ਸਾਹਮਣੇ ਆਈ ਹੈ ਕਿ ਸਰਕਾਰੀ ਸਿਹਤ ਬੁਨਿਆਦੀ ਢਾਂਚੇ ਦੇ ਹਿਸਾਬ ਨਾਲ ਹਰਿਆਣਾ, ਹਿਮਾਚਲ ਪ੍ਰਦੇਸ਼ ਤੇ ਦਿੱਲੀ ਨੂੰ ਛੱਡ ਕੇ ਬਾਕੀ ਸਾਰੇ ਵੱਡੇ ਤੇ ਵਿਕਸਤ ਸੂਬੇ ਪੰਜਾਬ ਤੋਂ ਅੱਗੇ ਹਨ। ਰਾਜਸਥਾਨ 2512 ਸਰਕਾਰੀ ਹਸਪਤਾਲਾਂ ਨਾਲ ਸਭ ਤੋਂ ਅੱਗੇ ਹੈ। ਦੇਸ਼ ਦੇ ਕੁਲ 35,416 ਸਰਕਾਰੀ ਹਸਪਤਾਲਾਂ ਵਿਚੋਂ ਰਾਜਸਥਾਨ ਵਿਚ 7.09 ਫੀਸਦੀ ਹਸਪਤਾਲ ਹਨ ਜਿਸ ਪਿੱਛੋਂ ਛੱਤੀਸਗੜ੍ਹ ਤੇ ਤਾਮਿਲਨਾਡੂ ਕ੍ਰਮਵਾਰ 2023 ਤੇ 1995 ਹਸਪਤਾਲਾਂ ਨਾਲ ਦੂਜੇ ਤੇ ਤੀਜੇ ਨੰਬਰ 'ਤੇ ਹਨ। ਬਿਹਾਰ ਤੇ ਝਾਰਖੰਡ ਵਿਚ ਵੀ ਕ੍ਰਮਵਾਰ ਪੰਜਾਬ ਨਾਲੋਂ ਵੱਧ ਯਾਨੀ 671 ਤੇ 549 ਹਸਪਤਾਲ ਹਨ।



ਹੋਰ ਸੂਬੇ ਜਿਥੇ ਪੰਜਾਬ ਤੋਂ ਘੱਟ ਹਸਪਤਾਲ ਹਨ, ਉਨ੍ਹਾਂ ਵਿਚ ਮਨੀਪੁਰ, ਨਾਗਾਲੈਂਡ, ਮੇਘਾਲਿਆ, ਤ੍ਰਿਪੁਰਾ, ਸਿੱਕਮ ਤੇ ਗੋਆ ਸ਼ਾਮਲ ਹਨ। ਇਸ ਤੋਂ ਇਲਾਵਾ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਚ ਵੀ ਹਸਪਤਾਲਾਂ ਦੀ ਗਿਣਤੀ ਘੱਟ ਹੈ। ਭਾਰਤ ਵਿਚ ਔਸਤਨ 879 ਵਿਅਕਤੀਆਂ ਲਈ ਹਸਪਤਾਲ ਦਾ ਇਕ ਬੈੱਡ ਹਿੱਸੇ ਆਉਂਦਾ ਹੈ। ਪੰਜਾਬ ਇਸ ਮਾਮਲੇ ਵਿਚ ਵੀ ਕਾਫੀ ਪਿੱਛੇ ਹੈ। ਪੰਜਾਬ ਵਿਚ 2426 ਵਿਅਕਤੀਆਂ ਦੇ ਹਿੱਸੇ ਇਕ ਬੈੱਡ ਆਉਂਦਾ ਹੈ ਜੋ ਰਾਸ਼ਟਰੀ ਔਸਤ ਤੋਂ 276 ਫੀਸਦੀ ਜ਼ਿਆਦਾ ਹੈ।

ਇਨ੍ਹਾਂ ਅੰਕੜਿਆਂ ਦਾ ਜੇਕਰ ਵਿਸਥਾਰ ਵਿਚ ਅਧਿਐਨ ਕਰੀਏ ਤਾਂ ਕੌਮੀ ਔਸਤ ਦੇ ਬਰਾਬਰ ਪਹੁੰਚਣ ਲਈ ਵੀ ਪੰਜਾਬ ਨੂੰ ਕਈ ਹੋਰ ਹਸਪਤਾਲਾਂ ਦੀ ਲੋੜ ਹੈ। ਜੇਕਰ ਭਾਰਤ ਦੇ ਕੁੱਲ ਸਰਕਾਰੀ ਹਸਪਤਾਲਾਂ ਦੇ ਬੈੱਡਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਤਕਰੀਬਨ 13 ਲੱਖ 76 ਹਜ਼ਾਰ ਬੈੱਡਾਂ ਦੇ ਹਿਸਾਬ ਨਾਲ ਇਕ ਹਸਪਤਾਲ ਵਿਚ ਔਸਤਨ 39 ਬੈੱਡ ਹੁੰਦੇ ਹਨ ਜਿਨ੍ਹਾਂ ਦੀ ਗਿਣਤੀ ਪੰਜਾਬ ਵਿਚ 47 ਹੈ। ਹਸਪਤਾਲ ਦੇ ਬੈੱਡਾਂ ਦੇ ਆਧਾਰ 'ਤੇ ਪੰਜਾਬ 14ਵੇਂ ਨੰਬਰ 'ਤੇ ਹੈ ਜੋ ਰਾਸ਼ਟਰੀ ਔਸਤ ਤੋਂ ਵੱਧ ਹੈ। ਰਾਜ ਸਭਾ ਵਿਚ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਗੁਲਾਮ ਨਬੀ ਆਜ਼ਾਦ ਨੇ ਇਹ ਅੰਕੜੇ ਜਾਰੀ ਕਰਦਿਆਂ ਕਿਹਾ ਕਿ ਕਿਉਂਕਿ ਸਿਹਤ ਦਾ ਮਾਮਲਾ ਰਾਜ ਸਰਕਾਰ ਅਧੀਨ ਆਉਂਦਾ ਹੈ। ਇਸ ਲਈ ਰਾਜਾਂ ਦੇ ਹਸਪਤਾਲਾਂ ਵਿਚ ਬੈੱਡਾਂ ਦੀ ਗਿਣਤੀ ਵਧਾਉਣ ਲਈ ਰਾਜ ਸਰਕਾਰ ਨੂੰ ਆਪਣੇ ਤੌਰ 'ਤੇ ਉਪਰਾਲੇ ਕਰਨ ਦੀ ਲੋੜ ਹੈ।

## ਸਿਮਰਨਜੀਤ ਸਿੰਘ ਮਾਨ 48 ਸਾਥੀਆਂ ਸਮੇਤ ਬਰੀ

**ਸੰਗਰੂਰ:** ਇਥੋਂ ਦੀ ਅਦਾਲਤ ਨੇ ਤਕਰੀਬਨ ਛੇ ਸਾਲ ਪੁਰਾਣੇ ਕੇਸ ਦਾ ਫ਼ੈਸਲਾ ਸੁਣਾਉਂਦਿਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਤੇ ਉਨ੍ਹਾਂ ਦੇ 48 ਸਾਥੀਆਂ ਨੂੰ ਆਈ.ਪੀ.ਸੀ ਦੀ ਧਾਰਾ 188 ਤਹਿਤ ਦਰਜ ਕੇਸ ਵਿਚੋਂ ਬਾਇੱਜ਼ਤ ਬਰੀ ਕਰ ਦਿੱਤਾ ਹੈ। ਫ਼ੈਸਲੇ ਮੌਕੇ ਸਿਮਰਨਜੀਤ ਸਿੰਘ ਮਾਨ ਖ਼ੁਦ ਅਦਾਲਤ ਵਿਚ ਹਾਜ਼ਰ ਸਨ।

ਪੁਲਿਸ ਕੇਸ ਮੁਤਾਬਕ 14 ਦਸੰਬਰ, 2007 ਨੂੰ ਹਿੰਦੂ ਜਥੇਬੰਦੀਆਂ ਵੱਲੋਂ 'ਪੰਜਾਬ ਬੰਦ' ਦਾ ਸੱਦਾ ਦਿੱਤਾ ਗਿਆ ਸੀ ਪਰ ਸ਼੍ਰੋਮਣੀ ਅਕਾਲੀ ਦਲ (ਅ) ਨੇ ਇਸ ਬੰਦ ਦਾ ਵਿਰੋਧ ਕਰਦਿਆਂ ਉਸੇ ਦਿਨ ਫਤਹਿ ਮਾਰਚ ਕੱਢਣ ਦਾ ਐਲਾਨ ਕੀਤਾ। 14 ਦਸੰਬਰ ਨੂੰ ਜਦੋਂ ਹੀ ਸ. ਮਾਨ ਤੇ ਜੀਤ ਸਿੰਘ ਆਲੋਅਰਖ ਫਤਹਿ ਮਾਰਚ ਕੱਢਣ ਲਈ ਸਾਥੀਆਂ ਸਮੇਤ ਨਾਅਰੇਬਾਜ਼ੀ ਕਰਦੇ ਹੋਏ ਸਥਾਨਕ ਬੱਸ ਸਟੈਂਡ 'ਤੇ ਪੁੱਜੇ ਤਾਂ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਕੇਸ ਦੇ ਚੱਲਦਿਆਂ ਹੀ 52 ਜਣਿਆਂ ਵਿਚੋਂ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਸੀ। ਸਿਮਰਨਜੀਤ ਸਿੰਘ ਮਾਨ ਸਮੇਤ ਬਾਕੀ 48 ਜਣਿਆਂ ਨੂੰ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਹੈ।

## ਸੰਤ ਲੌਂਗੋਵਾਲ ਦਾ ਪਰਿਵਾਰ ਅਕਾਲੀ ਦਲ ਤੋਂ ਖਫਾ

**ਸੰਗਰੂਰ:** ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਪਰਿਵਾਰਕ ਮੈਂਬਰਾਂ ਨੇ ਸੱਤਾਧਾਰੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਉਪਰ ਪਰਿਵਾਰ ਨੂੰ ਅਣਗੌਲਿਆਂ ਕਰਨ ਤੇ ਸੰਤ ਦੀ ਸ਼ਹਾਦਤ ਨੂੰ ਸਿਆਸੀ ਮੰਤਵਾਂ ਲਈ ਵਰਤਣ ਦੇ ਦੋਸ਼ ਲਾਏ ਹਨ। ਸੰਤ ਲੌਂਗੋਵਾਲ ਦੇ ਭਤੀਜੇ ਭਾਈ ਰੂਪ ਸਿੰਘ ਨੇ ਸੰਗਰੂਰ ਹਲਕੇ ਤੋਂ ਲੋਕ ਸਭਾ ਚੋਣ ਲੜਨ ਦਾ ਐਲਾਨ ਵੀ ਕੀਤਾ ਹੈ।

ਸੰਤ ਦੇ ਭਤੀਜੇ ਭਾਈ ਰੂਪ ਸਿੰਘ ਤੇ ਭਾਈ ਗੁਰਮੇਲ ਸਿੰਘ ਨੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਤ ਲੌਂਗੋਵਾਲ ਦੇ ਅਸਲੀ ਵਾਰਸਾਂ ਨੂੰ ਅਣਗੌਲਿਆਂ ਕਰਕੇ ਨਕਲੀ ਵਾਰਸਾਂ ਨੂੰ ਨਿਵਾਜਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਹੜੇ ਵਿਅਕਤੀ ਸੰਤ ਦੇ ਕੁਝ ਨਹੀਂ ਲੱਗਦੇ, ਉਨ੍ਹਾਂ ਨੂੰ ਪਾਰਟੀ ਨੇ ਸੰਤ ਦੇ ਸਿਆਸੀ ਵਾਰਸ ਬਣਾ ਰੱਖਿਆ ਹੈ। ਸ਼੍ਰੋਮਣੀ ਅਕਾਲੀ ਦਲ ਜਾਂ ਸਮੇਂ-ਸਮੇਂ ਬਣੀਆਂ ਅਕਾਲੀ ਸਰਕਾਰਾਂ ਨੇ ਕਦੇ ਵੀ ਸੰਤ ਲੌਂਗੋਵਾਲ ਦੇ ਅਸਲੀ ਵਾਰਸਾਂ ਦੀ ਬਾਤ ਨਹੀਂ ਪੁੱਛੀ ਤੇ ਅਕਾਲੀਆਂ ਨੇ ਪਰਿਵਾਰ ਨੂੰ ਰੋਲ ਕੇ ਰੱਖ ਦਿੱਤਾ ਹੈ। ਸੰਤ ਦੀ ਸ਼ਹਾਦਤ ਤੋਂ ਬਾਅਦ ਪਾਰਟੀ ਨੇ ਸੰਤਾਂ ਦੇ ਅਸਲੀ ਵਾਰਸਾਂ ਦੀ ਮਦਦ ਤਾਂ ਕੀ ਕਰਨੀ ਸੀ, ਕਦੇ ਵੀ ਕਿਸੇ ਪਰਿਵਾਰਕ ਮੈਂਬਰ ਨੂੰ ਬਰਸੀ ਸਮਾਗਮ ਵਿਚ ਸ਼ਾਮਲ ਹੋਣ ਦਾ ਸੱਦਾ ਵੀ ਨਹੀਂ ਦਿੱਤਾ। ਉਨ੍ਹਾਂ ਬਿਨਾਂ ਕਿਸੇ ਦਾ ਨਾਂ ਲਏ ਕਿਹਾ ਕਿ ਸੰਤ ਲੌਂਗੋਵਾਲ ਦੇ 'ਅਖੌਤੀ ਵਾਰਸਾਂ' ਨੇ ਅਸਲੀ ਵਾਰਸਾਂ ਨੂੰ ਕਦੇ ਵੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨੇੜੇ ਨਹੀਂ ਲੱਗਣ ਦਿੱਤਾ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਜੇ ਅਸਲੀ ਵਾਰਸ ਸ. ਬਾਦਲ ਦੇ ਨਜ਼ਦੀਕ ਹੋ ਗਏ ਤਾਂ ਕਿ ਉਨ੍ਹਾਂ ਨੂੰ ਕਿਸੇ ਨੇ ਨਹੀਂ ਪੁੱਛਣਾ।

ਦੋਵੇਂ ਭਤੀਜਿਆਂ ਨੇ ਕੈਪਟਨ ਅਮਰਿੰਦਰ ਸਿੰਘ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਕਾਂਗਰਸ ਸਰਕਾਰ ਸਮੇਂ ਮੁੱਖ ਮੰਤਰੀ ਹੁੰਦਿਆਂ ਸੰਤ ਲੌਂਗੋਵਾਲ ਦੇ ਪਰਿਵਾਰ ਦਾ ਘਰੋਂ ਬੁਲਾ ਕੇ ਜਿਥੇ ਮਾਣ-ਸਨਮਾਨ ਕੀਤਾ, ਉਥੇ ਪਰਿਵਾਰ ਦੇ ਛੇ ਮੈਂਬਰਾਂ ਨੂੰ ਸਰਕਾਰੀ ਨੌਕਰੀ ਵੀ ਦਿੱਤੀ ਜਦੋਂਕਿ ਇਹ ਜ਼ਿੰਮੇਵਾਰੀ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਨਿਭਾਉਣੀ ਚਾਹੀਦੀ ਸੀ।

ਭਾਈ ਰੂਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦਿੱਲੀ ਵੱਲੋਂ ਲੋਕ ਸਭਾ ਚੋਣਾਂ ਵਿਚ ਹਮਾਇਤ ਦੀ ਹਾਮੀ ਭਰੀ ਗਈ ਹੈ। ਪਰਿਵਾਰ ਵੱਲੋਂ ਕਮਜ਼ੋਰ ਆਰਥਿਕ ਸਥਿਤੀ ਨਾਲ ਜੂਝਦਿਆਂ ਪਿੰਡ ਗਿੱਦੜਿਆਣੀ ਵਿਚ ਸੰਤ ਲੌਂਗੋਵਾਲ ਦੀ ਯਾਦਗਾਰ ਬਣਾਈ ਜਾ ਰਹੀ ਹੈ।

## ਪੰਜਾਬ ਕਾਂਗਰਸ ਵਿਚਲੀ ਧੜੇਬੰਦੀ ਬਰਕਰਾਰ

**ਜਲੰਧਰ:** ਪੰਜਾਬ ਕਾਂਗਰਸ ਦੀ ਸੂਬੇ ਵਿਚ ਇਕ ਤੋਂ ਬਾਅਦ ਇਕ ਹਾਰ ਦਾ ਕਾਰਨ ਬਣ ਰਹੀ ਆਪਸੀ ਧੜੇਬੰਦੀ ਨੂੰ ਖ਼ਤਮ ਕਰਨ ਵਿਚ ਲੱਗੀ ਸੀਨੀਅਰ ਲੀਡਰਸ਼ਿਪ ਦੀਆਂ ਸਾਰੀਆਂ ਜੁਗਤਾਂ ਅਸਫਲ ਨਜ਼ਰ ਆਉਣ ਲੱਗੀਆਂ ਹਨ। ਕਾਂਗਰਸ ਦੇ ਉਪ ਪ੍ਰਧਾਨ ਰਾਹੁਲ ਗਾਂਧੀ ਦੇ ਲਗਾਤਾਰ ਯਤਨਾਂ ਤੇ ਪ੍ਰਦੇਸ਼ ਕਾਂਗਰਸ ਲੀਡਰਸ਼ਿਪ ਵਿਚ ਤਬਦੀਲੀ ਦੇ ਬਾਵਜੂਦ ਹਾਲਾਤ ਤਕਰੀਬਨ ਜਿਉਂ ਦੇ ਤਿਉਂ ਹੀ ਖੜ੍ਹੇ ਹਨ। ਪਾਰਟੀ ਦੀ ਸੀਨੀਅਰ ਲੀਡਰਸ਼ਿਪ ਲਈ ਵੱਡਾ ਫਿਕਰ ਹੀ ਇਹ ਗੱਲ ਹੈ ਕਿ ਪਾਰਟੀ ਆਗੂ ਅਜੇ ਵੀ ਇਕਜੁੱਟ ਹੋ ਕੇ ਸਰਕਾਰ ਦੀਆਂ ਅਸਫਲਤਾਵਾਂ ਵਿਰੁੱਧ ਆਵਾਜ਼ ਉਠਾਉਣ ਦੀ ਬਜਾਏ ਆਪਸੀ ਰੰਜਿਸ਼ਾਂ ਕੱਢਣ ਵਿਚ ਹੀ ਰੁੱਝੇ ਹੋਏ ਹਨ।



ਪੰਜਾਬ ਕਾਂਗਰਸ ਨੂੰ ਇਕਜੁੱਟ ਕਰਨ ਲਈ ਰਾਹੁਲ ਗਾਂਧੀ ਤਿੰਨ ਵਾਰ ਪੰਜਾਬ ਆਏ ਤੇ ਕਈ ਵਾਰ ਸੀਨੀਅਰ ਆਗੂਆਂ ਨੂੰ ਦਿੱਲੀ ਸੱਦ ਕੇ ਮੀਟਿੰਗਾਂ ਕੀਤੀਆਂ। ਪਾਰਟੀ ਅੰਦਰੋਂ ਉਠ ਰਹੀਆਂ ਆਵਾਜ਼ਾਂ ਮੁਤਾਬਕ ਕੇਂਦਰੀ ਲੀਡਰਸ਼ਿਪ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਨਵਾਂ ਪ੍ਰਧਾਨ ਵੀ ਥਾਪ ਦਿੱਤਾ। ਨਵਾਂ ਤਜਰਬਾ ਕਰਦਿਆਂ ਪੰਜਾਬ ਦੇ ਚਾਰ ਜ਼ੋਨ ਬਣਾ ਕੇ ਪ੍ਰਦੇਸ਼ ਉਪ ਪ੍ਰਧਾਨ ਤੇ ਇੰਚਾਰਜ ਵੀ ਥਾਪ ਦਿੱਤੇ ਪਰ ਹੁਣ ਜਦ ਪ੍ਰਦੇਸ਼ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਨੇ ਵਿਧਾਨ ਸਭਾ ਹਲਕਾ ਵਾਰ ਰੈਲੀਆਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ ਤਾਂ ਪਾਰਟੀ ਆਗੂਆਂ ਦੀ ਆਪਸੀ ਖਹਿਬਾਜ਼ੀ ਮੁੜ ਉਭਰ ਕੇ ਸਾਹਮਣੇ ਆਈ ਹੈ।

ਗੁਰਦਾਸਪੁਰ ਜ਼ਿਲ੍ਹੇ ਵਿਚ ਪਾਰਟੀ ਆਗੂਆਂ ਦਰਮਿਆਨ ਸਭ ਤੋਂ ਪਹਿਲਾਂ ਫੁੱਟ ਦਾ ਮੁਜ਼ਾਹਰਾ ਹੋਇਆ। ਨਵਾਂਸ਼ਹਿਰ ਦੀ ਰੈਲੀ ਵਿਚ ਉਪ ਪ੍ਰਧਾਨ ਤੇ ਹਲਕਾ ਇੰਚਾਰਜ ਵਿਚਕਾਰ ਤੂੰ-ਤੂੰ, ਮੈਂ-ਮੈਂ ਰੋਕਣ ਲਈ ਪ੍ਰਦੇਸ਼ ਪ੍ਰਧਾਨ ਨੂੰ ਦਖ਼ਲ ਦੇਣਾ ਪਿਆ ਤੇ ਸਟੇਜ ਤੋਂ ਬੋਲਣ ਲਈ ਮਜਬੂਰ ਹੋਏ। ਸਾਬਕਾ ਮੰਤਰੀ ਅਮਰਜੀਤ ਸਿੰਘ ਸਮਰਾ ਦੇ ਹਲਕਾ ਨਕੋਦਰ ਦੀ ਰੈਲੀ ਵਿਚ ਤਾਂ ਸਾਰੀਆਂ ਹੱਦਾਂ ਹੀ ਪਾਰ ਹੋ ਗਈਆਂ। ਸ. ਸਮਰਾ ਨੇ ਭਰੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਪ੍ਰਦੇਸ਼ ਜਨਰਲ ਸਕੱਤਰ ਗੁਰਬਿੰਦਰ ਸਿੰਘ ਅਟਵਾਲ ਉਪਰ ਦੋਸ਼ ਲਗਾ ਦਿੱਤਾ ਕਿ ਉਸ ਨੇ ਇਕ ਕਰੋੜ ਰੁਪਏ ਚੋਣਾਂ ਵਿਚ ਮੇਰੇ ਕੋਲੋਂ ਲਏ ਤੇ ਇਸ ਤੋਂ ਦੁੱਗਣੇ ਪੈਸੇ ਅਕਾਲੀ ਦਲ ਤੋਂ ਲੈ ਕੇ ਮੇਰੀ ਵਿਰੋਧਤਾ ਕੀਤੀ ਤੇ ਹਰਾਇਆ। ਇਹੀ ਹਾਲ ਹੋਰ ਕਈ ਥਾਈਂ ਹੋਈਆਂ ਰੈਲੀਆਂ ਵਿਚ ਹੋਇਆ।

ਅਸਲ ਵਿਚ ਪਾਰਟੀ ਅੰਦਰ ਪੈਦਾ ਹੋਈ ਰੰਜਸ਼ ਤੇ ਪਾਟੋਧਾੜ ਕਿਸੇ ਉਪਰਲੇ ਧੜਿਆਂ 'ਚ ਖਹਿਬਾਜ਼ੀ ਦਾ ਸਿੱਟਾ ਨਹੀਂ ਸਗੋਂ ਪਿਛਲੇ ਸਮੇਂ ਦੌਰਾਨ ਇਕਜੁੱਟ ਲੀਡਰਸ਼ਿਪ ਦੀ ਘਾਟ ਕਾਰਨ ਸਥਾਨਕ ਪੱਧਰ 'ਤੇ ਪੈਦਾ ਹੋਈ ਫੁੱਟ ਤੇ ਆਪਸੀ ਖਹਿਬਾਜ਼ੀ ਹੀ ਮੁੱਖ ਰੂਪ 'ਚ ਸਾਹਮਣੇ ਆ ਰਹੀ ਹੈ। ਕਾਂਗਰਸ ਲੀਡਰਸ਼ਿਪ ਸਾਹਮਣੇ ਸਭ ਤੋਂ ਵੱਡੀ ਚੁਣੌਤੀ ਵੀ ਇਹੀ ਹੈ ਕਿ ਕਾਂਗਰਸ ਪਾਰਟੀ ਨੂੰ ਹੇਠਲੇ ਪੱਧਰ ਤੱਕ ਇਕਮੁੱਠ ਕਿਵੇਂ ਕੀਤਾ ਜਾਵੇ ਤੇ ਨਿਸਲਤਾ ਨੂੰ ਖ਼ਤਮ ਕਰਕੇ ਪਾਰਟੀ ਆਗੂ ਤੇ ਵਰਕਰਾਂ ਅੰਦਰ ਨਵੀਂ ਰੂਹ ਭਰੀ ਜਾਵੇ। ਲੋਕ ਸਭਾ ਚੋਣਾਂ ਬਹੁਤ ਨੇੜੇ ਆ ਚੁੱਕੀਆਂ ਹਨ, ਜੇਕਰ ਕਾਂਗਰਸ ਇਸੇ ਸਮੱਸਿਆ ਵਿਚ ਫਸੀ ਰਹੀ ਤਾਂ ਫਿਰ ਇਨ੍ਹਾਂ ਚੋਣਾਂ ਵਿਚ ਵੀ ਪਾਰਟੀ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਵਿਕਾਸ ਦੇ ਨਾਂ 'ਤੇ ਜੀਵ ਜੰਤੂਆਂ ਨੂੰ ਉਜਾੜੇਗੀ ਪੰਜਾਬ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਕੀਤਾ ਜਾ ਰਿਹਾ ਅਖੌਤੀ ਵਿਕਾਸ ਸੂਬੇ ਦੇ ਲੋਕਾਂ ਦੇ ਨਾਲ-ਨਾਲ ਜੰਗਲੀ ਜੀਵਾਂ 'ਤੇ ਵੀ ਭਾਰੀ ਪੈਣ ਲੱਗਾ ਹੈ। ਵਿਕਾਸ ਦੇ ਨਾਂ ਹੇਠ ਜਿਥੇ ਕਿਸਾਨਾਂ ਦੀਆਂ ਜ਼ਮੀਨਾਂ ਕੌਡੀਆਂ ਦੇ ਭਾਅ ਪ੍ਰਾਈਵੇਟ ਕੰਪਨੀਆਂ ਨੂੰ ਦਿੱਤੀਆਂ ਜਾ ਰਹੀਆਂ ਹਨ, ਉਥੇ ਜੰਗਲੀ ਜੀਵਾਂ ਦੇ ਰਹਿਣ ਬਸੇਰਿਆਂ ਨੂੰ ਵੀ ਵਢਾਂਗਾ ਚਾੜ੍ਹਿਆ ਜਾ ਰਿਹਾ ਹੈ। ਸਰਕਾਰ ਨੇ ਇਸ ਪਾਸੇ ਇਕ ਹੋਰ ਪਹਿਲ ਕਰਦਿਆਂ ਸੂਬੇ ਵਿਚਲੀਆਂ ਪੰਛੀ ਤੇ ਜੰਗਲੀ ਜੀਵ ਰੱਖਾਂ (ਸੈਂਕਚੂਅਰੀਜ਼) ਦੇ ਇਰਦ ਗਿਰਦ ਈਕੋ ਸੈਂਸਿਟਿਵ ਜ਼ੋਨ (ਵਾਤਾਵਰਨ ਪੱਖੋਂ ਸੰਵੇਦਨਸ਼ੀਲ ਖੇਤਰ) ਦੀ ਹੱਦ 10 ਕਿਲੋਮੀਟਰ ਤੋਂ ਘਟਾ ਦੇ 100 ਮੀਟਰ ਕਰਨ ਦੀ ਤਜਵੀਜ਼ ਰੱਖੀ ਹੈ। ਵਾਤਾਵਰਨ ਮਾਹਿਰਾਂ ਦਾ ਮੰਨਣਾ ਹੈ ਕਿ ਜੰਗਲੀ ਜੀਵਾਂ ਤੇ ਪੰਛੀਆਂ ਦੀਆਂ ਰੱਖਾਂ ਦੇ ਨਜ਼ਦੀਕ ਆਬਾਦੀ ਖ਼ਤਰਨਾਕ ਹੁੰਦੀ ਹੈ ਕਿਉਂਕਿ ਮਨੁੱਖਾਂ ਦੀਆਂ ਸਰਗਰਮੀਆਂ ਜਾਨਵਰਾਂ 'ਤੇ ਬਹੁਤ ਜ਼ਿਆਦਾ ਅਸਰ ਪਾਉਂਦੀਆਂ ਹਨ। ਆਬਾਦੀ ਦੇ ਰੱਖਾਂ ਨੇੜੇ ਆਉਣ ਕਾਰਨ ਜੰਗਲੀ ਜੀਵ ਤੇ ਪੰਛੀ ਇਨ੍ਹਾਂ ਰੱਖਾਂ ਵਿਚੋਂ ਅਲੋਪ ਵੀ ਹੋ ਜਾਂਦੇ ਹਨ। ਇਸੇ ਕਰਕੇ ਕੇਂਦਰ ਸਰਕਾਰ ਨੇ ਸੈਂਕਚੂਅਰੀਜ਼ ਦੇ ਨੇੜੇ ਸੰਵੇਦਨਸ਼ੀਲ ਇਲਾਕੇ ਵਧਾਉਣ ਦੀਆਂ ਹਦਾਇਤਾਂ ਦਿੱਤੀਆਂ ਸਨ। ਪੰਜਾਬ ਦੇ ਜੰਗਲਾਤ ਤੇ ਜੰਗਲੀ ਜੀਵ ਵਿਭਾਗ ਮੁਤਾਬਕ



ਸੂਬੇ ਵਿਚ ਜੰਗਲੀ ਜੀਵਾਂ ਤੇ ਪੰਛੀਆਂ ਦੀਆਂ 13 ਰੱਖਾਂ ਹਨ। ਅਬੋਹਰ ਵਿਚਲੀ ਪੰਛੀਆਂ ਦੀ ਰੱਖ 186.5 ਵਰਗ ਕਿਲੋਮੀਟਰ ਵਿਚ ਹੈ ਤੇ ਹਰੀਕੇ ਸਥਿਤ ਸਤਲੁਜ ਦਰਿਆ ਵਿਚਲੀ ਰੱਖ 86 ਤੇ ਬੀੜ ਭਾਦਸੋਂ 10.23 ਵਰਗ ਕਿਲੋਮੀਟਰ ਵਿਚ ਫੈਲੀਆਂ ਹੋਈਆਂ ਹਨ। ਕਾਂਸਲ ਸੈਂਕਚੂਅਰੀ ਤੇ ਛਤਬੀੜ ਦਾ ਚਿੜੀਆ ਘਰ ਵੀ ਪੰਛੀਆਂ ਤੇ ਜੰਗਲੀ ਜਾਨਵਰਾਂ ਦੀਆਂ ਵੱਡੀਆਂ ਰੱਖਾਂ ਹਨ। ਇਨ੍ਹਾਂ ਥਾਵਾਂ 'ਤੇ ਬਹੁਤ ਜ਼ਿਆਦਾ ਜੰਗਲੀ ਜੀਵ ਹਨ ਤੇ ਇਹ ਇਲਾਕੇ ਸੰਵੇਦਨਸ਼ੀਲ ਮੰਨੇ ਜਾਂਦੇ ਹਨ।

ਰੌਚਕ ਤੱਥ ਇਹ ਹੈ ਕਿ ਪੰਜਾਬ ਸਰਕਾਰ ਨੇ 21 ਜਨਵਰੀ, 2013 ਨੂੰ ਕੇਂਦਰੀ ਵਾਤਾਵਰਨ ਤੇ ਜੰਗਲਾਤ ਮੰਤਰਾਲੇ ਨੂੰ ਲਿਖੇ ਪੱਤਰ ਰਾਹੀਂ ਰੱਖਾਂ ਦੇ ਨਜ਼ਦੀਕ ਸੰਵੇਦਨਸ਼ੀਲ ਇਲਾਕਾ 500 ਮੀਟਰ ਕਰਨ ਦੀ ਮੰਗ ਰੱਖੀ ਸੀ। ਹੁਣ ਇਸ ਨੇ ਅੱਠਾਂ ਮਹੀਨਿਆਂ ਬਾਅਦ ਹੀ 100 ਮੀਟਰ ਕਰਨ ਦਾ ਪ੍ਰਸਤਾਵ ਮੰਤਰੀ ਮੰਡਲ ਤੋਂ ਪਾਸ ਕਰਵਾ ਦਿੱਤਾ ਹੈ। ਪੰਜਾਬ ਸਰਕਾਰ ਵੱਲੋਂ ਮੰਤਰੀ ਮੰਡਲ ਦੇ ਪਾਸ ਕੀਤੇ ਪ੍ਰਸਤਾਵ ਨੂੰ ਕੇਂਦਰੀ ਵਾਤਾਵਰਨ ਮੰਤਰਾਲੇ ਕੋਲ ਭੇਜਿਆ ਜਾਵੇਗਾ। ਜੰਗਲਾਤ ਵਿਭਾਗ ਦੇ ਇਕ ਅਧਿਕਾਰੀ ਨੇ ਆਪਣਾ ਨਾਂ ਗੁਪਤ ਰੱਖਦਿਆਂ ਦੱਸਿਆ ਕਿ ਟਾਟਾ ਕੈਮਲੋਟ ਪ੍ਰਾਜੈਕਟ ਦੇ ਰਾਹ ਵਿਚ ਆਉਂਦੇ ਅੜਿੱਕੇ ਦੂਰ ਕਰਨ ਲਈ ਸਰਕਾਰ ਵੱਲੋਂ ਇਹ ਮੁਹਿੰਮ ਚਲਾਈ ਗਈ ਹੈ।

## ਨਿੱਜੀ ਲਾਹੇ ਲਈ ਨਿਯਮ ਬਦਲੇ

**ਚੰਡੀਗੜ੍ਹ:** ਸਰਕਾਰ ਭਾਵੇਂ ਇਸ ਕਟੌਤੀ ਦੇ ਪ੍ਰਸਤਾਵ ਨੂੰ ਵਿਕਾਸ ਨਾਲ ਜੋੜ ਰਹੀ ਹੈ ਪਰ ਰਾਜਸੀ ਤੇ ਪ੍ਰਸ਼ਾਸਕੀ ਹਲਕਿਆਂ ਦਾ ਆਖਣਾ ਹੈ ਕਿ ਇਹ ਚੰਡੀਗੜ੍ਹ ਨੇੜੇ ਸਿਆਸਦਾਨਾਂ ਦੇ ਰਿਹਾਇਸ਼ੀ ਪ੍ਰਾਜੈਕਟ ਟਾਟਾ ਕੈਮਲੋਟ ਨੂੰ ਸਿਰੇ ਚਾੜ੍ਹਨ ਲਈ ਚੁੱਕਿਆ ਜਾ ਰਿਹਾ ਕਦਮ ਹੈ। ਇਸ ਪ੍ਰਾਜੈਕਟ ਤੋਂ ਮਹਿਜ਼ 200 ਮੀਟਰ ਦੀ ਵਿੱਥ 'ਤੇ ਚੰਡੀਗੜ੍ਹ ਦੀ 'ਜੰਗਲੀ ਜੀਵ ਰੱਖ ਕਾਂਸਲ' ਸਥਿਤ ਹੈ ਤੇ ਭਾਰਤ ਸਰਕਾਰ ਜੇਕਰ ਸੰਵੇਦਨਸ਼ੀਲ ਖੇਤਰ ਨੂੰ 100 ਮੀਟਰ ਤੱਕ ਸੀਮਤ ਕਰਨ ਦੀ ਪੰਜਾਬ ਸਰਕਾਰ ਦੀ ਤਜਵੀਜ਼ ਮੰਨ ਲੈਂਦੀ ਹੈ ਤਾਂ ਟਾਟਾ ਕੈਮਲੋਟ ਪ੍ਰਾਜੈਕਟ ਸੰਵੇਦਨਸ਼ੀਲ ਇਲਾਕੇ ਤੋਂ ਬਾਹਰ ਹੋ ਜਾਵੇਗਾ। ਚੰਡੀਗੜ੍ਹ ਪ੍ਰਸ਼ਾਸਨ ਨੇ ਯੂ.ਟੀ ਵਿਚਲੀਆਂ ਸੈਂਕਚੂਅਰੀਜ਼ ਦੇ ਆਸ ਪਾਸ ਈਕੋ ਸੈਂਸਿਟਿਵ ਜ਼ੋਨ ਨੂੰ ਢਾਈ ਕਿਲੋਮੀਟਰ ਤੱਕ ਰੱਖਣ ਦਾ ਪ੍ਰਸਤਾਵ ਭਾਰਤ ਸਰਕਾਰ ਨੂੰ ਭੇਜਿਆ ਹੈ। ਪੰਜਾਬ ਸਰਕਾਰ ਚੰਡੀਗੜ੍ਹ ਪ੍ਰਸ਼ਾਸਨ ਦੇ ਪ੍ਰਸਤਾਵ ਨੂੰ ਵੀ ਪੰਜਾਬ ਦੇ ਬਰਾਬਰ 100 ਮੀਟਰ ਕਰਨ ਦੀ ਮੰਗ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਟਾਟਾ ਕੈਮਲੋਟ ਪ੍ਰਾਜੈਕਟ ਵਿਚ ਸੂਬੇ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਦੇ ਆਗੂਆਂ ਦੇ ਪਲਾਟ ਹਨ। ਸਿਆਸਤਦਾਨਾਂ ਦੀ ਸੁਸਾਇਟੀ ਨੇ ਬੇਸ਼ੱਕ ਟਾਟਾ ਨਾਲ ਸਮਝੌਤਾ ਤੋੜਨ ਦੀਆਂ ਵੀ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਹਨ ਪਰ ਇਹ ਕੰਪਨੀ ਅਜੇ ਤੱਕ ਰਾਜਸੀ ਆਗੂਆਂ ਦੇ ਪ੍ਰਸਤਾਵ ਨਾਲ ਸਹਿਮਤ ਨਹੀਂ ਹੋਈ। ਚੰਡੀਗੜ੍ਹ ਨੇ ਰੱਖਾਂ ਦੇ ਨਜ਼ਦੀਕ ਸੰਵੇਦਨਸ਼ੀਲ ਖੇਤਰ ਦੋ ਕਿਲੋਮੀਟਰ ਕਰਨ ਦਾ ਪ੍ਰਸਤਾਵ ਰੱਖਿਆ ਹੈ।

# ਹੁਣ ਤੀਜੀ ਧਿਰ ਦਾ ਜੁੱਟ ਬੰਨ੍ਹਣ ਦਾ ਵੇਲਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

***ਕਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਪਾਰਲੀਮੈਂਟ ਵਿਚ ਖੜੋ ਕੇ ਉਸ ਦਾ ਜਵਾਈ ਫਿਰੋਜ਼ ਗਾਂਧੀ ਕਹਿੰਦਾ ਸੀ ਕਿ ਭ੍ਰਿਸ਼ਟਾਚਾਰ ਵਧਦਾ ਜਾ ਰਿਹਾ ਹੈ, ਉਸ ਨੂੰ ਰੋਕਦੇ ਕਿਉਂ ਨਹੀਂ? ਅੱਜ ਭਾਰਤ ਦੀ ਸਰਕਾਰ ਨੂੰ ਚਲਾਉਣ ਵਾਲਾ ਪ੍ਰਧਾਨ ਮੰਤਰੀ ਜਿਸ ਬੀਬੀ ਦੇ ਇਸ਼ਾਰੇ ਦਾ ਮੁਥਾਜ ਹੈ, ਉਸ ਵਿਚਾਰੀ ਨੇ ਇਹੋ ਜਿਹਾ ਜਵਾਈ ਸਹੇੜ ਲਿਆ ਹੈ ਜਿਹੜਾ ਕਿਸੇ ਦੇ ਭ੍ਰਿਸ਼ਟਾਚਾਰ ਦੀ ਗੱਲ ਕਰਨ ਦੀ ਥਾਂ ਆਪ ਭ੍ਰਿਸ਼ਟਾਚਾਰ ਦਾ ਭੜੋਲਾ ਹੈ ਤੇ ਉਸ ਦੀ ਸੱਸ ਹੀ ਨਹੀਂ, ਮੁਲਕ ਦੀ ਸਰਕਾਰ ਵੀ ਇੱਕੋ ਬੰਦੇ ਪਿੱਛੇ ਕੁਰਬਾਨ ਹੋਣ ਦੇ ਰਾਹ ਪੈ ਗਈ ਹੈ। ਕਿਸੇ ਨੇ ਵੀ ਇਹ ਨਹੀਂ ਕਿਹਾ ਕਿ ਰਾਜ ਚਲਾਉਂਦੀ ਬੀਬੀ ਦਾ ਦਾਮਾਦ ਵੱਡਾ ਨਹੀਂ, ਦੇਸ਼ ਵੱਡਾ ਹੈ ਅਤੇ ਇਸ ਦੇ ਪਿੱਛੇ ਦੇਸ਼ ਦੇ ਭਵਿੱਖ ਦੀ ਕੁਰਬਾਨੀ ਨਹੀਂ ਦੇ ਸਕਦੇ, ਸਗੋਂ ਉਸ ਦੇ ਘੇਰੇ ਵਿਚ ਜੁੜੇ ਹੋਏ ਚਾਪਲੂਸ ਉਸ ਦੇ ਵਕੀਲ ਬਣੇ ਹੋਏ ਹਨ। ਇਹ ਚਾਪਲੂਸ ਕੱਲ੍ਹ ਨੂੰ ਕਿਸੇ ਨਰਿੰਦਰ ਮੋਦੀ ਨੂੰ ਵੀ ਇਹੋ ਖਿਦਮਤ ਪੇਸ਼ ਕਰਨ ਤੱਕ ਜਾ ਸਕਦੇ ਹਨ।***

ਆਜ਼ਾਦੀ ਦਾ ਦਿਨ ਆਇਆ ਤੇ ਲੰਘ ਗਿਆ ਹੈ। ਪਹਿਲਾਂ ਪਹਿਲ ਇਹ ਦਿਨ ਭਾਵਨਾ ਦਾ ਪ੍ਰਤੀਕ ਹੁੰਦਾ ਸੀ ਤੇ ਲੋਕ ਇਸ ਨੂੰ ਕਿਸੇ ਧਾਰਮਿਕ ਪੁਰਬ ਵਾਂਗ ਉਡੀਕਦੇ ਸਨ। ਸਾਨੂੰ ਯਾਦ ਹੈ ਕਿ ਆਜ਼ਾਦੀ ਤੋਂ ਦਸ-ਬਾਰਾਂ ਸਾਲ ਬਾਅਦ, ਜਦੋਂ ਅਸੀਂ ਅਜੇ ਬੱਚੇ ਸਾਂ, ਕਈ ਬਜ਼ੁਰਗ ਹੌਕਾ ਭਰ ਕੇ ਆਖਦੇ ਸਨ ਕਿ ਸਾਡੇ ਟੱਬਰ ਦਾ ਭਾਵੇਂ ਫਲਾਣਾ ਜੀਅ ਵੀ ਇਸ ਆਜ਼ਾਦੀ ਦੇ ਲੇਖੇ ਲੱਗ ਗਿਆ ਤੇ ਕਈ ਹੋਰ ਵੀ ਜਾਨਾਂ ਗੁਆ ਬੈਠੇ; ਪਰ ਚਲੋ! ਦੇਸ਼ ਆਜ਼ਾਦ ਤਾਂ ਇੱਕ ਵਾਰੀ ਹੋ ਗਿਆ। ਉਨ੍ਹਾਂ ਨੂੰ ਆਪਣਿਆਂ ਦੇ ਗਿਆਂ ਦਾ ਝੋਰਾ ਵੀ ਮਹਿਸੂਸ ਹੁੰਦਾ ਤੇ ਆਪਣੇ ਦੇਸ਼ ਦੇ ਗੁਲਾਮੀ ਦੇ ਸੰਗਲ ਕੱਟੇ ਜਾਣ ਦੀ ਤਸੱਲੀ ਵੀ ਹੁੰਦੀ ਸੀ। ਸਕੂਲਾਂ ਵਿਚ ਵੀ ਮਾਸਟਰ ਸਿਰਫ ਛੁੱਟੀ ਨਹੀਂ ਸਨ ਕਰ ਕੇ ਤੋਰ ਦਿੰਦੇ, ਆਪਣੀ ਸਮਝ ਮੁਤਾਬਕ ਬੱਚਿਆਂ ਨੂੰ ਆਜ਼ਾਦੀ ਦੀ ਲੜਾਈ ਬਾਰੇ ਦੱਸਦੇ ਹੁੰਦੇ ਸਨ ਤੇ ਫਿਰ ਇਹ ਵੀ ਕਹਿੰਦੇ ਸਨ ਕਿ ਦੇਸ਼ ਭਗਤਾਂ ਨੇ ਕੁਰਬਾਨੀ ਕੀਤੀ, ਹੁਣ ਦੇਸ਼ ਦੀ ਤਰੱਕੀ ਤੁਸੀਂ ਬੱਚਿਆਂ ਨੇ ਕਰਨੀ ਹੈ। ਬਾਹਲਾ ਸਮਾਂ ਨਹੀਂ ਸੀ ਗੁਜ਼ਰਿਆ ਤੇ ਇਹ ਗੱਲਾਂ ਸੁਣਨ ਦੀ ਥਾਂ ਆਜ਼ਾਦੀ ਨੂੰ ਸਿਰਫ ਛੁੱਟੀ ਤੇ ਲੀਡਰਾਂ ਵੱਲੋਂ ਤਿਰੰਗੇ ਝੰਡੇ ਹੇਠ ਖੜ੍ਹੇ ਹੋ ਕੇ ਬੇਸ਼ਰਮੀ ਨਾਲ ਝੂਠ ਬੋਲਣ ਦਾ ਦਿਨ ਬਣਾ ਦਿੱਤਾ ਗਿਆ।

ਫਿਰ ਅਸੀਂ ਉਹ ਦਿਨ ਵੀ ਦੇਖੇ, ਜਦੋਂ ਸਰਕਾਰਾਂ ਚਲਾਉਣ ਵਾਲਿਆਂ ਵੱਲੋਂ ਲੋਕਾਂ ਨਾਲ ਧੋਖੇ ਦਾ ਹਾਲੇ ਮੁੱਢਲਾ ਦੌਰ ਸੀ। ਕਦੀ-ਕਦਾਈਂ ਕਿਸੇ ਲੀਡਰ ਦੇ ਬੇਈਮਾਨੀ ਦੇ ਕਿੱਸੇ ਸਾਹਮਣੇ ਆਉਣ ਉੱਤੇ ਲੋਕ ਕਹਿਣ ਲੱਗ ਪਏ ਸਨ ਕਿ ਇਸ ਨਾਲੋਂ ਤਾਂ ਅੰਗਰੇਜ਼ਾਂ ਦਾ ਜ਼ਮਾਨਾ ਚੰਗਾ ਸੀ, ਪਰ ਨਾਲ ਬੈਠਾ ਕੋਈ ਦੂਜਾ ਕਹਿ ਦਿੰਦਾ ਸੀ ਕਿ ਅੰਗਰੇਜ਼ਾਂ ਦਾ ਜ਼ਮਾਨਾ ਚੰਗਾ ਨਹੀਂ ਸੀ, ਉਸ ਯੁੱਗ ਵਿਚ ਸਾਡੀ ਨਾ ਕੋਈ ਇੱਜ਼ਤ ਸੀ, ਨਾ ਜਿਉਂਦੇ ਰਹਿਣ ਦਾ ਯਕੀਨ ਹੁੰਦਾ ਸੀ ਅਤੇ ਜਦੋਂ ਮਰਜ਼ੀ ਕੋਈ ਅੰਗਰੇਜ਼ ਅਫਸਰ ਹੁਕਮ ਦੇ ਕੇ ਗੋਲੀ ਚਲਵਾ ਸਕਦਾ ਸੀ। ਕਿਸੇ ਵਿਰਲੇ ਆਗੂ ਦੇ ਦਲ-ਬਦਲੀ ਦੀ ਖਬਰ ਆਈ ਤੋਂ ਲੋਕ ਉਦੋਂ ਇਹ ਕਹਿੰਦੇ ਹੁੰਦੇ ਸਨ ਕਿ ਜਿਸ ਪਾਰਟੀ ਨੇ ਆਗੂ ਬਣਨ ਜੋਗਾ ਕੀਤਾ ਸੀ, ਉਸ ਨੂੰ ਛੱਡਣ ਨਾਲੋਂ ਤਾਂ ਬੰਦਾ ਮਰ ਗਿਆ ਚੰਗਾ ਹੁੰਦਾ ਹੈ। ਹੁਣ ਉਹ ਵੀ ਦਿਨ ਨਹੀਂ ਰਹੇ। ਪਿਛਲੇ ਤੀਹ ਕੁ ਸਾਲਾਂ ਤੋਂ ਲੀਡਰ ਜਿੰਨੀ ਤੇਜ਼ੀ ਨਾਲ ਰਾਜਸੀ ਚੋਲੇ ਬਦਲਣ ਲੱਗ ਪਏ ਹਨ, ਉਸ ਬਾਰੇ ਕਿਸੇ ਕਾਰਟੂਨਿਸਟ ਨੇ ਇਹ ਖਾਕਾ ਵੀ ਪੇਸ਼ ਕਰ ਦਿੱਤਾ ਸੀ ਕਿ ਜਿੱਤੇ ਹੋਏ ਲੀਡਰ ਨੂੰ ਵਧਾਈ ਦੇਣ ਗਏ ਆਮ ਆਦਮੀ ਨੇ ਜਦੋਂ ਉਸ ਨੂੰ ਜੱਫੀ ਪਾਈ ਤਾਂ ਲੀਡਰ ਦਾ ਕੁੜਤਾ ਉਸ ਦੀਆਂ ਬਾਂਹਾਂ ਵਿਚ ਰਹਿ ਗਿਆ, ਲੀਡਰ ਦੂਜੀ ਪਾਰਟੀ ਵਿਚ ਚਲਾ ਗਿਆ ਸੀ। ਜਿਹੜੇ ਲੋਕ ਇਹ ਕਹਿੰਦੇ ਸਨ ਕਿ ਆਪਣੀ ਪਾਰਟੀ ਨੂੰ ਛੱਡਣ ਨਾਲੋਂ ਬੰਦਾ ਮਰ ਗਿਆ ਚੰਗਾ ਹੁੰਦਾ ਹੈ, ਆਗੂ ਨੂੰ ਮਰਦੇ ਨਹੀਂ ਵੇਖ ਸਕਦੇ, ਉਸ ਸੋਚ ਵਾਲੇ ਬੰਦੇ ਆਪ ਹੀ ਹੌਲੀ-ਹੌਲੀ ਮਰਨੇ ਜਾਂ ਉਂਜ ਹੀ ਘੱਟ ਹੋਣੇ ਸ਼ੁਰੂ ਹੋ ਗਏ।

ਦੋ ਕੁ ਗੱਲਾਂ ਹੋਰ ਹੁੰਦੀਆਂ ਸਨ ਜਿਨ੍ਹਾਂ ਦਾ ਖਿਆਲ ਰੱਖ ਕੇ ਮੂੰਹ ਖੋਲ੍ਹਿਆ ਜਾਂਦਾ ਸੀ। ਇਨ੍ਹਾਂ ਵਿਚੋਂ ਇੱਕ ਫੌਜ ਬਾਰੇ ਮਰਿਆਦਾ ਦਾ ਖਿਆਲ ਰੱਖਣ ਦੀ ਲੋੜ ਸਮਝੀ ਜਾਂਦੀ ਸੀ ਤੇ ਦੂਜਾ ਸੰਵਿਧਾਨਕ ਪਦਵੀਆਂ ਬਾਰੇ ਕੁਝ ਵੀ ਕਹਿਣ ਤੋਂ ਪਹਿਲਾਂ ਦੋ ਵਾਰੀ ਸੋਚਿਆ ਜਾਂਦਾ ਸੀ। ਹੁਣ ਇਨ੍ਹਾਂ ਗੱਲਾਂ ਬਾਰੇ ਸੋਚਣ ਦੀ ਲੋੜ ਵੀ ਨਹੀਂ। ਰਾਸ਼ਟਰਪਤੀ ਬਾਰੇ ਵੀ ਕੋਈ ਕਿਸੇ ਤਰ੍ਹਾਂ ਦੀ ਗੱਲ ਕਹਿ ਸਕਦਾ ਹੈ, ਕਿਉਂਕਿ ਕੁਝ ਇਹੋ ਜਿਹੇ ਰਾਸ਼ਟਰਪਤੀ ਇਹ ਦੇਸ਼ ਚੁਣਨ ਦੀ ਗਲਤੀ ਕਰ ਚੁੱਕਾ ਹੈ ਜਿਨ੍ਹਾਂ ਨੇ ਆਪਣੇ ਸਮੇਂ ਵਿਚ ਨਾ ਰਾਸ਼ਟਰਪਤੀ ਭਵਨ ਦੀ ਮਰਿਆਦਾ ਦਾ ਖਿਆਲ ਕੀਤਾ ਸੀ ਤੇ ਨਾ ਆਪਣੀ ਇੱਜ਼ਤ ਦਾ ਹੀ। ਫੌਜ ਦੇ ਅਫਸਰਾਂ ਵਿਚੋਂ ਵੀ ਕਈ ਇਹੋ ਜਿਹੇ ਮਾੜੇ ਨਿਕਲ ਆਏ। ਨਤੀਜਾ ਇਹੋ ਸੀ ਕਿ ਜਿਵੇਂ ਲੋਕ ਆਜ਼ਾਦੀ ਦੇ ਬਾਅਦ ਆਜ਼ਾਦੀ ਦੇ ਦਿਨ ਬਾਰੇ ਸਤਿਕਾਰ ਨਾਲ ਗੱਲ ਕਰਨਾ ਭੁੱਲ ਗਏ, ਤੇ ਫਿਰ ਕਿਸੇ ਵੀ ਅਸੂਲ ਨੂੰ ਵਜ਼ਨ ਦੇਣਾ ਛੱਡਣ ਲੱਗ ਪਏ, ਉਵੇਂ ਹੀ ਸੰਵਿਧਾਨਕ ਅਹੁਦਿਆਂ ਦਾ ਸਤਿਕਾਰ ਵੀ ਘਟਦਾ ਗਿਆ।

ਹੁਣ ਅਸੀਂ ਬੜੀ ਸੌਖੀ ਸਥਿਤੀ ਵਿਚ ਹਾਂ। ਕਿਸੇ ਮਾਣ-ਮਰਿਆਦਾ ਦਾ ਚੇਤਾ ਰੱਖਣ ਦੀ ਲੋੜ ਹੀ ਨਹੀਂ ਰਹੀ। ਭਾਰਤ ਦਾ ਕੋਈ ਵੀ ਨਾਗਰਿਕ ਆਪਣੀ ਪੱਗ ਕੱਛ ਵਿਚ ਰੱਖ ਕੇ ਕਿਸੇ ਦੀ ਪੱਗ ਲਾਹੁਣ ਤੁਰ ਪਵੇ ਤਾਂ ਕਿਸੇ ਨੂੰ ਇਸ ਤੋਂ ਕੋਈ ਹੈਰਾਨੀ ਨਹੀਂ ਹੁੰਦੀ। ਕਈ ਲੋਕ ਉਸ ਨੂੰ ਜੁਰਅਤ ਵਾਲਾ ਬੰਦਾ ਕਹਿੰਦੇ ਹਨ। ਇਹੋ ਜਿਹੇ ਬੰਦਿਆਂ ਦੀ ਜੁਰਅਤ ਦਾ ਨਤੀਜਾ ਕੀ ਨਿਕਲੇਗਾ, ਇਹ ਗੱਲ ਸੋਚਣ ਦੀ ਕਿਸੇ ਕੋਲ ਵਿਹਲ ਨਹੀਂ ਰਹਿ ਗਈ।

ਸਾਨੂੰ ਇੱਕ ਗੱਲ ਯਾਦ ਰੱਖਣ ਦੀ ਲੋੜ ਹੈ। ਕਿਸੇ ਸਮੇਂ ਰੂਸ ਵੱਡੀ ਤਾਕਤ ਹੁੰਦਾ ਸੀ। ਉਥੇ ਰਾਜ ਕਰਦੀ ਸੋਵੀਅਤ ਸਮਾਜਵਾਦੀ ਵਿਚਾਰਧਾਰਾ ਨੂੰ ਮਰਿਆਦਾ ਤੋਂ ਸੱਖਣੇ ਇਹੋ ਜਿਹੇ ਬੰਦਿਆਂ ਨੇ ਰੋਲ ਦਿੱਤਾ ਸੀ ਜਿਨ੍ਹਾਂ ਲਈ ਅਸਲੋਂ ਫੁਕਰਾ ਜਾਪਦਾ ਬੋਰਿਸ ਯੇਲਤਸਿਨ ਵੀ ਹੀਰੋ ਸੀ। ਫਿਰ ਚੌਕਾਂ ਵਿਚ ਵਲਾਦੀਮੀਰ ਲੈਨਿਨ ਵਰਗੇ ਮਹਾਨ ਨੇਤਾ ਦੇ ਬੁੱਤ ਨੂੰ ਉਨ੍ਹਾਂ ਕਾਮਿਆਂ ਨੇ ਕਰੇਨਾਂ ਪਿੱਛੇ ਪਾ ਕੇ ਧੂਹਿਆ ਸੀ ਜਿਨ੍ਹਾਂ ਕਿਰਤੀਆਂ ਦੇ ਰਾਜ ਦੀ ਸਥਾਪਤੀ ਲਈ ਉਹ ਦੁਨੀਆ ਨੂੰ ਰਾਹ ਦਿਖਾ ਕੇ ਗਿਆ ਸੀ। ਉਸ ਰੂਸ ਦੇ ਦਬਕੇ ਤੋਂ ਵੀ ਤੇ ਉਸ ਦੀ ਕਿਸੇ ਮਾਮਲੇ ਵਿਚ ਚੁੱਪ ਤੋਂ ਵੀ ਸੰਸਾਰ ਦਾ ਸਾਮਰਾਜਵਾਦ ਤ੍ਰਹਿੰਦਾ ਹੁੰਦਾ ਸੀ, ਪਰ ਉਸ ਦੇ ਬਾਅਦ ਰੂਸ ਕਈ ਸਾਲ ਕਿਸੇ ਖਾਤੇ ਵਿਚ ਗਿਣਨ ਦੇ ਕਾਬਲ ਨਹੀਂ ਸੀ ਰਹਿ ਗਿਆ। ਹੁਣ ਉੱਠ ਰਿਹਾ ਹੈ ਤਾਂ ਇੱਕ ਨਵੇਂ ਰੁਖ ਤੋਂ ਉੱਠਣ ਦਾ ਯਤਨ ਕਰ ਰਿਹਾ ਹੈ; ਜਿਹੜਾ ਰੂਸ ਉਦੋਂ ਵਾਲਾ ਸੀ, ਉਹ ਨਹੀਂ ਰਹਿ ਗਿਆ। ਇਸ ਤ੍ਰਾਸਦੀ ਦਾ ਸ਼ਿਕਾਰ ਰੂਸ ਨੂੰ ਅਮਰੀਕੀਆਂ ਨੇ ਇਸ ਕਰ ਕੇ ਬਣਾ ਲਿਆ ਸੀ ਕਿਉਂਕਿ ਸੋਵੀਅਤ ਸਮਾਜਵਾਦੀ ਰੂਸ ਦੀ ਲੀਡਰਸ਼ਿਪ ਲੈਨਿਨ ਦੇ ਕੱਦ-ਬੁੱਤ ਦੀ ਤਾਂ ਕੀ ਹੋਣੀ, ਉਸ ਦੇ ਗਿੱਟਿਆਂ ਤੱਕ ਜਾਣ ਜੋਗੀ ਵੀ ਨਹੀਂ ਸੀ ਰਹਿ ਗਈ ਤੇ ਅਸਲੋਂ ਨਾਕਾਬਲ ਬੰਦੇ ਆਗੂ ਬਣ ਖੜੋਤੇ ਸਨ।

ਜਦੋਂ ਰੂਸ ਉਸ ਤ੍ਰਾਸਦੀ ਦਾ ਸ਼ਿਕਾਰ ਹੋਣਾ ਸ਼ੁਰੂ ਹੋਇਆ ਸੀ, ਉਦੋਂ ਭਾਰਤ ਵਿਚ ਨਵੀਂ ਤ੍ਰਾਸਦੀ ਆਪਣੇ ਲਈ ਲਾਂਘਾ ਬਣਾ ਰਹੀ ਸੀ। ਬਾਬਰੀ ਮਸਜਿਦ ਢਾਹ ਕੇ ਉਥੇ ਰਾਮ ਮੰਦਰ ਬਣਾਉਣ ਲਈ ਮੁਹਿੰਮ ਵਿੱਢ ਕੇ ਤੁਰਨ ਵਾਲੇ ਉਹ ਲੋਕ ਵੀ ਅਤੇ ਹੋਰ ਫਿਰਕੂ ਸੋਚਣੀ ਵਾਲੇ ਉਹ ਲੋਕ ਵੀ, ਜਿਨ੍ਹਾਂ ਦੇ ਵਡੇਰੇ ਆਜ਼ਾਦੀ ਦੀ ਲੜਾਈ ਵਿਚ ਜਾਂ ਤਾਂ ਰੜਕੇ ਨਹੀਂ ਸਨ ਜਾਂ ਅੰਗਰੇਜ਼ ਦੇ ਪਿਛਲੱਗ ਬਣੇ ਫਿਰਦੇ ਸਨ, ਇੱਕ ਦਮ ਆਜ਼ਾਦੀ ਲਹਿਰ ਦੇ ਨਾਇਕਾਂ ਉੱਤੇ ਹਮਲੇ ਕਰਨ ਤੁਰ ਪਏ ਸਨ। ਦਿੱਲੀ ਤੋਂ ਦੱਖਣ ਤੱਕ ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਦੀ ਖਿੱਲੀ ਉਡਾਈ ਜਾਣ ਲੱਗ ਪਈ ਅਤੇ ਪੰਜਾਬ ਵਿਚ ਕੁਝ ਲੋਕਾਂ ਨੇ ਸ਼ਹੀਦ ਭਗਤ ਸਿੰਘ ਤੇ ਉਸ ਦੇ ਸਾਥੀਆਂ ਬਾਰੇ ਉਲਟਾ-ਸਿੱਧਾ ਬੋਲਣਾ ਸ਼ੁਰੂ ਕਰ ਦਿੱਤਾ ਸੀ। ਇਹੋ ਦੌਰ ਸੀ, ਜਦੋਂ ਪਹਿਲੀ ਵਾਰੀ ਗਦਰ ਪਾਰਟੀ ਦੇ ਮਹਾਨ ਦੇਸ਼ ਭਗਤ ਬਾਬਿਆਂ ਵਿਚੋਂ ਸਿੱਖ ਪਿਛੋਕੜ ਵਾਲਿਆਂ ਨੂੰ ਚੁਣ ਕੇ ਉਨ੍ਹਾਂ ਦੀ ਗਿਣਤੀ ਦੇਸ਼ ਦੀ ਆਜ਼ਾਦੀ ਵਿਚ ਸ਼ਹੀਦ ਹੋਏ ਸਿੱਖਾਂ ਦੇ ਤੌਰ ਉੱਤੇ ਕੀਤੀ ਜਾਣੀ ਸ਼ੁਰੂ ਹੋਈ ਸੀ। ਇਹ ਗੱਲ ਲੁਕਾ ਲਈ ਜਾਂਦੀ ਸੀ ਕਿ ਜਿਹੜੇ ਦੇਸ਼ ਤੋਂ ਆਪਾ ਵਾਰ ਗਏ, ਉਨ੍ਹਾਂ ਦੇ ਜਿਹੜੇ ਸਾਥੀ ਅੰਡੇਮਾਨ ਦੀਆਂ ਉਮਰ ਕੈਦਾਂ ਕੱਟ ਕੇ ਮੁੜੇ ਸਨ, ਉਨ੍ਹਾਂ ਵਿਚੋਂ ਕੋਈ ਵੀ ਗਦਰੀ ਬਾਬਾ ਕਿਸੇ ਇੱਕ ਜਾਂ ਦੂਜੇ ਫਿਰਕੇ ਦੇ ਨਾਂ ਉੱਤੇ ਰਾਜਨੀਤੀ ਕਰਨ ਵਾਲੀ ਕਿਸੇ ਪਾਰਟੀ ਵਿਚ ਨਹੀਂ ਸੀ ਗਿਆ ਅਤੇ ਆਪਣੀ ਦੇਸ਼ ਭਗਤੀ ਨੂੰ ਭਾਰਤੀ ਰੱਖਿਆ ਸੀ, ਖੇਤਰੀ ਜਾਂ ਫਿਰਕੂ ਰੰਗਤ ਨਹੀਂ ਸੀ ਆਉਣ ਦਿੱਤੀ।

ਇਹ ਸਾਰਾ ਕੁਝ ਕਿਉਂਕਿ ਥੋੜ੍ਹੇ ਸਮੇਂ ਦੇ ਫਰਕ ਨਾਲ ਲੱਗਭੱਗ ਇਕੱਠਾ ਵਾਪਰਿਆ, ਉਦੋਂ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਨੇ ਇੱਕ ਵਾਰੀ ਇਹ ਕਿਹਾ ਸੀ ਕਿ ਦੇਸ਼ ਦੀ ਜੇ ਕੋਈ ਲੀਡਰਸ਼ਿਪ ਹੈ ਤਾਂ ਉਹ ਭਾਰਤ ਦੇ ਇਨ੍ਹਾਂ ਹਾਲਾਤ ਨੂੰ ਸੋਵੀਅਤ ਰੂਸ ਦੇ ਹਾਲਾਤ ਨਾਲ ਮੇਲ ਕੇ ਦੇਖੇ, ਫਿਰ ਹਸ਼ਰ ਦਾ ਪਤਾ ਲੱਗ ਜਾਵੇਗਾ। ਚੰਦਰ ਸ਼ੇਖਰ ਨੇ ਕਿਹਾ ਸੀ ਕਿ ਰੂਸ ਵਿਚ ਲੈਨਿਨ ਦੇ ਬੁੱਤ ਤੋੜਨਾ ਸਿਰਫ ਬੁੱਤਾਂ ਦਾ ਤੋੜਨਾ ਨਹੀਂ, ਲੋਕਾਂ ਦੇ ਮਨਾਂ ਅੰਦਰਲੀ ਭਾਵਨਾ ਦਾ ਕਿਨਾਰਾ ਤੋੜ ਕੇ ਉਨ੍ਹਾਂ ਨੂੰ ਬੇਮੁਹਾਰ ਵਹਿਣ ਦੇ ਰਾਹ ਪਾਉਣਾ ਸੀ, ਜਿਸ ਨੂੰ ਸਮਝਿਆ ਨਹੀਂ ਗਿਆ ਅਤੇ ਰੂਸ ਤਬਾਹ ਹੋ ਗਿਆ ਹੈ। ਜਲੰਧਰ ਵਿਚ ਆਣ ਕੇ ਜਦੋਂ ਉਸ ਨੇ ਇਹ ਗੱਲ ਕਹੀ ਤਾਂ ਨਾਲ ਇਹ ਵੀ ਆਖਿਆ ਸੀ ਕਿ ਗਾਂਧੀ ਹੋਵੇ ਜਾਂ ਭਗਤ ਸਿੰਘ, ਰਾਹ ਵੱਖ-ਵੱਖ ਹੋਣ ਦੇ ਬਾਵਜੂਦ ਦੇਸ਼ ਭਗਤੀ ਦੇ ਖਾਤੇ ਵਿਚ ਦੋਵਾਂ ਦਾ ਇੱਕ ਖਾਸ ਥਾਂ ਹੈ ਤੇ ਜਦੋਂ ਇਨ੍ਹਾਂ ਉੱਤੇ ਹਮਲਾ ਹੋਏ ਤੋਂ ਅਸੀਂ ਚੁੱਪ ਰਹਿੰਦੇ ਹਾਂ, ਤਾਂ ਅਸੀਂ ਰੂਸ ਵਾਂਗ ਭਾਰਤ ਦੀ ਤਬਾਹੀ ਦਾ ਮੁੱਢ ਬੱਝ ਰਿਹਾ ਦੇਖ ਕੇ ਚੁੱਪ ਰਹਿਣ ਵਰਗਾ ਗੁਨਾਹ ਕਰਦੇ ਹਾਂ। ਜੋ ਕੁਝ ਇਸ ਵਾਰੀ ਆਜ਼ਾਦੀ ਦਿਨ ਉੱਤੇ ਹੋਇਆ ਹੈ, ਉਹ ਚੰਦਰ ਸ਼ੇਖਰ ਦੀਆਂ ਗੱਲਾਂ ਦਾ ਮਹੱਤਵ ਵੀ ਵਧਾ ਦਿੰਦਾ ਹੈ।

ਦੇਸ਼ ਦੇ ਮੌਜੂਦਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀਆਂ ਤਕਰੀਰਾਂ ਸੁਣਨ ਦੀ ਆਦਤ ਇਨ੍ਹਾਂ ਸਤਰਾਂ ਦਾ ਲੇਖਕ ਚਿਰਾਂ ਦਾ ਛੱਡ ਚੁੱਕਾ ਹੈ। ਉਸ ਕੋਲ ਨਹਿਰੂ-ਗਾਂਧੀ ਪਰਵਾਰ ਦਾ ਚਾਲੀਸਾ ਪੜ੍ਹਨ ਅਤੇ ਭਵਿੱਖ ਬਾਰੇ ਚਾਰ ਫੋਕੀਆਂ ਗੱਲਾਂ ਕਹਿ ਛੱਡਣ ਤੋਂ ਸਿਵਾ ਕੁਝ ਹੈ ਹੀ ਨਹੀਂ। ਦੂਜੇ ਪਾਸੇ ਕੁਝ ਲੋਕ ਹਰ ਰੋਜ਼ ਨਵੀਂ ਗੱਲ ਕਹਿੰਦੇ ਹਨ ਤੇ ਆਪਣੀ ਇਸ ਆਦਤ ਨਾਲ ਉਹ ਭੀੜਾਂ ਵੀ ਖਿੱਚ ਸਕਦੇ ਹਨ, ਪਰ ਜਿਹੜੀਆਂ ਗੱਲਾਂ ਉਹ ਕਹਿੰਦੇ ਹਨ, ਉਨ੍ਹਾਂ ਨਾਲ ਦੇਸ਼ ਦੀ ਬੁਨਿਆਦ ਉੱਤੇ ਵਾਰ ਕੀਤਾ ਜਾਂਦਾ ਹੈ ਤੇ ਭੀੜਾਂ ਨੂੰ ਇਸ ਕੰਮ ਲਈ ਉਸੇ ਤਰ੍ਹਾਂ ਉਕਸਾਇਆ ਜਾਂਦਾ ਹੈ, ਜਿਵੇਂ ਰੂਸ ਵਿਚ ਬੋਰਿਸ ਯੇਲਤਸਿਨ ਨੇ ਭੀੜਾਂ ਨੂੰ ਲੈਨਿਨ ਤੇ ਸਮਾਜਵਾਦ, ਦੋਵਾਂ ਵਿਰੁੱਧ ਉਕਸਾਇਆ ਸੀ।

ਇਸ ਚੰਦਰੀ ਖੇਡ ਦਾ ਸਭ ਤੋਂ ਵੱਡਾ ਮੋਹਰਾ ਗੁਜਰਾਤ ਦਾ ਮੁੱਖ ਮੰਤਰੀ ਨਰਿੰਦਰ ਮੋਦੀ ਹੈ ਜਿਸ ਦੀ ਉਠਾਣ ਵੀ ਜਰਮਨੀ ਦੇ ਹਿਟਲਰ ਨਾਲ ਮਿਲਦੀ ਹੈ, ਕਿਰਦਾਰ ਵੀ ਅਤੇ ਬੋਲ-ਬਾਣੀ ਵੀ। ਦੇਸ਼ ਦੇ ਲੋਕ ਇਸ ਨੂੰ ਸਮਝਣ ਤੋਂ ਅਸਮਰਥ ਹਨ। ਅਸਲੋਂ ਸਾਧਾਰਨ ਬੰਦੇ ਤੋਂ ਪਰਦੇ ਹੇਠਲੀ ਆਪਣੀ ਚੁਸਤੀ ਨਾਲ ਉੱਠਿਆ ਇਹ ਬੰਦਾ ਜਦੋਂ ਥੋੜ੍ਹਾ ਉੱਪਰ ਹੋਇਆ ਤਾਂ ਜਿਵੇਂ ਹਿਟਲਰ ਨੇ ਇੱਕ ਭਾਈਚਾਰੇ ਨੂੰ ਨਿਸ਼ਾਨੇ ਹੇਠ ਰੱਖਿਆ ਸੀ, ਇਹ ਵੀ ਇੱਕ ਖਾਸ ਘੱਟ-ਗਿਣਤੀ ਨੂੰ ਨਿਸ਼ਾਨਾ ਬਣਾ ਕੇ ਤੁਰ ਪਿਆ। ਹਿਟਲਰ ਵੀ ਬਾਅਦ ਵਿਚ ਉਸ ਇੱਕ ਭਾਈਚਾਰੇ ਦੇ ਆਹੂ ਲਾਹੁਣ ਤੱਕ ਸੀਮਤ ਨਹੀਂ ਸੀ ਰਿਹਾ, ਇਹ ਵੀ ਸਮਾਂ ਪਾ ਕੇ ਹੋਰਨਾਂ ਦੇ ਗਿੱਟੇ ਸੇਕਣ ਦਾ ਰਾਹ ਫੜੇਗਾ, ਪਰ ਉਸ ਦੇ ਭਾਈਬੰਦ ਇਹ ਗੱਲ ਮੰਨਣ ਨੂੰ ਰਾਜ਼ੀ ਨਹੀਂ। ਇੱਕ ਗੱਲ ਉਸ ਦੀ ਤੇ ਹਿਟਲਰ ਦੀ ਹੋਰ ਸਾਂਝੀ ਇਹ ਹੈ ਕਿ ਦੋਵਾਂ ਨੇ ਆਪਣੀ ਸੋਚਣੀ ਨੂੰ ਅੰਜਾਮ ਤੱਕ ਪੁਚਾਉਣ ਦੌਰਾਨ ਗੱਲਾਂ ਨੇਕੀ ਦੀਆਂ ਕੀਤੀਆਂ, ਪਰ ਹਰ ਬੇਈਮਾਨ ਬੰਦਾ ਆਪਣੇ ਨਾਲ ਜੋੜ ਲਿਆ ਸੀ। ਨਰਿੰਦਰ ਮੋਦੀ ਵੀ ਦੇਸ਼ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ ਦੇ ਵਿਰੋਧ ਦੇ ਨਾਂ ਉੱਤੇ ਭੜਕਾਉਂਦਾ ਹੈ, ਪਰ ਭ੍ਰਿਸ਼ਟਾਚਾਰ ਕਾਰਨ ਇੱਕ ਕੇਸ ਵਿਚ ਅਦਾਲਤ ਤੋਂ ਕੈਦ ਦੀ ਸਜ਼ਾ ਦਾ ਹੁਕਮ ਸੁਣ ਚੁੱਕੇ ਬੰਗਾਰੂ ਲਕਸ਼ਮਣ ਨੂੰ ਆਪਣੇ ਨਾਲ ਸਟੇਜ ਉੱਤੇ ਬਿਠਾ ਕੇ ਬੋਲਦਾ ਹੈ। ਯੇਡੀਯੁਰੱਪਾ ਨਾਲ ਉਸ ਦੀ ਸਾਂਝ ਵੀ ਲੁਕੀ ਹੋਈ ਨਹੀਂ ਤੇ ਉਸ ਦਾ ਆਪਣਾ ਇੱਕ ਮੰਤਰੀ ਸਹਿਯੋਗੀ ਸੋਲੰਕੀ ਵੀ ਅਦਾਲਤ ਤੋਂ ਭ੍ਰਿਸ਼ਟਾਚਾਰ ਦਾ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ। ਇਸ ਦੇ ਬਾਵਜੂਦ ਲੋਕ ਉਸ ਦੀਆਂ ਗੱਲਾਂ ਸੁਣ ਕੇ ਤਾੜੀਆਂ ਮਾਰਦੇ ਹਨ।

ਆਖਰ ਕਿਉਂ? ਇਸ ਲਈ ਕਿ ਉਸ ਦੀ ਉਠਾਣ ਦਾ ਆਧਾਰ ਕਿਸੇ ਬਾਬਰੀ ਮਸਜਿਦ ਦੀ ਮੁਹਿੰਮ ਨੇ ਤਿਆਰ ਨਹੀਂ ਕੀਤਾ, ਉਦੋਂ ਤੱਕ ਤਾਂ ਉਹ ਨਾ ਤਿੰਨਾਂ ਵਿਚ ਹੁੰਦਾ ਸੀ ਤੇ ਨਾ ਤੇਰਾਂ ਵਿਚ ਗਿਣਿਆ ਜਾਂਦਾ ਸੀ, ਬਲਕਿ ਇਸ ਦਾ ਆਧਾਰ ਭਾਰਤ ਦੀ ਸਰਕਾਰ ਚਲਾਉਣ ਵਾਲਿਆਂ ਨੇ ਆਪ ਪੇਸ਼ ਕੀਤਾ ਹੈ। ਕਦੇ ਭਾਰਤ ਦੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੂੰ ਪਾਰਲੀਮੈਂਟ ਵਿਚ ਖੜੋ ਕੇ ਉਸ ਦਾ ਜਵਾਈ ਫਿਰੋਜ਼ ਗਾਂਧੀ ਕਹਿੰਦਾ ਸੀ ਕਿ ਭ੍ਰਿਸ਼ਟਾਚਾਰ ਵਧਦਾ ਜਾ ਰਿਹਾ ਹੈ, ਉਸ ਨੂੰ ਰੋਕਦੇ ਕਿਉਂ ਨਹੀਂ? ਅੱਜ ਭਾਰਤ ਦੀ ਸਰਕਾਰ ਨੂੰ ਚਲਾਉਣ ਵਾਲਾ ਪ੍ਰਧਾਨ ਮੰਤਰੀ ਜਿਸ ਬੀਬੀ ਦੇ ਇਸ਼ਾਰੇ ਦਾ ਮੁਥਾਜ ਹੈ, ਉਸ ਵਿਚਾਰੀ ਨੇ ਇਹੋ ਜਿਹਾ ਜਵਾਈ ਸਹੇੜ ਲਿਆ ਹੈ ਜਿਹੜਾ ਕਿਸੇ ਦੇ ਭ੍ਰਿਸ਼ਟਾਚਾਰ ਦੀ ਗੱਲ ਕਰਨ ਦੀ ਥਾਂ ਆਪ ਭ੍ਰਿਸ਼ਟਾਚਾਰ ਦਾ ਭੜੋਲਾ ਹੈ ਤੇ ਉਸ ਦੀ ਸੱਸ ਹੀ ਨਹੀਂ, ਮੁਲਕ ਦੀ ਸਰਕਾਰ ਵੀ ਇੱਕੋ ਬੰਦੇ ਪਿੱਛੇ ਕੁਰਬਾਨ ਹੋਣ ਦੇ ਰਾਹ ਪੈ ਗਈ ਹੈ। ਕਿਸੇ ਨੇ ਵੀ ਇਹ ਨਹੀਂ ਕਿਹਾ ਕਿ ਰਾਜ ਚਲਾਉਂਦੀ ਬੀਬੀ ਦਾ ਦਾਮਾਦ ਵੱਡਾ ਨਹੀਂ, ਦੇਸ਼ ਵੱਡਾ ਹੈ ਅਤੇ ਇਸ ਦੇ ਪਿੱਛੇ ਦੇਸ਼ ਦੇ ਭਵਿੱਖ ਦੀ ਕੁਰਬਾਨੀ ਨਹੀਂ ਦੇ ਸਕਦੇ, ਸਗੋਂ ਉਸ ਦੇ ਘੇਰੇ ਵਿਚ ਜੁੜੇ ਹੋਏ ਚਾਪਲੂਸ ਉਸ ਦੇ ਵਕੀਲ ਬਣੇ ਹੋਏ ਹਨ। ਇਹ ਚਾਪਲੂਸ ਕੱਲ੍ਹ ਨੂੰ ਕਿਸੇ ਨਰਿੰਦਰ ਮੋਦੀ ਨੂੰ ਵੀ ਇਹੋ ਖਿਦਮਤ ਪੇਸ਼ ਕਰਨ ਤੱਕ ਜਾ ਸਕਦੇ ਹਨ। ਸਵਾਲ ਉਸ ਦੇਸ਼ ਦਾ ਹੈ, ਜਿਸ ਦੇ ਲੋਕਾਂ ਨੂੰ ਆਪਣੇ ਭਵਿੱਖ ਦੀ ਆਸ ਦੀ ਕੋਈ ਕਿਰਨ ਦਿਖਾਈ ਦੇਣ ਦੀ ਥਾਂ ਸਿਰਫ ਕਿੰਤੂਆਂ ਦੀ ਲੜੀ ਲੱਗੀ ਦਿਸ ਰਹੀ ਹੈ। ਉਨ੍ਹਾਂ ਲੋਕਾਂ ਕੋਲ ਹੁਣ ਇੱਕ ਹੀ ਰਾਹ ਰਹਿ ਗਿਆ ਹੈ ਤੇ ਉਹ ਇਹ ਕਿ ਉਹ ਦੋਵਾਂ ਧਿਰਾਂ ਦੇ ਮੁਕਾਬਲੇ ਕਿਸੇ ਤੀਜੇ ਨੂੰ ਪਰਖਣ ਲਈ ਮਾਨਸਿਕ ਪੱਖੋਂ ਤਿਆਰ ਹੋਣ। ਹੋਰ ਕੋਈ ਰਾਹ ਅੱਜ ਦੀ ਘੜੀ ਦਿਖਾਈ ਨਹੀਂ ਦਿੰਦਾ, ਕੱਲ੍ਹ ਬਾਰੇ ਕੱਲ੍ਹ ਜਾਣਦਾ ਹੋਵੇਗਾ।

## ਗੈਸ ਸਟੇਸ਼ਨ ਵਿਕਾਊ ਹੈ

**ਚੋਕੋਰੁਆ, ਨਿਊ ਹੈਂਪਸ਼ਾਇਰ ਵਿਚ ਗਲਫ ਗੈਸ ਸਟੇਸ਼ਨ ਅੱਧਾ ਏਕੜ ਜ਼ਮੀਨ ਸਮੇਤ ਵਿਕਾਊ ਹੈ। ਗੈਸ ਸਟੇਸ਼ਨ ਰੂਟ 16 ਅਤੇ 113 ਦੇ ਇੰਟਰਸੈਕਸ਼ਨ ਉਤੇ ਬਹੁਤ ਬਿਜ਼ੀ ਲੋਕੇਸ਼ਨ 'ਤੇ ਹੈ।**

**ਸਾਲਾਨਾ ਸੇਲ: ਇਨਸਾਈਡ 5 ਲੱਖ ਡਾਲਰ ਅਤੇ ਗੈਸ ਇਕ ਮਿਲੀਅਨ**

**Gulf Gas Station For Sale With Property (Lot size .5 acre) on rout 16 and 113 intersection in Chocorua, New Hampshire-03817**
**In side store sale: 500k and Gas 1 mil.**

**Call: Kushal, Ph: 603-323-7314**
**Or Gagan, Ph: 347-234-5124**

## OKKJI Transfer LLC.

**15238 Radiance Dr., Noblesville, IN, 46060**

## ਓਨਰ ਅਪਰੇਟਰ ਚਾਹੀਦੇ ਹਨ



*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ

**ਕਾਗਜ਼ ਦਿਓ ਤੇ ਪੈਸੇ ਲਓ**

**ਟਰੱਕ ਪਾਰਕਿੰਗ ਮਾਸਿਕ ਰੈਂਟ 'ਤੇ ਉਪਲਬਧ ਹੈ**

**ਸੰਪਰਕ ਕਰੋ:**

**Toll Free: 1-855-966-5554**

Manny Sandhu: 317-603-1000, Sam Bhullar: 732-486-9045
Fax: 317-774-9665

ਪੰਜਾਬ ਟਾਈਮਜ਼

*ਸਨਿਚਰਵਾਰ, 24 ਅਗਸਤ 2013*

## ਮਨਮੋਹਨ ਸਿੰਘ ਕਿ ਮੰਡੀ ਦੀ ਮਰਜ਼ੀ?

ਮਾਰਕੀਟ ਦੀ 'ਘੇਰਾਬੰਦੀ' ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸਫਾਈ ਦੇਣ ਲਈ ਮਜਬੂਰ ਕਰ ਦਿੱਤਾ ਹੈ। ਹਰ ਮਸਲੇ ਬਾਰੇ ਖਾਮੋਸ਼ੀ ਧਾਰ ਕੇ ਕੰਮ ਚਲਾਉਣ ਵਾਲੇ 'ਸਰਦਾਰ ਜੀ' ਨੇ ਲੋਕਾਂ ਨੂੰ ਤਸੱਲੀ ਦਿਵਾਉਣ ਦਾ ਯਤਨ ਕਰਦਿਆਂ ਕਿਹਾ ਹੈ ਕਿ ਮਾਰਕੀਟ ਦਾ ਤਾਜ਼ਾ ਮੰਦਾ 1991 ਵਾਲੇ ਮੰਦੇ ਵਰਗਾ ਨਹੀਂ ਹੈ, ਉਦੋਂ ਤਾਂ ਹਾਲਤ ਬਹੁਤ ਨਿੱਘਰ ਚੁੱਕੀ ਸੀ, ਚਿਰਾਂ ਤੋਂ ਮੰਦੀ ਚੱਲ ਰਹੀ ਸੀ ਅਤੇ ਉਦੋਂ ਆਰਥਿਕਤਾ ਵਿਚ ਖੜੋਤ ਆ ਚੁੱਕੀ ਸੀ। ਹੁਣ ਵਾਲੀ ਮੰਦੀ ਆਰਜ਼ੀ ਹੈ ਅਤੇ ਮੰਦੀ ਦੀ ਇਹ ਹਾਲਤ ਛੇਤੀ ਹੀ ਠੀਕ ਹੋ ਜਾਣੀ ਹੈ, ਸਰਕਾਰ ਇਸ ਪਾਸੇ ਗੰਭੀਰਤਾ ਨਾਲ ਲੱਗੀ ਹੋਈ ਹੈ। ਪ੍ਰਧਾਨ ਮੰਤਰੀ ਦੀ ਇਹ ਤੜਫਾਹਟ ਬਿਨਾ ਕਾਰਨ ਨਹੀਂ ਹੈ। ਇਕ ਤਾਂ ਅਗਲੀਆਂ ਲੋਕ ਸਭਾ ਚੋਣਾਂ ਸਿਰ ਉਤੇ ਹਨ। ਆਪਣੀ ਦਸ ਸਾਲ ਦੀ ਕਾਰਗੁਜ਼ਾਰੀ ਦਿਖਾਉਣ ਲਈ ਉਨ੍ਹਾਂ ਦੇ ਬੋਝੇ ਵਿਚ ਕੋਈ ਵੀ ਖਾਸ ਪ੍ਰਾਪਤੀ ਨਹੀਂ ਹੈ। ਭਾਜਪਾ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸੰਭਾਵੀ ਉਮੀਦਵਾਰ ਨਰੇਂਦਰ ਮੋਦੀ ਨੇ ਉਂਜ ਹੀ ਕਾਂਗਰਸੀਆਂ ਨੂੰ ਭਾਜੜਾਂ ਪਾਈਆਂ ਹੋਈਆਂ ਹਨ। ਇਸ ਦੇ ਨਾਲ ਹੀ ਕਾਂਗਰਸ ਦੇ ਕਈ ਆਗੂ ਭ੍ਰਿਸ਼ਟਾਚਾਰ ਦੇ ਕੇਸਾਂ ਵਿਚ ਬੁਰੀ ਤਰ੍ਹਾਂ ਉਲਝੇ ਹੋਏ ਹਨ ਅਤੇ ਇਸ ਬਾਰੇ ਕਿਸੇ ਕੋਲ ਕੋਈ ਜਵਾਬ ਨਹੀਂ ਹੈ। ਕਾਂਗਰਸੀਆਂ ਨੇ ਅੱਡੀ-ਚੋਟੀ ਦਾ ਜ਼ੋਰ ਲਾ ਲਿਆ ਕਿ ਨਰੇਂਦਰ ਮੋਦੀ ਅਤੇ ਗੁਜਰਾਤ ਦੰਗਿਆਂ ਨੂੰ ਆਧਾਰ ਬਣਾ ਕੇ ਅਗਲੀਆਂ ਚੋਣਾਂ ਲਈ ਫਿਰਕਾਪ੍ਰਸਤੀ ਨੂੰ ਮੁੱਖ ਮੁੱਦਾ ਬਣਾ ਲਿਆ ਜਾਵੇ, ਪਰ ਅਜੇ ਤੱਕ ਇਸ ਦਾ ਕਿਤੇ ਟਿਕਾ ਕੇ ਪੈਰ ਅੜਿਆ ਨਹੀਂ ਹੈ। ਦਰਅਸਲ, ਜਿਸ ਤਰ੍ਹਾਂ ਦਾ ਤਾਂਡਵ ਨਾਚ ਮੋਦੀ ਨੇ ਗੁਜਰਾਤ ਵਿਚ ਸਾਲ 2002 ਵਿਚ ਮੁਸਲਮਾਨਾਂ ਦਾ ਖੂਨ ਵਹਾ ਕੇ ਨੱਚਿਆ ਸੀ, ਉਸ ਤੋਂ ਕਿਤੇ ਵੱਡਾ ਕਾਰਾ ਤਾਂ ਕਾਂਗਰਸ ਨੇ 1984 ਵਿਚ ਸਿੱਖਾਂ ਦਾ ਕਤਲੇਆਮ ਕਰ ਕੇ ਕੀਤਾ ਸੀ। ਇਸ ਕਤਲੇਆਮ ਲਈ ਜ਼ਿੰਮੇਵਾਰ ਕਿਸੇ ਕਾਂਗਰਸੀ ਆਗੂ ਨੂੰ ਸਜ਼ਾ ਨਹੀਂ ਦਿਵਾਈ ਗਈ। ਉਸ ਕਤਲੇਆਮ ਦੇ ਪੀੜਤ ਅੱਜ ਵੀ ਰੁਲ ਰਹੇ ਹਨ। ਇਹ ਦਾਗ ਕਾਂਗਰਸ ਦੇ ਨਾਲ-ਨਾਲ ਚੱਲ ਰਿਹਾ ਹੈ, ਖਹਿੜਾ ਨਹੀਂ ਛੱਡ ਰਿਹਾ। ਹੁਣ ਮਾਰਕੀਟ ਦੀ ਮਾਰ ਨੇ ਕਾਂਗਰਸੀ ਲੀਡਰਾਂ ਦੀ ਨੀਂਦ ਹੀ ਉੜਾ ਦਿੱਤੀ ਹੈ। ਰੁਪਏ ਦੀ ਕੀਮਤ ਵਿਚ ਰਿਕਾਰਡ ਨਿਘਾਰ ਆ ਰਿਹਾ ਹੈ ਅਤੇ ਇਸ ਨੂੰ ਠੱਲ੍ਹਣ ਲਈ ਸਰਕਾਰ ਦੀ ਹਰ ਚਾਰਾਜੋਈ ਫੇਲ੍ਹ ਹੋ ਕੇ ਰਹਿ ਗਈ ਹੈ। ਮਹਿੰਗਾਈ ਛੜੱਪੇ ਮਾਰ ਰਹੀ ਹੈ ਜਿਸ ਕਾਰਨ ਹੇਠਲਾ ਤਬਕਾ ਤ੍ਰਾਹ-ਤ੍ਰਾਹ ਕਰ ਰਿਹਾ ਹੈ। ਡਾ. ਮਨਮੋਹਨ ਸਿੰਘ ਸੰਸਾਰ ਭਰ ਵਿਚ ਮੰਨੇ-ਪ੍ਰਮੰਨੇ ਆਰਥਿਕ ਮਾਹਿਰ ਹਨ, ਪਰ ਕੀ ਕਾਰਨ ਹੈ ਕਿ ਉਹ ਆਪਣੇ ਹੀ ਦੇਸ਼ ਵਿਚ ਲਗਾਤਾਰ ਫੇਲ੍ਹ ਸਾਬਤ ਹੋਏ ਹਨ? ਇਸ ਬਾਰੇ ਕੋਈ ਵੀ ਵਿਚਾਰ ਕਰਨ ਲਈ ਤਿਆਰ ਨਹੀਂ। ਫੇਲ੍ਹ ਬੰਦਾ ਅੱਜ ਭਾਰਤ ਦਾ ਲੀਡਰ ਬਣ ਕੇ ਵਿਚਰ ਰਿਹਾ ਹੈ।

1991 ਵਿਚ ਨਵੀਆਂ ਆਰਥਿਕ ਨੀਤੀਆਂ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਹੀ ਸ਼ੁਰੂ ਕੀਤੀਆਂ ਗਈਆਂ ਸਨ। ਉਦੋਂ ਇਹ ਨੀਤੀਆਂ ਲਾਗੂ ਕਰਨ ਲਈ ਕੌਮਾਂਤਰੀ ਮੁਦਰਾ ਫੰਡ ਤੋਂ ਕਰਜ਼ਾ ਲੈਣ ਲਈ ਤਰਕ ਹੀ ਇਹ ਦਿੱਤਾ ਗਿਆ ਸੀ ਕਿ ਕੌਮਾਂਤਰੀ ਮਾਰਕੀਟ ਨਾਲ ਜੁੜੇ ਬਗੈਰ ਦੇਸ਼ ਦਾ ਵਿਕਾਸ ਸੰਭਵ ਨਹੀਂ ਹੈ। ਇਨ੍ਹਾਂ ਨੀਤੀਆਂ ਨੂੰ ਉਸ ਵੇਲੇ ਦੇ ਮਾੜੇ ਆਰਥਿਕ ਹਾਲਾਤ ਦਾ ਇਕੋ-ਇਕ ਹੱਲ ਦੱਸਿਆ ਗਿਆ ਸੀ। ਇਹ ਨੀਤੀਆਂ ਪਿਛਲੇ 22 ਸਾਲ ਤੋਂ ਜਿਉਂ ਦੀਆਂ ਤਿਉਂ ਚੱਲ ਰਹੀਆਂ ਹਨ। ਬਾਈਆਂ ਸਾਲਾਂ ਵਿਚੋਂ ਤਕਰੀਬਨ ਛੇ ਸਾਲ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠ ਐਨ.ਡੀ.ਏ. ਦੀ ਸਰਕਾਰ ਰਹੀ, ਪਰ ਉਦੋਂ ਵੀ ਇਨ੍ਹਾਂ ਨੀਤੀਆਂ ਵਿਚ ਕੋਈ ਵਿਘਨ ਨਹੀਂ ਪਿਆ; ਸਗੋਂ ਭਾਜਪਾ ਨੇ ਇਸ ਖੇਤਰ ਵਿਚ ਦੋ ਕਦਮ ਅਗਾਂਹ ਵਧਾ ਕੇ ਹੀ ਕੰਮ ਕੀਤਾ। ਨਤੀਜਾ ਕੀ ਨਿਕਲਿਆ? ਮੁੱਖ ਨੀਤੀ ਘਾੜੇ ਮਨਮੋਹਨ ਸਿੰਘ ਨੂੰ ਹੁਣ ਦੇ ਹਾਲਾਤ ਦੀ ਤੁਲਨਾ 1991 ਵਾਲੇ ਹਾਲਾਤ ਨਾਲ ਕਰਨੀ ਪੈ ਰਹੀ ਹੈ। ਇਸ ਦਾ ਸਿੱਧਾ ਜਿਹਾ ਮਤਲਬ ਇਹ ਹੈ ਕਿ ਤਕਰੀਬਨ ਢਾਈ ਦਹਾਕਿਆਂ ਤੋਂ ਬਾਅਦ ਵੀ ਅਸੀਂ ਉਸੇ ਥਾਂ ਉਤੇ ਖੜ੍ਹੇ ਹਾਂ, ਜਿੱਥੋਂ ਚੱਲੇ ਸੀ। ਇਸ ਵਿਚ ਵਾਧਾ ਸ਼ਾਇਦ ਇਹ ਹੋਇਆ ਹੈ ਕਿ ਇਨ੍ਹਾਂ ਸਾਲਾਂ ਦੌਰਾਨ ਅਮੀਰਾਂ-ਗਰੀਬਾਂ ਵਿਚਕਾਰ ਪਾੜਾ ਪਹਿਲਾਂ ਨਾਲੋਂ ਕਿਤੇ ਵਧ ਗਿਆ ਹੈ। ਅਸਲ ਵਿਚ ਇਨ੍ਹਾਂ ਆਰਥਿਕ ਨੀਤੀਆਂ ਨੇ ਇਕ ਤਬਕੇ ਨੂੰ ਤਾਂ ਮਾਲਾਮਾਲ ਕੀਤਾ ਹੈ, ਪਰ ਦੂਜਾ ਤਬਕਾ ਇਨ੍ਹਾਂ ਨੀਤੀਆਂ ਤੋਂ ਮਿਲ ਰਹੇ ਲਾਭਾਂ ਤੋਂ ਵਿਰਵਾ ਹੀ ਰਹਿ ਗਿਆ ਹੈ। ਇਹ ਤਬਕਾ ਲਾਭਾਂ ਤੋਂ ਵਿਰਵਾ ਹੀ ਨਹੀਂ ਰਿਹਾ, ਸਗੋਂ ਇਸ ਦੀ ਹਾਲਤ ਪਹਿਲਾਂ ਨਾਲੋਂ ਵੀ ਬਦਤਰ ਹੋ ਗਈ ਹੈ। ਇਨ੍ਹਾਂ ਮਾੜੇ ਹਾਲਾਤ ਦੀ ਪੁਣ-ਛਾਣ ਕਰਨ ਦੀ ਥਾਂ ਮਨਮੋਹਨ ਸਿੰਘ ਅਤੇ ਉਨ੍ਹਾਂ ਦੇ ਸਾਥੀ ਲਾਂਭੇ-ਲਾਂਭੇ ਲੰਘਣ ਦਾ ਯਤਨ ਕਰ ਰਹੇ ਹਨ। ਇਸ ਹਾਲਾਤ ਨੂੰ ਸਮਝਣ ਅਤੇ ਉਸ ਮੁਤਾਬਕ ਨੀਤੀਆਂ ਵਿਚ ਤਬਦੀਲੀਆਂ ਕਰਨ ਦੀ ਥਾਂ ਅੰਕੜਿਆਂ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ। ਯੋਜਨਾ ਕਮਿਸ਼ਨ ਦੇ ਡਿਪਟੀ ਚੇਅਰਮੈਨ ਅਤੇ ਮਨਮੋਹਨ ਸਿੰਘ ਦੇ ਖਾਸ-ਉਲ-ਖਾਸ ਮੌਂਟੇਕ ਸਿੰਘ ਆਹਲੂਵਾਲੀਆਂ ਨੇ ਗਰੀਬੀ ਦੀ ਪਰਿਭਾਸ਼ਾ ਬਦਲ ਕੇ ਗਰੀਬੀ ਦੀ ਮਾਰ ਝੱਲ ਰਹੇ ਲੋਕਾਂ ਦੀ ਗਿਣਤੀ ਹੀ ਘਟਾ ਦਿੱਤੀ ਹੈ। ਜੇ ਅਸੀਂ ਇਕੱਲੇ ਪੰਜਾਬ ਦੀ ਹੀ ਗੱਲ ਕਰੀਏ ਤਾਂ ਪਤਾ ਲੱਗਦਾ ਹੈ ਕਿ ਖੇਤੀ ਉਤੇ ਆਧਾਰਤ ਇਸ ਸੂਬੇ ਦੀ ਆਰਥਿਕਤਾ ਨੂੰ ਨਵੀਆਂ ਨੀਤੀਆਂ ਨੇ ਕਿਸ ਤਰ੍ਹਾਂ ਵੱਡੀ ਪੱਧਰ 'ਤੇ ਢਾਹ ਲਾਈ ਹੈ। ਪੰਜਾਬ ਵਿਚ ਕਿਸੇ ਢੰਗ-ਤਰੀਕੇ ਨਾਲ ਸਨਅਤ ਲਾਉਣ ਦਾ ਮੁੱਦਾ ਤਾਂ ਕਦੀ ਗੰਭੀਰਤਾ ਨਾਲ ਵਿਚਾਰਿਆ ਹੀ ਨਹੀਂ ਗਿਆ, ਨਵੀਆਂ ਨੀਤੀਆਂ ਨੇ ਖੇਤੀ ਉਤੇ ਮਿਲਦੀਆਂ ਸਬਸਿਡੀਆਂ ਵਿਚ ਕਟੌਤੀ ਦਾ ਫਾਹਾ ਲਗਾਤਾਰ ਗਲ ਵਿਚ ਪਾਇਆ ਹੋਇਆ ਹੈ। ਪੰਜਾਬ ਵਿਚ ਭਾਵੇਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਹੋਵੇ ਜਾਂ ਕਾਂਗਰਸ ਦੀ, ਇਸ ਪਾਸੇ ਉਕਾ ਹੀ ਧਿਆਨ ਨਹੀਂ ਦਿੱਤਾ ਗਿਆ। ਹੁਣ ਜਿਸ ਢੰਗ ਨਾਲ ਪੰਜਾਬ ਵਿਚ ਰੀਅਲ ਐਸਟੇਟ ਦੇ ਕਾਰੋਬਾਰੀ ਰਾਤੋ-ਰਾਤ ਉਠ ਖੜ੍ਹੇ ਹੋਏ ਹਨ, ਉਨ੍ਹਾਂ ਨੇ ਸਭ ਕਸਰਾਂ ਕੱਢ ਦਿੱਤੀਆਂ ਹਨ। ਇਹ ਹਾਲਾਤ ਬਦਲਣ ਦੀ ਫਿਲਹਾਲ ਕੋਈ ਆਸ ਨਹੀਂ ਲਗਦੀ। ਇਸ ਲਈ ਆਉਣ ਵਾਲੇ ਸਮੇਂ ਦੌਰਾਨ ਜੇ ਹੋਰ ਵੀ ਮਾੜੀਆਂ ਖਬਰਾਂ ਆਈਆਂ ਤਾਂ ਸ਼ਾਇਦ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੜ੍ਹਨ-ਸੁਣਨ ਦਾ ਲਾਭ?*

ਡੇਰੇਦਾਰ ਦੁਕਾਨਾਂ ਨੇ ਪਾਈ ਬੈਠੇ, ਚੁੰਗਲ ਵਿਚ ਲੋਕਾਈ ਜਾ ਫੱਸਦੀ ਏ।
ਵਹਿਮਾਂ-ਪੱਟੇ ਜਦ ਭਰਮ ਦੇ ਵਿਚ ਪੈਂਦੇ, ਫੇਰ ਅਕਲ ਵੀ ਦੂਰੋਂ ਹੀ ਨੱਸਦੀ ਏ।
ਰਾਮ ਰਾਮ ਦਾ 'ਨਾਟਕ' ਹੀ ਹੋਈ ਜਾਂਦਾ, ਛੁਰੀ ਕੱਛ ਦੇ ਵਿਚ ਲਈ ਦੱਸਦੀ ਏ।
ਪੱਗੋ-ਲੱਥੀ ਜਦ ਹੁੰਦੇ ਨੇ ਧਰਮ ਵਾਲੇ, ਦੁਨੀਆਂ ਠੀਕ ਹੀ ਉਨ੍ਹਾਂ 'ਤੇ ਹੱਸਦੀ ਏ।
ਕਾਹਦੀ ਬੰਦਗੀ ਫਾਹਾ ਨਾ ਵੱਢ ਹੋਇਆ? ਭਰੀ ਦਿਲਾਂ ਵਿਚ ਪਈ ਉਪਰਾਮਤਾ ਦਾ।
ਪੜ੍ਹੇ-ਸੁਣੇ ਦਾ ਫਾਇਦਾ ਤਾਂ ਫੇਰ ਹੋਊ, ਭਾਂਡਾ ਫੁੱਟਿਆ ਜਦੋਂ ਅਗਿਆਨਤਾ ਦਾ!

# ਸਲੀਕੇ ਦੇ ਘੁੰਡ ਵਿਚ ਬੈਠੀ ਬੇਸ਼ਰਮੀ ਤੇ ਮੀਡੀਆ ਦੀ ਮੁਨਾਫ਼ਾ-ਨਸ

ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਲਾਲ ਕਿਲੇ ਦੀ ਫਸੀਲ ਤੋਂ 15 ਅਗਸਤ ਨੂੰ ਰਵਾਇਤੀ ਤਕਰੀਰ ਕੀਤੀ। ਕੋਈ ਨਵੀਂ ਗੱਲ ਨਹੀਂ ਸੀ, ਪਰ ਇੰਨੇ ਬੇਜਾਨ ਲਹਿਜ਼ੇ ਵਿਚ ਸ਼ਾਇਦ ਹੀ ਕਦੇ ਲਾਲ ਕਿਲੇ ਦੀ ਫਸੀਲ ਤੋਂ ਤਕਰੀਰ ਕੀਤੀ ਗਈ ਹੋਵੇ। ਨਰਿੰਦਰ ਮੋਦੀ ਨੇ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਤਕਰੀਰ ਕੀਤੀ ਅਤੇ ਪ੍ਰਧਾਨ ਮੰਤਰੀ ਦੀ ਸਖ਼ਤ ਆਲੋਚਨਾ ਕੀਤੀ। ਉਨ੍ਹਾਂ ਨੇ ਮੌਜੂਦਾ ਕੇਂਦਰ ਸਰਕਾਰ ਦੀਆਂ ਨਾਕਾਮਯਾਬੀਆਂ ਤੋਂ ਲੈ ਕੇ 'ਕਮਜ਼ੋਰ ਵਿਦੇਸ਼ ਨੀਤੀ' ਦਾ ਜ਼ਿਕਰ ਕੀਤਾ। ਇਸ ਤੋਂ ਬਾਅਦ ਪੂਰੇ ਮੁਲਕ ਵਿਚ ਚਰਚਾ ਇਹ ਹੋ ਰਹੀ ਹੈ ਕਿ ਨਰਿੰਦਰ ਮੋਦੀ



**ਦਲਜੀਤ ਅਮੀ**
**ਫੋਨ: 91-97811-21873**

ਨੇ ਰਾਜਤੰਤਰੀ ਸਲੀਕੇ ਦੀ ਹੱਦ ਪਾਰ ਕੀਤੀ ਹੈ ਜੋ ਅਜਿਹੇ ਮੌਕੇ ਜਾਇਜ਼ ਨਹੀਂ ਸੀ। ਜਵਾਬੀ ਦਲੀਲ ਹੈ ਕਿ ਪ੍ਰਧਾਨ ਮੰਤਰੀ ਦੀ ਤਕਰੀਰ ਨਾਲ ਮੁਲਕ ਵਾਸੀਆਂ ਨੂੰ ਨਿਰਾਸ਼ਾ ਹੋਈ ਸੀ ਅਤੇ ਮੋਦੀ ਨੇ ਉਮੀਦ ਦੀ ਕਿਰਨ ਜਗਾਉਣ ਦਾ ਕੰਮ ਕੀਤਾ ਹੈ। ਆਖ਼ਰ ਅਜਿਹਾ ਕੀ ਹੋ ਗਿਆ ਕਿ ਇਹ ਸਭ ਤੋਂ ਅਹਿਮ ਮੁੱਦਾ ਬਣ ਗਿਆ?

ਇਸੇ ਦਿਨ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਤਕਰੀਰ ਵਿਚ ਕੇਂਦਰ ਉੱਤੇ ਸੂਬਿਆਂ ਨਾਲ ਵਿਤਕਰੇ ਦਾ ਰਵਾਇਤੀ ਬਿਆਨ ਦਿੱਤਾ। ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਨੇ ਮੌਜੂਦਾ ਮਾਹੌਲ ਵਿਚ ਇਹ ਕਹਿਣ ਦੀ ਹਿੰਮਤ ਦਿਖਾਈ ਕਿ ਕਸ਼ਮੀਰ ਮਸਲੇ ਦੇ ਹੱਲ ਲਈ ਪਾਕਿਸਤਾਨ ਅਤੇ ਖਾੜਕੂ ਧਿਰਾਂ ਨਾਲ ਗੱਲਬਾਤ ਹੋਣੀ ਚਾਹੀਦੀ ਹੈ। ਉਨ੍ਹਾਂ ਪੁੱਛਿਆ ਕਿ ਜੇ ਇਹ ਘਰੇਲੂ ਮਸਲਾ ਹੁੰਦਾ ਤਾਂ ਸ਼ਿਮਲਾ ਸਮਝੌਤੇ, ਲਾਹੌਰ ਅਤੇ ਆਗਰੇ ਹੋਈਆਂ ਦੁਵੱਲੀਆਂ ਉੱਚ-ਪੱਧਰੀ ਚਰਚਾਵਾਂ ਦੀ ਕਿਉਂ ਲੋੜ ਪਈ? ਪਿਛਲੇ ਸਾਲਾਂ ਦੌਰਾਨ ਵੀ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਦੀਆਂ ਲਾਲ ਕਿਲੇ ਦੀ ਫਸੀਲ ਤੋਂ ਕੀਤੀਆਂ ਤਕਰੀਰਾਂ ਦੀ ਨੁਕਤਾਚੀਨੀ ਇਸੇ ਤਰ੍ਹਾਂ ਕੀਤੀ ਹੈ। ਇਸ ਵਾਰ ਨਰਿੰਦਰ ਮੋਦੀ ਨੇ 14 ਅਗਸਤ ਨੂੰ ਬਿਆਨ ਦੇ ਦਿੱਤਾ ਕਿ ਪੂਰਾ ਮੁਲਕ ਲਾਲ ਕਿਲੇ ਦੀ ਫਸੀਲ ਤੋਂ ਬੋਲਦੇ ਪ੍ਰਧਾਨ ਮੰਤਰੀ ਨੂੰ ਸੁਣੇਗਾ ਅਤੇ ਇਸ ਦਾ ਮੁਕਾਬਲਾ ਗੁਜਰਾਤ ਵਿਚ ਹੋਣ ਵਾਲੀ ਤਕਰੀਰ ਨਾਲ ਕੀਤਾ ਜਾਵੇਗਾ। ਮੁਕਾਬਲੇ ਦੇ ਦੌਰ ਵਿਚ ਮੋਦੀ ਨੇ ਮੀਡੀਆ ਨੂੰ ਉਕਸਾਉਣ ਲਈ ਢੁਕਵੇਂ ਸ਼ਬਦ ਦੀ ਵਰਤੋਂ ਕੀਤੀ ਅਤੇ ਇਸ ਸ਼ਬਦ ਦੀ ਡੋਰੀ ਨਾਲ ਬੱਝਿਆ ਟੈਲੀਵਿਜ਼ਨ-ਤੰਤਰ ਸਿੱਧੇ ਪ੍ਰਸਾਰਨ ਲਈ ਭੁੱਜ ਦੇ ਲਾਲਨ ਕਾਲਜ ਪਹੁੰਚ ਗਿਆ। ਇਹ ਮੁਕਾਬਲੇਬਾਜ਼ੀ ਮੌਜੂਦਾ ਮੰਡੀ ਵਿਚ ਬਹੁਤ ਵਿਕਦੀ ਹੈ ਅਤੇ ਜ਼ਿਆਦਾਤਰ ਸਿਆਸੀ ਪਾਰਟੀਆਂ ਨੂੰ ਬਹੁਤ ਪੁੱਗਦੀ ਹੈ।

ਨਰਿੰਦਰ ਮੋਦੀ ਨੂੰ ਭਾਵੇਂ ਭਾਜਪਾ ਨੇ ਪ੍ਰਧਾਨ ਮੰਤਰੀ ਦਾ ਉਮੀਦਵਾਰ ਰਸਮੀ ਰੂਪ ਵਿਚ ਨਹੀਂ ਐਲਾਨਿਆ, ਪਰ ਉਹ ਆਪਣੇ-ਆਪ ਨੂੰ ਕਿਸੇ ਰਸਮੀ ਐਲਾਨ ਦਾ ਮੁਹਤਾਜ਼ ਨਹੀਂ ਸਮਝਦਾ। ਉਸ ਦਾ ਸਿਆਸੀ ਜੀਵਨ ਗਵਾਹੀ ਭਰਦਾ ਹੈ ਕਿ ਇਹ ਉਸ ਦੀ ਕਾਰਜਸ਼ੈਲੀ ਹੈ ਜਿਸ ਰਾਹੀਂ ਉਹ ਭਾਜਪਾ ਨੂੰ ਆਪਣੀ ਗੱਲ ਮਨਵਾਉਣ ਦਾ ਮਾਹਰ ਹੈ। ਵਿਧਾਨ ਸਭਾ ਚੋਣਾਂ ਦੌਰਾਨ ਉਹ ਚੋਣ ਪ੍ਰਚਾਰ ਹੋਣ ਵਾਲੇ ਮੁੱਖ ਮੰਤਰੀ ਵਜੋਂ ਹੀ ਕਰਦਾ ਸੀ। ਕੋਈ ਰਸਮੀ ਐਲਾਨ ਕਰਨ ਦਾ ਹੱਕ ਉਹ ਕਿਸੇ ਪਾਰਟੀ ਨੂੰ ਨਹੀਂ ਦਿੰਦਾ। 'ਕਾਰਵਾਂ' ਰਸਾਲੇ ਦੇ ਪੱਤਰਕਾਰ ਵਿਨੋਦ ਜੌਸ ਨੇ ਮੋਦੀ ਉੱਤੇ ਵੱਡਾ ਲੇਖ ਲਿਖਿਆ ਹੈ ਜਿਸ ਵਿਚ ਉਸ ਦੀ ਕਾਰਜਸ਼ੈਲੀ ਦਾ ਜ਼ਿਕਰ ਤਫ਼ਸੀਲ ਨਾਲ ਕੀਤਾ ਗਿਆ ਹੈ। ਉਸ ਲੇਖ ਵਿਚ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੇ ਵੱਡੇ ਆਗੂ ਪ੍ਰਵਾਨ ਕਰਦੇ ਹਨ ਕਿ ਮੋਦੀ ਕਿਸੇ ਦੀ ਰਹਿਤ-ਮਰਿਆਦਾ ਵਿਚ ਨਹੀਂ, ਸਗੋਂ ਆਪਣੀ ਹੋਣੀ ਆਪ ਤੈਅ ਕਰਦਾ ਹੈ। ਵਿਨੋਦ ਜੌਸ ਪੁੱਛਦਾ ਹੈ ਕਿ ਜੇ ਸੰਘ ਔਖਾ ਹੈ ਤਾਂ ਮੋਦੀ ਨੂੰ ਖਹਿੜਾ ਕਿਉਂ ਨਹੀਂ ਛੁਡਾ ਲੈਂਦਾ; ਤਾਂ ਸੰਘ ਦਾ ਆਗੂ ਕਹਿੰਦਾ ਹੈ, "ਸ਼ਿਵ ਲਿੰਗ ਪੇ ਵਿਛੂ ਬੈਠਾ ਹੈ, ਜੁਤਾ ਮਾਰ ਨਹੀਂ ਸਕਤੇ, ਹਾਥ ਸੇ ਹਟਾ ਨਹੀਂ ਸਕਤੇ।" ਨਰਿੰਦਰ ਮੋਦੀ ਨੇ ਮੀਡੀਆ ਦੀ ਮੁਨਾਫ਼ਾ-ਨਸ ਨੂੰ ਫੜਿਆ ਅਤੇ ਚਰਚਾ ਦੇ ਕੇਂਦਰ ਵਿਚ ਆ ਗਿਆ। ਇਸ ਦਾ ਸਿੱਧਾ ਰਾਬਤਾ ਆਉਂਦੀਆਂ ਲੋਕ ਸਭਾ ਚੋਣਾਂ ਨਾਲ ਹੈ।

ਜਦੋਂ ਨਰਿੰਦਰ ਮੋਦੀ ਨੇ 14 ਅਗਸਤ ਨੂੰ ਬਿਆਨ ਦਿੱਤਾ ਤਾਂ ਕਾਂਗਰਸੀ ਆਗੂਆਂ ਨੇ ਜਵਾਬੀ ਹਮਲਾ ਕੀਤਾ। ਕੇਂਦਰੀ ਮੰਤਰੀ ਰਾਜੀਵ ਸ਼ੁਕਲਾ ਨੇ ਇਸ ਨੂੰ 'ਮੋਦੀ ਦੀ ਹੈਂਕੜਬਾਜ਼ੀ' ਕਰਾਰ ਦਿੱਤਾ। ਇਸੇ ਤਰ੍ਹਾਂ ਕੇਂਦਰੀ ਮੰਤਰੀ ਕਪਿਲ ਸਿੱਬਲ ਨੇ ਕਿਹਾ ਕਿ ਭਾਜਪਾ ਮੋਦੀ ਦੇ 'ਝੂਠਾਂ ਦਾ ਵਿਖਿਆਨ' ਸੁਣਨ ਵਿਚ ਦਿਲਚਸਪੀ ਰੱਖਦੀ ਹੈ ਜੋ ਉਹ ਹਮੇਸ਼ਾਂ ਬੋਲਦਾ ਹੈ। ਕਾਂਗਰਸੀ ਮੰਤਰੀਆਂ ਦੀ ਇਸ ਕਾਹਲਕਦਮੀ ਪਿੱਛੇ ਦਲੀਲ ਹੈ। ਜੇ ਮਨਮੋਹਨ ਸਿੰਘ ਦੀ 'ਬੇਜਾਨ ਸ਼ਖ਼ਸੀਅਤ' ਮੋਦੀ ਦੀ ਸਭ ਤੋਂ ਵੱਡੀ ਤਾਕਤ ਹੈ ਤਾਂ ਨਰਿੰਦਰ ਮੋਦੀ ਦਾ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣਨਾ ਕਾਂਗਰਸ ਨੂੰ ਆਪਣੀ ਤਾਕਤ ਲੱਗਦਾ ਹੈ। ਕਾਂਗਰਸ ਨੂੰ ਲੱਗਦਾ ਹੈ ਕਿ ਇਸ ਵੇਲੇ ਸਰਕਾਰੀ ਪ੍ਰਾਪਤੀਆਂ ਨਾਲ ਤਾਂ ਨਹੀਂ, ਪਰ ਨਰਿੰਦਰ ਮੋਦੀ ਦੇ ਬੁਨਿਆਦਪ੍ਰਸਤ ਪਿਛੋਕੜ ਅਤੇ ਫ਼ਿਰਕਾਪ੍ਰਸਤ ਨਜ਼ਰੀਏ ਦੇ ਖ਼ੌਫ਼ ਨਾਲ ਚੋਣ ਜਿੱਤੀ ਜਾ ਸਕਦੀ ਹੈ। ਟੈਲੀਵਿਜ਼ਨ ਉੱਤੇ ਸਿਆਸੀ ਟਿੱਪਣੀਕਾਰ ਅਭੈ ਦੂਬੇ ਕਈ ਵਾਰ ਕਹਿ ਚੁੱਕੇ ਹਨ ਕਿ ਜ਼ਿਆਦਾਤਰ ਕਾਂਗਰਸੀ ਆਗੂ ਅੰਦਰੋ-ਅੰਦਰ ਖ਼ੁਸ਼ ਹਨ ਕਿ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਦਾ ਉਮੀਦਵਾਰ ਬਣ ਰਿਹਾ ਹੈ। ਦੂਬੇ ਮੁਤਾਬਕ ਕਾਂਗਰਸ ਨੂੰ ਅਡਵਾਨੀ ਜਾਂ ਸੁਸ਼ਮਾ ਸਵਰਾਜ ਤੋਂ ਜ਼ਿਆਦਾ ਖ਼ਤਰਾ ਹੋ ਸਕਦਾ ਸੀ। ਇਸ ਦਲੀਲ ਵਿਚ ਦਮ ਲੱਗਦਾ ਹੈ, ਕਿਉਂਕਿ ਮੌਜੂਦਾ ਸਰਕਾਰ ਆਪਣੇ ਦਸਵੇਂ ਸਾਲ ਵਿਚ ਪ੍ਰਾਪਤੀਆਂ ਵਜੋਂ ਕੁਝ ਖ਼ਾਸ ਪੇਸ਼ ਨਹੀਂ ਕਰ ਪਾ ਰਹੀ। ਇਸ ਲਿਹਾਜ਼ ਨਾਲ ਮੌਜੂਦਾ ਵਿਵਾਦ ਕਿਸੇ ਧਿਰ ਦੀ ਮਜਬੂਰੀ ਨਹੀਂ ਹੈ, ਸਗੋਂ ਦੋਵਾਂ ਪਾਰਟੀਆਂ ਦੀ ਦਿਲਚਸਪੀ ਵਿਚੋਂ ਨਿਕਲਿਆ ਹੈ। ਇਸ ਨੂੰ ਹਵਾ ਮੀਡੀਆ ਨੇ ਦਿੱਤੀ ਹੈ। ਇਸ ਵਿਵਾਦ ਤੋਂ ਸਭ ਤੋਂ ਵੱਧ ਪ੍ਰੇਸ਼ਾਨੀ ਭਾਜਪਾ ਅੰਦਰਲੇ ਮੋਦੀ ਖੇਮੇ ਨੂੰ ਹੋ ਸਕਦੀ ਹੈ ਜੋ ਮਜਬੂਰੀਵਸ ਚੁੱਪ ਬੈਠਾ ਹੈ। ਇਹ ਮਜਬੂਰੀ ਅਡਵਾਨੀ ਦੇ ਮੂੰਹੋਂ ਕਿਰ ਗਈ ਹੈ ਅਤੇ ਕੁਝ ਹੋਰ ਆਗੂਆਂ ਦੇ ਬੋਚ ਕੇ ਬੋਲੇ ਸ਼ਬਦਾਂ ਵਿਚੋਂ ਸਮਝੀ ਜਾ ਸਕਦੀ ਹੈ।

ਇਸ ਵਿਵਾਦ ਤੋਂ ਬਾਹਰ ਨਿਕਲ ਕੇ ਇਹ ਵੇਖਣਾ ਜ਼ਰੂਰੀ ਹੈ ਕਿ ਮੋਦੀ ਨੇ ਅਜਿਹਾ ਕੀ ਕੁਫ਼ਰ ਤੋਲਿਆ ਹੈ ਜੋ ਇਹ ਕੌਮੀ ਮੁੱਦਾ ਬਣ ਗਿਆ ਹੈ? ਦਲੀਲ ਦਿੱਤੀ ਜਾ ਰਹੀ ਹੈ ਕਿ ਇਹ ਕਿਸੇ ਕਾਨੂੰਨ ਦੀ ਨਹੀਂ, ਪਰ ਰਵਾਇਤ ਦੀ ਹੱਦ ਪਾਰ ਕਰਨ ਵਾਲੀ ਮਿਸਾਲ ਜ਼ਰੂਰ ਹੈ। ਜੇ ਇਹ ਤਕਰੀਰ 14 ਅਗਸਤ ਜਾਂ 16 ਅਗਸਤ ਨੂੰ ਦਿੱਤੀ ਜਾਂਦੀ ਤਾਂ ਕੀ ਫ਼ਰਕ ਪੈਣਾ ਸੀ? ਜੇ ਮੋਦੀ ਇਹ ਤਕਰੀਰ ਨਾ ਦਿੰਦੇ ਤਾਂ ਕੀ ਫ਼ਰਕ ਪੈਣਾ ਸੀ? ਜਦੋਂ ਸਿਆਸੀ ਪਾਰਟੀਆਂ ਵਿਧਾਨ ਸਭਾਵਾਂ, ਲੋਕ ਸਭਾ ਜਾਂ ਰਾਜ ਵਿਚ ਸਲੀਕੇ ਵਿਚ ਨਹੀਂ ਰਹਿੰਦੀਆਂ ਤਾਂ ਉਨ੍ਹਾਂ ਨੂੰ 15 ਅਗਸਤ ਨੂੰ ਕਿਸੇ ਸਲੀਕੇ ਦੀ ਤਵੱਕੋ ਕਿਉਂ ਕੀਤੀ ਜਾਂਦੀ ਹੈ। ਜੇ 364 ਦਿਨ ਬੇਸਲੀਕੀ ਕਰਨ ਤੋਂ ਬਾਅਦ ਉਹ ਸਲੀਕੇ ਵਿਚ ਰਹਿ ਵੀ ਜਾਂਦੀਆਂ ਹਨ ਤਾਂ ਇਸ ਨੂੰ ਦੋਗ਼ਲਾਪਣ ਕਿਉਂ ਨਾ ਕਿਹਾ ਜਾਵੇ? ਕੁਲ ਮਿਲਾ ਕੇ ਬਹਿਸ ਸਲੀਕੇ ਦੇ ਨਾਮ ਹੇਠ ਇੱਕ ਦਿਨ ਪਾਖੰਡ ਕਰਨ ਦੀ ਮੰਗ ਤੱਕ ਹੀ ਤਾਂ ਮਹਿਦੂਦ ਹੈ। ਦਲੀਲ ਦਿੱਤੀ ਜਾ ਰਹੀ ਹੈ ਕਿ ਵਿਦੇਸ਼ ਨੀਤੀ ਦੇ ਨਾਮ ਉੱਤੇ ਸਿਆਸੀ ਪਾਰਟੀਆਂ ਤੋਂ ਉੱਪਰ ਉੱਠ ਕੇ ਮੁਲਕ ਨੂੰ ਇੱਕਮੁੱਠ ਤਾਕਤ ਵਜੋਂ ਪੇਸ਼ ਹੋਣਾ ਚਾਹੀਦਾ ਸੀ। ਸਵਾਲ ਇਹ ਹੈ ਕਿ ਵਿਦੇਸ਼ ਨੀਤੀ ਬਾਰੇ ਸਾਡੇ ਮੁਲਕ ਵਿਚ ਬਹਿਸ ਲਗਾਤਾਰ ਹੁੰਦੀ ਰਹਿੰਦੀ ਹੈ ਜਿਸ ਨੂੰ ਅਸੀਂ ਜਮਹੂਰੀਅਤ ਦਾ ਹਿੱਸਾ ਮੰਨਦੇ ਹਾਂ। ਪੰਦਰਾਂ ਅਗਸਤ ਨੂੰ ਇਸ ਬਹਿਸ ਤੋਂ ਮੁਨਕਰ ਹੋਣਾ ਕਿਹੋ ਜਿਹਾ ਸਲੀਕਾ ਹੈ? ਕੀ ਸਾਡੇ ਮੁਲਕ ਦੇ ਆਵਾਮ ਜਾਂ ਕੌਮਾਂਤਰੀ ਭਾਈਚਾਰੇ ਦੀ ਯਾਦਾਸ਼ਤ ਉਸ ਮੌਕੇ 'ਸਲੀਕੇ-ਵਸ' ਖ਼ਤਮ ਹੋ ਜਾਂਦੀ ਹੈ? ਪ੍ਰਧਾਨ ਮੰਤਰੀ ਦੀ ਤਕਰੀਰ ਸਿਆਸੀ ਤਕਰੀਰ ਸੀ। ਉਨ੍ਹਾਂ ਨੇ ਪਿਛਲੇ 65 ਸਾਲਾਂ ਦੀ ਪ੍ਰਾਪਤੀਆਂ ਦਰਸਾਉਣ ਲਈ ਚੋਣਵੇਂ ਤੱਥ ਪੇਸ਼ ਕੀਤੇ। ਕਾਂਗਰਸੀ ਤੋਂ ਬਿਨਾਂ ਦੂਜੇ ਪ੍ਰਧਾਨ ਮੰਤਰੀਆਂ ਦਾ ਜ਼ਿਕਰ ਨਹੀਂ ਆਇਆ। ਆਪਣੀ ਸਿਫ਼ਤ ਕਰਨ ਵੇਲੇ ਉਨ੍ਹਾਂ 1991 ਵਿਚ

## ਸਵਾਲ-ਸੰਵਾਦ

ਸ਼ੁਰੂ ਕੀਤੇ ਆਰਥਿਕ ਸੁਧਾਰਾਂ ਦਾ ਜ਼ਿਕਰ ਕੀਤਾ, ਪਰ ਇਨ੍ਹਾਂ ਸੁਧਾਰਾਂ ਨੂੰ ਅੱਗੇ ਲਿਜਾਣ ਵਿਚ ਭਾਜਪਾ ਦਾ ਜ਼ਿਕਰ ਤੱਕ ਨਹੀਂ ਕੀਤਾ। ਜੇ ਇਨ੍ਹਾਂ ਆਰਥਿਕ ਸੁਧਾਰਾਂ ਦਾ ਬਾਨੀ ਕਹਿੰਦਾ ਹੈ ਕਿ 'ਪੈਸੇ ਰੁੱਖਾਂ ਨੂੰ ਨਹੀਂ ਲੱਗਦੇ' ਤਾਂ ਜਵਾਬ ਵਿਚ ਇਨ੍ਹਾਂ ਸੁਧਾਰਾਂ ਦਾ ਭਾਜਪਾਈ ਆਗੂ ਦੱਸਦਾ ਹੈ ਕਿ ਅਸੀਂ ਤਾਂ 'ਭੁੱਜ ਦੇ ਰਣ ਵਿਚ ਪੈਸੇ ਉਗਾ ਦਿੱਤੇ' ਹਨ। ਇਸ ਵੇਲੇ ਸਰਕਾਰ ਲਾਲ ਕਿਲੇ ਤੋਂ ਕਬੂਲ ਕਰਦੀ ਹੈ ਕਿ ਸਾਡੇ ਕੋਲ ਗ਼ਰੀਬੀ ਤੈਅ ਕਰਨ ਦਾ ਕੋਈ ਪੁਖ਼ਤਾ ਪੈਮਾਨਾ ਨਹੀਂ ਹੈ। ਇਸ ਪੈਮਾਨੇ ਦੀ ਅਣਹੋਂਦ ਵਿਚ ਵੀ ਤਾਂ ਸਰਕਾਰ ਕਬੂਲ ਕਰ ਚੁੱਕੀ ਹੈ ਕਿ 67 ਫ਼ੀਸਦੀ ਆਬਾਦੀ ਨੂੰ ਖ਼ੁਰਾਕ ਸੁਰੱਖਿਆ ਯਕੀਨੀ ਬਣਾਉਣ ਲਈ ਮੁਫ਼ਤ ਜਾਂ ਸਸਤਾ ਅਨਾਜ-ਦਾਲ ਦੇਣ ਦੀ ਲੋੜ ਹੈ। ਜੇ 67 ਫ਼ੀਸਦੀ ਆਵਾਮ ਖ਼ੁਰਾਕ ਲਈ ਮੁਹਤਾਜ਼ ਹੈ ਤਾਂ ਗ਼ਰੀਬੀ ਦਾ ਪੈਮਾਨਾ ਕੋਈ ਵੀ ਹੋਵੇ, ਪਰ ਇਸ ਦੀ ਮਾਰ ਵਿਚ ਆਬਾਦੀ ਦਾ ਜ਼ਿਆਦਾਤਰ ਹਿੱਸਾ ਆਇਆ ਹੋਇਆ ਹੈ। ਇਹ ਆਰਥਿਕ ਸੁਧਾਰਾਂ ਦੀ ਪ੍ਰਾਪਤੀਆਂ ਅਤੇ 'ਰਣ ਵਿਚ ਉਗੇ' ਰੁਪਏ ਦੇ ਦੌਰ ਵਿਚ ਹੀ ਵਾਪਰ ਰਿਹਾ ਹੈ। ਦਰਅਸਲ ਜਦੋਂ ਸਾਰੀ ਬਹਿਸ ਦੋ ਤਕਰੀਰਾਂ ਦੁਆਲੇ ਮਹਿਦੂਦ ਹੋ ਰਹੀ ਹੈ ਤਾਂ ਸਭ ਤੋਂ ਅਹਿਮ ਮੁੱਦੇ ਨਜ਼ਰਅੰਦਾਜ਼ ਹੋ ਰਹੇ ਹਨ।

ਪ੍ਰਧਾਨ ਮੰਤਰੀ ਦੀ ਤਕਰੀਰ ਦਾ ਆਖ਼ਰੀ ਹਿੱਸਾ ਕੁਝ ਤਵੱਜੋ ਦੀ ਮੰਗ ਕਰਦਾ ਹੈ, "ਜੇ ਅਸੀਂ ਅਗਲੇ ਸਾਲਾਂ ਦੌਰਾਨ ਬੀਤੇ ਦਹਾਕੇ ਦੀਆਂ ਪ੍ਰਾਪਤੀਆਂ ਨੂੰ ਕਾਇਮ ਰੱਖ ਸਕੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਭਾਰਤ ਦਾ ਗ਼ੁਰਬਤ, ਭੁੱਖ, ਬਿਮਾਰੀਆਂ ਅਤੇ ਅਗਿਆਨਤਾ ਤੋਂ ਛੁਟਕਾਰਾ ਹੋ ਜਾਵੇਗਾ। ਸਾਡਾ ਭਾਰਤ ਖ਼ੁਸ਼ਹਾਲ ਹੋਵੇਗਾ ਅਤੇ ਇਸ ਖ਼ੁਸ਼ਹਾਲੀ ਵਿਚ ਧਰਮ, ਜਾਤ, ਖਿੱਤੇ ਅਤੇ ਬੋਲੀ ਦੀਆਂ ਹੱਦਾਂ ਤੋਂ ਉਪਰ ਉੱਠ ਕੇ ਸਮੁੱਚੇ ਆਵਾਮ ਦੀ ਹਿੱਸੇਦਾਰੀ ਹੋਵੇਗੀ। ਸਾਨੂੰ ਸਿਆਸੀ ਸਥਿਰਤਾ, ਸਮਾਜਕ ਸਦਭਾਵਨਾ ਅਤੇ ਸੁਰੱਖਿਆ ਵਾਲਾ ਮਾਹੌਲ ਸਿਰਜਣ ਦੀ ਲੋੜ ਹੈ।" ਲਾਲ ਕਿਲੇ ਦੀ ਫਸੀਲ ਤੋਂ 15 ਅਗਸਤ 1947 ਤੋਂ ਲੈ ਕੇ ਹੁਣ ਤੱਕ ਦਿੱਤੀਆਂ ਗਈਆਂ ਸਾਰੀਆਂ ਤਕਰੀਰਾਂ ਵਿਚ ਇਨ੍ਹਾਂ ਸਤਰਾਂ ਦਾ ਜ਼ਿਕਰ ਥੋੜ੍ਹੇ-ਬਹੁਤੇ ਹੇਰ-ਫੇਰ ਨਾਲ ਆਇਆ ਹੈ। ਇਹ ਸਤਰਾਂ 1940ਵਿਆਂ ਅਤੇ 1950ਵਿਆਂ ਵਿਚ ਚੁਣੌਤੀਆਂ ਨੂੰ ਦਰਸਾਉਂਦੀਆਂ ਸਨ। ਇਸ ਤੋਂ ਬਾਅਦ 1960ਵਿਆਂ ਅਤੇ 1970ਵਿਆਂ ਨਮੋਸ਼ੀ ਨੂੰ ਦਰਸਾਉਂਦੀਆਂ ਹਨ। ਉਸ ਤੋਂ ਬਾਅਦ ਇਹ 1980ਵਿਆਂ ਅਤੇ 1990ਵਿਆਂ ਵਿਚ ਸਰਕਾਰਾਂ ਦੀ ਨਾਕਾਮਯਾਬੀ ਨੂੰ ਦਰਸਾਉਂਦੀਆਂ ਹਨ। ਹੁਣ ਇਹ ਸਰਕਾਰਾਂ ਦੀ ਨਾਕਾਮਯਾਬੀ ਦੇ ਨਾਲ ਬੇਸ਼ਰਮੀ ਨੂੰ ਦਰਸਾਉਂਦੀਆਂ ਹਨ। ਗ਼ੁਰਬਤ, ਭੁੱਖ, ਬਿਮਾਰੀਆਂ, ਅਗਿਆਨਤਾ, ਵਿਕਾਸ ਵਿਚ ਸਭ ਦੀ ਹਿੱਸੇਦਾਰੀ, ਸਿਆਸੀ ਸਥਿਰਤਾ, ਸਮਾਜਕ ਸਦਭਾਵਨਾ ਅਤੇ ਸੁਰੱਖਿਆ ਵਰਗੇ ਮਾਮਲਿਆਂ ਵਿਚ ਪ੍ਰਧਾਨ ਮੰਤਰੀ ਨੇ ਲਾਲ ਕਿਲੇ ਦੀ ਫਸੀਲ ਤੋਂ ਕਿਹਾ ਹੈ ਕਿ ਪਿਛਲੇ ਦਸ ਸਾਲਾਂ ਵਿਚ ਤਰੱਕੀ ਹੋਈ ਹੈ ਅਤੇ ਇਸੇ ਤਰੱਕੀ ਨੂੰ ਅੱਗੇ ਲਿਜਾਣ ਦਾ ਉਹ ਵਾਅਦਾ ਕਰ ਰਹੇ ਹਨ। ਇਸ ਮਾਹਰ ਅਰਥਸ਼ਾਸਤਰੀ ਨੂੰ ਸਿਰਫ਼ ਸਰਕਾਰੀ ਦਸਤਾਵੇਜ਼ ਰਾਹੀਂ ਪਤਾ ਹੈ ਕਿ ਗ਼ੁਰਬਤ, ਭੁੱਖ, ਬਿਮਾਰੀਆਂ ਅਤੇ ਅਗਿਆਨਤਾ ਪਿਛਲੇ ਸਾਲਾਂ ਦੌਰਾਨ ਵਧੀ ਹੈ। ਇਹੋ ਪ੍ਰਧਾਨ ਮੰਤਰੀ ਕਬੂਲ ਕਰ ਚੁੱਕੇ ਹਨ ਕਿ ਗ਼ਰੀਬ-ਅਮੀਰ ਵਿਚਕਾਰ ਪਾੜਾ ਵਧਿਆ ਹੈ। ਇਨ੍ਹਾਂ ਨੇ ਪ੍ਰਾਈਵੇਟ ਕੰਪਨੀਆਂ ਨੂੰ ਸਲਾਹ ਦਿੱਤੀ ਸੀ ਕਿ ਉਹ ਤਨਖ਼ਾਹਾਂ ਵਿਚ ਜ਼ਿਆਦਾ ਵਿਤਕਰਾ ਨਾ ਕਰਨ। ਸਮਾਜਕ ਸਦਭਾਵਨਾ ਬਾਰੇ ਕਾਂਗਰਸ ਅਤੇ ਭਾਜਪਾ ਦਾ ਪਿਛੋਕੜ ਇੱਕੋ-ਜਿਹਾ ਹੈ। ਇੱਕ ਪਾਸੇ ਭਾਜਪਾ ਮੌਕਾਪ੍ਰਸਤੀ ਲਈ ਧਰਮ ਨਿਰਪੱਖਤਾ ਦੀ ਗੱਲ ਕਰ ਲੈਂਦੀ ਹੈ ਤਾਂ ਦੂਜੇ ਕਾਂਗਰਸ ਮੌਕਾਪ੍ਰਸਤੀ ਤਹਿਤ ਹੀ ਆਪਣਾ ਬੁਨਿਆਦੀਪ੍ਰਸਤੀ ਪੈਂਤੜਾ ਤੈਅ ਕਰਦੀ ਰਹੀ ਹੈ। ਕਾਂਗਰਸੀ ਆਗੂ ਸੱਜਣ ਕੁਮਾਰ ਦਿੱਲੀ ਦੇ ਸਿੱਖ ਕਤਲੇਆਮ ਮਾਮਲੇ ਵਿਚ ਅਦਾਲਤ ਵਿਚੋਂ ਬਰੀ ਹੋਇਆ ਸੀ, ਪਰ ਉਸੇ ਅਦਾਲਤੀ ਫ਼ੈਸਲੇ ਵਿਚ ਇੱਕ ਤਤਕਾਲੀ

*(ਬਾਕੀ ਅਗਲੇ ਸਫੇ 'ਤੇ)*

# ਦੋਹਰੇ ਅਦਾਲਤੀ ਮਿਆਰ ਅਤੇ ਨਿਆਂ ਦਾ ਸਵਾਲ

***ਦੱਬੇ-ਕੁਚਲੇ ਭਾਈਚਾਰਿਆਂ ਦੀ ਨਸਲਕੁਸ਼ੀ ਕਰਨ ਵਾਲੀਆਂ ਸਥਾਪਤੀ ਦੀਆਂ ਤਾਕਤਾਂ ਪ੍ਰਤੀ ਨਿਆਂ ਪ੍ਰਬੰਧ ਦੀ ਪਹੁੰਚ ਅਤੇ ਗੁਜਰਾਤ, ਯੂ.ਪੀ. ਤੇ ਮੁੰਬਈ ਵਿਚ ਬੇਗੁਨਾਹ ਮੁਸਲਮਾਨਾਂ ਦੇ ਕਤਲੇਆਮ ਅਤੇ ਪੰਜਾਬ ਤੇ ਪੰਜਾਬ ਤੋਂ ਬਾਹਰ ਬੇਗੁਨਾਹ ਸਿੱਖ ਆਵਾਮ ਦੀ ਕਤਲੋਗਾਰਤ ਦੇ ਮੁੱਖ ਮੁਜਰਮਾਂ ਪ੍ਰਤੀ ਨਿਆਂ ਪ੍ਰਬੰਧ ਦਾ ਰਵੱਈਆ ਜੱਗ ਜ਼ਾਹਰ ਹੈ। ਆਦਿਵਾਸੀ ਇਲਾਕਿਆਂ ਵਿਚ ਹਾਲਤ ਹੋਰ ਵੀ ਬਦਤਰ ਹੈ। ਸੁਪਰੀਮ ਕੋਰਟ ਅੱਜ ਤਕ ਛੱਤੀਸਗੜ੍ਹ ਹਕੂਮਤ ਤੋਂ ਸਲਵਾ ਜੁਡਮ ਨੂੰ ਬੰਦ ਕਰਨ ਦਾ ਆਪਣਾ 'ਇਤਿਹਾਸਕ' ਫ਼ੈਸਲਾ (ਜੁਲਾਈ 2011) ਵੀ ਲਾਗੂ ਨਹੀਂ ਕਰਵਾ ਸਕੀ, ਕਿਉਂਕਿ ਇਥੇ ਕਾਰਪੋਰੇਟ ਹਿੱਤਾਂ ਦਾ ਸਵਾਲ ਹੈ।***

**ਬੂਟਾ ਸਿੰਘ**
**ਫੋਨ: 91-94634-74342**

ਭਾਰਤ ਦੇ ਅਦਾਲਤੀ ਪ੍ਰਬੰਧ ਦੇ ਦੋ ਹਾਲੀਆ ਫ਼ੈਸਲੇ ਇਸ ਦੇ ਵਜੂਦ ਵਿਚ ਸਮੋਏ ਪੱਖਪਾਤ ਅਤੇ ਨੰਗੇ ਅਨਿਆਂ ਦੇ ਉਸ ਘਿਣਾਉਣੇ ਦਸਤੂਰ ਨੂੰ ਬੇਨਕਾਬ ਕਰਦੇ ਹਨ ਜੋ ਨਿਆਂ ਦੇ ਨਾਂ ਹੇਠ ਮੁਲਕ ਦੇ ਆਵਾਮ ਉੱਪਰ ਥੋਪਿਆ ਹੋਇਆ ਹੈ। ਪਿਛਲੇ ਦਿਨੀਂ ਪ੍ਰੋਫੈਸਰ ਦਵਿੰਦਰਪਾਲ ਭੁੱਲਰ ਨੂੰ ਸੁਣਾਈ ਗਈ ਸਜ਼ਾ-ਏ-ਮੌਤ ਨੂੰ ਉਮਰ ਕੈਦ 'ਚ ਬਦਲਣ ਬਾਰੇ ਪਾਈਆਂ ਨਜ਼ਰਸਾਨੀ ਦਰਖ਼ਾਸਤਾਂ ਖ਼ਾਰਜ ਕਰਦਿਆਂ ਭਾਰਤ ਦੀ ਸੁਪਰੀਮ ਕੋਰਟ ਦੇ ਜਸਟਿਸ ਜੀ.ਐੱਸ. ਸਿੰਘਵੀ ਤੇ ਐੱਸ.ਜੇ. ਮੁਖੋਪਾਧਿਆਏ 'ਤੇ ਆਧਾਰਤ ਬੈਂਚ ਨੇ ਕਿਹਾ ਕਿ ਅਤਿਵਾਦੀਆਂ ਨੂੰ ਰਹਿਮ ਦੀ ਅਪੀਲ ਕਰਨ ਦਾ ਕੋਈ ਹੱਕ ਨਹੀਂ ਹੈ; ਭਾਵ, ਘਿਣਾਉਣੇ ਜੁਰਮ ਕਰ ਕੇ ਰਹਿਮ ਮੰਗਣ ਦਾ ਹੱਕ ਸਿਰਫ਼ 'ਮੁੱਖਧਾਰਾ' ਨੂੰ ਹੈ। ਛੱਤੀਸਗੜ੍ਹ ਦੀ ਅਧਿਆਪਕਾ ਸੋਨੀ ਸੋਰੀ ਵੱਲੋਂ ਆਪਣੇ ਪਤੀ ਦੀਆਂ ਅੰਤਮ ਰਸਮਾਂ ਵਿਚ ਸ਼ਾਮਲ ਹੋਣ ਲਈ ਦਿੱਤੀ ਆਰਜ਼ੀ ਜ਼ਮਾਨਤ ਦੀ ਦਰਖ਼ਾਸਤ ਸੈਸ਼ਨਜ਼ ਅਦਾਲਤ ਵਲੋਂ ਹਕਾਰਤ ਨਾਲ ਰੱਦ ਕਰ ਦਿੱਤੀ ਗਈ। ਸੋਨੀ ਸੋਰੀ ਦੇ ਪਤੀ ਦੀ ਜੇਲ੍ਹ ਵਿਚੋਂ ਰਿਹਾਈ ਤੋਂ ਤਿੰਨ ਮਹੀਨੇ ਬਾਅਦ ਇਸੇ 2 ਅਗਸਤ ਨੂੰ ਮੌਤ ਹੋ ਗਈ ਸੀ। ਪ੍ਰੋਫੈਸਰ ਭੁੱਲਰ ਨੂੰ ਕਾਂਗਰਸੀ ਆਗੂ ਮਨਿੰਦਰਜੀਤ ਸਿੰਘ ਬਿੱਟਾ ਉੱਪਰ ਹਮਲੇ ਦੇ ਦੋਸ਼ ਵਿਚ ਸਜ਼ਾ ਸੁਣਾਈ ਗਈ ਹੈ ਅਤੇ ਸੋਨੀ ਸੋਰੀ ਤੇ ਉਸ ਦੇ ਭਤੀਜੇ ਉੱਪਰ ਮਾਓਵਾਦੀਆਂ ਨਾਲ ਸਬੰਧਾਂ, ਐੱਸਆਰ ਕੰਪਨੀ ਤੋਂ ਪੈਸਾ ਲੈ ਕੇ ਮਾਓਵਾਦੀਆਂ ਨੂੰ ਪਹੁੰਚਾਉਣ ਵਰਗੇ ਸੱਤ ਕੇਸ ਦਰਜ ਕੀਤੇ ਹੋਏ ਹਨ ਅਤੇ ਛੇ ਕੇਸਾਂ 'ਚ ਉਹ ਬਰੀ ਵੀ ਹੋ ਚੁੱਕੀ ਹੈ।

ਇਥੇ ਅਸੀਂ ਇਹ ਚਰਚਾ ਨਹੀਂ ਕਰਾਂਗੇ ਕਿ ਕਾਨੂੰਨ ਤੋੜਨ ਦੀ ਪਹਿਲ ਕੌਣ ਕਰਦਾ ਹੈ? ਪਰ ਜਦੋਂ ਸੁਪਰੀਮ ਕੋਰਟ ਦਾ ਬੈਂਚ ਕਿਸੇ 'ਅਤਿਵਾਦੀ' ਨੂੰ ਰਹਿਮ ਦੀ ਅਪੀਲ ਦੇ ਹੱਕ ਤੋਂ ਵਾਂਝਾ ਕਰਨ ਦਾ ਫਤਵਾ ਸੁਣਾਉਂਦਾ ਹੈ ਤਾਂ ਉਹ ਕਿਸ ਅਦਾਲਤੀ ਸੂਝ ਦਾ ਇਜ਼ਹਾਰ ਕਰ ਰਿਹਾ ਹੈ? ਇਸ ਤੱਥ ਦੇ ਬਾਵਜੂਦ ਕਿ ਮੈਡੀਕਲ ਬੋਰਡ ਵੀ ਇਹ ਕਹਿ ਚੁੱਕਾ ਹੈ ਕਿ ਪ੍ਰੋਫੈਸਰ ਭੁੱਲਰ ਮਾਨਸਿਕ ਅਤੇ ਜਿਸਮਾਨੀ ਪੱਖੋਂ ਠੀਕ ਨਹੀਂ ਹੈ! ਇਹ ਨਿਆਂ ਦੀ ਪਹੁੰਚ ਨਹੀਂ, ਸਗੋਂ ਹੈਂਕੜਬਾਜ਼ ਬੇਰਹਿਮ ਜ਼ਿਹਨ ਦੀ ਨੁਮਾਇਸ਼ ਹੈ ਜੋ ਨਾ ਸਿਰਫ਼ ਕਿਸੇ 'ਮੁਜਰਮ' ਨੂੰ ਸੁਧਰਨ ਦਾ ਮੌਕਾ ਦੇਣ ਅਤੇ ਰਾਜਸੀ ਇਸ਼ਾਰੇ 'ਤੇ ਕੰਮ ਕਰ ਰਹੀ ਪੁਲਿਸ ਪ੍ਰਣਾਲੀ ਵਲੋਂ ਮੜ੍ਹੇ ਜਾਂਦੇ ਝੂਠੇ ਕੇਸਾਂ ਦੀ ਵਿਆਪਕ ਗੁੰਜਾਇਸ਼ ਦੀ ਜ਼ਾਹਰਾ ਹਕੀਕਤ ਨੂੰ ਦੇਖਣ ਤੋਂ ਇਨਕਾਰੀ ਹਨ; ਸਗੋਂ ਨਿਆਂ ਪ੍ਰਬੰਧ ਦੇ ਦੋਹਰੇ ਕਿਰਦਾਰ ਦੇ ਮੁਜੱਸਮੇ ਵੀ ਹਨ। ਜਦੋਂ ਦਾਂਤੇਵਾੜਾ ਦੀ ਸੈਸ਼ਨਜ਼ ਜੱਜ ਅਨੀਤਾ ਦੇਹਰੀਆ, ਸ੍ਰੀਮਤੀ ਸੋਰੀ ਨੂੰ ਆਪਣੇ ਪਤੀ ਦੀਆਂ ਅੰਤਿਮ ਰਸਮਾਂ 'ਚ ਸ਼ਾਮਲ ਹੋਣ ਅਤੇ ਆਪਣੇ ਤਿੰਨ ਬੇਸਹਾਰਾ ਬੱਚਿਆਂ ਨੂੰ ਮਿਲਣ ਦੀ ਇਜਾਜ਼ਤ ਦੇਣ ਤੋਂ ਨਾਂਹ ਕਰਦੀ ਹੈ, ਕੀ ਇਹ ਅਦਾਲਤੀ ਸੂਝ ਹੈ ਜਾਂ ਨਿਆਂ ਦੇ ਟੀਰ ਅਤੇ ਰਾਜਸੀ ਦਬਾਅ ਦਾ ਕ੍ਰਿਸ਼ਮਾ?

ਇਸੇ ਜੱਜ ਨੇ ਅਜੇ ਤਿੰਨ ਮਹੀਨੇ ਪਹਿਲਾਂ ਆਪਣੇ ਹੱਥੀਂ ਸੋਨੀ ਸੋਰੀ ਦੇ ਪਤੀ ਅਨਿਲ ਫੁਟਾਨੇ ਨੂੰ ਕਾਂਗਰਸੀ ਆਗੂ ਅਵਦੇਸ਼ ਗੌਤਮ ਉੱਪਰ ਕਾਤਲਾਨਾ ਹਮਲੇ ਦੇ ਕੇਸ ਵਿਚ "ਸਬੂਤਾਂ ਦੀ ਘਾਟ" ਦੇ ਆਧਾਰ 'ਤੇ ਬਰੀ ਕੀਤਾ ਸੀ। ਉਸ ਨੂੰ ਤਿੰਨ ਸਾਲ ਨਾਜਾਇਜ਼ ਹੀ ਜੇਲ੍ਹ ਕੱਟਣੀ ਪਈ ਸੀ। ਦੂਜੇ ਪਾਸੇ, ਸੋਨੀ ਸੋਰੀ ਖ਼ੁਦ ਵੀ ਛੇ ਕੇਸਾਂ ਵਿਚੋਂ ਬਰੀ ਹੋ ਚੁੱਕੀ ਹੈ ਅਤੇ ਉਸ ਦੇ ਨਾਲ ਦੇ 'ਮੁਜਰਮਾਂ' ਐੱਸਆਰ ਕੰਪਨੀ ਦੇ ਸਟੀਲ ਪਲਾਂਟ ਦਾ ਮੈਨੇਜਰ ਸ੍ਰੀ ਵਰਮਾ ਅਤੇ ਐੱਸਆਰ ਦਾ ਠੇਕੇਦਾਰ ਬੀ.ਕੇ. ਲਾਲਾ ਨੂੰ ਗ੍ਰਿਫ਼ਤਾਰੀ ਤੋਂ ਕੁਝ ਮਹੀਨੇ ਬਾਅਦ ਹੀ ਜ਼ਮਾਨਤ ਦੇ ਦਿੱਤੀ ਗਈ ਸੀ। ਇਕੋ ਮਾਮਲੇ 'ਚ ਮੁਜਰਮ ਦਰਸਾਏ ਕੁਲੀਨ ਲਾਣੇ ਦੇ ਬੰਦੇ ਤਾਂ ਦੋ ਮਹੀਨੇ 'ਚ ਹੀ ਜ਼ਮਾਨਤ 'ਤੇ ਬਾਹਰ ਆ ਗਏ, ਪਰ ਆਦਿਵਾਸੀ ਔਰਤ ਤੇ ਉਸ ਦਾ ਪੱਤਰਕਾਰ ਭਤੀਜਾ ਤਿੰਨ ਸਾਲ ਤੋਂ ਜੇਲ੍ਹ ਵਿਚ ਸੜ ਰਹੇ ਹਨ ਅਤੇ ਉਸ ਨੂੰ ਆਪਣੇ ਪਤੀ ਨੂੰ ਆਖ਼ਰੀ ਵਾਰ ਦੇਖ ਲੈਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ।

ਪੁਲਿਸ ਦੇ ਕੰਮ ਕਰਨ ਦੇ ਨਿਹਾਇਤ ਬਦਨਾਮ ਤਰੀਕਿਆਂ ਬਾਰੇ ਜੱਜ ਬੜੀ ਚੰਗੀ ਤਰ੍ਹਾਂ ਜਾਣਦੇ ਹਨ, ਕਿਉਂਕਿ ਉਨ੍ਹਾਂ ਦਾ ਨਿੱਤ ਹੀ ਝੂਠੇ ਕੇਸਾਂ ਦੀ ਸੁਣਵਾਈ ਕਰਦਿਆਂ ਪੁਲਿਸ ਦੀ ਇਸ 'ਕਲਾ' ਨਾਲ ਸਿੱਧਾ ਵਾਹ ਪੈਂਦਾ ਹੈ। ਛੱਤੀਸਗੜ੍ਹ ਦੇ ਜੱਜ ਜਾਣਦੇ ਹਨ ਕਿ ਅਜੇ ਡੇਢ ਮਹੀਨਾ ਪਹਿਲਾਂ ਹੀ ਪੁਲਿਸ ਨੇ ਇਕ ਕੇਸ ਦੀ ਪੈਰਵਾਈ ਕਰ ਰਹੀ ਵਕੀਲ ਨੂੰ ਉਸ ਦੀ ਮੁਵੱਕਿਲ ਵਾਲਾ ਸੰਗੀਨ ਦੋਸ਼ ਲਾ ਕੇ ਗ੍ਰਿਫ਼ਤਾਰ ਕਰ ਕੇ 'ਸਰਕਾਰ ਵਿਰੁੱਧ ਜੰਗ ਛੇੜਨ' ਦਾ ਕੇਸ ਪਾ ਦਿੱਤਾ ਸੀ। ਪੇਸ਼ੇ ਵਜੋਂ ਵਕੀਲ ਅਤੇ ਮਨੁੱਖੀ ਹੱਕਾਂ ਦੀ ਕਾਰਕੁਨ ਰੇਖਾ ਪ੍ਰਗਨੀਆ ਘਰੇਲੂ ਔਰਤ ਰਸ਼ਮੀ ਵਰਮਾ ਦੇ ਕੇਸ ਵਿਚ ਬਚਾਓ ਪੱਖ ਦੀ ਵਕੀਲ ਸੀ। ਰਸ਼ਮੀ ਵਰਮਾ ਤੇ ਉਸ ਦੇ ਪਤੀ ਭੋਲਾ ਬਾਗ ਖ਼ਿਲਾਫ਼ ਕਿਸੇ ਕਥਿਤ ਮਾਓਵਾਦੀ ਕਾਰਕੁਨ ਸਰਿਤਾ ਦੇ 'ਬਿਆਨ' ਦੇ ਆਧਾਰ ਉਤੇ ਅਤਿਵਾਦ ਨਾਲ ਸਬੰਧਤ ਦਮਨਕਾਰੀ ਕਾਨੂੰਨਾਂ ਤਹਿਤ 'ਸਰਕਾਰ ਵਿਰੁੱਧ ਬਦਅਮਨੀ ਫੈਲਾਉਣ' ਦਾ ਮੁਕੱਦਮਾ ਦਰਜ ਕੀਤਾ ਗਿਆ। ਜਿਸ ਨੇ ਕਥਿਤ ਬਿਆਨ ਦਿੱਤਾ ਸੀ ਕਿ ਉਹ ਪਾਬੰਦੀਸ਼ੁਦਾ ਪਾਰਟੀ ਲਈ ਕੰਮ ਕਰਦਿਆਂ ਇਸ ਜੋੜੇ ਦੇ ਘਰ ਕਿਰਾਏਦਾਰ ਵਜੋਂ ਰਹਿੰਦੀ ਸੀ। ਦਿਲਚਸਪ ਗੱਲ ਇਹ ਹੋਈ ਕਿ ਜੱਜ ਵਲੋਂ ਵਕੀਲ ਅਤੇ ਉਸ ਦੇ ਮੁਵੱਕਿਲ, ਤਿੰਨਾਂ ਨੂੰ ਹੀ ਇਸ ਕੇਸ ਵਿਚੋਂ ਬਰੀ ਕਰ ਦਿੱਤਾ ਗਿਆ। ਜਦੋਂ ਜੱਜ ਰਹਿਮ ਦੀਆਂ ਅਰਜ਼ੀਆਂ ਜਾਂ ਜ਼ਮਾਨਤਾਂ ਦੀਆਂ ਦਰਖ਼ਾਸਤਾਂ ਬਾਰੇ ਫ਼ੈਸਲੇ ਕਰਦੇ ਹਨ, ਕੀ ਪੁਲਿਸ ਵਲੋਂ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਦਰਜ ਕੀਤੇ ਜਾਂਦੇ ਕੇਸਾਂ 'ਚ ਝੂਠ ਦੀ ਅਜਿਹੀ ਗੁੰਜਾਇਸ਼ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ?ਕੁਝ ਮਹੀਨੇ ਪਹਿਲਾਂ ਹੀ ਜਾਮੀਆ ਟੀਚਰਜ਼ ਸਾਲਿਡੈਰਿਟੀ ਐਸੋਸੀਏਸ਼ਨ (ਨਵੀਂ ਦਿੱਲੀ ਆਧਾਰਤ ਮਨੁੱਖੀ ਹੱਕਾਂ ਦਾ ਗਰੁੱਪ) ਨੇ ਪੜਤਾਲੀਆ ਰਿਪੋਰਟ ਜਾਰੀ ਕੀਤੀ ਸੀ ਜਿਸ ਵਿਚ ਦਿੱਲੀ ਪੁਲਿਸ ਦੀ ਕੇਸ ਦਰਜ ਕਰਨ, ਦੋਸ਼-ਪੱਤਰ ਤਿਆਰ ਕਰਨ ਤੋਂ ਲੈ ਕੇ ਅਦਾਲਤਾਂ ਵਿਚ ਕਾਰਗੁਜ਼ਾਰੀ - ਅਸਲ ਵਿਚ ਕਲਾਕਾਰੀ - ਦਾ ਖ਼ੁਲਾਸਾ ਕੀਤਾ ਗਿਆ ਸੀ। ਐਸੋਸੀਏਸ਼ਨ ਨੇ ਦਿੱਲੀ ਪੁਲਿਸ ਦੇ ਅਤਿਵਾਦ ਵਿਰੋਧੀ ਖ਼ਾਸ-ਮ-ਖ਼ਾਸ ਵਿੰਗ - ਸਪੈਸ਼ਲ ਸੈੱਲ - ਵਲੋਂ ਬਣਾਏ 16 ਕੇਸਾਂ ਦਾ ਬਾਰੀਕੀ 'ਚ ਅਧਿਐਨ ਕੀਤਾ ਅਤੇ ਝੂਠੇ ਕੇਸ ਦਰਜ ਕਰਨ, ਲੰਮੇ ਸਮੇਂ ਤਕ ਗ਼ੈਰ ਕਾਨੂੰਨੀ ਹਿਰਾਸਤ 'ਚ ਰੱਖਣ, ਫਰਜ਼ੀ ਗਵਾਹ ਖੜ੍ਹੇ ਕਰਨ ਅਤੇ ਮਨਮਰਜ਼ੀ ਦੇ ਇਕਬਾਲੀਆ ਬਿਆਨਾਂ 'ਤੇ ਦਸਤਖ਼ਤ ਕਰਾਉਣ ਲਈ ਹਿਰਾਸਤੀਆਂ ਨੂੰ ਬੇਰਹਿਮੀ ਨਾਲ ਤਸੀਹੇ ਦੇਣ ਦੇ ਬੇਸ਼ੁਮਾਰ ਠੋਸ ਸਬੂਤ ਨੋਟ ਕੀਤੇ। ਇਹ ਸਾਰੇ ਕਥਿਤ ਦੋਸ਼ੀ ਦਸ-ਦਸ ਬਾਰਾਂ-ਬਾਰਾਂ ਸਾਲ ਲੰਮੇ ਮੁਕੱਦਮੇ ਭੁਗਤ ਕੇ ਆਖ਼ਿਰ ਬਰੀ ਤਾਂ ਹੁੰਦੇ ਰਹੇ, ਪਰ ਲੰਮੇ ਸੰਤਾਪ ਨੇ ਉਨ੍ਹਾਂ ਦੀਆਂ ਜ਼ਿੰਦਗੀਆਂ ਤਬਾਹ ਕਰ ਦਿੱਤੀਆਂ। ਉਨ੍ਹਾਂ ਨੂੰ ਅੱਜ ਵੀ ਨਹੀਂ ਪਤਾ ਕਿ ਉਨ੍ਹਾਂ ਦਾ ਕਸੂਰ ਕੀ ਸੀ। ਸਪੈਸ਼ਲ ਸੈੱਲ ਵਲੋਂ ਅਤਿਵਾਦ ਨਾਲ ਸਬੰਧਤ ਜੁਰਮਾਂ ਦੇ ਇਲਜ਼ਾਮ ਲਾ ਕੇ 1992 ਤੋਂ ਲੈ ਕੇ 182 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਜਿਨ੍ਹਾਂ ਵਿਚੋਂ ਸਿਰਫ਼ 68 ਫ਼ੀ ਸਦੀ ਨੂੰ ਹੀ ਦੋਸ਼ੀ ਠਹਿਰਾਇਆ ਗਿਆ। ਬਾਕੀਆਂ ਦੇ ਮੁਕੱਦਮੇ ਖਾਰਜ ਹੋ ਗਏ। ਇਹ ਖ਼ੁਦ ਦਿੱਲੀ ਪੁਲਿਸ ਦਾ ਦਾਅਵਾ ਹੈ।

ਅਤਿਵਾਦ ਨਾਲ ਸਬੰਧਤ ਮਾਮਲਿਆਂ 'ਚ ਗ੍ਰਿਫ਼ਤਾਰ ਕੀਤੇ ਜਾਣ ਵਾਲੇ ਅਕਸਰ ਹੀ ਆਪਣੇ ਹੱਕਾਂ ਲਈ ਲੜਨ ਵਾਲੇ ਆਦਿਵਾਸੀ, ਦਲਿਤ, ਕੌਮੀਅਤਾਂ, ਧਾਰਮਿਕ ਘੱਟ ਗਿਣਤੀਆਂ ਅਤੇ ਹੋਰ ਦੱਬੇ-ਕੁਚਲੇ ਹਿੱਸਿਆਂ ਨਾਲ ਸਬੰਧਤ ਲੋਕ ਹੁੰਦੇ ਹਨ। ਪੁਲਿਸ ਇਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕਰਨ ਦੀ ਲੋੜ ਵੀ ਨਹੀਂ ਸਮਝਦੀ। ਇਨ੍ਹਾਂ ਦੇ ਕਈ ਕਈ ਵਰ੍ਹੇ ਜੇਲ੍ਹਾਂ ਵਿਚ ਬੰਦ ਖ਼ੁਦ ਨੂੰ ਬੇਗੁਨਾਹ ਸਾਬਤ ਕਰਨ ਲਈ ਅਦਾਲਤ 'ਚ ਪੇਸ਼ ਕੀਤੇ ਜਾਣ ਦੀ ਉਡੀਕ 'ਚ ਹੀ ਗੁਜ਼ਰ ਜਾਂਦੇ ਹਨ। ਜੇ ਜੇਲ੍ਹਾਂ ਵਿਚ ਬੰਦ ਵਿਅਕਤੀਆਂ ਦੇ ਅੰਕੜੇ ਧਿਆਨ ਨਾਲ ਦੇਖੇ ਜਾਣ ਤਾਂ ਅਮਨ-ਕਾਨੂੰਨ ਨੂੰ ਲਾਗੂ ਕਰਨ ਵਾਲੀ ਮਸ਼ੀਨਰੀ ਅਤੇ ਅਦਾਲਤੀ ਪ੍ਰਬੰਧ ਦਾ ਪੱਖਪਾਤ ਸਾਫ਼ ਨਜ਼ਰ ਆਉਂਦਾ ਹੈ। ਕੌਮੀ ਜੁਰਮ ਰਿਕਾਰਡ ਬਿਊਰੋ ਦੇ 2010 ਦੇ ਅੰਕੜੇ ਦਰਸਾਉਂਦੇ ਹਨ ਕਿ ਇਸ ਸਾਲ ਦੌਰਾਨ ਜੇਲ੍ਹਾਂ ਵਿਚ ਸਜ਼ਾ ਭੁਗਤ ਰਹੇ 1,25,789 ਕੈਦੀਆਂ ਵਿਚੋਂ ਮੁਸਲਮਾਨਾਂ ਦੀ ਫ਼ੀ ਸਦੀ 17.74 ਸੀ ਜਦਕਿ ਉਨ੍ਹਾਂ ਦਾ ਆਬਾਦੀ ਦਾ ਅਨੁਪਾਤ ਸਿਰਫ਼ 14 ਫ਼ੀ ਸਦੀ ਹੈ। ਇਸੇ ਤਰ੍ਹਾਂ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ 2,40,098 ਵਿਅਕਤੀਆਂ ਵਿਚੋਂ 22.2 ਫ਼ੀ ਸਦੀ ਮੁਸਲਮਾਨ ਸਨ।

## ਦੇਸ-ਪਰਦੇਸ

ਪੱਛਮੀ ਬੰਗਾਲ ਦੇ 12,361 ਹਿਰਾਸਤੀਆਂ ਵਿਚੋਂ 5,222 ਮੁਸਲਮਾਨ ਸਨ, ਭਾਵ 46 ਫ਼ੀ ਸਦੀ; ਜਦਕਿ ਉੱਥੇ ਉਨ੍ਹਾਂ ਦੀ ਵਸੋਂ 25 ਫ਼ੀ ਸਦੀ ਦੇ ਕਰੀਬ ਹੈ! ਮਹਾਂਰਾਸ਼ਟਰ ਦੀਆਂ ਜੇਲ੍ਹਾਂ ਵਿਚ ਉਨ੍ਹਾਂ ਦੀ ਫ਼ੀ ਸਦੀ 32 ਹੈ। ਛੱਤੀਸਗੜ੍ਹ, ਉੜੀਸਾ, ਮਹਾਂਰਾਸ਼ਟਰ, ਆਂਧਰਾ ਪ੍ਰਦੇਸ਼ ਆਦਿ ਵਿਚ ਜੇਲ੍ਹਾਂ ਵਿਚ ਬੰਦ ਜ਼ਿਆਦਾ ਤਾਦਾਦ ਆਦਿਵਾਸੀਆਂ ਦੀ ਹੈ। ਸਵਾਲ ਇਹ ਕਰਨਾ ਬਣਦਾ ਹੈ ਕਿ ਕੀ ਇਹ ਭਾਈਚਾਰੇ ਮੁੱਖਧਾਰਾ ਵਾਲਿਆਂ ਨਾਲੋਂ ਜ਼ਿਆਦਾ ਜੁਰਮ ਕਰਦੇ ਹਨ? ਜਦਕਿ ਮੁਲਕ ਦੇ 'ਚੁਣੇ ਹੋਏ' ਸੰਸਦ ਮੈਂਬਰਾਂ ਦਾ ਜੋ ਤੀਜਾ ਹਿੱਸਾ ਲੁੱਟਮਾਰ, ਜਬਰ ਜਨਾਹ, ਕਤਲਾਂ ਵਰਗੇ ਸੰਗੀਨ ਜੁਰਮਾਂ ਦਾ ਮੁਜਰਮ ਹੈ, ਉਹ ਜੇਲ੍ਹਾਂ ਵਿਚ ਕਿਉਂ ਨਹੀਂ?

ਦੱਬੇ-ਕੁਚਲੇ ਭਾਈਚਾਰਿਆਂ ਦੀ ਨਸਲਕੁਸ਼ੀ ਕਰਨ ਵਾਲੀਆਂ ਸਥਾਪਤੀ ਦੀਆਂ ਤਾਕਤਾਂ ਪ੍ਰਤੀ ਨਿਆਂ ਪ੍ਰਬੰਧ ਦੀ ਪਹੁੰਚ ਅਤੇ ਗੁਜਰਾਤ, ਯੂ.ਪੀ. ਤੇ ਮੁੰਬਈ ਵਿਚ ਬੇਗੁਨਾਹ ਮੁਸਲਮਾਨਾਂ ਦੇ ਕਤਲੇਆਮ ਅਤੇ ਪੰਜਾਬ ਤੇ ਪੰਜਾਬ ਤੋਂ ਬਾਹਰ ਬੇਗੁਨਾਹ ਸਿੱਖ ਆਵਾਮ ਦੀ ਕਤਲੋਗਾਰਤ ਦੇ ਮੁੱਖ ਮੁਜਰਮਾਂ ਪ੍ਰਤੀ ਨਿਆਂ ਪ੍ਰਬੰਧ ਦਾ ਰਵੱਈਆ ਜੱਗ ਜ਼ਾਹਰ ਹੈ। ਆਦਿਵਾਸੀ ਇਲਾਕਿਆਂ ਵਿਚ ਹਾਲਤ ਹੋਰ ਵੀ ਬਦਤਰ ਹੈ। ਸੁਪਰੀਮ ਕੋਰਟ ਅੱਜ ਤਕ ਛੱਤੀਸਗੜ੍ਹ ਹਕੂਮਤ ਤੋਂ ਸਲਵਾ ਜੁਡਮ ਨੂੰ ਬੰਦ ਕਰਨ ਦਾ ਆਪਣਾ 'ਇਤਿਹਾਸਕ' ਫ਼ੈਸਲਾ (ਜੁਲਾਈ 2011) ਵੀ ਲਾਗੂ ਨਹੀਂ ਕਰਵਾ ਸਕੀ, ਕਿਉਂਕਿ ਇਥੇ ਕਾਰਪੋਰੇਟ ਹਿੱਤਾਂ ਦਾ ਸਵਾਲ ਹੈ। ਨਿਆਂ ਪ੍ਰਬੰਧ ਨੇ ਆਦਿਵਾਸੀਆਂ ਦੀ ਕਤਲੋਗਾਰਤ ਕਰਨ ਵਾਲੇ ਇਕ ਵੀ ਪੁਲਿਸ/ਸੁਰੱਖਿਆ ਅਧਿਕਾਰੀ ਨੂੰ ਕਟਹਿਰੇ 'ਚ ਖੜ੍ਹਾ ਨਹੀਂ ਕੀਤਾ।

ਅਜਿਹੇ ਹਾਲਾਤ ਵਿਚ ਨਿਆਂ ਪ੍ਰਬੰਧ ਅਨਿਆਂ ਦੇ ਦਰੜੇ ਆਵਾਮ ਨੂੰ 'ਕਾਨੂੰਨ ਦੇ ਰਾਜ' ਦੀਆਂ ਨਸੀਹਤਾਂ ਦੇਣ ਦਾ ਹੱਕਦਾਰ ਕਿਵੇਂ ਹੈ?

# ਮੋਦੀ ਦੇ 'ਸਿੰਗੂਰ' ਵਿਚ ਅਨੂਠਾ ਆਜ਼ਾਦੀ ਦਿਨ

**ਸੁਭਾਸ਼ ਗਾਤਾੜੇ**

ਆਜ਼ਾਦੀ ਦਿਹਾੜਾ ਉਥੇ ਵੀ ਮਨਾਇਆ ਗਿਆ ਪਰ ਵੱਖਰੀ ਤਰ੍ਹਾਂ ਨਾਲ।... ਇਹ ਦਿਨ-ਰਾਤ ਮੀਡੀਆ ਦੇ ਖੱਪਖ਼ਾਨੇ ਤੋਂ ਦੂਰ ਅਤੇ ਉਸ ਤਰ੍ਹਾਂ ਦੀ ਆਮ ਲਫ਼ਾਜ਼ੀ ਤੋਂ ਹਟਵਾਂ ਮਨਾਇਆ ਗਿਆ। ਇਹ ਅਸਲ 'ਚ ਆਮ ਲੋਕਾਂ ਦਾ ਸਮਾਗਮ ਸੀ ਜਿਸ ਵਿਚ ਸਟੇਟ ਪੈਰ ਪੈਰ 'ਤੇ ਅੜਿੱਕਾ ਡਾਹੁੰਦਾ ਰਿਹਾ। ਘਟਾ ਕੇ ਲਾਏ ਅੰਦਾਜ਼ੇ ਅਨੁਸਾਰ ਵੀ, ਗੁਜਰਾਤ ਦੀ ਰਾਜਧਾਨੀ ਅਹਿਮਦਾਬਾਦ ਤੋਂ 150 ਕਿਲੋਮੀਟਰ ਦੂਰ ਦਲੋਦ ਨਾਂ ਦੇ ਪਿੰਡ ਵਿਚ ਕੀਤੇ ਇਸ ਸਮਾਗਮ 'ਚ ਕੋਈ 15,000 ਮਰਦ, ਔਰਤ, ਬਜ਼ੁਰਗ ਅਤੇ ਨੌਜਵਾਨ ਸ਼ਾਮਲ ਹੋਏ।

ਪਿੰਡ ਨੂੰ ਜਾਂਦੇ ਹਰ ਰਸਤੇ ਉੱਪਰ ਪੁਲਿਸ ਦੀ ਬੇਮਿਸਾਲ ਗਸ਼ਤ ਅਤੇ ਨਾਕੇ ਨਜ਼ਰ ਆ ਰਹੇ ਸਨ ਅਤੇ ਝੰਡਾ ਲਹਿਰਾਉਣ ਆ ਰਹੇ ਲੋਕਾਂ ਨੂੰ ਰੋਕਿਆ ਜਾ ਰਿਹਾ ਸੀ। ਆਸਾਨੀ ਨਾਲ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜੇ ਇਸ ਪ੍ਰੋਗਰਾਮ ਨੂੰ ਅਸਫ਼ਲ ਬਣਾਉਣ ਲਈ ਰਾਜ ਇਉਂ ਨਾ ਪੇਸ਼ ਆਇਆ ਹੁੰਦਾ ਅਤੇ ਇਸ ਨੂੰ ਹਾਂਸਲਪੁਰ ਵਿਚ ਕਰਨ ਦੀ ਇਜਾਜ਼ਤ ਦੇਣ ਤੋਂ ਨਾਂਹ ਨਾ ਕੀਤੀ ਹੁੰਦੀ (ਜਿਥੇ ਮਰੂਤੀ ਸਜ਼ੂਕੀ ਪਲਾਂਟ ਲਗਾਇਆ ਜਾਣਾ ਹੈ), ਤਾਂ ਸਹਿਜੇ ਹੀ ਪੰਜਾਹ ਹਜ਼ਾਰ ਤੋਂ ਉੱਪਰ ਲੋਕਾਂ ਨੇ ਉਥੇ ਪਹੁੰਚ ਜਾਣਾ ਸੀ। ਸਮਾਗਮ ਵਿਚ ਵੱਖੋ-ਵੱਖਰੇ ਹਿੱਸਿਆਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ ਜੋ ਆਪੋ-ਆਪਣੇ ਇਲਾਕਿਆਂ ਵਿਚ ਜ਼ਮੀਨ ਖੋਹਣ ਵਿਰੁੱਧ ਸੰਘਰਸ਼ ਕਰ ਰਹੇ ਹਨ, ਜਿਵੇਂ ਮਹੂਆ ਤੋਂ ਨਿਰਮਾ ਸੀਮਿੰਟ ਪਲਾਂਟ ਦੇ ਖ਼ਿਲਾਫ਼, ਮੀਥੀ ਵੀਰਦੀ ਭਾਵਨਗਰ ਤੋਂ (ਪ੍ਰਮਾਣੂ ਪਾਵਰ ਪ੍ਰੋਜੈਕਟ ਦੇ ਵਿਰੁੱਧ), ਜੂਨਾਗੜ੍ਹ ਬਾਈ-ਪਾਸ ਸੜਕ ਵਗੈਰਾ ਦੇ ਵਿਰੁੱਧ ਸੰਘਰਸ਼ ਆਦਿ, ਜੋ ਉੱਥੇ ਇਕਮੁੱਠਤਾ ਦਾ ਇਜ਼ਹਾਰ ਕਰਨ ਲਈ ਆਏ ਸਨ।

ਮੰਡਲ-ਬੇਚਰਜੀ ਦੇ ਲੋਕਾਂ ਦੇ ਅਜਿਹੇ ਵੱਡੇ ਇਕੱਠ ਦੀ ਕੌਮੀ/ਖੇਤਰੀ ਮੀਡੀਆ ਵਿਚ ਕੋਈ ਖ਼ਬਰ ਨਜ਼ਰ ਨਹੀਂ ਆਈ। ਇਹ ਤਾਂ ਗੁਜਰਾਤ ਦੇ ਮੁੱਖ ਕਰਤਾ-ਧਰਤਾ ਨਰੇਂਦਰ ਮੋਦੀ ਅਤੇ ਮੁਲਕ ਦੇ ਪ੍ਰਧਾਨ ਮੰਤਰੀ ਦੇ ਭਾਸ਼ਣਾਂ ਦਾ ਵੇਰਵਾ ਦੇਣ 'ਚ ਰੁੱਝਿਆ ਹੋਇਆ ਸੀ। ਜਿਵੇਂ ਆਸ ਹੀ ਸੀ, ਪ੍ਰਧਾਨ ਮੰਤਰੀ ਨੂੰ ਬਹਿਸ ਲਈ ਲਲਕਾਰਨ ਵਾਲੇ ਇਸ ਕਰਤਾ-ਧਰਤਾ ਨੇ ਆਪਣੇ ਭਾਸ਼ਣ ਵਿਚ ਇਨ੍ਹਾਂ ਹੋਰ ਤਕਰੀਰਾਂ ਦਾ ਕੋਈ ਜ਼ਿਕਰ ਨਹੀਂ ਕੀਤਾ ਜੋ ਆਪਣੇ ਢੰਗ ਨਾਲ ਪਹਿਲਾਂ ਹੀ ਉਸ ਨਾਲ ਬਹਿਸ ਵਿਚ 'ਪੈ ਚੁੱਕੀਆਂ' ਸਨ।

ਜ਼ਮੀਨੀ ਹਕੀਕਤ ਉੱਪਰ ਨਜ਼ਰ ਰੱਖਣ ਵਾਲਾ ਕੋਈ ਵੀ ਬੰਦਾ ਦਾਅਵੇ ਨਾਲ ਕਹਿ ਸਕਦਾ ਹੈ ਕਿ ਇਹ ਬੜਾ ਛੇਤੀ ਛੇਤੀ ਵਾਪਰਿਆ ਸੀ। ਇਸ ਦੀ ਸ਼ੁਰੂਆਤ ਉਦੋਂ ਹੋਈ ਜਦੋਂ ਗੁਜਰਾਤ ਸਰਕਾਰ ਨੇ ਹਾਂਸਲਪੁਰ ਪਿੰਡ ਵਿਚ ਮਾਰੂਤੀ ਸੁਜ਼ੂਕੀ ਦਾ ਵਿਆਪਕ ਪਲਾਂਟ ਲਾਉਣ ਅਤੇ ਇਸ ਦੇ ਨਾਲ ਲੱਗਦੇ ਮੰਡਲ-ਬੇਚਰਜੀ ਖੇਤਰ ਨੂੰ ਐੱਸ.ਆਈ.ਆਰ. (ਵਿਸ਼ੇਸ਼ ਪੂੰਜੀਨਿਵੇਸ਼ ਖੇਤਰ) ਵਜੋਂ ਵਿਕਸਤ ਕਰਨ ਦਾ ਫ਼ੈਸਲਾ ਕੀਤਾ ਜਿਸ ਨਾਲ ਅਹਿਮਦਾਬਾਦ, ਮਿਹਸਾਨਾ ਅਤੇ ਸੁਰੇਂਦਰਨਗਰ ਜ਼ਿਲ੍ਹਿਆਂ ਦੇ 44 ਪਿੰਡ ਪ੍ਰਭਾਵਤ ਹੋਣਗੇ ਅਤੇ 50880 ਹੈਕਟੇਅਰ ਜ਼ਮੀਨ ਇਸ ਦੇ ਘੇਰੇ ਵਿਚ ਲਿਆਂਦੀ ਜਾਵੇਗੀ। ਸਰਕਾਰੀ ਯੋਜਨਾਵਾਂ ਅਨੁਸਾਰ, ਇਨ੍ਹਾਂ ਪਿੰਡਾਂ ਦੀ ਤਕਰੀਬਨ 50,885 ਹੈਕਟੇਅਰ ਜ਼ਮੀਨ ਤਜਵੀਜ਼ਤ ਪੂੰਜੀਨਿਵੇਸ਼ ਖੇਤਰ ਲਈ ਗ੍ਰਹਿਣ ਕੀਤੀ ਜਾਣੀ ਹੈ। ਇਸ ਵਿਚ ਚਰਾਂਦਾਂ ਅਤੇ ਖਾਲੀ ਪਈ ਜ਼ਮੀਨ ਸ਼ਾਮਲ ਹੈ। ਇਹ ਖੇਤਰ ਨਰਮਦਾ ਕਮਾਂਡ ਇਲਾਕਿਆਂ ਦਾ ਹਿੱਸਾ ਹੈ ਅਤੇ ਜ਼ੀਰਾ, ਸਿਲੀਅਮ, ਕਪਾਹ, ਕਣਕ, ਚੌਲ, ਜੌਂਅ ਤੇ ਮਸਾਲੇ ਦੀ ਖੇਤੀ ਦਾ ਕੇਂਦਰ ਹੈ। ਮੰਡਲ-ਬੇਚਰਜੀ ਪੂੰਜੀਨਿਵੇਸ਼ ਖੇਤਰ ਨਾਲ 44 ਪਿੰਡਾਂ ਦੀ ਪੂਰੀ ਜ਼ਮੀਨ ਖੁਸ ਜਾਵੇਗੀ।

ਮੁਕਾਮੀ ਲੋਕਾਂ ਨੇ ਇਸ 'ਵਿਕਾਸ' ਬਾਰੇ ਉਜ਼ਰ ਕੀਤਾ ਅਤੇ ਜ਼ਮੀਨ ਹਥਿਆਉਣ ਵਿਰੁੱਧ ਮਿਲ ਕੇ ਲੜਨ ਦਾ ਫ਼ੈਸਲਾ ਕੀਤਾ। ਇਸ ਅੰਦੋਲਨ ਵੱਲੋਂ ਤਰ੍ਹਾਂ-ਤਰ੍ਹਾਂ ਦੇ ਅਹਿੰਸਕ ਢੰਗ ਅਪਣਾਏ ਗਏ ਜਿਵੇਂ ਪਿੰਡ ਪੱਧਰ 'ਤੇ ਮੀਟਿੰਗਾਂ, ਘੱਟੋ-ਘੱਟ ਤਿੰਨ ਵੱਡੇ ਇਕੱਠ, ਵਿਠੁਲਪੁਰ ਪਿੰਡ ਤੋਂ ਗਾਂਧੀਨਗਰ ਤਕ ਵਿਸ਼ਾਲ ਟਰੈਕਟਰ ਰੈਲੀ ਅਤੇ ਕਈ-ਕਈ ਵਾਰ ਮੰਗ-ਪੱਤਰ ਦੇਣ ਦਾ ਸਿਲਸਿਲਾ। ਅੰਦੋਲਨ ਦੀ ਤਾਕਤ ਨੂੰ ਦੇਖ ਕੇ ਮੁੱਖ ਮੰਤਰੀ ਨੇ ਇਸ ਦੇ ਆਗੂਆਂ ਨੂੰ ਮਿਲ ਕੇ ਭਰੋਸਾ ਦਿੱਤਾ ਕਿ 15 ਅਗਸਤ ਤਕ ਇਸ ਪੂੰਜੀਨਿਵੇਸ਼ ਖੇਤਰ ਅਤੇ ਉਨ੍ਹਾਂ ਦੀਆਂ ਹੋਰ ਮੰਗਾਂ ਸਬੰਧੀ ਹਾਂ-ਪੱਖੀ ਖ਼ਬਰ ਉਨ੍ਹਾਂ ਨੂੰ ਮਿਲ ਜਾਵੇਗੀ। ...ਤੇ ਲਗਭਗ ਚਾਰ ਮਹੀਨੇ ਦੀ ਇਸ ਜੱਦੋਜਹਿਦ ਤੋਂ ਬਾਅਦ ਲੋਕਾਂ ਨੂੰ ਜਿੱਤ ਹਾਸਲ ਹੋ ਗਈ।

ਵਿੱਤ ਮੰਤਰੀ ਨਿਤਿਨ ਪਟੇਲ ਨੇ 14 ਅਗਸਤ ਨੂੰ ਪ੍ਰੈੱਸ ਕਾਨਫਰੰਸ ਵਿਚ ਐਲਾਨ ਕੀਤਾ ਕਿ ਸੂਬਾ ਸਰਕਾਰ ਨੇ 36 ਪਿੰਡਾਂ ਨੂੰ ਤਜਵੀਜ਼ਸ਼ੁਦਾ ਪੂੰਜੀਨਿਵੇਸ਼ ਖੇਤਰ ਵਿਚੋਂ ਬਾਹਰ ਕਰ ਦੇਣ ਦਾ ਫ਼ੈਸਲਾ ਕੀਤਾ ਹੈ, ਇਸ ਵਿਚ ਸਿਰਫ਼ 8 ਪਿੰਡ ਰੱਖੇ ਜਾਣਗੇ। ਇਹ ਭਾਵੇਂ ਅਧੂਰੀ ਜਿੱਤ ਸੀ ਕਿਉਂਕਿ ਅੰਦੋਲਨ ਦੀਆਂ ਇਹ ਮੰਗਾਂ ਹਾਲੇ ਬਾਕੀ ਹਨ, ਜਿਵੇਂ ਪੂੰਜੀਨਿਵੇਸ਼ ਖੇਤਰ ਦਾ ਨੋਟੀਫੀਕੇਸ਼ਨ ਵਾਪਸ ਲਿਆ ਜਾਵੇ, ਮਰੂਤੀ ਸੁਜ਼ੂਕੀ ਕੰਪਨੀ ਨੂੰ ਬਾਹਰ ਕੱਢਿਆ ਜਾਵੇ ਅਤੇ ਨਰਮਦਾ ਰਾਖਵੇਂ ਇਲਾਕੇ ਦੇ ਇਸ ਦਰਜੇ ਨੂੰ ਖ਼ਤਮ ਕਰਨ ਦਾ ਅਮਲ ਵਾਪਸ ਲਿਆ ਜਾਵੇ। ਇਸ ਦੇ ਬਾਵਜੂਦ ਇਸ ਅੰਦੋਲਨ ਨੂੰ ਜਥੇਬੰਦ ਕਰਨ ਵਾਲੇ ਮੰਚ 'ਜਾਗ' (ਜ਼ਮੀਨ ਅਧਿਕਾਰ ਅੰਦੋਲਨ - ਗੁਜਰਾਤ) ਅਤੇ ਮੁਕਾਮੀ (ਲੋਕਲ) ਜਥੇਬੰਦੀ 'ਆਜ਼ਾਦ ਵਿਕਾਸ ਸੰਗਠਨ' ਨੇ ਇਸ ਦਾ ਸਵਾਗਤ ਕੀਤਾ, ਕਿਉਂਕਿ ਲੰਘੇ 12 ਵਰ੍ਹਿਆਂ ਵਿਚ ਇਹ ਪਹਿਲੀ ਵਾਰ ਹੋਇਆ ਸੀ ਕਿ ਸੂਬਾ ਸਰਕਾਰ ਨੂੰ ਲੋਕਾਂ ਦੀ ਤਾਕਤ ਅਤੇ ਹਕੂਮਤੀ ਚਾਲਾਂ ਦੇ ਵਿਰੋਧ 'ਚ ਇਸ ਅੰਦੋਲਨ ਦੇ ਹੱਕ 'ਚ ਸਾਹਮਣੇ ਆਈ ਬੇਮਿਸਾਲ ਇਕਮੁੱਠਤਾ ਕਾਰਨ ਪਿੱਛੇ ਹਟਣਾ ਪਿਆ ਸੀ। ਸਮਾਜ ਦੇ ਸਾਰੇ ਹਿੱਸੇ, ਮੀਡੀਆ, ਸਿਵਲ ਸੁਸਾਇਟੀ ਦੇ ਆਗੂ ਅਤੇ ਕਾਰਕੁਨ, ਬੁੱਧੀਜੀਵੀ ਅਤੇ ਵਿਦਵਾਨ ਇਸ ਅੰਦੋਲਨ ਦੇ ਹੱਕ 'ਚ ਆ ਖੜ੍ਹੇ ਸਨ। ਫਿਰ ਇਲਾਕੇ ਦੇ ਲੋਕਾਂ ਦੀ ਸਲਾਹ ਨਾਲ ਅਗਲਾ ਪ੍ਰੋਗਰਾਮ ਉਲੀਕਿਆ ਗਿਆ।

*-ਪੇਸ਼ਕਸ਼ : ਬੂਟਾ ਸਿੰਘ*

## *ਸਲੀਕੇ ਦੇ ਘੁੰਡ ਵਿਚ ਬੈਠੀ ਬੇਸ਼ਰਮੀ ਤੇ ਮੀਡੀਆ ਦੀ ਮੁਨਾਫ਼ਾ-ਨਸ*

ਕਾਂਗਰਸੀ ਵਿਧਾਇਕ ਸਣੇ ਤਿੰਨ ਕਾਂਗਰਸੀ ਆਗੂ ਦੋਸ਼ੀ ਕਰਾਰ ਦਿੱਤੇ ਗਏ ਹਨ। ਕਾਂਗਰਸੀ ਸਰਕਾਰਾਂ (ਸੂਬਾਈ ਤੇ ਕੇਂਦਰੀ) ਦੀ ਦਿੱਲੀ ਦੇ ਤਤਕਾਲੀ ਪੁਲਿਸ ਅਫ਼ਸਰਾਂ ਨੂੰ ਮੁਕੱਦਮਿਆਂ ਵਿਚ ਦਿੱਤੀ ਰਿਆਇਤ ਅਤੇ ਮੁਲਜ਼ਮਾਂ ਦੀ ਸਿਆਸੀ ਸਰਪ੍ਰਸਤੀ ਦੇ ਬਾਵਜੂਦ ਇਹ ਫ਼ੈਸਲਾ ਹੋਇਆ ਹੈ ਜੋ ਇਨਸਾਫ਼ ਦੀ ਨਹੀਂ, ਸਗੋਂ ਨਾਇਨਸਾਫ਼ੀ ਦੀ ਨਿਸ਼ਾਨਦੇਹੀ ਕਰਦਾ ਹੈ। ਜੇ ਪ੍ਰਧਾਨ ਮੰਤਰੀ ਨੇ ਇਸ ਦਹਾਕੇ ਦੀਆਂ ਪ੍ਰਾਪਤੀਆਂ ਨੂੰ ਅੱਗੇ ਵਧਾਉਣਾ ਹੈ ਤਾਂ ਆਵਾਮ ਨੂੰ ਇਸ ਤੋਂ ਵੱਧ ਖ਼ਤਰਾ ਕਿਸ ਤੋਂ ਹੈ? ਕੀ ਲਾਲ ਕਿਲੇ ਦੀ ਫਸੀਲ ਤੋਂ ਚੜ੍ਹ ਕੇ ਝੂਠ ਬੋਲਣਾ ਸਲੀਕਾ ਹੈ। ਜੇ ਇਹੋ ਸਲੀਕਾ ਹੈ ਤਾਂ ਇਸ ਨੂੰ ਆਵਾਮ ਦੇ ਖ਼ਿਲਾਫ਼ ਸਾਜ਼ਿਸ਼ ਕਿਉਂ ਨਾ ਕਿਹਾ ਜਾਵੇ? ਇਸ ਵੇਲੇ ਸਭ ਤੋਂ ਵੱਡਾ ਸਵਾਲ ਫਿਰਕਾਪ੍ਰਸਤੀ ਨਹੀਂ, ਸਗੋਂ 65 ਸਾਲਾਂ ਦੀਆਂ ਨਾਕਾਮਯਾਬੀਆਂ ਅਤੇ ਸਿਆਸੀ ਬੇਸ਼ਰਮੀ ਹੈ। ਫਿਰਕਾਪ੍ਰਸਤੀ ਦਾ ਅਹਿਮ ਮੁੱਦਾ ਹੋਣਾ ਜ਼ਿਆਦਾਤਰ ਪਾਰਟੀਆਂ ਨੂੰ ਲੋਟ ਆਉਂਦਾ ਹੈ, ਕਿਉਂਕਿ ਇਸ ਨਾਲ ਬਿਆਨਬਾਜ਼ੀ ਦਾ ਮੁਕਾਬਲਾ ਲੰਮੀ ਦੇਰ ਤੱਕ ਖੇਡਿਆ ਜਾ ਸਕਦਾ ਹੈ। ਇਸ ਨਾਲ ਮੀਡੀਆ ਦੀ ਮੁਨਾਫ਼ਾ-ਨਸ ਦੀ ਹਰਕਤ ਤੇਜ਼ ਹੁੰਦੀ ਹੈ। ਆਵਾਮ ਦਾ ਖ਼ੂਨ ਕਤਲੇਆਮ ਦਾ ਖ਼ੌਫ਼ ਦਿਖਾ ਕੇ ਸੁਕਾਇਆ ਜਾਂਦਾ ਹੈ। ਖ਼ੂਨ ਵਹਿ ਜਾਣ ਦੀ ਥਾਂ ਸੁੱਕ ਜਾਵੇ ਤਾਂ ਕੀ ਫ਼ਰਕ ਪੈਂਦਾ ਹੈ? ਦੋਵਾਂ ਹਾਲਾਤ ਵਿਚ ਜੀਅ ਭਿਆਣੇ ਦੀ ਜਾਨ ਜਾਂਦੀ ਹੈ। ਜੇ ਅਸੀਂ ਫਿਰਕਾਪ੍ਰਸਤੀ ਨਾਲ ਜੁੜੇ ਕਤਲੇਆਮ ਦੇ ਖ਼ਦਸ਼ੇ ਤੋਂ ਖ਼ੌਫ਼ਜ਼ਦਾ ਹਾਂ, ਤਾਂ ਅਸੀਂ ਥੁੜ੍ਹਾਂ ਰਾਹੀਂ ਕੀਤੇ ਜਾ ਰਹੇ ਕਤਲੇਆਮ ਨੂੰ ਨਜ਼ਰਅੰਦਾਜ਼ ਕਰ ਰਹੇ ਹੈ।

# ਲੱਭ ਹੀ ਪੈਂਦਾ ਏ ਕੋਈ ਹਰਿਆ ਬੂਟ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਸੰਨ 2004 ਵਿਚ ਜਦੋਂ ਮੈਂ ਅਮਰੀਕਾ ਪਹੁੰਚਿਆ ਤਾਂ ਇਥੇ ਆਪਣੇ ਸ਼ਹਿਰ ਸੈਨ ਹੋਜ਼ੇ ਦੇ ਗੁਰਦੁਆਰੇ ਵਿਚ ਇਹ ਦੇਖ ਕੇ ਬੜਾ ਹੈਰਾਨ ਹੋਇਆ ਕਰਾਂ ਕਿ ਇਥੇ 'ਗਰੀਨ ਕਾਰਡ' ਲੈਣ ਲਈ ਲੋਕੀਂ ਕਿਵੇਂ ਅਰਦਾਸਾਂ ਕਰਵਾ ਰਹੇ ਨੇ, ਕੋਈ ਗਰੀਨ ਕਾਰਡ ਮਿਲਣ 'ਤੇ 'ਕੋਟਾਨਿ ਕੋਟਿ' ਸ਼ੁਕਰਾਨੇ ਵਜੋਂ ਅਖੰਡ ਪਾਠ ਕਰਵਾ ਰਿਹਾ ਹੁੰਦਾ; ਕੋਈ ਇਸ ਖਾਤਰ ਅਖੰਡ ਪਾਠ ਕਰਵਾਉਣ ਦੀਆਂ ਸੁੱਖਾਂ ਸੁੱਖ ਰਿਹਾ ਹੁੰਦਾ; ਕੋਈ ਹੋਰ ਲੰਗਰ ਵਾਸਤੇ ਰਸਦਾਂ-ਵਸਤਾਂ ਦੀ ਗੋਲਕ ਕੋਲ ਢੇਰੀ ਲਾ ਕੇ ਭਾਈ ਜੀ ਦੇ ਕੰਨਾਂ ਵਿਚ ਗਰੀਨ ਕਾਰਡ ਦੀ ਯਾਚਨਾ ਲਈ ਕਹਿ ਰਿਹਾ ਹੁੰਦਾ। ਭਾਈ ਜੀ ਵੱਲੋਂ ਕੀਤੀ ਜਾਂਦੀ ਅਰਦਾਸ ਵਿਚ ਗਰੀਨ ਕਾਰਡ ਦੀ ਚਾਹਨਾ ਰੱਖਣ ਵਾਲਿਆਂ ਦੀ ਗਜ਼ ਭਰ ਲੰਮੀ ਲਿਸਟ ਸੁਣ-ਸੁਣ ਕੇ ਮੇਰੀ ਹੈਰਾਨੀ ਵਧਦੀ ਰਹਿੰਦੀ।

ਕਾਨੂੰਨੀ ਢੰਗ ਨਾਲ ਇੱਥੇ ਆਇਆ ਹੋਣ ਕਾਰਨ, ਕਿਉਂਕਿ ਮੈਨੂੰ ਇਹ ਸੁਭਾਗਾ ਕਾਰਡ ਹਫਤੇ ਕੁ ਬਾਅਦ ਹੀ ਘਰੇ ਬੈਠੇ ਬਿਠਾਏ ਨੂੰ ਮਿਲ ਗਿਆ ਸੀ, ਇਸ ਲਈ ਮੈਨੂੰ ਇਸ ਦੇ 'ਅਸਲ ਮੁੱਲ' ਬਾਬਤ ਕੋਈ ਜਾਣਕਾਰੀ ਨਹੀਂ ਸੀ। ਸੋ ਮੈਂ ਆਪਣੀ ਹੈਰਾਨੀ ਮੁਕਾਉਣ ਲਈ ਨਵੇਂ-ਨਵੇਂ ਬਣੇ ਇਕ ਦੋਸਤ ਨੂੰ ਪੁੱਛ ਬੈਠਾ ਕਿ ਇਥੇ ਗਰੀਨ ਕਾਰਡ ਦੀ ਮੁੰਡਾ ਜੰਮਣ ਨਾਲੋਂ ਵੀ ਵੱਧ ਖੁਸ਼ੀ ਕਿਉਂ ਕੀਤੀ ਜਾਂਦੀ ਹੈ? ਉਸ ਨੇ ਹੱਸਦਿਆਂ ਬੜਾ ਦਿਲਚਸਪ ਜਵਾਬ ਦਿੱਤਾ, "ਮੁੰਡੇ ਦਾ ਕੀ ਐ? ਵਿਆਹਿਆਂ ਵਰ੍ਹਿਆਂ ਦੇ ਸਾਲ ਦੋ ਸਾਲ ਵਿਚ ਮੁੰਡਾ ਆ ਹੀ ਜਾਂਦਾ ਹੈ। ਅਗਰ ਕੁੜੀ ਹੋ ਜਾਏ ਤਾਂ ਅਗਲੇ ਸਾਲ ਮੁੰਡਾ ਵੀ ਆ ਜਾਂਦੈ। ਇੱਥੇ ਗਰੀਨ ਕਾਰਡ ਨੂੰ ਉਡੀਕਦਿਆਂ ਕਈਆਂ ਨੇ ਵਿਆਹ ਰੋਕੇ ਹੋਏ ਐ, ਕੋਈ ਪੰਦਰਾਂ-ਵੀਹ ਸਾਲ ਤੋਂ ਇਸ ਦੀ ਉਡੀਕ 'ਚ ਸਾਰੀ ਕਮਾਈ ਵਕੀਲਾਂ ਨੂੰ ਲੁਟਾਈ ਜਾ ਰਿਹੈ, ਕਈ ਵਿਚਾਰੇ ਬੁੱਢੇ ਹੋ ਚੱਲੇ ਐ, ਇਸ 'ਹਰੇ ਪੱਤੇ' ਨੂੰ ਉਡੀਕਦੇ...ਇਸ ਲਈ ਇੱਥੇ ਮੁੰਡਾ ਨਹੀਂ, ਗਰੀਨ ਕਾਰਡ ਹੀ ਅਮੋਲਕ ਵਸਤੂ ਹੈ।" ਨਾਲ ਹੀ ਉਸ ਨੇ ਮੈਨੂੰ ਵੀ 'ਟਕੋਰ' ਮਾਰ ਦਿੱਤੀ, ਅਖੇ, ਤੁਸੀਂ ਤਾਂ ਅਮਰੀਕਾ ਆਏ ਹੋ ਸੱਗੇ-ਰੱਤੇ ਪ੍ਰਾਹੁਣਿਆਂ ਵਾਂਗ, ਤੁਸੀਂ ਕੀ ਜਾਣੋ ਗਰੀਨ ਕਾਰਡ ਦੀ ਕੀਮਤ? ਤੁਹਾਨੂੰ ਤਾਂ ਬੈਠੇ-ਸੁੱਤਿਆਂ ਨੂੰ ਫੜਾ ਗਏ ਹੋਣੇ ਐਂ ਡਾਕਖਾਨੇ ਵਾਲੇ!

ਲਉ ਜੀ, ਹੌਲੀ-ਹੌਲੀ ਸਮਾਂ ਲੰਘਦਾ ਗਿਆ। ਅਸੀਂ ਵੀ 'ਨਵੇਂ-ਨਵੇਂ ਆਏ ਹਾਂ ਜੀ!' ਕਹਿਣੋਂ ਹਟਦੇ ਗਏ। ਕੰਮਾਂ-ਕਾਰਾਂ 'ਚ ਵਿਚਰਦਿਆਂ ਇਧਰੋਂ ਉਧਰੋਂ, ਗਰੀਨ ਕਾਰਡ ਦੀ ਤਾਂਘ ਵਿਚ ਬੈਠਿਆਂ ਦੇ ਦੁਖੜੇ ਸੁਣੇ। ਵਿੰਗੇ-ਟੇਢੇ ਤਰੀਕਿਆਂ ਨਾਲ ਅਮਰੀਕਾ ਪਹੁੰਚੇ ਮੁੰਡਿਆਂ ਵੱਲੋਂ ਸੌ-ਸੌ ਪਾਪੜ ਵੇਲਣ ਦੀਆਂ, ਲੂੰ ਕੰਡੇ ਖੜ੍ਹੇ ਕਰ ਦੇਣ ਵਾਲੀਆਂ ਕਹਾਣੀਆਂ ਸੁਣ ਕੇ ਗਰੀਨ ਕਾਰਡ ਮਹਾਰਾਜ ਦੀ ਮਹੱਤਤਾ ਦਾ ਪਤਾ ਲੱਗਿਆ। ਜਿਉਂ-ਜਿਉਂ ਟੁੱਟਵੇਂ-ਟੁੱਟਵੇਂ ਸਮੇਂ ਲਈ ਮਿਲਦੇ ਵਰਕ ਪਰਮਿਟਾਂ 'ਤੇ ਕੰਮ ਕਰਦੇ ਵਿਅਕਤੀਆਂ ਨਾਲ ਮੇਲ-ਮਿਲਾਪ ਵਧਦਾ ਗਿਆ, ਆਪਣੇ 'ਗਰੀਨ ਕਾਰਡ ਹੋਲਡਰ' ਹੋਣ 'ਤੇ ਫ਼ਖ਼ਰ ਵੀ ਹੋਣ ਲਗਦਾ।

ਕਿਸੇ ਸਮਾਜ ਸ਼ਾਸਤਰੀ ਨੇ ਮਨੁੱਖ ਦੀ ਅਜੀਬੋ-ਗਰੀਬ ਫਿਤਰਤ ਦੀ ਵਿਆਖਿਆ ਕਰਦਿਆਂ ਲਿਖਿਆ ਹੈ ਕਿ ਇਹ ਹਮੇਸ਼ਾ ਉਸ ਚੀਜ਼ ਲਈ ਤੜਫਦਾ ਰਹਿੰਦਾ ਹੈ, ਜਿਹੜੀ ਇਸ ਦੀ ਪਹੁੰਚ ਤੋਂ ਦੂਰ ਹੋਵੇ। ਮਿਸਾਲ ਦੇ ਤੌਰ 'ਤੇ ਅਸੀਂ ਭਰ ਸਿਆਲ ਵਿਚ ਆਖ ਦਿੰਦੇ ਹਾਂ ਕਿ ਐਸ ਨਿਕੰਮੇ ਮੌਸਮ ਨਾਲੋਂ ਗਰਮੀਆਂ ਚੰਗੀਆਂ! ਬੰਦਾ ਹਲਕੇ-ਫੁਲਕੇ ਕੱਪੜੇ ਪਾ ਕੇ ਜਿਥੇ ਮਰਜ਼ੀ ਫਿਰੇ; ਪਰ ਗਰਮੀਆਂ 'ਚ ਤ੍ਰਹਿੰਦੇ ਹੋਏ ਸਰਦੀਆਂ ਨੂੰ ਸਲਾਹੁੰਦੇ ਰਹਿੰਦੇ ਹਾਂ ਕਿ ਲੂਹ ਦੇਣ ਵਾਲੀ ਇਸ ਰੁੱਤ ਨਾਲੋਂ ਸਿਆਲ ਸੌ ਗੁਣ ਚੰਗਾ ਹੁੰਦੈ!! ਕੋਟ-ਜੈਕਟਾਂ ਪਹਿਨ ਕੇ ਨਾਲੇ ਨਿੱਘ ਮਾਣੋ, ਨਾਲੇ ਕੰਮ-ਧੰਦੇ ਲੱਗੇ ਰਹੋ!!!

ਇਸ ਦੁਵੱਲੀ ਫਿਤਰਤ ਦੇ ਰੰਗ 'ਚ ਰੰਗੇ ਹੋਏ ਕਦੀ ਅਸੀਂ ਵੀ ਅਮਰੀਕਾ ਆਉਣ ਲਈ ਤਰਸਦੇ ਹੁੰਦੇ ਸਾਂ। ਅਸੀਂ ਵੀ ਕਦੇ ਅਰਦਾਸਾਂ ਕਰਦੇ-ਕਰਵਾਉਂਦੇ ਸਾਂ। ਡਾਕੀਏ ਦੇ ਸਾਇਕਲ ਦੀ ਘੰਟੀ ਖੜਕਣ 'ਤੇ ਸਾਡੇ ਵੀ ਕੰਨ ਖੜ੍ਹੇ ਹੋ ਜਾਂਦੇ ਕਿ ਅੱਜ ਸ਼ਾਇਦ ਅੰਬੈਸੀ ਦੀ ਚਿੱਠੀ ਆਈ ਹੋਵੇਗੀ। ਵਾਲ ਦੀ ਖੱਲ ਲਾਹੁਣ ਵਰਗੇ ਅਮਰੀਕਨ ਇਮੀਗ੍ਰੇਸ਼ਨ ਦੇ ਵਿਧੀ-ਵਿਧਾਨ ਦਾ ਭਵ ਸਾਗਰ ਪਾਰ ਕਰ ਕੇ ਅਮਰੀਕਾ ਆਣ ਪਹੁੰਚੇ। ਚੜ੍ਹ ਗਏ ਮਸ਼ੀਨੀ ਪਟੇ 'ਤੇ, ਫੜ ਲਏ ਲੰਚ ਬਕਸ, ਲੱਗ ਪਏ ਅਲਾਰਮਾਂ ਦੀਆਂ ਘੰਟੀਆਂ ਨਾਲ ਉਭੜਵਾਹੇ ਉਠਣ। ਘਰ ਦੇ ਜੀਆਂ ਦੀ ਸੂਰ੍ਹ ਹੋ ਗਈ 'ਆਇਆ ਰਾਮ ਗਿਆ ਰਾਮ!' ਹੋ ਗਏ ਇਕ-ਦੂਜੇ ਦੇ ਦਰਸ਼ਨ ਦੀਦਾਰੇ ਮਹਿੰਗੇ। ਮੇਲ-ਬਾਕਸ ਵਿਚੋਂ ਹੋਣ ਲੱਗ ਪਈ ਬਿੱਲਾਂ ਦੀ ਬਰਸਾਤ! ਭੁੱਲ ਗਈਆਂ ਸੰਗਰਾਂਦਾਂ-ਲੋਹੜੀਆਂ, ਦੀਵਾਲੀਆਂ!! ਡਾਲਰਾਂ ਨੂੰ ਪੰਜਾਹ-ਸੱਠਾਂ ਨਾਲ ਗੁਣਾਂ ਕਰਨ ਵਾਲੀ ਪੰਜਾਬ ਵਾਲੀ ਬਿਰਤੀ ਕਿਧਰੇ ਲੋਪ ਹੋ ਗਈ। ਡਾਲਰ ਆ ਗਿਆ ਆਪਣੀ ਆਨੇ ਵਾਲੀ, ਨਹੀਂ ਸੱਚ 'ਇਕ ਰੁਪਏ' ਵਾਲੀ ਜਗ੍ਹਾ!

ਪਰਵਾਸੀ ਹੋਣ ਦੀਆਂ ਰੀਝਾਂ ਪੂਰੀਆਂ ਹੋਈਆਂ ਤਾਂ ਹੁਣ ਦਿਲ ਫਿਰ ਦੇਸ ਲਈ ਕਲਪਣ ਲੱਗ ਪਿਆ। ਵਤਨ ਦੇ ਦਿਨ-ਦਿਹਾਰਾਂ ਜਾਂ ਇਤਿਹਾਸਕ ਜੋੜ ਮੇਲਿਆਂ ਮੌਕੇ 'ਕੁਸ਼ ਨੀ ਯਾਰ ਪਰਦੇਸ!' ਆਪ-ਮੁਹਾਰੇ ਮੂੰਹੋਂ ਨਿਕਲ ਜਾਂਦਾ ਐ। ਇਸੇ ਹੇਰਵੇ ਵਿਚ ਕਲਮ-ਘਸੀਟੀ ਹੋਰ ਤੇਜ਼ ਕਰ ਲਈ। ਅਮਰੀਕਾ ਕੈਨੇਡਾ ਦੀ ਸੁਖਮਈ ਜ਼ਿੰਦਗੀ ਤਿਆਗ ਕੇ ਦੇਸ ਜਾਣ ਵਾਲੇ ਗਦਰੀ ਬਾਬੇ ਚੰਗੇ-ਚੰਗੇ ਲੱਗਣ ਲੱਗੇ। ਇਕ ਸਦੀ ਪਹਿਲੋਂ ਦੇ ਉਸ ਵਕਤ ਦੀ, ਵਰਤਮਾਨ ਨਾਲ ਤੁਲਨਾ ਕਰਦਿਆਂ, ਸੁਤੇ ਹੀ ਮੇਰੇ ਮਨ ਵਿਚ ਇਹ ਸਵਾਲ ਕਰਵਟਾਂ ਲੈਣ ਲੱਗਾ ਕਿ ਉਦੋਂ ਸੈਂਕੜੇ ਵਤਨੀਆਂ ਨੇ ਬਣਾਈਆਂ ਜਾਇਦਾਦਾਂ ਸਮੇਤ ਗਰੀਨ ਕਾਰਡਾਂ ਨੂੰ ਲੱਤ ਮਾਰ ਕੇ ਦੇਸ ਦੀ ਵਿਗੜੀ ਸਵਾਰਨ ਲਈ ਚਾਲੇ ਪਾ ਦਿੱਤੇ ਸਨ। ਕੀ ਅੱਜ ਵੀ ਕੋਈ ਮਾਈ ਦਾ ਲਾਲ ਐਸਾ ਹੋਵੇਗਾ ਜੋ ਗਦਰੀ ਬਾਬਿਆਂ ਵਾਂਗ ਕੁਰਬਾਨੀ ਲਈ ਨਾ ਵੀ ਸਹੀ, ਵੈਸੇ ਹੀ ਬਣਿਆ-ਬਣਾਇਆ ਗਰੀਨ ਕਾਰਡ ਛੱਡ ਕੇ ਆਪਣੇ ਵਤਨ ਨੂੰ ਮੋਹ ਨਾਲ ਤੁਰ ਗਿਆ ਹੋਵੇ ਕਿ ਉਥੇ ਆਪਣੀ ਜੰਮਣ-ਭੋਇੰ ਹੀ ਠੀਕ ਐ!



ਅਮਰੀਕ ਸਿੰਘ ਤਲਵੰਡੀ

ਅਖਬਾਰ, ਰਸਾਲੇ ਜਾਂ ਹੋਰ ਸੰਚਾਰ ਸਾਧਨ ਵਾਚਦਿਆਂ ਇਹ ਸਵਾਲ ਮੇਰੇ ਦਿਲ ਦਿਮਾਗ ਵਿਚ ਛਾਇਆ ਰਹਿੰਦਾ। ਗਰੀਨ ਕਾਰਡ ਲਈ ਤੜਫਣ ਵਾਲਿਆਂ ਦੀਆਂ ਕਈ ਤਰ੍ਹਾਂ ਦੀਆਂ ਉਦਾਸ ਕਰਨ ਵਾਲੀਆਂ ਗੱਲਾਂ ਤਾਂ ਬਥੇਰੀਆਂ ਸੁਣਨ ਨੂੰ ਮਿਲ ਜਾਂਦੀਆਂ, ਜਾਂ ਫਿਰ ਆਪਣੇ ਨਗਰ ਖੇੜੇ ਵਿਚ ਸਰਦਾਰੀ ਕਰਨ ਵਾਲੀਆਂ ਸ਼ਖ਼ਸੀਅਤਾਂ ਵੱਲੋਂ ਇਥੇ ਪੱਕੇ ਹੋਣ ਲਈ ਸੌ-ਸੌ ਜਫ਼ਰ ਜਾਲਣ ਦੀਆਂ ਕਨਸੋਆਂ ਕੰਨੀ ਪੈਂਦੀਆਂ ਰਹੀਆਂ, ਪਰ ਉਲਟੀ ਗੰਗਾ ਪਹੋਏ ਨੂੰ ਵਹਾਉਣ ਵਾਲਾ ਕੋਈ ਨਾ ਲੱਭਿਆ।

ਇਹ ਸੋਚ ਕੇ ਕਿ ਗ਼ਦਰੀ ਯੋਧਿਆਂ ਦੀ ਯਾਦ ਵਿਚ ਧੜਾ-ਧੜ ਕਰਵਾਏ ਜਾਂਦੇ ਸੈਮੀਨਾਰਾਂ, ਨਾਟਕਾਂ ਜਾਂ ਮੇਲਿਆਂ ਵਿਚ ਸ਼ਾਇਦ ਕਿਸੇ ਦੀ ਸੋਚ ਉਬਾਲਾ ਖਾ ਜਾਂਦੀ ਹੋਵੇ! ਅਜਿਹੇ ਕਈ ਮੌਕਿਆਂ 'ਤੇ ਹਾਜ਼ਰੀ ਭਰੀ, ਪਰ 'ਐਸਾ ਕੋਈ ਨਾ ਡਿੱਠਾ ਮੈਂ ਢੂੰਡ ਥੱਕੀ' ਵਾਲੀ ਗੱਲ ਹੀ ਹੁੰਦੀ ਰਹੀ। ਮਹਾਨ ਦੇਸ਼ ਭਗਤ ਗ਼ਦਰੀਆਂ ਨੂੰ 'ਸਮਰਪਿਤ' ਮੇਲਿਆਂ ਵਿਚ ਸਟੇਜਾਂ ਉਪਰ ਇਸ ਗੱਲ ਦਾ ਧੂੰਆਂ-ਧਾਰ ਜ਼ਿਕਰ ਕੀਤਾ ਜਾਂਦਾ ਹੈ ਕਿ ਵਿਦੇਸ਼ੀ ਐਸ਼ੋ-ਆਰਾਮ ਦੀ ਥਾਂ, ਗਦਰੀਆਂ ਨੇ ਆਪਣੇ ਵਤਨ ਲਈ ਜੂਝਣ ਦਾ ਫੈਸਲਾ ਕੀਤਾ, ਪਰ ਸਮਾਗਮ ਵਾਲੇ ਹਾਲ ਵਿਚ ਹੀ ਫਿਰ ਐਸੀਆਂ ਗੱਲਾਂ ਕੰਨੀ ਪੈਂਦੀਆਂ, 'ਧੰਨਾ ਸਿਹਾਂ, ਨਿਆਣੇ ਆ ਗਏ ਪਿੰਡੋਂ ਸਾਰੇ?' ਹਾਂ ਵਿਚ ਇਸ਼ਾਰਾ ਦੇਖ ਕੇ ਪਹਿਲਾ ਆਖਦਾ, 'ਚੱਲ ਚਿੰਤਾ ਮੁੱਕੀ, ਟੱਬਰ ਇੱਕ ਥਾਂ 'ਕੱਠਾ ਹੋ ਗਿਐ। ਓਥੇ (ਪੰਜਾਬ 'ਚ) ਹੁਣ ਕੋਈ ਹੱਜ ਐ ਜੀਣ ਦਾ?' ਕੋਈ ਪਿੱਛੇ ਰਹਿ ਗਏ ਮੁੰਡੇ ਜਾਂ ਕੁੜੀ ਨੂੰ ਕਿਸੇ ਨਾ ਕਿਸੇ ਤਰ੍ਹਾਂ ਬਾਹਰ ਲੈ ਆਉਣ ਦੀਆਂ ਜੁਗਤਾਂ ਬਣਾਉਣ 'ਚ ਮਸਰੂਫ ਹੋਇਆ ਹੁੰਦਾ ਹੈ। ਕਿਤੇ ਗਰੀਨ ਕਾਰਡ ਦੀਆਂ ਵਧਾਈਆਂ ਦੀ ਲੈ-ਦੇ ਹੋ ਰਹੀ ਹੁੰਦੀ ਹੈ। ਇਸੇ ਹਾਲ ਵਿਚ ਘੜੀ ਘੰਟਾ ਪਹਿਲਾਂ ਗ਼ਦਰੀ ਦੇਸ਼ ਭਗਤਾਂ ਦੇ ਨਾਮ 'ਤੇ ਕੱਸ-ਕੱਸ ਕੇ ਤਾੜੀਆਂ ਮਾਰਨ ਵਾਲੇ ਭੱਦਰ ਪੁਰਸ਼, ਦੇਸੋਂ ਬੰਦੇ ਢੋਣ ਦੀਆਂ ਵੱਖ-ਵੱਖ ਵਿਉਂਤਬੰਦੀਆਂ ਬਣਾ ਰਹੇ ਹੁੰਦੇ ਹਨ। ਸਾਰਾ ਸਾਲ ਹੀ ਚੱਲਦੇ ਰਹਿੰਦੇ ਅਜਿਹੇ ਸਮਾਗਮਾਂ ਦੀਆਂ ਖ਼ਬਰਾਂ ਦੀ ਸੁਰਖੀ ਹੁੰਦੀ ਹੈ, 'ਫਲਾਣਿਆਂ ਵੱਲੋਂ ਕਰਵਾਏ ਗਦਰੀਆਂ ਦੇ ਮੇਲੇ ਨੇ ਅਮਿੱਟ ਪੈੜਾਂ ਛੱਡੀਆਂ।' ਅੱਠ-ਨੌਂ ਸਾਲਾਂ ਦੇ ਅਮਰੀਕੀ ਪਰਵਾਸ ਦੌਰਾਨ ਮੈਂ ਤਾਂ ਇਨ੍ਹਾਂ 'ਅਮਿੱਟ ਪੈੜਾਂ' ਦਾ ਪਾਂਧੀ ਬਣਦਾ ਕੋਈ ਸੂਰਮਾ ਨਹੀਂ ਦੇਖਿਆ! ਨਾ ਹੀ ਕੋਈ ਅਜਿਹੇ ਮੇਲਿਆਂ ਦਾ ਸਰੋਤਾ ਅਤੇ ਨਾ ਹੀ ਕੋਈ ਪ੍ਰਬੰਧਕਾਂ ਵਿਚੋਂ। ਹਾਂ, ਇਕ-ਦੂਜੇ ਨਾਲ ਜ਼ਿਦੋਂ-ਜ਼ਿਦੀ 'ਵਿਸ਼ਾਲ ਮੇਲੇ' ਜ਼ਰੂਰ ਆਏ ਦਿਨ ਹੁੰਦੇ ਰਹਿੰਦੇ ਹਨ। ਹੋ ਸਕਦਾ ਹੈ ਕਿ ਸਾਰੇ ਮੇਰੇ ਵਾਂਗ ਹੀ ਸੋਚਦੇ ਹੋਣ,

ਸੱਚ ਔਖਾ ਹੈ! ਪਰ ਇਸ ਕੇ ਲੀਏ
ਕੋਈ ਔਰ ਮਰੇ ਤੋ ਬਹੁਤ ਅੱਛਾ!!
ਕਿਉਂ ਨਾ-ਹੱਕ 'ਸੁਕਰਾਤ' ਬਨੋ,
ਕੁਛ ਨਾ ਕਹੋ ਖਾਮੋਸ਼ ਰਹੋ।

ਕਿਸੇ ਵੀ ਚੀਜ਼ ਦਾ ਬੀਜ ਨਾਸ ਨਾ ਹੋਣ ਦੀ ਅਟੱਲ ਸੱਚਾਈ ਬਾਰੇ ਸੋਚਦਿਆਂ, ਹਾਲੇ ਮੈਂ ਕੋਈ ਖਿਆਲੀ ਭਲਾਮਾਣਸ ਮਿਲ ਜਾਣ ਬਾਰੇ ਦੁਚਿੱਤੀ ਵਿਚ ਹੀ ਸਾਂ ਕਿ ਐਤਵਾਰ 11 ਅਗਸਤ ਦੇ 'ਨਵਾਂ ਜ਼ਮਾਨਾ' ਅਖ਼ਬਾਰ ਦੇ ਆਖਰੀ ਸਫ਼ੇ 'ਤੇ ਛਪੀ ਇੰਟਰਵਿਊ ਵਿਚੋਂ ਮੈਨੂੰ 'ਕੋਈ ਹਰਿਆ ਬੂਟ' ਲੱਭ ਗਿਆ। ਪੰਜਾਬੀ ਲੇਖਕ ਅਤੇ ਗੀਤਕਾਰ ਅਮਰੀਕ ਸਿੰਘ ਤਲਵੰਡੀ ਨੇ ਆਪਣੀ ਬੀਤੀ ਜ਼ਿੰਦਗੀ ਦੇ ਵੇਰਵੇ ਗਿਣਾਉਂਦਿਆਂ ਇਸ ਇੰਟਰਵਿਊ ਵਿਚ ਜਿਥੇ ਇਹ ਜਾਣਕਾਰੀ ਦਿੱਤੀ ਹੋਈ ਸੀ ਕਿ ਉਹ 23 ਸਾਲ 3 ਮਹੀਨੇ 23 ਦਿਨ ਦੀ ਅਧਿਆਪਨ ਸਰਵਿਸ ਤੋਂ ਸੇਵਾ ਮੁਕਤ ਹੋ ਚੁੱਕਾ ਹੈ, ਅਤੇ 23 ਨਾਮੀ ਕਲਾਕਾਰ ਉਸ ਦੇ ਲਿਖੇ ਹੋਏ ਗੀਤਾਂ ਨੂੰ ਆਵਾਜ਼ ਦੇ ਚੁੱਕੇ ਹਨ; ਉਥੇ ਉਸ ਨੇ ਆਪਣੀ ਅਮਰੀਕਾ ਯਾਤਰਾ ਬਾਰੇ ਵੀ ਸੱਚੋ-ਸੱਚ ਬਿਆਨ ਕੀਤਾ ਹੈ,

"...ਸੰਨ 2008 ਵਿਚ ਮੈਂ ਧੱਕਿਆ-ਧਕਾਇਆ ਅਮਰੀਕਾ ਜਾ ਆਇਆ ਹਾਂ। ਉਥੇ ਮੈਨੂੰ ਮਾਣ-ਤਾਣ ਵੀ ਬਥੇਰਾ ਮਿਲਿਆ। ਕਈ ਥਾਂਵਾਂ 'ਤੇ ਬੋਲਣ ਦਾ ਮੌਕਾ ਵੀ ਮਿਲਿਆ। ਮੈਨੂੰ ਬਕਾਇਦਾ ਅਮਰੀਕਨ ਗਰੀਨ ਕਾਰਡ ਵੀ ਮਿਲ ਗਿਆ ਸੀ, ਪਰ ਮੈਂ ਇਹ ਸੋਚ ਕੇ ਛੱਡ ਦਿੱਤਾ ਕਿ ਹਰ ਬੰਦੇ ਦੀਆਂ ਤਿੰਨ ਮਾਂਵਾਂ ਹੁੰਦੀਆਂ ਹਨ-ਜਨਮ ਦੇਣ ਵਾਲੀ ਮਾਂ, ਧਰਤੀ ਮਾਂ ਅਤੇ ਮਾਂ ਬੋਲੀ। ਇਨ੍ਹਾਂ ਮਾਂਵਾਂ ਦਾ ਬੰਦੇ ਸਿਰ ਕਰਜ਼ ਹੁੰਦਾ ਹੈ। ਇਸ ਕਰ ਕੇ ਮਾਂ ਧਰਤੀ ਤੋਂ 'ਡਿਫਾਲਟਰ' ਵਾਪਸ ਜਾਣ ਦੀ ਬਜਾਏ ਮੈਂ ਗਰੀਨ ਕਾਰਡ ਛੱਡਣ ਦਾ ਫੈਸਲਾ ਕੀਤਾ।"

ਮਾਦਰੇ-ਵਤਨ ਪੰਜਾਬ ਵਿਚ ਰਹਿੰਦਿਆਂ, ਅਮਰੀਕਾ ਦੀਆਂ ਸੁੱਖ-ਸਹੂਲਤਾਂ ਜਾਂ ਸਾਫ਼-ਸਵੱਛ ਪੌਣ-ਪਾਣੀ ਨੂੰ ਚੇਤੇ ਕਰ-ਕਰ ਕੇ ਝੁਰਨ ਦੀ ਥਾਂ ਅਮਰੀਕ ਸਿੰਘ ਤਲਵੰਡੀ ਕਹਿੰਦੇ ਨੇ,

"ਮੈਂ ਆਪਣੀ ਜ਼ਿੰਦਗੀ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ...ਸਾਂਝੇ ਪਰਿਵਾਰ ਵਿਚ ਉਪਰੋਥਲੀ ਅੱਧੀ ਦਰਜਨ ਮੌਤਾਂ ਹੋਣ ਕਰਕੇ ਮੈਂ ਹਰ ਹਫਤੇ ਕਿਸੇ ਨਾ ਕਿਸੇ ਪਿੰਡ ਜਾਂ ਸ਼ਹਿਰ ਵਿਚ ਮਰਗ ਦੇ ਭੋਗ ਉਪਰ ਬੋਲ ਕੇ ਵਾਰਸ ਦੇ ਰਿਹਾ ਹੁੰਦਾ ਹਾਂ।" ਆਪਣੇ ਪੁਰਖਿਆਂ ਦੇ ਦੇਸ ਵਿਚ ਸਕੂਟਰ 'ਤੇ ਘੁੰਮਣ ਵਾਲਾ ਇਹ ਅਲਬੇਲਾ ਬੰਦਾ ਧੜੱਲੇ ਨਾਲ ਦੱਸਦਾ ਹੈ, "ਚੜ੍ਹਦੀ ਕਲਾ ਅਤੇ ਧੰਨ ਧੰਨ ਆਖਣਾ ਮੇਰਾ ਤਕੀਆ ਕਲਾਮ ਹੈ।"

## ਕਾਵਿ-ਜਗਤ

### ਰੱਖੜੀ

ਰੱਖੜੀ ਦਾ ਦਿਨ, ਛੇਤੀ ਆ ਲੈ ਵੀਰਿਆ।
ਸੁਹਣੇ ਗੁੱਟ 'ਤੇ ਰੱਖੜੀ ਸਜਾ ਲੈ ਵੀਰਿਆ।

ਭੈਣ ਦਾ ਪਿਆਰ ਗੂੜ੍ਹਾ ਤੇ ਰੀਝਾਂ ਮੇਰੀਆਂ।
ਗੁੰਦੀਆਂ ਮੈਂ ਰੱਖੜੀ ਦੇ ਵਿਚ ਨੇ ਬਥੇਰੀਆਂ।



ਝੁੱਲਣ ਭਾਵੇਂ ਝੱਖੜ ਤੇ ਕਿੰਨੀਆਂ ਹਨੇਰੀਆਂ।
ਮਰ ਮੁੱਕ ਜਾਣ ਭੈੜੀਆਂ, ਬਲਾਵਾਂ ਤੇਰੀਆਂ।
ਇਹ ਰੱਖੜੀ ਹੈ ਢਾਲ, ਅਜ਼ਮਾ ਲੈ ਵੀਰਿਆ।
ਸੁਹਣੇ ਗੁੱਟ 'ਤੇ, ਰੱਖੜੀ ਸਜਾ ਲੈ ਵੀਰਿਆ।

ਪਰੋ ਦਿੱਤੇ ਰੱਖੜੀ ਵਿਚ ਅੰਬਰਾਂ ਦੇ ਤਾਰੇ।
ਸਾਗਰ ਦੀਆਂ ਛੱਲਾਂ, ਚੰਦ ਸੂਰਜ ਵੀ ਸਾਰੇ।
ਨਾਨਕ ਦੀ ਬਾਣੀ ਤੇ ਦਸਮੇਸ਼ ਦੇ ਜੈਕਾਰੇ।
ਨਾਮ ਦੀ ਖੁਮਾਰੀ, ਹਰਿਮੰਦਰ ਦੇ ਨਜ਼ਾਰੇ।
ਗੁਰੂ ਗ੍ਰੰਥ ਨੂੰ ਸਿਰ ਤੂੰ ਨਿਵਾ ਲੈ ਵੀਰਿਆ।
ਸੁਹਣੇ ਗੁੱਟ 'ਤੇ, ਰੱਖੜੀ ਸਜਾ ਲੈ ਵੀਰਿਆ।

ਸੁੱਚਾ ਧਾਗਾ ਤੰਦਾਂ ਨੇ, ਪਵਿੱਤਰ ਪਿਆਰੀਆਂ।
ਸੱਧਰਾਂ ਦੇ ਨਗ ਪਾ ਕੇ, ਲੜੀਆਂ ਸ਼ਿੰਗਾਰੀਆਂ।
ਸੂਖਮ ਸੁਨੇਹੇ ਵਿਚ ਭਿੱਜੀਆਂ ਇਹ ਸਾਰੀਆਂ।
ਰੱਖੜੀ ਏ ਹੌਲੀ, ਜ਼ਿੰਮੇਵਾਰੀਆਂ ਨੇ ਭਾਰੀਆਂ।
ਸ਼ਗਨਾਂ ਦੀ ਹੈ ਘੜੀ, ਅਪਨਾ ਲੈ ਵੀਰਿਆ।
ਸੁਹਣੇ ਗੁੱਟ 'ਤੇ, ਰੱਖੜੀ ਸਜਾ ਲੈ ਵੀਰਿਆ।

ਫੁੱਲ ਤੇ ਕਲੀਆਂ ਚੁਣ ਚੁਣ ਕੇ ਸਜਾਈਆਂ ਨੇ।
ਬਹਾਰਾਂ ਖੁਸ਼ਬੂਆਂ, ਹੱਥੀਂ ਮੈਂ ਮਿਲਾਈਆਂ ਨੇ।
ਪਿਆਰ ਫੁਹਾਰਾਂ ਅੱਖਾਂ 'ਚ ਸਿੰਮ ਆਈਆਂ ਨੇ।
ਛੇਤੀ ਫੇਰਾ ਪਾ, ਤੇਰੀ ਦੀਦ ਨੂੰ ਤਿਹਾਈਆਂ ਨੇ।
ਬਿਨਾ ਦੇਰੀਆਂ ਤੋਂ ਮੁਖੜਾ ਦਿਖਾ ਲੈ ਵੀਰਿਆ।
ਸੁਹਣੇ ਗੁੱਟ 'ਤੇ, ਰੱਖੜੀ ਸਜਾ ਲੈ ਵੀਰਿਆ।

ਵੀਰਾਂ ਦੀ ਇਹ ਸ਼ਾਨ ਅਤੇ ਭੈਣਾਂ ਦੀ ਲਾਜ ਹੈ।
ਭਾਦੋਂ ਰੱਖੜ ਪੁੰਨਿਆਂ, ਭੈਣਾਂ ਦੀ ਮੁਥਾਜ ਹੈ।
ਭੈਣਾਂ ਦਾ ਹੱਕ, ਭਰਾ ਦੇ ਫਰਜ਼ਾਂ ਦਾ ਰਾਜ਼ ਹੈ।
ਮੁਬਾਰਕ ਰੱਖੜੀ, ਮੇਰੇ ਵੀਰ ਸਿਰ ਤਾਜ ਹੈ।
ਆ ਸਿਰ ਉਤੇ, ਮੁਕਟ ਰਖਾ ਲੈ ਵੀਰਿਆ।
ਸੁਹਣੇ ਗੁੱਟ 'ਤੇ, ਰੱਖੜੀ ਸਜਾ ਲੈ ਵੀਰਿਆ।

*-ਚਰਨਜੀਤ ਪੰਨੂ*
*ਸੈਨ ਹੋਜ਼ੇ, ਕੈਲੀਫੋਰਨੀਆ।*

## ਪੰਜਾਬੀ ਬੰਦੇ ਅੰਦਰ ਸੁਲਗਦਾ ਜਵਾਲਾਮੁਖੀ

'ਪੰਜਾਬ ਟਾਈਮਜ਼' ਦੇ 33ਵੇਂ ਅੰਕ ਵਿਚ ਛਪੇ ਦਲਜੀਤ ਅਮੀ ਦੇ ਆਰਟੀਕਲ 'ਪੰਜਾਬੀ ਬੰਦੇ ਅੰਦਰ ਸੁਲਗਦਾ ਜਵਾਲਾਮੁਖੀ' ਵਿਚ ਬੜੇ ਅਹਿਮ ਸਵਾਲ ਪਾਏ ਗਏ ਹਨ। ਵਿਦੇਸ਼ਾਂ ਵਿਚ ਰਹਿੰਦੇ ਪੰਜਾਬੀਆਂ ਬਾਰੇ ਜਿਹੜੇ ਵਿਚਾਰ ਇਸ ਲੇਖ ਵਿਚ ਪੜ੍ਹੇ ਹਨ, ਉਨ੍ਹਾਂ ਬਾਰੇ ਸੋਚੀਦਾ-ਵਿਚਾਰੀਦਾ ਤਾਂ ਸੀ ਪਰ ਜਿਸ ਢੰਗ-ਤਰੀਕੇ ਨਾਲ ਲੇਖਕ ਨੇ ਤੱਥ ਜੋੜੇ ਹਨ, ਉਸ ਤਰ੍ਹਾਂ ਪਹਿਲਾਂ ਕਦੀ ਗੌਰ ਨਹੀਂ ਸੀ ਕੀਤਾ। ਪੰਜਾਬੀ ਬੰਦੇ ਦੀ ਮਾਨਸਿਕ ਹਾਲਤ ਦੀ ਚੀਰ-ਫਾੜ ਜਿਨ੍ਹਾਂ ਨੁਕਤਿਆਂ ਤੋਂ ਕੀਤੀ ਗਈ ਹੈ ਅਤੇ ਜਿਸ ਤਰ੍ਹਾਂ ਇਨ੍ਹਾਂ ਦਾ ਸਬੰਧ ਪੁਲਿਸ ਤੇ ਸਿਆਸਤਦਾਨਾਂ ਦੀਆਂ ਚਲਾਕੀਆਂ ਨਾਲ ਜੋੜਿਆ ਹੈ, ਉਹ ਪੜ੍ਹ ਕੇ ਲੱਗਣ ਲੱਗ ਪਿਆ ਕਿ ਬੰਦਾ ਕਿੰਜ ਇਨ੍ਹਾਂ ਦਾ ਮੋਹਰਾ ਬਣ ਜਾਂਦਾ ਹੈ।

ਇਹ ਗੱਲਾਂ ਠੀਕ ਹਨ ਕਿ ਬਹੁਤ ਸਾਰੇ ਮਸਲਿਆਂ ਦਾ ਹੱਲ ਸੰਜੀਦਾ ਸੰਵਾਦ ਰਾਹੀਂ ਕੱਢਿਆ ਜਾ ਸਕਦਾ ਹੈ ਪ੍ਰੰਤੂ ਸੰਵਾਦ ਰਚਾਉਂਦਾ ਕੌਣ ਹੈ? ਸੰਵਾਦ ਦੀ ਕਿਸ ਨੂੰ ਲੋੜ ਹੈ? ਨਿੱਤ ਬਥੇਰੇ ਲੋਕ ਮਿਲਦੇ ਹਨ ਜਿਹੜੇ ਕਿਸੇ ਮਸਲੇ ਬਾਰੇ ਗੱਲ ਨਹੀਂ ਕਰਦੇ ਸਗੋਂ ਆਪਣਾ ਵਿਚਾਰ ਅਗਲੇ ਉਤੇ ਥੋਪਦੇ ਹਨ। ਸਾਰੇ 'ਆਪੋ-ਆਪਣੀ ਡਫਲੀ, ਆਪੋ-ਆਪਣਾ ਰਾਗ' ਮੁਤਾਬਕ ਚੱਲੀ ਜਾਂਦੇ ਹਨ। ਹਾਕਮਾਂ ਨੂੰ ਇਹੀ ਕੁਝ ਚਾਹੀਦਾ ਹੁੰਦਾ ਹੈ। ਪਤਾ ਨਹੀਂ ਹਾਕਮਾਂ ਦੀ ਇਸ ਚਲਾਕੀ ਨੂੰ ਕੋਈ ਸੰਨ੍ਹ ਮਾਰ ਵੀ ਸਕੇਗਾ ਜਾਂ ਨਹੀਂ। ਚਲੋ, ਤੁਸੀਂ ਅਜਿਹੀਆਂ ਲਿਖਤਾਂ ਛਾਪ ਕੇ ਇਸ ਪਾਸੇ ਜਗਾਉਣ ਦੀ ਕੋਸ਼ਿਸ਼ ਤਾਂ ਕੀਤੀ ਹੀ ਹੈ।

*-ਗੁਰਬਖਸ਼ ਸਿੰਘ ਸੋਢੀ*
*ਹਿਊਸਟਨ, ਟੈਕਸਸ।*

---

### ਸ਼ਖ਼ਸੀਅਤਾਂ ਦੇ ਨਾ ਆਉਣ ਬਾਰੇ ਚਰਚਾ

ਪੰਜਾਬ ਟਾਈਮਜ਼ ਦੇ ਦਫਤਰ ਵਿਚ ਸਿਆਸੀ ਆਗੂਆਂ ਅਤੇ ਹੋਰ ਸ਼ਖ਼ਸੀਅਤਾਂ ਦੇ ਨਾ ਆਉਣ ਜਾਂ ਉਨ੍ਹਾਂ ਦੀਆਂ ਤਸਵੀਰਾਂ ਅਖ਼ਬਾਰ ਵਿਚ ਨਾ ਛਪਣ ਬਾਰੇ ਚਰਚਾ ਪੜ੍ਹੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬ ਟਾਈਮਜ਼ ਅਜਿਹਾ ਅਖ਼ਬਾਰ ਨਹੀਂ ਜਿਸ ਨੂੰ ਬਹੁਤ ਲੋਕਪ੍ਰਿਅ ਦੱਸਣ ਲਈ ਇਨ੍ਹਾਂ ਸ਼ਖ਼ਸੀਅਤਾਂ ਦੇ ਆਸਰੇ ਦੀ ਲੋੜ ਪਵੇ। ਸਾਡੇ ਲਈ ਤਾਂ ਸਭ ਤੋਂ ਵੱਡੀ ਸ਼ਖ਼ਸੀਅਤ ਅਖ਼ਬਾਰ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਹਨ ਜਿਨ੍ਹਾਂ ਦੀ ਅਗਵਾਈ ਹੇਠ ਪੰਜਾਬ ਟਾਈਮਜ਼ ਦਾ ਸਟਾਫ, ਕਾਲਮਨਵੀਸ ਅਤੇ ਲੇਖਕ ਹਨ ਜੋ ਸਖ਼ਤ ਮਿਹਨਤ ਕਰਕੇ ਸਾਨੂੰ ਇਹ ਮਿਆਰੀ ਅਤੇ ਮੁਕੰਮਲ ਅਖ਼ਬਾਰ ਮੁਹੱਈਆ ਕਰਦੇ ਹਨ। ਪੰਜਾਬ ਟਾਈਮਜ਼ ਦੇ ਪਾਠਕ ਵੀ ਧੰਨਵਾਦ ਦੇ ਹੱਕਦਾਰ ਹਨ ਜੋ ਇਸ ਅਖ਼ਬਾਰ ਨੂੰ ਇੰਨਾ ਪਿਆਰ ਕਰਦੇ ਹਨ। ਸਾਡੀ ਬੇਨਤੀ ਹੈ ਕਿ ਆਉਣ ਵਾਲੇ ਅੰਕਾਂ ਵਿਚ ਪੰਜਾਬ ਟਾਈਮਜ਼ ਦੇ ਸਾਰੇ ਸਟਾਫ ਦੀ ਤਸਵੀਰ ਛਪੀ ਜਾਵੇ। ਅਸੀਂ ਉਨ੍ਹਾਂ ਦੇ ਤਹਿ ਦਿਲੋਂ ਰਿਣੀ ਹਾਂ ਅਤੇ

## ਸੰਪਾਦਕ ਦੀ ਡਾਕ

ਆਪਣੇ ਪਿਆਰੇ ਅਖਬਾਰ ਦੀ ਹੋਰ ਤਰੱਕੀ ਲਈ ਅਰਦਾਸ ਕਰਦੇ ਹਾਂ। ਇਕ ਹੋਰ ਸੁਝਾਅ ਵੀ ਹੈ ਕਿ ਪੰਜਾਬ ਟਾਈਮਜ਼ ਦੀ ਵਰ੍ਹੇਗੰਢ ਬੇ-ਏਰੀਆ ਵਿਚ ਵੀ ਮਨਾਈ ਜਾਵੇ ਤਾਂ ਜੋ ਸਾਨੂੰ ਪੰਜਾਬ ਟਾਈਮਜ਼ ਦੇ ਪਰਿਵਾਰ ਨਾਲ ਮਿਲਣ ਦਾ ਮੌਕਾ ਮਿਲ ਸਕੇ।

*-ਇੰਦਰਜੀਤ ਮੰਗਾ, ਨੀਲਮ ਮੰਗਾ*
*ਪਿਟਸਬਰਗ, ਕੈਲੀਫੋਰਨੀਆ।*

---

### ਰਿਬੇਰੋ ਦੀ ਕਿਤਾਬ ਸਿੱਖਾਂ ਵਾਸਤੇ ਮਿੱਠੀ ਜ਼ਹਿਰ

ਪੰਜਾਬ ਪੁਲਿਸ ਦੇ ਸਾਬਕਾ ਮੁਖੀ ਰਿਬੇਰੋ ਦੀ ਕਿਤਾਬ 'ਬੁੱਲਟ ਫਾਰ ਬੁੱਲਟ' ਸਿੱਖਾਂ ਵਾਸਤੇ ਮਿੱਠੀ ਜ਼ਹਿਰ ਹੈ। ਜੇ ਇਹ ਕਿਤਾਬ ਅੰਗਰੇਜ਼ੀ ਵਿਚ ਹੀ ਰਹਿੰਦੀ ਤਾਂ ਇਸ ਨੂੰ ਅੰਗਰੇਜ਼ੀ ਜਾਣਨ ਵਾਲੇ ਹੀ ਪੜ੍ਹਦੇ, ਪਰ ਹਰਪਾਲ ਸਿੰਘ ਪੰਨੂ ਇਸ ਦਾ ਅਨੁਵਾਦ ਕਰ ਕੇ ਇਸ ਨੂੰ ਸਿੱਖਾਂ ਦੇ ਗਲ ਪਾ ਰਹੇ ਹਨ। ਰਿਬੇਰੋ ਦਾ ਝੂਠ ਛੱਡ ਕੇ ਤੁਸੀਂ ਉਹ ਕੁਝ ਛਾਪੋ, ਜਿਸ ਤੋਂ ਸਿੱਖਾਂ ਨੂੰ ਸਹੀ ਸੇਧ ਮਿਲੇ। ਅਜਿਹੀਆਂ ਰਚਨਾਵਾਂ ਦੀ ਕੋਈ ਘਾਟ ਵੀ ਨਹੀਂ ਹੈ। ਕਲਮ ਦੀ ਸੇਵਾ ਕ੍ਰਿਪਾਨ ਦੀ ਸੇਵਾ ਤੋਂ ਕਿਤੇ ਘੱਟ ਨਹੀਂ ਹੁੰਦੀ। ਉਮੀਦ ਹੈ ਕਿ ਮੇਰੇ ਇਸ ਸੁਝਾਅ ਬਾਰੇ ਤੁਸੀਂ ਜ਼ਰੂਰ ਵਿਚਾਰ ਕਰੋਗੇ।

*-ਅਮਰੀਕ ਸਿੰਘ ਮਨਟੀਕਾ*
*ਫੋਨ: 209-321-1893*

# ਪੰਜਾਬੀ ਸਾਹਿਤ ਸਭਾ ਦੀ ਮੀਟਿੰਗ 'ਚ ਸਾਹਿਤਕ ਤੇ ਸੰਗੀਤਕ ਦੌਰ

**ਨਿਊ ਯਾਰਕ:** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਇਥੇ ਹੋਈ ਮਾਸਿਕ ਮੀਟਿੰਗ ਵਿਚ ਜਿਥੇ ਸਾਹਿਤਕ ਰਚਨਾਵਾਂ ਪੜ੍ਹੀਆਂ ਗਈਆਂ, ਉਥੇ ਨਾਲ ਹੀ ਗੀਤ-ਸੰਗੀਤ ਦਾ ਦੌਰ ਵੀ ਚੱਲਿਆ। ਸਾਹਿਤਕ ਰਚਨਾਵਾਂ ਪੜ੍ਹਨ ਦੇ ਦੌਰ ਦਾ ਅਰੰਭ ਪ੍ਰੇਮ ਮਾਨ ਨੇ ਆਪਣੇ ਲੇਖ 'ਆਪਣੇ ਤੋਂ ਹੇਠਲੇ ਇਨਸਾਨਾਂ ਨਾਲ ਵਰਤਾਓ' ਨਾਲ ਕੀਤਾ। ਜਿਸ ਪਿਛੋਂ ਡਾ. ਰਣਜੀਤ ਗਰੋਵਰ ਨੇ ਇਕ ਲੇਖ ਪੜ੍ਹਿਆ ਜਿਸ ਵਿਚ ਅਮਰੀਕਾ ਵਿਚ ਰਹਿੰਦੇ ਇਕ ਪੰਜਾਬੀ ਵੱਲੋਂ ਪੰਜਾਬ ਤੋਂ ਵਿਆਹ ਕੇ ਲਿਆਂਦੀ ਔਰਤ ਨਾਲ ਕੀਤੇ ਗਏ ਦੁਰਵਿਹਾਰ ਦੀ ਗਾਥਾ ਸੀ।

ਸ਼ਾਇਰ ਦਲਜੀਤ ਮੋਖਾ ਨੇ ਦੋ ਕਵਿਤਾਵਾਂ 'ਘੁੰਡੀਆਂ' ਤੇ 'ਝੱਖੜ' ਪੜ੍ਹੀਆਂ। ਅਜਾਇਬ ਸਿੰਘ ਨੇ ਦੋ ਗੀਤ ਗਾਏ ਜਿਨ੍ਹਾਂ ਦੇ ਬੋਲ ਸਨ, 'ਮੇਰੀ ਗਹੁ ਨਾਲ ਗੱਲ ਵਿਚਾਰੋ' ਅਤੇ 'ਕਦੇ ਪਿੰਡ ਯਾਦ ਆਉਂਦਾ ਕਦੇ ਮਾਂ ਯਾਦ ਆਉਂਦੀ।' ਭਗਵਾਨ ਸਿੰਘ ਘਨੌਰ ਨੇ ਪਹਿਲਾਂ ਰਵਿੰਦਰ ਬੇਰੀ ਦੀ ਲਿਖੀ ਇਕ ਗਜ਼ਲ 'ਅਜੇ ਹਾਲਾਤ ਚੰਗੇ ਨਹੀਂ' ਸੁਣਾਈ ਅਤੇ ਫਿਰ ਆਪਣਾ ਲਿਖਿਆ ਇਕ ਗੀਤ ਸੁਣਾਇਆ। ਰਾਜਿੰਦਰ ਕੌਰ ਨੇ ਸ਼ਿਵ ਕੁਮਾਰ ਦਾ ਲਿਖਿਆ ਗੀਤ 'ਇਕ ਮੇਰੀ ਅੱਖ ਕਾਸ਼ਨੀ ਦੂਜਾ ਰਾਤ ਦੇ ਉਨੀਂਦਰੇ ਨੇ ਮਾਰਿਆ' ਗਾ ਕੇ ਵਾਹ ਵਾਹ ਖੱਟੀ। ਚੇਤਨ ਸੋਢੀ ਨੇ ਰੱਖੜੀ ਬਾਰੇ ਲਿਖੀ ਆਪਣੀ ਕਵਿਤਾ ਸੁਣਾਈ।

ਗਾਇਕ ਨਵਾਜ਼ ਡੋਗਾ ਨੇ ਇਕ ਗਜ਼ਲ ਅਤੇ ਇਕ ਗੀਤ ਸੁਣਾਏ। ਗਜ਼ਲ ਦੇ ਬੋਲ ਸਨ, 'ਮੈਂ ਚਿੱਠੀਆਂ ਲਿਖਾਂ ਸ਼ਾਮ ਨੂੰ...' ਅਤੇ ਗੀਤ ਦੇ ਬੋਲ ਸਨ, 'ਕੋਈ ਬੇਦਰਦੀ ਸਾਨੂੰ ਦੁੱਖਾਂ ਵਿਚ ਪਾ ਗਿਆ।' ਰੀਤਾ ਕੋਹਲੀ ਨੇ ਨੁਸਰਤ ਦਾ ਗਾਇਆ ਗੀਤ 'ਮਾਹੀਆ ਮੈਨੂੰ ਯਾਦ ਆਂਵਦਾ ਸੁਣ ਚਰਖੇ ਦੀ ਮਿੱਠੀ ਮਿੱਠੀ ਘੂਕ' ਅਤੇ ਸੁਰਿੰਦਰ ਕੌਰ-ਪ੍ਰਕਾਸ਼ ਕੌਰ ਦਾ ਗਾਇਆ ਗੀਤ 'ਬਾਜਰੇ ਦਾ ਸਿੱਟਾ ਵੇ ਅਸੀਂ ਤਲੀ 'ਤੇ ਮਰੋੜਿਆ' ਗਾਇਆ।

ਇਸ ਮੀਟਿੰਗ ਵਿਚ ਮੀਨਾਕਸ਼ੀ ਸਿੰਘ, ਅਵਤਾਰ ਸ਼ੇਰਪੁਰੀ, ਸਿਮਰਨ ਕੌਰ, ਰਾਜਵੰਤ ਮੋਖਾ ਅਤੇ ਸਰਬਜੀਤ ਮਾਨ ਨੇ ਵੀ ਹਾਜ਼ਰੀ ਭਰੀ।



ਪੰਜਾਬੀ ਸਾਹਿਤ ਸਭਾ ਦੀ ਮੀਟਿੰਗ ਵਿਚ ਹਾਜ਼ਰ ਲੇਖਕ

# ਮਸਤਾਨ ਸਿੰਘ ਸੱਲ੍ਹਾਂ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਬਣੇ

**ਨਿਊ ਯਾਰਕ (ਬਿਊਰੋ):** ਸ. ਮਸਤਾਨ ਸਿੰਘ ਸਮਾਜ ਸੇਵੀ ਸੰਸਥਾ ਸੱਲ੍ਹਾਂ ਵੈਲਫੇਅਰ ਸੁਸਾਇਟੀ, ਨਿਊ ਯਾਰਕ ਦੇ ਸਰਬਸੰਮਤੀ ਨਾਲ ਦੋ ਸਾਲ ਲਈ ਪ੍ਰਧਾਨ ਚੁਣੇ ਗਏ ਹਨ। ਇਥੇ ਇੰਡੀਅਨ ਕੈਫੇ ਵਿਚ ਹੋਈ ਚੋਣ ਦੌਰਾਨ ਮੀਤ ਪ੍ਰਧਾਨ ਉਪਕਾਰ ਸਿੰਘ, ਚੇਅਰਮੈਨ ਬਲਵਿੰਦਰ ਸਿੰਘ ਸੱਲ੍ਹਾਂ, ਵਾਈਸ ਚੇਅਰਮੈਨ ਸੁਖਵਿੰਦਰ ਸਿੰਘ ਸੁੱਖਾ, ਸਕੱਤਰ ਗੁਲਜਿੰਦਰ ਸਿੰਘ, ਖਜ਼ਾਨਚੀ ਜਸਵਿੰਦਰ ਸਿੰਘ, ਉਪ ਖਜ਼ਾਨਚੀ ਤਜਿੰਦਰ ਸਿੰਘ, ਮੀਤ ਸਕੱਤਰ ਸ਼ਾਮ ਸਿੰਘ ਅਤੇ ਮੀਡੀਆ ਇੰਚਾਰਜ ਪਰਦੀਪ ਸਿੰਘ ਚੁਣੇ ਗਏ ਹਨ। ਸਮੂਹ ਅਹੁਦੇਦਾਰਾਂ ਨੇ ਪ੍ਰਧਾਨ ਨੂੰ ਭਰੋਸਾ ਦਿਵਾਇਆ ਕਿ ਉਹ ਸੰਸਥਾ ਲਈ ਤਨਦੇਹੀ ਨਾਲ ਕੰਮ ਕਰਨਗੇ।

ਸੰਸਥਾ ਵਲੋਂ ਜਾਰੀ ਇਕ ਬਿਆਨ ਅਨੁਸਾਰ ਜਗਤਾਰ ਸਿੰਘ ਸੱਲ੍ਹਾਂ, ਬਲਦੇਵ ਸਿੰਘ, ਲਖਬੀਰ ਸਿੰਘ ਲਾਡੀ ਅਤੇ ਹਰਜੀਤ ਸਿੰਘ ਸੁਸਾਇਟੀ ਦੇ ਸਰਪ੍ਰਸਤ ਬਣਾਏ ਗਏ ਹਨ। ਇਸ ਚੋਣ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਅਜੀਤ ਸਿੰਘ, ਇੰਦਰਜੀਤ ਸਿੰਘ, ਮਲਕੀਅਤ ਸਿੰਘ, ਪਰਮਜੀਤ ਸਿੰਘ, ਰਵਿੰਦਰ ਸਿੰਘ, ਨਵਪ੍ਰੀਤ ਸਿੰਘ, ਪ੍ਰਹਿਲਾਦ ਸਿੰਘ, ਬਲਜੀਤ ਸਿੰਘ, ਅਮਰੀਕ ਸਿੰਘ ਅਤੇ ਪਲਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।







# ਗੁੰਬਦ ਗੁਰੂ ਘਰ ਦੀ ਇਮਾਰਤ ਦੀ ਸ਼ੋਭਾ ਕਈ ਗੁਣਾ ਵਧਾਉਂਦੇ ਹਨ




ਗੁਰਦੁਆਰਾ ਓਕ ਕਰੀਕ, ਮਿਲਵਾਕੀ

ਆਪਣੇ ਗੁਰਦੁਆਰਾ ਸਾਹਿਬ 'ਤੇ ਗੁੰਬਦ ਲਾਉਣ ਦੀ ਸੇਵਾ ਸਾਨੂੰ ਬਖਸ਼ ਕੇ ਵਡਭਾਗੀ ਬਣਾਓ ਜੀ।

ਅਮਰੀਕਾ ਵਿਚ ਅਸੀਂ ਕਾਲੋਰਾਡੋ ਦੇ ਗੁਰਦੁਆਰਾ ਸਾਹਿਬ ਅਤੇ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਦੇ ਗੁੰਬਦਾਂ ਦੀ ਸੇਵਾ ਕਰ ਚੁਕੇ ਹਾਂ ਅਤੇ ਇਸ ਵੇਲੇ ਮਿਸ਼ਵਾਕਾ, ਇੰਡੀਆਨਾ ਦੇ ਗੁਰਦੁਆਰਾ ਸਾਹਿਬ ਵਿਖੇ ਗੁੰਬਦ ਲਾਉਣ ਦੀ ਸੇਵਾ ਕਰ ਰਹੇ ਹਾਂ।
ਅਸੀਂ ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ, ਨਾਰਵੇ, ਇਟਲੀ ਅਤੇ ਮਲੇਸ਼ੀਆ ਵਿਚ ਵੀ ਇਹ ਸੇਵਾ ਨਿਭਾ ਚੁਕੇ ਹਾਂ।




*ਹੋਰ ਜਾਣਕਾਰੀ ਲਈ ਸੰਪਰਕ ਕਰੋ*

**ਕਿਰਨਜੀਤ ਸਿੰਘ ਬਾਵਾ, ਫੋਨ: (574) 320-3242 ਜਾਂ ਲਖਵੀਰ ਸਿੰਘ, ਫੋਨ: (414) 877-3305**

# ਸਰਕਾਰੀ ਰਿਕਾਰਡ ਵਿਚ ਦਰਜ ਹੋਵੇਗੀ ਭਗਤ ਸਿੰਘ ਦੀ ਸ਼ਹਾਦਤ

**ਨਵੀਂ ਦਿੱਲੀ:** ਰਾਜ ਸਭਾ ਵਿਚ ਮੈਂਬਰਾਂ ਵੱਲੋਂ ਸਰਕਾਰੀ ਰਿਕਾਰਡ ਵਿਚ ਭਗਤ ਸਿੰਘ ਨੂੰ ਸ਼ਹੀਦ ਨਾ ਦਰਸਾਉਣ ਸਬੰਧੀ ਉਠਾਈ ਆਵਾਜ਼ ਤੋਂ ਬਾਅਦ ਸਰਕਾਰ ਨੂੰ ਇਸ ਸਬੰਧੀ ਢੁਕਵੇਂ ਕਦਮ ਚੁੱਕਣ ਪ੍ਰਤੀ ਭਰੋਸਾ ਦਿਵਾਉਣਾ ਪਿਆ। ਪਾਰਲੀਮਾਨੀ ਮਾਮਲਿਆਂ ਦੇ ਰਾਜ ਮੰਤਰੀ ਰਾਜੀਵ ਸ਼ੁਕਲਾ ਨੇ ਰਾਜ ਸਭਾ ਵਿਚ ਕਿਹਾ ਕਿ ਜੇ ਭਗਤ ਸਿੰਘ ਦਾ ਨਾਂ ਰਿਕਾਰਡ ਵਿਚ ਨਹੀਂ ਹੈ ਤਾਂ ਇਸ ਨੂੰ ਲਿਆਂਦਾ ਜਾਵੇਗਾ। ਸਰਕਾਰ ਉਨ੍ਹਾਂ ਨੂੰ ਪੂਰੀ ਤਰ੍ਹਾਂ ਸ਼ਹੀਦ ਮੰਨਦੀ ਹੈ ਤੇ ਸ਼ਹੀਦ ਦਾ ਦਰਜਾ ਵੀ ਦਿੰਦੀ ਹੈ।

ਸ੍ਰੀ ਸ਼ੁਕਲਾ ਦਾ ਇਹ ਬਿਆਨ ਉਸ ਸਮੇਂ ਆਇਆ ਜਦੋਂ ਰਾਜ ਸਭਾ ਵਿਚ ਮੈਂਬਰਾਂ ਨੇ ਪਾਰਟੀ ਪੱਧਰ ਤੋਂ ਉਪਰ ਉਠ ਕੇ ਇਸ ਗੱਲ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਕਿ ਦੇਸ਼ ਦੇ ਮਹਾਨ ਆਜ਼ਾਦੀ ਸੰਗਰਾਮੀਏ ਨੂੰ ਸਰਕਾਰੀ ਰਿਕਾਰਡ ਸ਼ਹੀਦ ਦਾ ਦਰਜਾ ਹੀ ਨਹੀਂ ਦਿੰਦਾ। ਇਹ ਪ੍ਰਗਟਾਵਾ ਇਕ ਆਰਟੀਆਈ ਦੇ ਜਵਾਬ ਵਿਚ ਦੇਸ਼ ਦੇ ਗ੍ਰਹਿ ਵਿਭਾਗ ਵੱਲੋਂ ਕੀਤਾ ਗਿਆ ਸੀ। ਇਹ ਮਾਮਲਾ ਜਨਤਾ ਦਲ (ਯੂ) ਦੇ ਮੈਂਬਰ ਕੇ.ਸੀ. ਤਿਆਗੀ ਵੱਲੋਂ ਉਠਾਇਆ ਗਿਆ।

ਉਨ੍ਹਾਂ ਕਿਹਾ ਕਿ ਦੇਸ਼ ਹੁਣੇ-ਹੁਣੇ 67ਵਾਂ ਆਜ਼ਾਦੀ ਦਿਵਸ ਮਨਾ ਕੇ ਹਟਿਆ ਹੈ ਪਰ ਅਜੇ ਦੇਸ਼ ਦੇ ਮਹਾਨ ਆਜ਼ਾਦੀ ਘੁਲਾਟੀਏ ਨੂੰ ਸ਼ਹੀਦ ਦਾ ਦਰਜਾ ਨਹੀਂ ਮਿਲਿਆ। ਸ੍ਰੀ ਤਿਆਗੀ ਦੀ ਹਮਾਇਤ ਉਤੇ ਆਉਂਦਿਆਂ ਅਨੇਕਾਂ ਹੋਰ ਮੈਂਬਰਾਂ ਨੇ ਵੀ ਮੰਗ ਕੀਤੀ ਕਿ ਸ਼ਹੀਦ ਦਾ ਨਾਂ ਸਰਕਾਰੀ ਰਿਕਾਰਡ ਵਿਚ ਸ਼ਾਮਲ ਕੀਤਾ ਜਾਵੇ। ਸ੍ਰੀ ਸ਼ੁਕਲਾ ਨੇ ਦੱਸਿਆ ਕਿ ਸਰਕਾਰ ਸ਼ਹੀਦ ਭਗਤ ਸਿੰਘ ਦਾ ਪੂਰਾ ਸਤਿਕਾਰ ਕਰਦੀ ਹੈ। ਸਾਲ 2008 ਵਿਚ ਕੇਂਦਰੀ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲਿਆਂ ਦੀ ਮੰਤਰੀ ਅੰਬਿਕਾ ਸੋਨੀ ਨੇ ਉਨ੍ਹਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਚ ਉਨ੍ਹਾਂ ਦੀ ਯਾਦ ਵਿਚ ਸਿੱਕੇ ਜਾਰੀ ਕੀਤੇ ਸਨ। ਇਸ ਤੋਂ ਇਲਾਵਾ ਸਰਕਾਰ ਨੇ ਜ਼ਿਲ੍ਹਾ ਨਵਾਂ ਸ਼ਹਿਰ ਦਾ ਨਾਂ ਬਦਲ ਕੇ ਸ਼ਹੀਦ ਭਗਤ ਸਿੰਘ ਨਗਰ ਰੱਖਿਆ ਹੈ।

ਮਹਾਨ ਆਜ਼ਾਦੀ ਘੁਲਾਟੀਏ ਦੇ ਭਤੀਜੇ ਦਾ ਲੜਕਾ ਯਾਦਵਿੰਦਰ ਸਿੰਘ, ਭਗਤ ਸਿੰਘ ਨੂੰ ਸ਼ਹੀਦ ਦਾ ਦਰਜਾ ਦਿਵਾਉਣ ਲਈ ਮੁਹਿੰਮ ਵਿੱਢਣ ਬਾਰੇ ਯੋਜਨਾ ਬਣਾ ਰਿਹਾ ਹੈ।

ਸ. ਯਾਦਵਿੰਦਰ ਸਿੰਘ ਮੁਤਾਬਕ ਅਪਰੈਲ ਵਿਚ ਗ੍ਰਹਿ ਮੰਤਰਾਲੇ ਨੂੰ ਸੂਚਨਾ ਅਧਿਕਾਰ ਤਹਿਤ ਪੁੱਛਿਆ ਗਿਆ ਸੀ ਕਿ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਕਦੋਂ ਸ਼ਹੀਦ ਐਲਾਨਿਆ ਗਿਆ ਸੀ ਤੇ ਜੇ ਨਹੀਂ ਐਲਾਨਿਆ ਗਿਆ ਤਾਂ ਸਰਕਾਰ ਇਸ ਬਾਰੇ ਕੀ ਕਰ ਰਹੀ ਹੈ। ਮਈ ਵਿਚ ਗ੍ਰਹਿ ਮੰਤਰਾਲੇ ਨੇ ਜਵਾਬ ਵਿਚ ਦੱਸਿਆ ਕਿ ਮੰਤਰਾਲੇ ਕੋਲ ਇਸ ਤਰ੍ਹਾਂ ਦਾ ਕੋਈ ਰਿਕਾਰਡ ਮੌਜੂਦ ਨਹੀਂ ਜੋ ਤਿੰਨਾਂ ਨੂੰ ਸ਼ਹੀਦ ਕਰਾਰ ਦਿੰਦਾ ਹੋਵੇ।

ਇਹ ਜਵਾਬ ਮਿਲਣ ਪਿੱਛੋਂ ਯਾਦਵਿੰਦਰ ਨੇ ਭਗਤ ਸਿੰਘ ਤੇ ਹੋਰਾਂ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ, ਨੂੰ ਸ਼ਹੀਦ ਦਾ ਦਰਜਾ ਦਿਵਾਉਣ ਲਈ ਗ੍ਰਹਿ ਮੰਤਰਾਲੇ ਤੱਕ ਪਹੁੰਚ ਕੀਤੀ ਹੈ। ਗ੍ਰਹਿ ਮੰਤਰਾਲੇ ਨੇ ਕੋਈ ਹਾਂਪੱਖੀ ਜਵਾਬ ਨਹੀਂ ਦਿੱਤਾ ਤੇ ਹੁਣ ਉਹ ਰਾਜਗੁਰੂ ਤੇ ਸੁਖਦੇਵ ਦੇ ਪਰਿਵਾਰਾਂ ਨੂੰ ਨਾਲ ਲੈ ਕੇ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੂੰ ਮਿਲਣ ਦੀ ਯੋਜਨਾ ਬਣਾ ਰਹੇ ਹਨ।

ਇਸੇ ਦੌਰਾਨ ਗ੍ਰਹਿ ਮੰਤਰਾਲੇ ਦੇ ਸੂਤਰਾਂ ਨੇ ਦੱਸਿਆ ਕਿ ਮੰਤਰਾਲੇ ਕੋਲ ਆਜ਼ਾਦੀ ਸੰਘਰਸ਼ ਵਿਚ ਮਰਨ ਵਾਲੇ ਵਿਅਕਤੀਆਂ ਨੂੰ ਸ਼ਹੀਦ ਐਲਾਨਣ ਦੀ ਕੋਈ ਨੀਤੀ ਮੌਜੂਦ ਨਹੀਂ ਹੈ। ਅਸਲ ਵਿਚ ਨੀਮ ਫ਼ੌਜੀ ਬਲਾਂ ਦੇ ਜਵਾਨ ਜਿਹੜੇ ਗ੍ਰਹਿ ਮੰਤਰਾਲੇ ਹੇਠ ਕੰਮ ਕਰਦੇ ਹਨ, ਨੂੰ ਸ਼ਹੀਦ ਨਹੀਂ ਐਲਾਨਿਆ ਜਾਂਦਾ ਭਾਵੇਂ ਉਨ੍ਹਾਂ ਨੇ ਅਤਿਵਾਦੀਆਂ ਖਿਲਾਫ਼ ਲੜਦਿਆਂ ਭਾਰੀ ਜਾਨੀ ਨੁਕਸਾਨ ਉਠਾਇਆ ਹੋਵੇ। ਜੂਨ ਵਿਚ ਕੇਦਾਰਨਾਥ ਹੈਲੀਕਾਪਟਰ ਹਾਦਸੇ ਵਿਚ 20 ਵਰਦੀਧਾਰੀ ਮੁਲਾਜ਼ਮਾਂ ਦੀ ਮੌਤ ਇਸ ਦੀ ਸਪਸ਼ਟ ਉਦਾਹਰਨ ਹੈ।

ਹੈਲੀਕਾਪਟਰ 'ਤੇ ਪੰਜ ਹਵਾਈ ਫ਼ੌਜ ਤੇ 15 ਇੰਡੋ-ਤਿੱਬਤੀਅਨ ਬਾਰਡਰ ਪੁਲਿਸ ਦੇ ਜਵਾਨ ਸਵਾਰ ਸਨ। ਹਵਾਈ ਫ਼ੌਜ ਦੇ ਮੁਲਾਜ਼ਮਾਂ ਨੂੰ ਤਾਂ ਸ਼ਹੀਦ ਵਜੋਂ ਸਨਮਾਨਤ ਕੀਤਾ ਗਿਆ ਜਦਕਿ ਆਈ.ਟੀ.ਬੀ.ਪੀ ਦੇ ਜਵਾਨਾਂ ਨੂੰ ਮ੍ਰਿਤਕ ਐਲਾਨਿਆ ਗਿਆ। ਇਥੇ ਦੱਸਣਯੋਗ ਹੈ ਕਿ ਅੰਗਰੇਜ਼ ਹਕੂਮਤ ਨੇ ਸਾਜ਼ਿਸ਼ ਦੇ ਮਾਮਲੇ ਵਿਚ 23 ਮਾਰਚ, 1931 ਨੂੰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ ਦੇ ਦਿੱਤੀ ਸੀ।




## ਸ਼ਹਾਦਤ ਕਿਸੇ ਸਰਕਾਰੀ ਰਿਕਾਰਡ ਦੀ ਮੁਥਾਜ ਨਹੀਂ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਭਗਤ ਸਿੰਘ ਨੂੰ ਸਰਕਾਰੀ ਰਿਕਾਰਡ ਵਿਚ ਸ਼ਹੀਦ ਨਾ ਐਲਾਨਣ ਬਾਰੇ ਉੱਠੇ ਸਵਾਲਾਂ ਬਾਰੇ ਕਿਹਾ ਕਿ ਭਗਤ ਸਿੰਘ ਦੀ ਕੁਰਬਾਨੀ 'ਤੇ ਸਵਾਲ ਉਠਾਉਣਾ ਠੀਕ ਨਹੀਂ।

ਆਜ਼ਾਦੀ ਦੀ ਲੜਾਈ ਵਿਚ ਭਗਤ ਸਿੰਘ ਦੀ ਕੁਰਬਾਨੀ ਕਿਸੇ ਤੋਂ ਲੁਕੀ ਨਹੀਂ। ਦੇਸ਼ ਹਮੇਸ਼ਾ ਮਹਾਨ ਆਜ਼ਾਦੀ ਘੁਲਾਟੀਏ ਦਾ ਕਰਜ਼ਦਾਰ ਰਹੇਗਾ। ਉਨ੍ਹਾਂ ਕਿਹਾ ਕਿ ਭਗਤ ਸਿੰਘ ਦੀ ਸ਼ਹਾਦਤ ਦੇਸ਼ ਦੀ ਵਿਰਾਸਤ ਦਾ ਹਿੱਸਾ ਹੈ ਤੇ ਇਸ ਨੂੰ ਕਿਸੇ ਸਰਕਾਰੀ ਰਿਕਾਰਡ ਦੀ ਲੋੜ ਨਹੀਂ।

# ਗੁਰਬਤ ਨਾਲ ਲੜ ਰਿਹੈ ਸੁਭਾਸ਼ ਚੰਦਰ ਬੋਸ ਦਾ ਸਾਥੀ

**ਸੰਗਰੂਰ:** ਦੇਸ਼ ਲਈ ਆਪਾ ਵਾਰਨ ਵਾਲੇ ਸੂਰਮਿਆਂ ਨੂੰ ਭਾਵੇਂ ਸਿਆਸੀ ਆਗੂ ਆਜ਼ਾਦੀ ਦਿਹਾੜੇ ਮੌਕੇ ਰਟੇ-ਰਟਾਏ ਭਾਸ਼ਨ ਦੇ ਕੇ ਦੇਸ਼ ਦੇ ਮਹਾਨ ਸਪੂਤਾਂ ਦਾ ਦਰਜਾ ਦਿੰਦੇ ਹਨ ਪਰ ਸਮੇਂ ਦੀਆਂ ਸਰਕਾਰਾਂ ਇਨ੍ਹਾਂ ਸ਼ਹੀਦਾਂ ਦੇ ਪਰਿਵਾਰਾਂ ਦੀ ਸਾਰ ਲੈਣ ਜੋਗਾ ਸਮਾਂ ਨਹੀਂ ਕੱਢ ਸਕੀਆਂ। ਸਰਕਾਰ ਦੀ ਇਸ ਬੇਪਰਵਾਹੀ ਕਰਕੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਸਾਥੀ ਆਜ਼ਾਦੀ ਘੁਲਾਟੀਆ ਗੁਰਦਿਆਲ ਸਿੰਘ ਆਪਣੇ ਛੋਟੇ ਜਿਹੇ ਖਸਤਾਹਾਲ ਘਰ ਵਿਚ ਜ਼ਿੰਦਗੀ ਦੇ ਆਖਰੀ ਪਲ ਬਿਤਾ ਰਿਹਾ ਹੈ। 91 ਵਰ੍ਹਿਆਂ ਦੇ ਗੁਰਦਿਆਲ ਸਿੰਘ ਨੂੰ ਇਸ ਗੱਲ ਦਾ ਅਫ਼ਸੋਸ ਹੈ ਕਿ ਆਜ਼ਾਦੀ ਘੁਲਾਟੀਆਂ ਨੇ ਜੋ ਸੁਫਨਿਆਂ ਦਾ ਦੇਸ਼ ਸਿਰਜਿਆ ਸੀ, ਭਾਰਤ ਅਜਿਹਾ ਦੇਸ਼ ਨਹੀਂ ਬਣ ਸਕਿਆ।

ਗੁਰਦਿਆਲ ਸਿੰਘ ਇਥੇ ਗੁਰਦੁਆਰਾ ਸਿੰਘ ਸਭਾ ਵਾਲੀ ਗਲੀ ਵਿਚ ਸਥਿਤ 76 ਵਰਗ ਗਜ ਦੇ ਆਪਣੇ ਛੋਟੇ ਜਿਹੇ ਖਸਤਾ ਹਾਲ ਘਰ ਵਿਚ ਰਹਿ ਰਹੇ ਹਨ। ਭਾਵੇਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਆਜ਼ਾਦੀ ਤੋਂ ਬਾਅਦ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਅੱਜ ਦੇ ਨੇਤਾ ਆਲੀਸ਼ਾਨ ਕੋਠੀਆਂ ਦੇ ਏਅਰ ਕੰਡੀਸ਼ਨ ਕਮਰਿਆਂ ਵਿਚ ਰਹਿ ਕੇ ਜ਼ਿੰਦਗੀ ਦੀ ਹਰ ਸੁੱਖ ਸਹੂਲਤ ਦਾ ਨਿੱਘ ਮਾਣ ਰਹੇ ਹਨ ਪਰ ਗੁਰਦਿਆਲ ਸਿੰਘ ਵਰਗੇ ਸੁਤੰਤਰਤਾ ਸੰਗਰਾਮੀਆਂ ਨੂੰ ਸੁੱਖ ਸਹੂਲਤਾਂ ਤਾਂ ਦੂਰ ਦੀ ਗੱਲ ਸਗੋਂ ਆਪਣੇ ਹੱਕ ਦੀ ਪੈਨਸ਼ਨ ਵੀ ਦਰ-ਦਰ ਦੀਆਂ ਠੋਕਰਾਂ ਖਾਣ ਤੋਂ ਬਾਅਦ ਨਸੀਬ ਹੋਈ ਹੈ।

ਬਿਰਧ ਅਵਸਥਾ ਵਿਚ ਗੁਰਦਿਆਲ ਸਿੰਘ ਤੁਰਨ ਫ਼ਿਰਨ ਤੋਂ ਅਸਮਰਥ ਹਨ। ਹਾਲਾਤ ਇਹ ਹਨ ਕਿ ਘਰ ਦੀਆਂ ਕੰਧਾਂ ਵੀ ਪਲੱਸਤਰ ਤੋਂ ਵਾਂਝੀਆਂ ਹਨ। ਘਰ ਦੇ ਕਮਰੇ ਦੀਆਂ ਪੁਰਾਣੀਆਂ ਕੰਧਾਂ ਵਿਚੋਂ ਰੇਤ ਕਿਰਦੀ ਹੈ। ਇਕ ਕਮਰੇ ਵਿਚ ਤਾਂ ਕੰਧਾਂ 'ਤੇ ਮੇਖਾਂ ਨਾਲ ਤਰਪਾਲ ਲਾਈ ਹੋਈ ਹੈ। ਘਰ ਦੇ ਦਰਵਾਜ਼ੇ ਦੀ ਪਲਾਈ ਥਾਂ-ਥਾਂ ਤੋਂ ਉਖੜੀ ਹੋਈ ਹੈ। ਸੁਤੰਤਰਤਾ ਸੰਗਰਾਮੀ ਦੀ ਨੂੰਹ ਮਨਪ੍ਰੀਤ ਕੌਰ ਨੇ ਦੱਸਿਆ ਕਿ ਉਨ੍ਹਾਂ ਦਾ ਇਲਾਜ ਪੀ.ਜੀ.ਆਈ ਚੰਡੀਗੜ੍ਹ ਤੋਂ ਚੱਲਦਾ ਹੈ ਪਰ ਸੁਤੰਤਰਤਾ ਸੰਗਰਾਮੀ ਹੋਣ ਦੇ ਬਾਵਜੂਦ ਇਲਾਜ ਵਿਚ ਕੋਈ ਛੋਟ ਨਹੀਂ ਮਿਲਦੀ।



1922 ਵਿਚ ਜੰਮੇ ਗੁਰਦਿਆਲ ਸਿੰਘ ਨੇ ਦੱਸਿਆ ਕਿ ਉਹ ਵੀਹ ਸਾਲ ਦੀ ਉਮਰੇ 1942 ਵਿਚ ਆਈ.ਐਨ.ਏ ਵਿਚ ਭਰਤੀ ਹੋਏ ਸਨ ਤੇ ਸਾਰਿਆਂ ਨੇ ਹੀ ਆਪਣੇ ਖ਼ੂਨ ਨਾਲ ਦਸਤਖਤ ਕਰਕੇ ਪ੍ਰਣ ਲਿਆ ਸੀ ਕਿ ਉਹ ਦੇਸ਼ ਨੂੰ ਆਜ਼ਾਦ ਕਰਵਾ ਕੇ ਰਹਿਣਗੇ। ਆਜ਼ਾਦ ਹਿੰਦ ਫੌਜ ਜਦੋਂ ਬੈਂਕਾਕ ਵਿਚ ਸੀ ਤਾਂ ਨੇਤਾ ਜੀ ਸੁਭਾਸ਼ ਚੰਦਰ ਬੋਸ ਵੀ ਨਾਲ ਸਨ। ਉਹ ਤਿੰਨ ਸਾਲ ਨੇਤਾ ਜੀ ਦੇ ਨਾਲ ਰਹੇ ਤੇ ਸੰਨ 1945 ਵਿਚ ਸਾਰਿਆਂ ਨੂੰ ਗ੍ਰਿਫ਼ਤਾਰ ਕਰਕੇ ਲਾਲ ਕਿਲ੍ਹੇ ਵਿਚ ਕੈਦ ਕਰ ਦਿੱਤਾ ਗਿਆ।

ਤਕਰੀਬਨ ਛੇ ਮਹੀਨੇ ਉਹ ਕੈਦ ਰਹੇ। ਫਿਰ ਜਨਰਲ ਮੋਹਨ ਸਿੰਘ ਨੇ ਅਦਾਲਤ ਵਿਚ ਕੇਸ ਕੀਤਾ ਸੀ ਅਤੇ ਉਹ ਰਿਹਾਅ ਹੋਏ ਸਨ। ਉਨ੍ਹਾਂ ਭਰੇ ਮਨ ਨਾਲ ਕਿਹਾ ਕਿ ਸੁਤੰਤਰਤਾ ਸੰਗਰਾਮੀ ਵਜੋਂ ਉਨ੍ਹਾਂ ਨੇ ਪੈਨਸ਼ਨ ਵੀ ਬਹੁਤ ਮੁਸ਼ਕਲਾਂ ਨਾਲ ਲਵਾਈ ਹੈ ਕਿਉਂਕਿ ਪੈਨਸ਼ਨ ਲਈ ਵੀ ਸੁਪਰੀਮ ਕੋਰਟ ਦਾ ਸਹਾਰਾ ਲੈਣਾ ਪਿਆ।

# ਪੰਜਾਬ ਸਰਕਾਰ ਨੇ ਸ਼ਹੀਦ ਸੁਖਦੇਵ ਨੂੰ ਵੀ ਵਿਸਾਰਿਆ

**ਲੁਧਿਆਣਾ:** ਸਰਕਾਰ ਦੀ ਬੇਰੁਖ਼ੀ ਕਾਰਨ ਦੇਸ਼ ਲਈ ਆਪਾ ਵਾਰਨ ਵਾਲੇ ਸ਼ਹੀਦ ਸੁਖਦੇਵ ਦੇ ਨੌਘਰਾ ਮੁਹੱਲੇ ਸਥਿਤ ਜੱਦੀ ਘਰ ਨੂੰ ਦੇਸ਼ ਦੇ 67ਵੇਂ ਆਜ਼ਾਦੀ ਦਿਹਾੜੇ 'ਤੇ ਵੀ ਤਾਲਾ ਲੱਗਿਆ ਰਿਹਾ ਤੇ ਘਰ ਵਿਚ ਬਣੀ ਉਨ੍ਹਾਂ ਦੀ ਸਮਾਧ ਨੂੰ ਇਕ ਸੱਜਰਾ ਫੁੱਲ ਵੀ ਨਸੀਬ ਨਾ ਹੋ ਸਕਿਆ ਜਦੋਂਕਿ ਦੂਜੇ ਪਾਸੇ ਸ਼ਹੀਦ ਦੇ ਜੱਦੀ ਘਰ ਵਿਚ ਬਣੀ ਸਮਾਧ ਤੋਂ ਸਿਰਫ ਦੋ ਕਿਲੋਮੀਟਰ ਦੂਰ ਗੁਰੂ ਨਾਨਕ ਦੇਵ ਸਪੋਰਟਸ ਸਟੇਡੀਅਮ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਆਜ਼ਾਦੀ ਦਾ ਝੰਡਾ ਲਹਿਰਾ ਰਹੇ ਸਨ।

ਉਨ੍ਹਾਂ ਨੂੰ ਸ਼ਹੀਦ ਸੁਖਦੇਵ ਦੇ ਸ਼ਹਿਰ ਝੰਡਾ ਲਹਿਰਾਉਂਦੇ ਹੋਏ ਉਨ੍ਹਾਂ ਦੀ ਯਾਦ ਤੱਕ ਨਾ ਆਈ। ਇਸ ਘਟਨਾ ਨੂੰ ਲੈ ਕੇ ਨੌਘਰਾ ਮੁਹੱਲੇ ਦੇ ਲੋਕ ਵੀ ਹੈਰਾਨ ਸਨ ਕਿ ਆਜ਼ਾਦੀ ਨਾਲ ਸਬੰਧਤ ਦਿਨ 'ਤੇ ਵੀ ਪ੍ਰਸ਼ਾਸਨ ਨੇ ਸ਼ਹੀਦ ਦੇ ਘਰ ਦਾ ਤਾਲਾ ਖੋਲ੍ਹਣਾ ਜ਼ਰੂਰੀ ਨਹੀਂ ਸਮਝਿਆ। ਐਕਸ਼ਨ ਅਗੇਂਸਟ ਕੁਰੱਪਸ਼ਨ ਕਮੇਟੀ ਦੇ ਆਗੂ ਤੇ ਹੋਰ

## ਆਜ਼ਾਦੀ ਦਿਹਾੜੇ ਮੌਕੇ ਵੀ ਜੱਦੀ ਘਰ ਨੂੰ ਜੜੇ ਤਾਲੇ

ਲੋਕ ਜਦੋਂ ਸ਼ਹੀਦ ਦੀ ਸਮਾਰਕ 'ਤੇ ਫੁੱਲ ਭੇਟ ਕਰਨ ਪੁੱਜੇ ਤਾਂ ਅੱਗੋਂ ਤਾਲਾ ਲੱਗਾ ਦੇ ਕੇ ਮਾਯੂਸ ਹੋਏ।

ਕਮੇਟੀ ਮੈਂਬਰਾਂ ਦਾ ਕਹਿਣਾ ਸੀ ਕਿ ਆਪਣੀ ਜਾਨ ਵਾਰ ਕੇ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਸ਼ਹੀਦ ਦੀ ਜਨਮ ਭੂਮੀ 'ਤੇ ਤਾਲਾ ਲੱਗਿਆ ਦੇਖ ਕੇ ਉਨ੍ਹਾਂ ਬਹੁਤ ਸ਼ਰਮ ਮਹਿਸੂਸ ਕੀਤੀ ਕਿ ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਸ਼ਹੀਦਾਂ ਨੂੰ ਆਪਣੇ ਮਨਾਂ ਵਿਚ ਕਿਹੜੀ ਥਾਂ ਦਿੱਤੀ ਹੈ। ਉਨ੍ਹਾਂ ਕਿਹਾ ਕਿ ਤਾਲੇ ਵਿਚ ਬੰਦ ਸ਼ਹੀਦ ਸੁਖਦੇਵ ਦੇ 'ਬੁੱਤ' ਨੂੰ ਦੂਰੋਂ ਹੀ ਮੋਮਬੱਤੀਆਂ ਜਗਾ ਕੇ ਸਤਿਕਾਰ ਭੇਟ ਕੀਤਾ। ਜ਼ਿਕਰਯੋਗ ਹੈ ਕਿ ਸ਼ਹੀਦ ਦੇ ਸਮਾਰਕ ਦੀ ਸਾਂਭ-ਸੰਭਾਲ ਦਾ ਕੰਮ ਪੁਰਾਤੱਤਵ ਵਿਭਾਗ ਕਰ ਰਿਹਾ ਹੈ।



*ਨਿਊ ਯਾਰਕ ਦੇ ਉਘੇ ਬਿਜਨਸਮੈਨ ਅਤੇ ਸਿੰਘ ਫਾਰਮ ਦੇ ਮਾਲਕ ਸ. ਅਵਤਾਰ ਸਿੰਘ ਤੇ ਸਰਦਾਰਨੀ ਮਿਲਟਨ ਸਿੰਘ ਦੀ ਸਪੁਤਰੀ ਗੁਰਵਿੰਦਰ ਕੌਰ ਦਾ ਅਨੰਦ ਕਾਰਜ ਵੈਨਕੂਵਰ (ਕੈਨੇਡਾ) ਦੇ ਰਿਪੁਦਮਨ ਸਿੰਘ ਮਲਿਕ ਅਤੇ ਸਰਦਾਰਨੀ ਰਜਿੰਦਰ ਕੌਰ ਮਲਿਕ ਦੇ ਸਪੁੱਤਰ ਦਰਸ਼ਨ ਸਿੰਘ ਨਾਲ ਪਿਛਲੇ ਦਿਨੀਂ ਵੈਨਕੂਵਰ ਵਿਚ ਪੂਰਨ ਗੁਰ ਮਰਿਆਦਾ ਅਨੁਸਾਰ ਹੋਇਆ। ਇਸ ਵਿਆਹ ਦੀ ਵਿਸ਼ੇਸ਼ਤਾ ਇਹ ਸੀ ਕਿ ਇਸ ਵਿਚ ਸ਼ਾਮਲ ਕਰੀਬ 1300 ਵਿਅਕਤੀਆਂ ਵਿਚੋਂ ਬਹੁਗਿਣਤੀ ਸਿੱਖੀ ਸਰੂਪ ਵਿਚ ਸੀ। ਅਨੰਦ ਕਾਰਜ ਦੀ ਰਸਮ ਵੀ ਦੋਹਾਂ ਪਰਿਵਾਰਾਂ ਨੇ ਆਪ ਸੰਪੰਨ ਕੀਤੀ। ਸੁਭਾਗੀ ਜੋੜੀ ਨਾਲ ਸ. ਅਵਤਾਰ ਸਿੰਘ। (ਤਸਵੀਰ: ਬਲਦੇਵ ਸਿੰਘ, ਬੀ ਜੇ ਸਟੂਡੀਓ)*

# ਵੱਡੇ ਬੰਦਿਆਂ ਦੀਆਂ ਗੱਡੀਆਂ ਤੋਂ ਸਾਇਰਨ ਲਾਹੁਣ ਦਾ ਹੁਕਮ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕੇਂਦਰ ਅਤੇ ਸੂਬਿਆਂ ਨੂੰ ਕਿਹਾ ਹੈ ਕਿ ਉਹ ਅਤਿ ਵਿਸ਼ੇਸ਼ ਵਿਅਕਤੀਆਂ ਦੀਆਂ ਗੱਡੀਆਂ ਤੋਂ ਸਾਇਰਨ ਲਾਹ ਦੇਣ ਕਿਉਂਕਿ ਇਹ ਕਾਨੂੰਨ ਦੀ ਉਲੰਘਣਾ ਹੈ ਤੇ ਨਾਲ ਹੀ ਇਹ ਵੀ ਸੰਕੇਤ ਦਿੱਤਾ ਕਿ ਲਾਲ ਬੱਤੀ ਦੀ ਦੁਰਵਰਤੋਂ ਰੋਕੇ ਜਾਣ ਬਾਰੇ ਵੀ ਉਹ ਨਿਰਦੇਸ਼ ਜਾਰੀ ਕਰੇਗੀ। ਅਦਾਲਤ ਦਾ ਕਹਿਣਾ ਹੈ ਕਿ ਇਨ੍ਹਾਂ ਦੀ ਵਰਤੋਂ ਬ੍ਰਿਟਿਸ਼ ਰਾਜ ਦਾ ਪ੍ਰਛਾਵਾਂ ਹੈ।

ਜਸਟਿਸ ਜੀ. ਐਸ. ਸਿੰਘਵੀ ਤੇ ਵੀ. ਗੋਪਾਲਾ ਗੌੜਾ ਨੇ ਪੁੱਛਿਆ ਕਿ ਮੰਤਰੀਆਂ, ਅਫਸਰਸ਼ਾਹੀ ਤੇ ਰਾਜਨੀਤਕਾਂ ਨੂੰ ਇਹ ਸਹੂਲਤਾਂ ਕਿਉਂ ਦਿੱਤੀਆਂ ਜਾ ਰਹੀਆਂ ਹਨ ਜਦੋ ਕਿ ਪੀ. ਚਿਦੰਬਰਮ ਨੇ ਗ੍ਰਹਿ ਮੰਤਰੀ ਹੁੰਦਿਆਂ ਇਨ੍ਹਾਂ ਨੂੰ ਲੈਣ ਤੋਂ ਨਾਂਹ ਕਰ ਦਿੱਤੀ ਸੀ। ਪੀ. ਚਿਦੰਬਰਮ ਜਦੋਂ ਗ੍ਰਹਿ ਮੰਤਰੀ ਸਨ ਤਾਂ ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਨੂੰ ਗਾਰਦ ਤੇ ਆਪਣੀ ਗੱਡੀ ਲਈ ਸਾਇਰਨ ਦੀ ਕੋਈ ਲੋੜ ਨਹੀਂ। ਗ੍ਰਹਿ ਮੰਤਰੀ ਨੂੰ ਇਹ ਹੱਕ ਸੀ ਪਰ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਇਸ ਦੀ ਲੋੜ ਨਹੀਂ। ਅਦਾਲਤ ਨੇ ਸਰਕਾਰਾਂ ਵੱਲੋਂ ਚਾਰ ਹਫਤਿਆਂ ਲਈ ਹੋਰ ਸਮਾਂ ਮੰਗੇ ਜਾਣ ਦੀ ਅਪੀਲ ਵੀ ਰੱਦ ਕਰ ਦਿੱਤੀ।

ੴ ਸਤਿਗੁਰ ਪ੍ਰਸਾਦਿ॥

ਕਬੀਰ ਸੇਵਾ ਕਉ ਦੋਇ ਭਲੇ ਏਕ ਸੰਤ ਏਕ ਰਾਮ॥
ਰਾਮ ਜੋ ਦਾਤਾ ਮੁਕਤ ਕਾ ਸੰਤ ਜਪਾਵੈ ਨਾਮ॥

# ਸਾਲਾਨਾ ਬਰਸੀ ਸਮਾਗਮ
# ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ



ਨਿਉ ਯਾਰਕ ਦੀਆਂ ਸੰਗਤਾਂ ਵਲੋਂ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਬਰਸੀ ਸਮਾਗਮ 30, 31 ਅਗਸਤ ਅਤੇ ਪਹਿਲੀ ਸਤੰਬਰ 2013 ਨੂੰ ਗੁਰਦੁਆਰਾ ਸਿੱਖ ਸੈਂਟਰ ਆਫ ਫਲੱਸ਼ਿੰਗ (38-17 Parson Blvd, Flushing NY 11354) ਵਿਖੇ ਮਨਾਇਆ ਜਾ ਰਿਹਾ ਹੈ। ਇਸ ਮੌਕੇ ਭਾਰੀ ਦੀਵਾਨ ਸਜਣਗੇ ਜਿਨ੍ਹਾਂ ਵਿਚ ਗੁਰੂ ਘਰ ਦੇ ਮਹਾਨ ਕੀਰਤਨੀਏ, ਕਥਾਵਾਚਕ ਅਤੇ ਢਾਡੀ ਜਥੇ ਗੁਰਬਾਣੀ ਸ਼ਬਦ ਕੀਰਤਨ, ਕਥਾ ਵਿਆਖਿਆ ਅਤੇ ਗੁਰੂ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਆਪ ਸਮੂਹ ਸੰਗਤਾਂ ਨੂੰ ਇਸ ਮੌਕੇ ਹਾਜ਼ਰੀਆਂ ਭਰਨ ਦੀ ਬੇਨਤੀ ਹੈ ਜੀ।

| ਪ੍ਰੋਗਰਾਮ | 30 ਅਗਸਤ 2013 | ਪਹਿਲੀ ਸਤੰਬਰ 2013 |
|---|---|---|
| | ਅਰੰਭ ਸ੍ਰੀ ਅਖੰਡ ਪਾਠ 10 ਵਜੇ ਸਵੇਰੇ | ਭੋਗ ਸ੍ਰੀ ਅਖੰਡ ਪਾਠ 10 ਵਜੇ ਸਵੇਰੇ |

ਸ੍ਰੀ ਨਾਭ ਕੰਵਲ ਰਾਜਾ ਸਾਹਿਬ ਮੌਜ ਦਿਲ ਦਰਵੇਸ਼, ਪਰਮਾਤਮਾ ਵਿਚ ਅਭੇਦ ਪੁਰਸ਼ ਐਸੇ ਬ੍ਰਹਮਗਿਆਨੀ ਮਹਾਪੁਰਖ ਹੋਏ ਹਨ ਜੋ ਆਪਣੀ ਮਿਸਾਲ ਆਪ ਹਨ। ਉਨ੍ਹਾਂ ਦਾ ਜਨਮ ਮਾਤਾ ਸਾਹਿਬ ਦੇਵੀ ਜੀ ਦੀ ਕੁੱਖੋਂ 7 ਫਗਣ 1862 ਈਸਵੀ ਨੂੰ ਉਨ੍ਹਾਂ ਦੇ ਨਾਨਕੇ ਪਿੰਡ ਬਲੋਵਾਲ (ਜਿਲ੍ਹਾ ਨਵਾਂ ਸ਼ਹਿਰ) ਹੋਇਆ। ਆਪ ਜੀ ਦੇ ਪਿਤਾ ਜੀ ਦਾ ਨਾਮ ਮੰਗਲ ਦਾਸ ਸੀ। ਆਪ ਜੀ ਦਾ ਜੱਦੀ ਪਿੰਡ ਮੰਨਣਹਾਣਾ (ਜਿਲ੍ਹਾ ਹੁਸ਼ਿਆਰਪੁਰ) ਸੀ। ਆਪ ਜੀ ਦੇ ਮਾਤਾ-ਪਿਤਾ ਸਾਧੂ ਬਿਰਤੀ ਦੇ ਧਾਰਨੀ ਸਨ। ਰਾਜਾ ਸਾਹਿਬ ਬਚਪਨ ਤੋਂ ਹੀ ਆਪਣੇ ਚੋਜਾਂ ਨਾਲ ਸੰਗਤਾਂ ਨੂੰ ਵਹਿਮਾਂ-ਭਰਮਾਂ ਅਤੇ ਅੰਧ ਵਿਸ਼ਵਾਸ ਵਿਚੋਂ ਕੱਢ ਕੇ ਪਰਮਾਰਥ ਦੇ ਰਸਤੇ ਪਾਉਣ ਵਿਚ ਲੱਗੇ ਰਹਿੰਦੇ। ਜਿਥੇ ਉਨ੍ਹਾਂ ਨੇ ਜਨ ਕਲਿਆਣ ਲਈ ਅਨੇਕਾਂ ਤੀਰਥ ਰਚੇ ਉਥੇ ਸ਼ਬਦ ਗੁਰੂ ਪ੍ਰਕਾਸ਼ ਲਈ ਗੁਰਦੁਆਰਿਆਂ ਦੀ ਉਸਾਰੀ ਵੀ ਕਰਵਾਈ। ਗੁਰਮਤਿ ਸਿਧਾਂਤ ਮੁਤਾਬਿਕ ਲੰਗਰ ਦਾ ਪ੍ਰਬੰਧ ਕੀਤਾ। ਆਪ ਜੀ ਦੇ ਪਵਿਤਰ ਅਸਥਾਨ ਬੱਲੋਵਾਲ, ਮੰਨਣਹਾਣਾ, ਰਹਿਪਾ, ਝਿੰਗੜਾਂ, ਗੁਣਾਚੌਰ, ਗੋਸਲਾਂ, ਸੁਜੋਂ ਅਤੇ ਮਜਾਰਾ ਰਾਜਾ ਸਾਹਿਬ ਵਿਖੇ ਸੁੰਦਰ ਗੁਰੂ ਘਰਾਂ ਦੀ ਉਸਾਰੀ ਕੀਤੀ ਗਈ ਜਿਨ੍ਹਾਂ ਵਿਚ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਅਤੇ ਸੰਗਤਾਂ ਨਾਮ ਬਾਣੀ ਦਾ ਲਾਹਾ ਲੈਂਦੀਆਂ ਹਨ। ਰਾਜਾ ਸਾਹਿਬ ਦੀ ਯਾਦ ਵਿਚ ਸਾਲਾਨਾ ਜੋੜ ਮੇਲਿਆਂ 'ਤੇ ਭਾਰੀ ਦੀਵਾਨ ਸਜਦੇ ਹਨ। ਉਨ੍ਹਾਂ ਦੇ ਜੀਵਨ ਅਨੁਭਵਾਂ ਦੀ ਉਪਜ ਕ੍ਰਿਤ ਭਗਵਾਨ ਬਿਲਾਸ ਵੀ ਸ਼ਬਦ ਗੁਰੂ ਦੇ ਮਹੱਤਵ ਨੂੰ ਹੀ ਦਰਸਾਉਂਦੀ ਹੈ ਜੋ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਮਰਪਿਤ ਹੈ। ਰਾਜਾ ਸਾਹਿਬ ਇੱਕ ਮੌਜ ਦਿਲ ਫੱਕਰ ਫਕੀਰ ਦੇ ਰੂਪ ਵਿਚ ਵਿਚਰਦੇ ਹਨ। ਉਨ੍ਹਾਂ ਸੰਗਤਾਂ ਨੂੰ ਰਾਜਿਆਂ ਦੇ ਰਾਜੇ ਪਰਮਾਤਮਾ ਨਾਲ ਜੋੜਿਆ। ਕਉ ਹਰਿ ਸਮਾਨਿ ਨਹੀਂ ਰਾਜਾ ਨੂੰ ਜਪਦੇ ਜਪਦੇ ਆਪ ਉਸ ਰਾਜੇ ਦਾ ਰੂਪ ਹੋ ਗਏ ਅਤੇ ਸੰਗਤਾਂ ਵਿਚ ਰਾਜਾ ਸਾਹਿਬ ਕਰਕੇ ਜਾਣੇ ਜਾਣ ਲਗੇ। ਆਉ, ਗੁਰੂ ਪਿਆਰੀ ਸਾਧ ਸੰਗਤ ਜੀ ਆਪਾਂ ਇਸ ਪਰਿਪੂਰਣ ਆਤਮਾ ਦੇ ਜਨਮ ਪੁਰਬ 'ਤੇ ਇੱਕਤਰ ਹੋ ਕੇ ਸਤਿਗੁਰਾਂ ਦੀ ਪਵਿੱਤਰ ਬਾਣੀ ਦੇ ਕੀਰਤਨ ਦਾ ਲਾਹਾ ਲਈਏ ਅਤੇ ਆਪਣਾ ਜੀਵਨ ਸਫਲਾ ਕਰੀਏ ਜੀ।

ਹੋਰ ਜਾਣਕਾਰੀ ਲਈ ਗੁਰਦੁਆਰਾ ਸਾਹਿਬ ਦੇ ਹੈਡ ਗ੍ਰੰਥੀ ਭਾਈ ਮਨਜੀਤ ਸਿੰਘ ਨਾਲ ਫੋਨ 718-359-9520 'ਤੇ ਸੰਪਰਕ ਕਰੋ ਜੀ।

*ਬਾਬੂ ਰਜਬ ਅਲੀ ਖਾਨ (10 ਅਗਸਤ 1894-6 ਮਈ 1979) ਦਾ ਜਨਮ ਮੀਆਂ ਧਮਾਲੀ ਖਾਨ ਅਤੇ ਜਿਉਣੀ ਦੇ ਘਰ ਪਿੰਡ ਸਾਹੋਕੇ ਜ਼ਿਲ੍ਹਾ ਫਿਰੋਜ਼ਪੁਰ ਵਿਚ ਹੋਇਆ। ਉਨ੍ਹਾਂ ਨੇ ਸਿਵਲ ਇੰਜੀਨੀਅਰਿੰਗ ਦਾ ਡਿਪਲੋਮਾ (ਓਵਰਸੀਅਰੀ) ਪਾਸ ਕੀਤਾ ਅਤੇ ਸਿੰਜਾਈ ਵਿਭਾਗ ਵਿਚ ਨੌਕਰੀ ਕਰ ਲਈ, ਪਰ ਗਾਉਣ ਦੇ ਇਸ਼ਕ ਕਰ ਕੇ 1940 ਵਿਚ ਨੌਕਰੀ ਛੱਡ ਦਿੱਤੀ। 1947 ਦੀ ਵੰਡ ਵੇਲੇ ਉਨ੍ਹਾਂ ਨੂੰ ਪਾਕਿਸਤਾਨ ਜਾਣਾ ਪਿਆ, ਪਰ ਕਵੀਸ਼ਰ ਦਾ ਦਿਲ ਮਾਲਵੇ ਦੇ ਪਿੰਡਾਂ ਵਿਚ ਹੀ ਰਿਹਾ। ਲਹਿੰਦੇ ਪੰਜਾਬ ਵਿਚ ਉਨ੍ਹਾਂ ਨੂੰ ਓਕਾੜਾ ਜ਼ਿਲ੍ਹੇ ਵਿਚ ਚੱਕ ਨੂੰਬਰ 32/2 ਵਿਖੇ ਜ਼ਮੀਨ ਅਲਾਟ ਹੋਈ। ਉਹ ਕਵੀਸ਼ਰੀ ਦੇ ਬਾਦਸ਼ਾਹ ਵਜੋਂ ਮਸ਼ਹੂਰ ਹਨ। ਉਨ੍ਹਾਂ ਦਰਜਨਾਂ ਕਿੱਸੇ ਅਤੇ ਅਨੇਕਾਂ ਕਵਿਤਾਵਾਂ ਲਿਖੀਆਂ। ਉਨ੍ਹਾਂ ਦੀਆਂ ਰਚਨਾਵਾਂ ਵਿਚੋਂ ਪੰਜਾਬ, ਖਾਸ ਕਰ ਮਾਲਵੇ ਦੀ ਰੂਹ ਝਲਕਦੀ ਹੈ। ਉਨ੍ਹਾਂ ਦਾ ਚਾਚਾ ਹਾਜੀ ਰਤਨ ਵੀ ਵਧੀਆ ਕਵੀਸ਼ਰ ਸੀ। ਉਨ੍ਹਾਂ ਦੇ ਜਨਮ ਦਿਨ (10 ਅਗਸਤ) ਮੌਕੇ ਅਸੀਂ 'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਉਨ੍ਹਾਂ ਦੀ ਕਵਿਤਾ ਲੜੀਵਾਰ ਛਾਪ ਰਹੇ ਹਾਂ। ਇਹ ਕਵਿਤਾ ਸਵੈ-ਜੀਵਨੀ ਵਿਚ ਹੈ। -ਸੰਪਾਦਕ*

### ਰਜਬ ਅਲੀ ਦੇ ਰੰਗ-3



# ਕੋਈ ਦੇਸ਼ ਪੰਜਾਬੋਂ ਸੋਹਣਾ ਨਾ

*॥ਦੋਹਿਰਾ॥*

ਪੰਜ ਦਰਿਆ ਇਸ ਦੇਸ਼ ਦੇ,
ਤਾਹੀਉਂ ਕਹਿਣ ਪੰਜਾਬ।
ਰਾਵੀ, ਸਤਲੁਜ, ਬਿਆਸ ਜੀ,
ਜਿਹਲਮ ਅਤੇ ਚਨਾਬ।

*॥ਛੰਦ॥*

ਲਿਖੇ ਮੁਲਕਾਂ ਦੇ ਗੁਣ ਗੁਣੀਆਂ।
ਸਾਰੀ ਫਿਰ ਤੁਰ ਵੇਖੀ ਦੁਨੀਆਂ।
ਕੁੱਲ ਜੱਗ ਦੀਆਂ ਕਰੀਆਂ ਸੈਰਾਂ।
ਇੱਕ ਨਜ਼ਮ ਬਣਾਉਣੀ ਸ਼ੈਰਾਂ।
ਜੀਭ ਕੁਤਰੇ ਲਫ਼ਜ਼ ਪੰਜਾਬੀ ਦੇ...
ਸਾਕੀ ਨਸ਼ਾ ਚੜ੍ਹਾ ਦੇ ਉਤਰੇ ਨਾ,
ਲਾ ਮੁੱਖ ਨੂੰ ਜਾਮ ਸ਼ਰਾਬੀ ਦੇ।

ਜੁਆਨ ਸੋਹਣੇ ਸ਼ਾਮ ਫ਼ਰਾਂਸੋਂ।
ਗੋਲ ਗਰਦਨ ਕੰਚ ਗਲਾਸੋਂ।
ਸ਼ੇਰਾਂ ਵਰਗੇ ਉੱਭਰੇ ਸੀਨੇ।
ਚਿਹਰੇ ਝੱਗਰੇ, ਨੈਣ ਨਗੀਨੇ।
ਐਸਾ ਗੱਭਰੂ ਜੱਗ ਵਿਚ ਹੋਣਾ ਨਾ...
ਵੇਖੇ ਦੇਸ਼ ਬਥੇਰੇ ਦੁਨੀਆਂ ਦੇ,
ਕੋਈ ਦੇਸ਼ ਪੰਜਾਬੋਂ ਸੋਹਣਾ ਨਾ।

ਢਲੇ ਬਰਫ਼ ਹਿਮਾਲੇ ਪਰਬਤ।
ਜਲ ਮੀਠਾ ਖੰਡ ਦਾ ਸ਼ਰਬਤ।
ਪੰਜ ਨਦੀਆਂ ਮਾਰਨ ਲਹਿਰਾਂ।
ਹੈੱਡ ਬੰਨ੍ਹ ਕੇ ਕੱਢ ਲਈਆਂ ਨਹਿਰਾਂ।
ਛੱਡ ਵਾਟਰ ਮੈਨਰ ਭਰਮੇਂ ਦੇ...
ਵੇਖ ਚਾਅ ਜਿਹੇ ਚੜ੍ਹਨ ਕਿਸਾਨਾਂ ਨੂੰ,
ਖੇਤ ਖਿੜ-ਖਿੜ ਹਸਦੇ ਨਰਮੇ ਦੇ।

ਹਰੀ ਚਰ੍ਹੀਆਂ ਦੀ ਹਰਿਆਵਲ।
ਕਿਤੇ ਲਹਿ ਲਹਿ ਕਰਦੇ ਚਾਵਲ।
ਰਲ ਗੁਡਣੇ ਜਾਣ ਕਮਾਦੀ।
ਮੁੰਡਿਆਂ ਰੱਜ ਰੱਜ ਚੂਰੀ ਖਾਧੀ।
ਦੀਂਹਦਾ ਘਿਉ ਨਾਲ ਲਿਬੜਿਆ ਪੋਣਾ ਨਾ...
ਵੇਖੇ ਦੇਸ਼ ਬਥੇਰੇ ਦੁਨੀਆਂ ਦੇ,
ਕੋਈ ਦੇਸ਼ ਪੰਜਾਬੋਂ ਸੋਹਣਾ ਨਾ।

ਬੜੀ ਰੌਣਕ ਖੇਤਰ ਅਗਲੇ।
ਟਾਹਲੀ ਪੁਰ ਬੋਲਣ ਬਗਲੇ।
ਹਲ ਵਾਹੁੰਦੇ ਫਿਰਨ ਟਰੈਕਟਰ।
ਜਿਵੇਂ ਐਕਟਿੰਗ ਕਰਦੇ ਐਕਟਰ।
ਬੁਲਡੋਜ਼ਰ ਫਿਰਦੇ ਕਮਲੇ ਜਿ੍ਹ...
ਦਿਲ ਖਿੱਚ ਦੇ ਲੰਘਦਿਆਂ ਰਾਹੀਆਂ ਦੇ,
ਟਿਊਬਵੈਲ ਪਰ ਫੁੱਲ ਗਮਲੇ ਜਿ੍ਹ।

ਖਿੜੇ ਕੇਤਕੀਆਂ ਤੇ ਗੇਂਦੇ।
ਕਿਤੇ ਸੋਸਣ ਖ਼ੁਸ਼ਬੋ ਦੇਂਦੇ।
ਥਾਂ-ਥਾਂ ਤੇ ਬਿਜਲੀਆਂ ਬਲੀਆਂ।
ਲਾ ਰੀਝਾਂ ਗੁੰਦ ਲਾਂ ਕਲੀਆਂ।
ਕਿਸੇ ਐਸਾ ਹਾਰ ਪਰੋਣਾ ਨਾ...
ਵੇਖੇ ਦੇਸ਼ ਬਥੇਰੇ ਦੁਨੀਆਂ ਦੇ,
ਕੋਈ ਦੇਸ਼ ਪੰਜਾਬੋਂ ਸੋਹਣਾ ਨਾ।

ਗੋਭੀ, ਮਟਰ, ਟਮਾਟਰਾਂ, ਗਾਜਰ।
ਜਿੱਥੇ ਰੇਤ ਮਤੀਰੇ, ਬਾਜਰ।
ਕਣਕਾਂ ਦੀਆਂ ਗਿਠ-ਗਿਠ ਬੱਲੀਆਂ।
ਮੱਕੀਆਂ ਦੇ ਕੁਛੜੀਂ ਛੱਲੀਆਂ।
ਛਣ ਕੰਗਣ ਛਣਕਣ ਟਾਟਾਂ ਦੇ...
ਕਰੇ ਸਰਸੋਂ ਝਰਮਲ ਝਰਮਲ ਜੀ,
ਫੁੱਲ ਟਹਿਕਣ ਸਬਜ਼ ਪਲਾਟਾਂ ਦੇ।

ਬੋਹੜ ਪੌਣ ਵਗੀ ਤੋਂ ਸ਼ੂਕਣ।
ਪਿਪਲਾਂ ਪਰ ਕੋਇਲਾਂ ਕੂਕਣ।
ਬਾਗ਼ਾਂ ਵਿਚ ਅੰਬੀਆਂ ਰਸੀਆਂ।
ਖਾ ਤੋਤਾ ਮੈਨਾ ਹੱਸੀਆਂ।
ਬੋਲ ਬੁਲਬੁਲ ਵਰਗਾ ਮੋਹਣਾ ਨਾ...
ਵੇਖੇ ਦੇਸ਼ ਬਥੇਰੇ ਦੁਨੀਆਂ ਦੇ,
ਕੋਈ ਦੇਸ਼ ਪੰਜਾਬੋਂ ਸੋਹਣਾ ਨਾ।

ਲੋਕ ਧਰਮੀ, ਦਾਤੇ, ਦਾਨੇ।
ਵੰਡ ਦੇਵਣ ਭਰੇ ਖ਼ਜ਼ਾਨੇ।
ਨੂੰਹ ਰਾਣੀ ਤੇ ਧੀ ਮੇਲਣ।
ਨਿੱਤ ਦੌਲਤ ਦੇ ਵਿਚ ਖੇਲਣ।
ਲੜ ਉੱਡਦੇ ਰੰਗਲੇ ਸਾਲੂ ਦੇ...
ਜਾਣ ਪੈਲਾਂ ਪਾਉਂਦੀਆਂ ਮੋਰਨੀਆਂ,
ਭੱਤੇ ਢੋਵਣ ਕੰਤ ਰਸਾਲੂ ਦੇ।

ਮਾਰ ਬੜ੍ਹਕਾਂ ਵਹਿੜੇ ਬੜਕਣ।
ਗਲ ਵਿਚ ਘੁੰਗਰਾਲਾਂ ਖੜਕਣ।
ਥਣ ਬੱਗੀਆਂ ਦੇ ਚੜ੍ਹ ਲਹਿੰਦੇ।
ਉਸ ਮੱਝ ਨੂੰ ਮੱਝ ਨਾ ਕਹਿੰਦੇ,
ਜਿਸ ਮੱਝ ਨੇ ਭਰ 'ਤਾ ਦੋਹਣਾ ਨਾ...
ਵੇਖੇ ਦੇਸ਼ ਬਥੇਰੇ ਦੁਨੀਆਂ ਦੇ,
ਕੋਈ ਦੇਸ਼ ਪੰਜਾਬੋਂ ਸੋਹਣਾ ਨਾ।

ਰੰਗ ਲਾਲ ਕਮਾਣਾਂ ਅੱਬਰੂ।
ਮੱਲ ਰੁਸਤਮ ਵਰਗੇ ਗੱਭਰੂ।
ਕਰ ਵਰਜ਼ਸ ਦੇਹਾਂ ਰੱਖੀਆਂ।
ਹੀਰੇ ਹਰਨ ਵਰਗੀਆਂ ਅੱਖੀਆਂ।
ਕੱਦ ਸਰੂਆਂ ਵਰਗੇ ਜੁਆਨਾਂ ਦੇ...
ਹੰਸਾਂ ਦੇ ਵਰਗੀਆਂ ਤੋਰਾਂ ਜੀ ,
ਹੱਥ ਸੋਹੇ ਗੁਰਜ ਭਲਵਾਨਾਂ ਦੇ।

ਨਿਰੇ ਘਿਉ ਵਿਚ ਰਿਝਦੇ ਸਾਲਣ।
ਜਿੰਦ ਦੇ ਕੇ ਵੀ ਲੱਜ ਪਾਲਣ।
ਸੱਜਣਾਂ ਦੀਆਂ ਵੰਡਦੇ ਪੀੜਾਂ।
ਜਿੱਥੇ ਖੜਦੇ ਕਰਦੇ ਛੀੜਾਂ।
ਜਿੰਦ ਵਾਰਨ ਸੀਸ ਲਕੋਣਾ ਨਾ...
ਵੇਖੇ ਦੇਸ਼ ਬਥੇਰੇ ਦੁਨੀਆਂ ਦੇ,
ਕੋਈ ਦੇਸ਼ ਪੰਜਾਬੋਂ ਸੋਹਣਾ ਨਾ।

ਪੈਲੀ ਵਧ ਕੇ ਤੇਜ਼ ਕਰੀਨੋਂ।
ਲਾਲ ਉੱਗਦੇ ਐਸ ਜ਼ਮੀਨੋਂ।
ਮੋਠ ਮੂੰਗੀ ਵਿਕਦੇ ਜੱਟ ਦੇ।
ਨਾਵੇਂ ਮੂੰਗਫਲੀ ਦੇ ਵੱਟ ਦੇ।

ਨਵੇਂ ਨੋਟ ਧਰਨ ਵਿਚ ਪੇਟੀ ਦੇ...
ਢੋਂਦੇ(ਪੌਂਦੇ) ਸੱਠ ਸੱਠ ਤੋਲੇ ਨੂੰਹਾਂ ਨੂੰ,
ਨਾ ਤਿਉਰ ਮਿਉਂਦੇ ਬੇਟੀ ਦੇ।

ਮਾਂਵਾਂ ਸ਼ੇਰਨੀਆਂ ਨੂੰ ਚੁੰਘਦੇ।
ਲੜ ਦੁਸ਼ਮਣ ਦੇ ਸਿਰ ਡੁੰਗਦੇ।
ਜ਼ੋਰਾ-ਵਰੀਆਂ ਕਰਨ ਚੁਗੱਤੇ।
ਨਾ ਹਾਰਨ ਜੈਮਲ ਫ਼ੱਤੇ।
ਅਗਾਂਹ ਵਧਦੇ ਪਿਛਾਂਹ ਖੜੋਣਾ ਨਾ...
ਵੇਖੇ ਦੇਸ਼ ਬਥੇਰੇ ਦੁਨੀਆਂ ਦੇ,
ਕੋਈ ਦੇਸ਼ ਪੰਜਾਬੋਂ ਸੋਹਣਾ ਨਾ।

ਚੜ੍ਹ ਘਟਾ ਪਹਾੜੋਂ ਆਵਣ।
ਮੁਟਿਆਰਾਂ ਤੀਆਂ ਲਾਵਣ।
ਪੈਣ ਟੂਮਾਂ ਦੇ ਚਮਕਾਰੇ।
ਪਾ ਪੀਂਘਾਂ ਲੈਣ ਹੁਲਾਰੇ।
ਰਲ ਗਾਵਣ ਗੀਤ ਮੁਹੱਬਤਾਂ ਦੇ...
ਹੁੰਡ ਵਰਨ੍ਹ ਮਹੀਨੇ ਸਾਵਨ ਦੇ,
ਕਰ ਪਾਰ ਉਤਾਰਾ ਰੱਬ ਤਾਂ ਦੇ।

ਧੀਆਂ ਅਣਖ ਸ਼ਰਮ ਨਾਲ ਭਰੀਆਂ।
ਘਰੇ ਬੁਣਨ ਸਵੈਟਰ ਦਰੀਆਂ।
ਕੰਨੋਂ ਪਕੜ ਗਹਿਰ 'ਤੀ ਚੋਰੀ।
ਗਲ ਹੱਸ (ਹੰਸ) ਪਾ ਬੱਕਰੀ ਤੋਰੀ।
ਜਾਂਦਾ ਰਾਹੀ, ਪਾਂਧੀ ਖੋਹਣਾ ਨਾ...
ਵੇਖੇ ਦੇਸ਼ ਬਥੇਰੇ ਦੁਨੀਆਂ ਦੇ,
ਕੋਈ ਦੇਸ਼ ਪੰਜਾਬੋਂ ਸੋਹਣਾ ਨਾ।

ਹੋਏ 'ਪਾਕ ਪਟਣ' ਵਿਚ 'ਬਾਵਾ'।
ਗੁਰੂ ਨਾਨਕ ਜੀ ਦੇ ਸ਼ਾਵਾ।
'ਬਾਬੂ' ਸੋਨੇ ਦਾ ਹਰਿਮੰਦਰ।
ਹੋਵੇ ਭਜਨ ਹਮੇਸ਼ਾਂ ਅੰਦਰ।
ਅੰਮ੍ਰਿਤਸਰ ਨਗਰੀ ਗੁਰੂਆਂ ਦੀ...
ਹਟੇ ਪੱਥਰ ਦੇ ਬੁੱਤ ਪੂਜਣ ਤੋਂ,
ਹੋਵੇ ਰੱਬ ਦੀ ਇਬਾਦਤ ਸ਼ੁਰੂਆਂ ਦੀ।

ਲਾਏ ਸੰਤ ਮਹੰਤਾਂ ਡੇਰੇ।
ਏਥੇ ਪੀਰ ਬਜ਼ੁਰਗ ਬਥੇਰੇ।
ਰੋਹੀ, ਦੁਆਬੇ, ਮਾਲਵੇ, ਮਾਝੇ।
ਗੁਰੂ ਦਸਮੇਂ ਨੇ ਸਿੰਘ ਸਾਜੇ।
ਐਸੀ ਸਜਦੀਆਂ ਪੱਗ ਦੀਆਂ ਚੋਣਾਂ ਨਾ...
ਵੇਖੇ ਦੇਸ਼ ਬਥੇਰੇ ਦੁਨੀਆਂ ਦੇ,
ਕੋਈ ਦੇਸ਼ ਪੰਜਾਬੋਂ ਸੋਹਣਾ ਨਾ।

***




*ਸੰਨ ਸੰਤਾਲੀ ਦੀ ਵੰਡ ਤੋਂ ਪਹਿਲਾਂ ਦੇ ਪੰਜਾਬ ਦਾ ਨਕਸ਼ਾ।*

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 31 ਅਗਸਤ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-79



*ਗਾ ਕੇ ਗੀਤ ਇਕ ਮੰਗਲਾ-ਚਰਨ ਦਾ ਜੀ,
ਕਲਾ ਫੇਰ ਦਿਖਾਲਾਂਗੇ ਬਾਜੀਆਂ ਦੀ।
ਟੀ.ਵੀ. ਭੁੱਲ ਕੇ ਕਰੋਗੇ ਸਿਫਤ ਯਾਰੋ,
ਖੇਡਾਂ ਦੇਖ ਕੇ ਸਾਹਮਣੇ ਤਾਜੀਆਂ ਦੀ!*

## ਕੈਪਸ਼ਨ ਮੁਕਾਬਲਾ-77



ਆ ਮੈਂ ਤੈਨੂੰ ਚੋਗ ਚੁਗਾਵਾਂ,
ਆ ਕਲਹਿਰੀਆ ਮੋਰਾ ਆ।
ਮੇਰੇ ਮਨ ਨੂੰ ਖੁਸ਼ੀ ਅਗੰਮੀ,
ਤੂੰ ਵੀ ਨੱਚ ਤੇ ਪੈਲਾਂ ਪਾ।
ਸਾਉਣ ਮਹੀਨਾ, ਦਿਨ ਸ਼ਗਨਾਂ ਦੇ,
ਐਵੇਂ ਨਾ ਹੁਣ ਲਾਰੇ ਲਾ।
***-ਜਗਮੀਤ ਸਿੰਘ ਪੰਧੇਰ***

---

ਹਰਿ ਪ੍ਰਭ ਦਾਤੇ ਚੋਗ ਖਿਲਾਰੀ
ਚੁਗਣ ਆਇਆ ਕਲਹਿਰੀ ਮੋਰ।
ਹੁਸਨ ਜਵਾਨੀ ਨੀਝਾਂ ਲਾ ਤੱਕੇ
ਕੀ ਕੀ ਦਿਤਾ ਇਸ ਨੂੰ ਹੋਰ।
ਸੁੰਦਰ ਕਲਗੀ, ਸੁਰਾਹੀ ਗਰਦਨ
ਮਖਮਲੀ ਰੰਗ, ਪੂਛਲ ਜਾਪੇ ਚੌਰ।
ਜਦ ਘਨਘੋਰ ਘਟਾਵਾਂ ਚੜ੍ਹ ਆਵਣ,
ਨੱਚਦਾ ਫਿਰਦਾ ਵਿਚ ਇਹ ਲੋਰ।
ਸ਼ਾਇਦ ਮਜਾਜਣ ਨੂੰ ਤੱਕਣ ਆਇਆ
ਚਾਹਵੇ ਸਿੱਖਣੀ ਇਸ ਤੋਂ ਤੋਰ।
***-ਸੇਵਾ ਸਿੰਘ ਨੂਰਪੁਰੀ
ਸੈਨ ਹੋਜ਼ੇ, ਕੈਲੀਫੋਰਨੀਆ।***

---

ਰਾਜਸਥਾਨਣ ਨਾਰੀ ਬੈਠੀ
ਮੋਰ ਨੂੰ ਚੋਗ ਚੁਗਾਵੇ।
ਮੋਰ ਬਾਦਸ਼ਾਹ ਪੰਛੀਆਂ ਦਾ
ਪਿਆਰ ਨਾਲ ਇਹ ਖਾਵੇ।
ਰੰਗਾਂ ਦਾ ਸੁਮੇਲ ਇਹ ਸੋਹਣਾ
ਰੱਬ ਨੇ ਆਪ ਬਣਾਇਆ।
ਮੋਰ ਨੂੰ ਤੱਕ 'ਸੁਰਜੀਤ' ਜਾਂਵਦਾ
ਹਰ ਦਿਲ ਹੈ ਨਸ਼ਿਆਇਆ।
***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

ਕੱਟੀ ਜਾਂਦੇ ਜੰਗਲ ਬੇਲੇ
ਨਾ ਦਿਸੇ ਪਿੱਪਲ, ਨਾ ਬੋਹੜ।
ਪੰਛੀ ਵੀ ਅਲੋਪ ਹੁੰਦੇ ਜਾਂਦੇ,
ਨਾ ਕੋਈ ਦਿਸਦਾ ਮੋਰ।
***-ਗੋਰਾ ਪ੍ਰਜਾਪਤ, ਨਿਊ ਯਾਰਕ***

---

ਸਾਉਣ ਮਹੀਨੇ ਵੇਖ ਘਟਾਵਾਂ
ਮੋਰ ਪੈਲਾਂ ਸੀ ਪਾਉਂਦਾ।
ਪਰ ਹੁਣ ਇਹ ਨਜ਼ਾਰਾ
ਵਿਰਲਾ ਵਿਰਲਾ ਨਜ਼ਰੀਂ ਆਉਂਦਾ।
***-ਹਰਮੀਕ ਸਿੰਘ ਵਿੱਕੀ
ਸਟਾਕਟਨ, ਕੈਲੀਫੋਰਨੀਆ।***

## ਖੂਬਸੂਰਤੀ ਬਣੀ ਕੌਂਸਲਰ ਬਣਨ ਦੇ ਰਾਹ 'ਚ ਅੜਿੱਕਾ

**ਤਹਿਰਾਨ:** ਈਰਾਨ ਵਿਚ ਇਕ ਔਰਤ ਨੂੰ ਇਸ ਕਰਕੇ ਕੌਂਸਲਰ ਨਹੀਂ ਬਣਨ ਦਿੱਤਾ ਕਿਉਂਕਿ ਉਹ ਖੂਬਸੂਰਤ ਹੈ। ਉਸ ਨੂੰ ਇਹ ਆਖ ਕੇ ਅਯੋਗ ਕਰਾਰ ਦੇ ਦਿੱਤਾ ਕਿ ਕੈਟਵਾਕ ਕਰਨ ਵਾਲੀ ਮਾਡਲ ਦੀ ਲੋੜ ਨਹੀਂ ਹੈ।

ਜ਼ਿਕਰਯੋਗ ਹੈ ਕਿ ਹੁਣੇ ਜਿਹੇ ਕਾਜਵਿਨ ਸਿਟੀ ਕੌਂਸਲ ਦੀਆਂ ਹੋਈਆਂ ਚੋਣਾਂ ਦੇ ਨਤੀਜਿਆਂ ਵਿਚ ਨੀਨਾ ਸਿਯਾਕਲੀ ਮੋਰਾਦੀ 14ਵੇਂ ਸਥਾਨ 'ਤੇ ਰਹੀ। ਮੋਰਾਦੀ ਨੂੰ 10 ਹਜ਼ਾਰ ਵੋਟਾਂ ਮਿਲੀਆਂ। ਪਹਿਲੇ 13 ਉਮੀਦਵਾਰ ਕੌਂਸਲਰ ਬਣ ਗਏ ਪਰ ਮੋਰਾਦੀ ਨੂੰ ਕੌਂਸਲਰ ਨਹੀਂ ਬਣਾਇਆ ਗਿਆ।







Listen for free:
1. Punjabi Radio USA LIVE!
2. Gurbani Radio
3. Non-Stop Punjabi Songs
4. Non-Stop Hindi Songs

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200

ਗੁਰਬਾਣੀ
ਚੌਬੀ ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

DOWNLOAD THE NEW FREE IPHONE and ANDROID APP (Search for "Punjabi Radio USA" in App store and Google Play)



# KHALSA
## INSURANCE AGENCY, INC.








STARTING A NEW OR HAVE AN EXISTING TRUCKING BUSINESS?
LONG HAUL OR LOCAL TRUCKING

» General Liability
» Auto Liability
» Bobtail Liability (Non-Trucking)
» Cargo
» Physical Damage
» Work - Comp

Call now for the LOWEST PRICES!
408-272-2500
www.KHALSAINSURANCE.com
3750 McKee Rd Suite A , San Jose, CA 95127

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia
Florida • Idaho • Iowa • Indiana • Illinois • Kansas • Louisiana • Maryland • Mississippi • Michigan
Minnesota • Nevada • New Jersey • New York • New Mexico • Oregon • Ohio • Oklahoma
Pennsylvania • Texas • Utah • Virginia • Vermont • Washington • Wisconsin

Khalsa Insurance Agency, Inc. CA LICENSE #0F89805

# 'ਲਾਈਟਨਿੰਗ ਬੋਲਟ' ਓਸੈਨ ਬੋਲਟ ਦਾ ਕਮਾਲ

## 27ਵੇਂ ਜਨਮ ਦਿਵਸ 'ਤੇ

21 ਅਗਸਤ ਓਸੈਨ ਬੋਲਟ ਦਾ ਜਨਮ ਦਿਨ ਹੈ। ਉਹ ਅਜੇ ਵੀ ਦੁਨੀਆਂ ਦਾ ਸਭ ਤੋਂ ਤੇਜ਼ ਦੌੜਾਕ ਹੈ, ਫਾਸਟੈਸਟ ਮੈਨ ਆਨ ਅਰਥ। ਉਸ ਨੂੰ 'ਲਾਈਟਨਿੰਗ ਬੋਲਟ' ਕਹਿ ਕੇ ਵਡਿਆਇਆ ਜਾਂਦੈ। ਉਹ ਬੰਦਾ ਕਾਹਦਾ, ਬਿਜਲੀ ਦਾ ਚਮਕਾਰਾ ਹੈ। ਨਿਰੀ ਨ੍ਹੇਰੀ! ਜਦੋਂ ਉਹ ਸਰਪਟ ਦੌੜ ਰਿਹਾ ਹੁੰਦੈ ਤਾਂ ਉਸ ਦੀ ਰਫ਼ਤਾਰ 44.72 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ। 11 ਅਗਸਤ 2013 ਨੂੰ ਮਾਸਕੋ ਦੀ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿਚ ਉਹ 100 ਮੀਟਰ ਦੀ ਦੌੜ 9.77 ਸੈਕਿੰਡ 'ਚ



**ਪ੍ਰਿੰ. ਸਰਵਣ ਸਿੰਘ**
ਫੋਨ: 905-799-1661

ਲਾ ਕੇ ਫਿਰ ਮੀਰੀ ਰਿਹਾ ਹੈ। ਦੌੜ ਵੇਲੇ ਮੀਂਹ ਪੈ ਰਿਹਾ ਸੀ ਜਿਸ ਵਿਚ ਉਹ ਬਿਜਲੀ ਵਾਂਗ ਲਿਸ਼ਕਿਆ ਤੇ ਗਿੱਲੇ ਟਰੈਕ ਨੂੰ ਅੱਗ ਲਾਉਂਦਾ ਗਿਆ! 17 ਅਗਸਤ ਨੂੰ ਉਹਨੇ 200 ਮੀਟਰ ਦੀ ਦੌੜ 19.66 ਸੈਕਿੰਡ ਵਿਚ ਜਿੱਤੀ। 4×100 ਰਿਲੇਅ ਦੌੜ ਦਾ ਗੋਲਡ ਮੈਡਲ ਵੀ ਉਹਦੀ ਜੇਬ ਵਿਚ ਹੈ। ਉਹਦੇ ਜਿਹੇ ਦੌੜਾਕ ਨਿੱਤ ਨਿੱਤ ਨਹੀਂ ਜੰਮਦੇ।

ਅੰਤਰਰਾਸ਼ਟਰੀ, ਮਹਾਂਦੀਪੀ ਤੇ ਵਿਸ਼ਵ ਪੱਧਰ ਦੇ ਅਥਲੈਟਿਕ ਮੇਲਿਆਂ 'ਚੋਂ ਉਸ ਦੇ ਜਿੱਤੇ ਤਮਗਿਆਂ ਦੀ ਗਿਣਤੀ 40 ਤੋਂ ਟੱਪ ਚੁੱਕੀ ਹੈ। 100 ਮੀਟਰ, 200 ਮੀਟਰ ਤੇ 4×100 ਮੀਟਰ ਰੀਲੇਅ ਦੌੜਾਂ ਦੇ ਵਿਸ਼ਵ ਰਿਕਾਰਡ ਉਹਦੇ ਨਾਂ ਬੋਲਦੇ ਹਨ। ਦੌੜਾਂ ਦੇ ਸਿਰ 'ਤੇ ਉਸ ਦੀ ਸਾਲਾਨਾ ਆਮਦਨ ਦੋ ਕਰੋੜ ਡਾਲਰ ਤੋਂ ਵੱਧ ਹੈ ਜੋ ਉਮੀਦ ਹੈ ਰੀਓ ਡਿ ਜਨੀਰੋ ਦੀਆਂ ਓਲੰਪਿਕ ਖੇਡਾਂ-2016 ਤਕ ਦਸ ਕਰੋੜ ਡਾਲਰ ਤਕ ਪੁੱਜ ਜਾਵੇਗੀ। ਜਿੰਨਾ ਉਹ ਤੇਜ਼ ਦੌੜ ਰਿਹੈ ਕਾਰੋਬਾਰੀ ਕੰਪਨੀਆਂ ਉਹਦੇ ਮਗਰ ਉਹਤੋਂ ਵੀ ਤੇਜ਼ ਦੌੜ ਰਹੀਆਂ ਨੇ। ਉਹਦੇ ਨਾਂ 'ਚ ਏਨੀ ਬਰਕਤ ਹੈ ਕਿ ਉਹਦੀ ਵਰਤੋਂ ਕਰ ਕੇ ਕਾਰਪੋਰੇਟ ਅਦਾਰੇ ਆਪਣੇ ਮੁਨਾਫੇ ਦੂਣ ਸਵਾਏ ਕਰੀ ਜਾਂਦੇ ਹਨ। ਉਹ ਜਿਹੜੀ ਵਸਤ ਦੀ ਮਸ਼ਹੂਰੀ ਕਰਦੈ ਉਹੋ ਸੋਨਾ ਬਣ ਜਾਂਦੀ ਹੈ!

ਉਸ ਦਾ ਪੂਰਾ ਨਾਂ ਓਸੈਨ ਲੀਓ ਬੋਲਟ ਹੈ ਤੇ ਨਿੱਕਾ ਨਾਂ ਲੀਓ। ਉਹਦਾ ਜਨਮ ਜਮਾਇਕਾ ਵਿਚ ਵੈਲਸਲੇ ਤੇ ਜੈਨੀਫਰ ਦੇ ਘਰ ਟ੍ਰੀਲਾਨੀ ਵਿਖੇ 21 ਅਗਸਤ 1986 ਨੂੰ ਹੋਇਆ। ਜਮਾਇਕਾ ਕੈਰੀਬੀਅਨ ਸਾਗਰ ਵਿਚ ਕਿਊਬਾ ਤੋਂ 145 ਕਿਲੋਮੀਟਰ ਦੱਖਣ ਵੱਲ ਇਕ ਟਾਪੂ ਹੈ। ਕ੍ਰਿਸਟਾਫਰ ਕੋਲੰਬਸ ਨੇ ਇਹ 1494 ਵਿਚ ਲੱਭਿਆ ਸੀ। ਇਸ ਦਾ ਰਕਬਾ 10990 ਵਰਗ ਕਿਲੋਮੀਟਰ ਹੈ। ਸੌ ਕੁ ਕਿਲੋਮੀਟਰ ਦੀ ਲੰਬਾਈ ਚੌੜਾਈ ਨਾਲ ਹੀ ਏਨਾ ਰਕਬਾ ਬਣ ਜਾਂਦੈ। ਕੋਲੰਬਸ ਦੇ ਪਹੁੰਚਣ ਵੇਲੇ ਇਸ ਟਾਪੂ 'ਤੇ ਦੋ ਸੌ ਪਿੰਡ ਸਨ। 1494 ਤੋਂ 1655 ਤਕ ਇਸ ਉਤੇ ਸਪੇਨੀਆਂ ਦਾ ਕਬਜ਼ਾ ਰਿਹਾ। 1655 ਤੋਂ ਅੰਗਰੇਜ਼ ਕਾਬਜ਼ ਹੋ ਗਏ ਜੋ 1962 ਤਕ ਰਾਜ ਕਰਦੇ ਰਹੇ। 1962 ਵਿਚ ਆਜ਼ਾਦ ਹੋਏ ਜਮਾਇਕਾ ਨੇ ਹੋਰ ਖੇਤਰਾਂ ਦੇ ਨਾਲ ਖੇਡਾਂ ਦੇ ਖੇਤਰ ਵਿਚ ਵੀ ਬੜੀਆਂ ਮੱਲਾਂ ਮਾਰੀਆਂ। ਤੇਜ਼ ਤਰਾਰ ਦੌੜਾਕਾਂ ਨੇ ਤਾਂ ਜਮਾਇਕਾ ਦੀ ਧੰਨ ਧੰਨ ਕਰਵਾ ਦਿੱਤੀ! ਪਿਛਲੇ ਕੁਝ ਸਾਲਾਂ ਤੋਂ ਇਸ ਦੇ ਸਪਰਿੰਟਰਾਂ ਦੀ ਵਿਸ਼ਵ ਉਤੇ ਝੰਡੀ ਹੈ।

ਜਮਾਇਕਾ ਦੀ ਆਬਾਦੀ ਅਜੇ ਵੀ 30 ਲੱਖ ਤੋਂ ਘੱਟ ਹੈ ਜਿਸ ਵਿਚੋਂ 10 ਲੱਖ ਦੇ ਕਰੀਬ ਇਸ ਦੀ ਰਾਜਧਾਨੀ ਕਿੰਗਸਟਨ ਵਿਚ ਰਹਿੰਦੇ ਹਨ। ਇਸ ਦੀ ਥੋੜ੍ਹੀ ਜਿਹੀ ਵਸੋਂ 'ਚੋਂ ਹੀ ਡੇਢ ਦਰਜਨ ਤੋਂ ਵੱਧ ਅਥਲੀਟ ਓਲੰਪਿਕ ਚੈਂਪੀਅਨ ਬਣ ਚੁੱਕੇ ਹਨ। ਵੈਸਟ ਇੰਡੀਜ਼ ਦੀ ਕ੍ਰਿਕਟ ਟੀਮ ਦੇ ਵਧੇਰੇ ਖਿਡਾਰੀ ਇਸ ਟਾਪੂ ਦੇ ਜੰਮਪਲ ਹਨ। ਜਮਾਇਕਾ ਦੀ ਫੁਟਬਾਲ ਟੀਮ ਵਿਸ਼ਵ ਫੁਟਬਾਲ ਕੱਪ ਖੇਡ ਚੁੱਕੀ ਹੈ ਅਤੇ ਕੁਝ ਹੋਰ ਖੇਡਾਂ ਦੀਆਂ ਟੀਮਾਂ ਵੀ ਵਿਸ਼ਵ ਪੱਧਰ 'ਤੇ ਚਮਕ ਚੁੱਕੀਆਂ ਹਨ। ਟਾਪੂ ਦਾ ਮੌਸਮ ਹਲਕਾ ਗਰਮ ਤੇ ਹੁੰਮਸ ਭਰਿਆ ਹੈ ਜਿਥੇ ਪੈਦਾਵਾਰ ਦੇ ਵੱਡੇ ਸਾਧਨ ਖੇਤੀਬਾੜੀ ਤੇ ਖਾਣਾਂ ਹਨ। ਮੁੱਖ ਭਾਸ਼ਾ ਅੰਗਰੇਜ਼ੀ ਤੇ ਦੂਜੀ ਭਾਸ਼ਾ ਸਪੇਨੀ ਹੈ। ਜਿੰਨੇ ਕੁ ਜਮੀਕੇ ਜਮਾਇਕਾ 'ਚ ਰਹਿੰਦੇ ਹਨ ਓਨੇ ਕੁ ਵਿਦੇਸ਼ਾਂ 'ਚ ਜਾ ਵਸੇ ਹਨ। ਇੰਜ ਹੀ ਕਾਫੀ ਸਾਰੇ ਵਿਦੇਸ਼ੀ ਜਮਾਇਕਾ ਨੂੰ ਆਪਣਾ ਘਰ ਬਣਾਈ ਬੈਠੇ ਹਨ। ਉਥੋਂ ਦੇ ਸਕੂਲਾਂ ਵਿਚ ਖੇਡਾਂ ਪੜ੍ਹਾਈ ਦਾ ਅੰਗ ਹਨ ਤੇ ਖੇਡਾਂ ਵਿਚ ਸਖ਼ਤ ਮਿਹਨਤ ਉਤੇ ਜ਼ੋਰ ਦਿੱਤਾ ਜਾਂਦੈ।

ਓਸੈਨ ਬੋਲਟ ਦੇ ਪੁਰਖੇ ਅਫਰੀਕੀ/ਕੈਰੀਬੀਅਨ ਨਸਲ ਦੇ ਹਨ ਜਿਨ੍ਹਾਂ ਦਾ ਧਰਮ ਇਸਾਈ ਕੈਥੋਲਿਕ ਹੈ। ਦੌੜਨ ਲੱਗਾ ਓਸੈਨ ਬੁੱਲ੍ਹਾਂ ਤੇ ਨੱਕ ਤੋਂ ਅਸਮਾਨ ਵੱਲ ਉਂਗਲ ਉਠਾਉਂਦੇ ਤੇ ਕਰਾਸ ਦਾ ਨਿਸ਼ਾਨ ਬਣਾਉਂਦੈ। ਉਸ ਦਾ ਕੱਦ 15 ਸਾਲ ਦੀ ਉਮਰ ਵਿਚ ਹੀ 6 ਫੁੱਟ 5 ਇੰਚ ਹੋ ਗਿਆ ਸੀ। ਹੁਣ ਵਜ਼ਨ 94 ਕਿੱਲੋਗਰਾਮ ਹੈ। ਰੰਗ ਤਵੇ ਵਰਗਾ ਕਾਲਾ, ਦੰਦ ਮੋਤੀਆਂ ਵਾਂਗ ਚਿੱਟੇ, ਮਸੂੜੇ ਬਦਾਮੀ, ਬੁੱਲ੍ਹ ਰਤਾ ਮੋਟੇ, ਨੱਕ ਲੰਮਾ ਤੇ ਚੌੜਾ, ਕੰਨ ਛੋਟੇ, ਮੱਥਾ ਟ੍ਰੰਕ ਵਾਂਗ ਖੁੱਲ੍ਹਾ, ਵਾਲ ਘੁੰਗਰਾਲੇ, ਘੰਡੀ ਉਚੀ ਤੇ ਉਂਗਲਾਂ ਲੰਮੀਆਂ ਹਨ। ਉਹ ਨੱਚਣ ਗਾਉਣ ਦਾ ਸ਼ੁਕੀਨ ਹੈ। ਫੁੱਟਬਾਲ ਦੀਆਂ ਸਿਰ ਤੇ ਪੈਰਾਂ ਉਤੇ ਦੇਰ ਤਕ ਬੁੱਚੀਆਂ ਪੁਆ ਸਕਦੈ। ਬੁੱਚੀਆਂ ਪੁਆਉਂਦਾ ਉਹ ਜਾਦੂਗਰ ਲੱਗਦੈ। ਦੌੜ ਜਿੱਤਣ ਪਿੱਛੋਂ ਹਵਾਈ ਜਹਾਜ਼ ਦੇ ਖੰਭਾਂ ਵਾਂਗ ਆਪਣੇ ਬਾਜ਼ੂ ਖਿਲਾਰ ਕੇ ਗੇੜਾ ਦਿੰਦੈ ਤੇ ਤੀਰ ਕਮਾਨ ਚਲਾਉਣ ਵਾਂਗ ਪੋਜ਼ ਬਣਾਉਂਦੈ। ਉਹਦੀ ਖੱਬੀ ਬਾਂਹ ਸਿੱਧੀ ਹੁੰਦੀ ਹੈ ਤੇ ਸੱਜੀ ਮੁੜਵੀਂ।

ਜਿੱਤਣ ਵੇਲੇ ਉਹ ਸੱਜੀ ਬਾਂਹ ਚੁੱਕਦੈ ਤੇ ਕਦੇ ਕਦੇ ਹਿੱਕ ਵੀ ਥਾਪੜਦੈ। ਕਦੇ ਕਿਸੇ ਉਂਗਲ ਵਿਚ ਛਾਪ ਵੀ ਪਾ ਲੈਂਦੈ ਤੇ ਗਲ 'ਚ ਜ਼ੰਜੀਰੀ ਵੀ ਪਹਿਨ ਲੈਂਦੈ। ਜਦੋਂ ਦੌੜਦੈ ਤਾਂ ਜ਼ੰਜੀਰੀ ਵੀ ਛਾਲਾਂ ਮਾਰਦੀ ਐ। ਕਦੇ ਠੋਡੀ ਉਤੇ ਦਾੜ੍ਹੀ ਰੱਖ ਲੈਂਦੈ ਕਦੇ ਮੁਨਾ ਦਿੰਦੈ। ਬੇਸ਼ੱਕ ਸਤਾਈ ਸਾਲਾਂ ਦਾ ਹੋ ਗਿਐ ਪਰ ਅਜੇ ਮੰਗਿਆ ਵਿਆਹਿਆ ਨਹੀਂ ਗਿਆ। ਉਂਜ ਬਥੇਰੀਆਂ ਕੁੜੀਆਂ ਮਰਦੀਆਂ ਉਹਦੇ 'ਤੇ। ਇਕ ਵਾਰ ਨੀਲੀਆਂ ਅੱਖਾਂ ਵਾਲੀ ਗੋਰੀ ਕੁੜੀ ਉਹਦੇ ਦੌੜ ਪੂਰੀ ਕਰਨ ਸਮੇਂ ਫੁੱਲਾਂ ਦਾ ਗੁਲਦਸਤਾ ਚੁੱਕੀ ਭੱਜੀ ਭੱਜੀ ਉਹਦੇ ਵੱਲ ਆਈ। ਸੰਭਲਦਿਆਂ ਵੀ ਉਨ੍ਹਾਂ ਦੀ ਟੱਕਰ ਹੋ ਗਈ। ਓਸੈਨ ਨੇ ਉਹ ਡਿੱਗਣੋਂ ਤਾਂ ਬਚਾ ਲਈ ਪਰ ਅਗਾਂਹ ਕੋਈ ਗੱਲ ਨਾ ਤੁਰੀ। ਫਿਰ ਇਕ ਕਾਲੀ ਕੁੜੀ ਭੱਜੀ ਆਈ ਜੋ ਉਹਦੇ ਨਾਲ ਹੀ ਚੰਬੜ ਗਈ। ਰੱਬ ਜਾਣੇ ਉਹਨੂੰ ਕੋਈ ਗੋਰੀ ਕੁੜੀ ਭੱਜ ਕੇ ਮਿਲੇਗੀ ਜਾਂ ਕਾਲੀ ਪਰ ਅਜੇ ਉਹ ਕਿਸੇ ਨੂੰ ਡਾਹੀ ਨਹੀਂ ਦੇ ਰਿਹਾ!

ਪਹਿਲਾਂ ਪਹਿਲ ਉਹ ਬਾਸਕਟਬਾਲ ਤੇ ਕ੍ਰਿਕਟ ਖੇਡਣ ਲੱਗਾ ਸੀ। ਉਚੀ ਛਾਲ ਵੀ ਵਾਹਵਾ ਲਾ ਲੈਂਦਾ ਸੀ ਪਰ ਉਹਦੇ ਕੋਚ ਨੇ ਛੇਤੀ ਹੀ ਉਸ ਨੂੰ ਦੌੜਾਂ ਵੱਲ ਮੋੜ ਲਿਆ। 14 ਸਾਲ ਦੀ ਉਮਰ ਵਿਚ ਉਸ ਨੇ ਸਕੂਲ 'ਚ 80 ਮੀਟਰ ਦੀ ਅੜਿਕਾ ਦੌੜ ਜਿੱਤੀ। ਫਿਰ 200 ਮੀਟਰ ਦੌੜ ਨੂੰ ਪੈ ਗਿਆ। ਉਹ ਰਿਜਨਲ ਤੇ ਕੈਰੀਬੀਅਨ ਪੱਧਰ 'ਤੇ ਜੂਨੀਅਰ ਵਰਗ ਦੀਆਂ ਦੌੜਾਂ ਜਿੱਤਦਾ, ਕਿੰਗਸਟਨ ਵਿਚ ਹੋਈ ਜੂਨੀਅਰ ਵਰਲਡ ਚੈਂਪੀਅਨਸ਼ਿਪ 'ਚੋਂ 200 ਮੀਟਰ ਦੀ ਦੌੜ 20.61 ਸੈਕਿੰਡ 'ਚ ਲਾ ਕੇ ਨਵਾਂ ਮੀਟ ਰਿਕਾਰਡ ਰੱਖ ਗਿਆ। 400 ਮੀਟਰ ਦੀ ਦੌੜ ਉਸ ਨੇ 45.28 ਸੈਕਿੰਡ 'ਚ ਲਾ ਵਿਖਾਈ!

ਸ਼ੁਰੂ ਵਿਚ ਉਹ ਨਰਵਸ ਹੋ ਜਾਂਦਾ ਸੀ। ਇਕ ਵਾਰ ਦੌੜਨ ਲੱਗੇ ਨੇ ਸਪਾਈਕਸ ਹੀ ਪੁੱਠੇ ਬੰਨ੍ਹ ਲਏ ਸਨ ਪਰ ਦੌੜ ਫਿਰ ਵੀ ਜਿੱਤ ਗਿਆ। ਉਸ ਦਾ ਕਹਿਣਾ ਹੈ ਕਿ ਉਹ ਦੌੜਾਂ ਜਿੱਤਣ ਲਈ ਦੌੜਦੈ ਨਾ ਕਿ ਰਿਕਾਰਡ ਰੱਖਣ ਲਈ। ਵੈਸੇ ਉਸ ਦੇ ਰਿਕਾਰਡ ਦੰਗ ਕਰ ਦੇਣ ਵਾਲੇ ਹਨ। 100 ਮੀਟਰ ਦੌੜ 9.58 ਸੈਕਿੰਡ ਬਰਲਿਨ 2009, 150 ਮੀਟਰ 14.35 ਸੈਕਿੰਡ ਮਾਨਚੈਸਟਰ 2009, 200 ਮੀਟਰ 19.19 ਸੈਕਿੰਡ ਬਰਲਿਨ 2009 ਤੇ 4×100 ਮੀਟਰ ਰਿਲੇਅ ਦੌੜ 36.84 ਸੈਕਿੰਡ ਲੰਡਨ ਓਲੰਪਿਕ ਖੇਡਾਂ। ਉਹਦਾ ਪਹਿਲਾ ਕੋਚ ਫਿਟਸ ਕੋਲੇਮਨ ਸੀ। ਜਦੋਂ ਉਹ ਜੂਨੀਅਰ ਐਥਲੀਟ ਵਜੋਂ ਚਮਕਿਆ ਤਾਂ ਅਮਰੀਕਾ ਨੇ ਵਜ਼ੀਫੇ ਦੀ ਪੇਸ਼ਕਸ਼ ਕੀਤੀ ਪਰ ਉਹ ਅਮਰੀਕਾ ਨਾ ਗਿਆ। ਜਮਾਇਕਾ ਦੇ ਪ੍ਰਧਾਨ ਮੰਤਰੀ ਪੀ. ਜੇ. ਪੈਟਰਸਨ ਨੇ ਉਸ ਨੂੰ ਕਿੰਗਸਟਨ ਦੀ ਯੂਨੀਵਰਸਿਟੀ ਆਫ ਟੈਕਨਾਲੋਜੀ ਵਿਚ ਦਾਖਲ ਕਰਵਾ ਦਿੱਤਾ। ਉਥੇ ਉਹ ਕੋਚ ਗਲੈਨ ਮਿਲਜ਼ ਦੀ ਕੋਚਿੰਗ ਅਧੀਨ ਨਵੇਂ ਮਾਅਰਕੇ ਮਾਰਨ ਲੱਗਾ।

ਅਕਸਰ ਖਿਡਾਰੀ ਸਪੋਰਟਸ ਇੰਜਰੀ ਦੇ ਸ਼ਿਕਾਰ ਹੋ ਜਾਂਦੇ ਹਨ। ਓਸੈਨ ਦਾ ਵੀ ਮਸਲ ਖਿਚਿਆ ਗਿਆ ਸੀ ਤੇ ਇਕ ਕਾਰ ਹਾਦਸਾ ਵਾਪਰ ਗਿਆ ਸੀ। 2004 ਤੋਂ 6 ਤਕ ਉਹ ਢਿੱਲਾ ਮੱਠਾ ਹੀ ਰਿਹਾ। 2007 ਵਿਚ ਉਹ ਮੁੜ ਸੰਭਲਿਆ ਤੇ 200 ਮੀਟਰ ਦੌੜ ਵਿਚ ਜਮਾਇਕਾ ਦਾ ਤੀਹ ਸਾਲ ਪੁਰਾਣਾ ਰਿਕਾਰਡ ਤੋੜਿਆ। 2008 'ਚ ਉਹਦੀ ਗੁੱਡੀ ਅਸਮਾਨੇ ਜਾ ਚੜ੍ਹੀ। ਨਿਊ ਯਾਰਕ ਵਿਚ 100 ਮੀਟਰ ਦੀ ਦੌੜ 9.72 ਸੈਕਿੰਡ 'ਚ ਲਾ ਕੇ ਉਹ ਨਵਾਂ ਵਿਸ਼ਵ ਰਿਕਾਰਡ ਬਣਾ ਗਿਆ। ਬੀਜਿੰਗ ਓਲੰਪਿਕ ਖੇਡਾਂ-2008 ਵਿਚ ਤਾਂ ਉਸ ਨੇ ਕਮਾਲ ਹੀ ਕਰ ਦਿੱਤੀ। 100 ਮੀਟਰ ਦੀ ਦੌੜ 9.69 ਸੈਕਿੰਡ ਵਿਚ ਲਾ ਵਿਖਾਈ। ਉਹ ਹੋਰਨਾਂ ਦੌੜਾਕਾਂ ਤੋਂ ਕਾਫੀ ਅੱਗੇ ਸੀ। ਉਸ ਨੇ ਧੌਣ ਘੁਮਾ ਕੇ ਵੇਖਿਆ ਤੇ ਸੱਜੇ ਹੱਥ ਨਾਲ ਛਾਤੀ ਥਾਪੜਦਿਆਂ ਦੌੜ ਪੂਰੀ ਕੀਤੀ। ਜੇ ਉਹ ਅਜਿਹਾ ਨਾ ਕਰਦਾ ਤਾਂ ਸੰਭਵ ਸੀ ਉਹ ਦੌੜ ਹੋਰ ਵੀ ਘੱਟ ਸਮੇਂ ਵਿਚ ਪੂਰੀ ਕਰ ਦਿੰਦਾ। ਖੇਡ ਮਾਹਿਰਾਂ ਦਾ ਅਨੁਮਾਨ ਹੈ ਕਿ ਉਦਣ ਓਸੈਨ 9.55 ਤੋਂ 9.60 ਸੈਕਿੰਡ ਦੇ ਵਿਚਕਾਰ ਦੌੜ ਪੂਰੀ ਕਰ ਸਕਦਾ ਸੀ। ਉਥੇ ਉਸ ਨੇ 200 ਮੀਟਰ ਦੀ ਦੌੜ 19.30 ਸੈਕਿੰਡ ਵਿਚ ਜਿੱਤ ਕੇ ਇਕ ਹੋਰ ਵਿਸ਼ਵ ਰਿਕਾਰਡ ਰੱਖਿਆ। ਓਲੰਪਿਕ ਖੇਡਾਂ ਦਾ ਤੀਜਾ ਗੋਲਡ ਮੈਡਲ 4×100 ਮੀਟਰ ਦੀ ਰਿਲੇਅ 37.10 ਸੈਕਿੰਡ ਵਿਚ ਲਾ ਕੇ ਜਿੱਤਿਆ। ਲੰਡਨ ਓਲੰਪਿਕ ਖੇਡਾਂ-2012 ਸਮੇਂ ਓਸੈਨ 100 ਮੀਟਰ 9.63 ਸੈਕਿੰਡ, 200 ਮੀਟਰ 19.32 ਤੇ 4×100 ਮੀਟਰ ਰਿਲੇਅ 36.84 ਸੈਕਿੰਡ ਵਿਚ ਦੌੜ ਕੇ ਫਿਰ ਤਿੰਨ ਗੋਲਡ ਮੈਡਲ ਜਿੱਤ ਗਿਆ। ਲਗਾਤਾਰ ਦੋ ਓਲੰਪਿਕ ਖੇਡਾਂ 'ਚੋਂ ਇਹ ਤਿੰਨੇ ਦੌੜਾਂ ਪਹਿਲਾਂ ਕਿਸੇ ਨੇ ਨਹੀਂ ਸਨ ਜਿੱਤੀਆਂ।




ਓਸੈਨ ਬੋਲਟ

2009 ਵਿਚ ਬਰਲਿਨ ਦੀ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਸਮੇਂ ਉਹ 100 ਮੀਟਰ 9.58 ਸੈਕਿੰਡ ਵਿਚ ਲਾ ਗਿਆ ਜੋ ਕ੍ਰਿਸ਼ਮਾ ਹੀ ਕਿਹਾ ਜਾ ਸਕਦੈ। 200 ਮੀਟਰ 19.19 ਸੈਕਿੰਡ ਵਿਚ ਲਾ ਕੇ ਕਹਿਰ ਹੀ ਕਰ ਦਿੱਤਾ। 2011 ਦੀ ਵਿਸ਼ਵ ਅਥਲੈਟਿਕ ਚੈਂਪੀਅਨਸ਼ਿਪ ਦੱਖਣੀ ਕੋਰੀਆ ਦੇ ਸ਼ਹਿਰ ਡਿਐਗੋ ਵਿਚ ਹੋਈ ਸੀ। ਉਦੋਂ ਉਹ ਪੂਰੀ ਤਿਆਰੀ ਵਿਚ ਸੀ ਪਰ 100 ਮੀਟਰ ਦੀ ਦੌੜ ਵਿਚ ਗਲਤ ਸਟਾਰਟ ਲੈਣ ਕਾਰਨ ਦੌੜ ਤੋਂ ਬਾਹਰ ਕਰ ਦਿੱਤਾ ਗਿਆ। ਵੱਡੀ ਗਿਣਤੀ 'ਚ ਜੁੜੇ ਦਰਸ਼ਕਾਂ ਨੇ ਹਉਕਾ ਭਰਿਆ। ਝੁੰਜਲਾਹਟ ਵਿਚ ਉਸ ਨੇ ਆਪਣੀ ਜਰਸੀ ਲਾਹ ਕੇ ਚਲਾ ਮਾਰੀ ਤੇ ਨੰਗੇ ਧੜ ਪਿੱਛੇ ਮੁੜਿਆ। ਉਹਦਾ ਬਲਾਕ ਸੱਖਣਾ ਤੇ 5 ਨੰਬਰ ਲੇਨ ਸੁੰਨੀ ਹੋ ਗਈ। ਪਰ ਮਾਸਕੋ ਵਿਚ ਉਸ ਨੇ ਇਹ ਗਲਤੀ ਨਹੀਂ ਕੀਤੀ ਤੇ ਇਕ ਵਾਰ ਫਿਰ ਵਿਸ਼ਵ ਦਾ ਸਭ ਤੋਂ ਤੇਜ਼ ਦੌੜਾਕ ਸਾਬਤ ਹੋਇਆ ਹੈ।

ਓਸੈਨ ਬੋਲਟ 100 ਮੀਟਰ ਦੀ ਦੌੜ 9.58 ਸੈਕਿੰਡ ਵਿਚ ਤਾਂ ਲਾ ਹੀ ਗਿਐ। ਕੀ ਇਸ ਦੌੜ ਵਿਚ ਕਦੇ 9 ਸੈਕਿੰਡ ਦੀ ਸੀਮਾ ਵੀ ਟੁੱਟੇਗੀ? ਵੀਹਵੀਂ ਸਦੀ ਦੇ ਸ਼ੁਰੂ 'ਚ ਭਵਿੱਖਬਾਣੀ ਕੀਤੀ ਗਈ ਸੀ ਕਿ ਇਸ ਧਰਤੀ ਦਾ ਬੰਦਾ 100 ਮੀਟਰ ਦੀ ਦੌੜ ਕਦੇ ਵੀ 10 ਸੈਕਿੰਡ ਤੋਂ ਘੱਟ ਸਮੇਂ ਵਿਚ ਨਹੀਂ ਦੌੜ ਸਕੇਗਾ। ਪਰ ਇਹ ਸੀਮਾ ਮੈਕਸੀਕੋ ਦੀਆਂ ਓਲੰਪਿਕ ਖੇਡਾਂ ਸਮੇਂ 1968 ਵਿਚ ਹੀ ਟੁੱਟ ਗਈ। ਫਿਰ ਭਵਿੱਖਬਾਣੀ ਕੀਤੀ ਗਈ ਕਿ 9.50 ਸੈਕਿੰਡ ਦੀ ਹੱਦ 2060 ਤਕ ਨਹੀਂ ਟੁੱਟ ਸਕੇਗੀ। ਪਰ 2009 ਵਿਚ ਹੀ ਓਸੈਨ ਬੋਲਟ ਇਸ ਹੱਦ ਦੇ ਨੇੜੇ ਪਹੁੰਚ ਗਿਆ। ਇਸ ਤੋਂ ਜਾਪਦੈ ਕਿ ਇੱਕੀਵੀਂ ਸਦੀ ਦੇ ਅੰਤ ਤਕ 9 ਸੈਕਿੰਡ ਦੀ ਵੀ ਖ਼ੈਰ ਨਹੀਂ। ਅਸਲ ਵਿਚ ਮਨੁੱਖੀ ਪ੍ਰਤਿਭਾ ਦੀ ਕੋਈ ਸੀਮਾ ਹੀ ਨਹੀਂ ਤੇ ਅੰਤਲੀ ਹੱਦ ਮਿਥਣੀ ਵੀ ਵਾਜਬ ਨਹੀਂ। ਓਲੰਪਿਕ ਖੇਡਾਂ ਦਾ ਆਦਰਸ਼ ਵੀ ਇਹੋ ਹੈ, ਹੋਰ ਅੱਗੇ, ਹੋਰ ਉੱਚਾ, ਹੋਰ ਤੇਜ਼!

ਆਦਿ ਕਾਲ 'ਚ ਮਨੁੱਖ ਜਦੋਂ ਦੋ ਪੈਰਾਂ 'ਤੇ ਖੜ੍ਹਨ ਜੋਗਾ ਹੋਇਆ ਸੀ ਤਾਂ ਇਹ ਵੀ ਮੁਸ਼ਕਲ ਲੱਗਦਾ ਸੀ ਕਿ ਉਹ ਕਦੇ ਦੌੜ ਵੀ ਸਕੇਗਾ। ਉਹ ਸਹਾਰੇ ਨਾਲ ਡੋਲਦਾ ਜਿਹਾ ਤੁਰਨ ਲੱਗਾ ਸੀ। ਉਸ ਨੂੰ ਇਕ ਮੀਲ ਦੀ ਦੌੜ 4 ਮਿੰਟ ਤੋਂ ਘੱਟ ਸਮੇਂ 'ਚ ਪੂਰੀ ਕਰਨ ਲਈ 190,000 ਸਾਲ ਵਿਕਸਤ ਹੋਣਾ ਪਿਆ। ਆਖਰ 6 ਮਈ 1954 ਨੂੰ ਚਾਰ ਮਿੰਟ ਦੀ ਹੱਦ ਟੁੱਟੀ ਤਾਂ ਫਿਰ ਟੁੱਟਦੀ ਹੀ ਚਲੀ ਗਈ। ਮੀਲ ਦੀ ਦੌੜ ਦਾ ਸਮਾਂ 4:1.6 ਸੈਕਿੰਡ ਤੋਂ ਘਟਾ ਕੇ 3:59.4 ਸੈਕਿੰਡ ਤਕ ਲਿਆਉਣ ਲਈ ਦਸ ਵਰ੍ਹੇ ਲੱਗੇ ਸਨ ਪਰ ਇਸ ਸਮੇਂ ਨੂੰ 3:57.9 ਸੈਕਿੰਡ ਤਕ ਲਿਆਉਣ ਲਈ ਸਿਰਫ਼ 46 ਦਿਨ ਹੀ ਲੱਗੇ। ਅਗਲੇ ਦਸਾਂ ਸਾਲਾਂ ਵਿਚ 366 ਦੌੜਾਕ ਮੀਲ ਦੀ ਦੌੜ 4 ਮਿੰਟ ਤੋਂ ਥੱਲੇ ਦੌੜੇ! 7 ਜੁਲਾਈ 1999 ਦੇ ਦਿਨ ਰੋਮ ਵਿਚ ਮਰਾਕੋ ਦਾ ਇਕ ਦੌੜਾਕ ਮੀਲ ਦੀ ਦੌੜ 3:43.13 ਸੈਕਿੰਡ ਵਿਚ ਦੌੜ ਗਿਆ!! ਹੈ ਕੋਈ ਹੱਦ ਬੰਨਾ ਮਨੁੱਖ ਦੀ ਸਮਰੱਥਾ ਦਾ!!!

1896 ਦੀਆਂ ਪਹਿਲੀਆਂ ਓਲੰਪਿਕ ਖੇਡਾਂ ਵਿਚ ਅਮਰੀਕਾ ਦਾ ਥਾਮਸ ਬਰਕ 100 ਮੀਟਰ ਦੀ ਦੌੜ 12.00 ਸੈਕਿੰਡ ਵਿਚ ਦੌੜ ਕੇ ਓਲੰਪਿਕ ਚੈਂਪੀਅਨ ਬਣਿਆ ਸੀ। ਅਗਲੀਆਂ ਓਲੰਪਿਕ ਖੇਡਾਂ ਵਿਚ ਰਿਕਾਰਡ ਬਿਹਤਰ ਤੋਂ ਬਿਹਤਰ ਹੋਣ ਲੱਗੇ ਤਾਂ ਕਿਆਸ ਅਰਾਈਆਂ ਲੱਗਣ ਲੱਗੀਆਂ ਕਿ ਭਵਿੱਖ ਦਾ ਮਨੁੱਖ ਇਹ ਦੌੜ ਘੱਟ ਤੋਂ ਘੱਟ ਕਿੰਨੇ ਸਮੇਂ ਵਿਚ ਦੌੜ ਸਕੇਗਾ?

ਮਨੁੱਖ ਦੇ ਸਰੀਰ ਤੇ ਲੱਤਾਂ ਪੈਰਾਂ ਦੀ ਬਣਤਰ ਨੂੰ ਨਿਹਾਰਦਿਆਂ ਅਤੇ ਧਰਤ ਖਿੱਚ ਦੇ ਸਿਧਾਂਤ ਨੂੰ ਮੁੱਖ ਰੱਖਦਿਆਂ 1920 ਦੇ ਆਸ-ਪਾਸ ਖੇਡ ਵਿਗਿਆਨੀਆਂ ਨੇ ਭਵਿੱਖਬਾਣੀ ਕੀਤੀ ਸੀ ਕਿ ਬੰਦਾ ਕਦੇ ਵੀ ਇਹ ਦੌੜ 10 ਸੈਕਿੰਡ ਤੋਂ ਘੱਟ ਸਮੇਂ ਵਿਚ ਨਹੀਂ ਦੌੜ ਸਕੇਗਾ। ਪਰ 14 ਅਕਤੂਬਰ 1968 ਨੂੰ ਅਮਰੀਕਾ ਦੇ ਜਿਮ ਹਾਈਨਜ਼ ਨੇ ਇਹ ਦੌੜ 9.95 ਸੈਕਿੰਡ ਵਿਚ ਲਾ ਵਿਖਾਈ। ਉਦੋਂ ਇਹ ਕਿਹਾ ਗਿਆ ਕਿ ਮੈਕਸੀਕੋ ਸਿਟੀ ਸਮੁੰਦਰੀ ਸਤ੍ਹਾ ਤੋਂ ਕਾਫੀ ਉਚਾਈ ਉਤੇ ਹੋਣ ਕਾਰਨ ਹਵਾ ਹਲਕੀ ਸੀ ਜਿਸ ਕਰਕੇ 10 ਸੈਕਿੰਡ ਦੀ ਹੱਦ ਟੁੱਟ ਗਈ। ਪਰ 3 ਜੁਲਾਈ 1983 ਨੂੰ ਅਮਰੀਕਾ ਦੇ ਸ਼ਹਿਰ ਕਲੋਰਾਡੋ ਸਪਰਿੰਗਜ਼ ਵਿਚ ਕੈਲਵਿਨ ਸਮਿੱਥ ਨੇ 9.93 ਸੈਕਿੰਡ ਦਾ ਸਮਾਂ ਕੱਢ ਕੇ ਉਹਦਾ ਰਿਕਾਰਡ ਵੀ ਤੋੜ ਦਿੱਤਾ! ਇਹ ਸ਼ਹਿਰ ਮੈਕਸੀਕੋ ਸਿਟੀ ਜਿੰਨੀ ਉਚਾਈ ਉਤੇ ਨਹੀਂ ਸੀ।

ਕੈਨੇਡਾ ਦਾ ਬੈਨ ਜੌਨਸਨ 30 ਅਗਸਤ 1987 ਨੂੰ ਰੋਮ ਵਿਖੇ 100 ਮੀਟਰ 9.83 ਸੈਕਿੰਡ ਵਿਚ ਦੌੜ ਗਿਆ ਪਰ ਪਿੱਛੋਂ ਡੋਪ ਟੈਸਟ 'ਚ ਦਾਗੀ ਹੋ ਜਾਣ ਕਾਰਨ ਉਹਦਾ ਰਿਕਾਰਡ ਰੱਦ ਕਰਨਾ ਪਿਆ। ਫਿਰ ਅਮਰੀਕਾ ਦੇ ਕਾਰਲ ਲੇਵਿਸ ਨੇ 24 ਸਤੰਬਰ 1988 ਨੂੰ ਸਿਓਲ ਦੀਆਂ ਓਲੰਪਿਕ ਖੇਡਾਂ ਵਿਚ 9.92 ਸੈਕਿੰਡ ਦਾ ਨਵਾਂ ਰਿਕਾਰਡ ਰੱਖਿਆ। ਉਥੇ ਬੈਨ ਜੌਨਸਨ ਦਾ ਟਾਈਮ 9.79 ਸੈਕਿੰਡ ਸੀ ਪਰ ਡੋਪ ਟੈਸਟ ਵਿਚ ਫੇਲ੍ਹ ਹੋਣ ਕਾਰਨ ਮੰਨਿਆ ਨਾ ਗਿਆ। 14 ਜੂਨ 1991 ਨੂੰ ਲਰੋਏ ਬੁੱਰਲ ਨਿਊ ਯਾਰਕ ਵਿਚ ਇਹ ਦੌੜ 9.90 ਸੈਕਿੰਡ ਵਿਚ ਦੌੜਿਆ। 25 ਅਗਸਤ 1991 ਨੂੰ ਕਾਰਲ ਲੇਵਿਸ ਨੇ ਟੋਕੀਓ ਵਿਚ 100 ਮੀਟਰ ਦੌੜ 9.86 ਸੈਕਿੰਡ ਵਿਚ ਦੌੜ ਕੇ ਵਿਸ਼ਵ ਰਿਕਾਰਡ ਫਿਰ ਆਪਣੇ ਨਾਂ ਕਰ ਲਿਆ। 6 ਜੁਲਾਈ 1994 ਨੂੰ ਲਰੋਏ ਬੁੱਰਲ ਸਵਿਟਜ਼ਰਲੈਂਡ ਦੇ ਸ਼ਹਿਰ ਲੁਸਾਨੇ ਵਿਚ ਇਹ ਦੌੜ 9.85 ਸੈਕਿੰਡ ਵਿਚ ਦੌੜ ਗਿਆ।

27 ਜੁਲਾਈ 1996 ਨੂੰ ਐਟਲਾਂਟਾ ਦੀਆਂ ਓਲੰਪਿਕ ਖੇਡਾਂ ਵਿਚ ਕੈਨੇਡਾ ਦਾ ਡੋਨੋਵਨ ਬੈਲੀ 9.84 ਸੈਕਿੰਡ ਵਿਚ ਦੌੜਿਆ। 16 ਜੂਨ 1999 ਨੂੰ ਏਥਨਜ਼ ਵਿਚ ਮੌਰਿਸ ਗਰੀਨ ਨੇ 9.79 ਸੈਕਿੰਡ ਦਾ ਨਵਾਂ ਵਿਸ਼ਵ ਰਿਕਾਰਡ ਰੱਖਿਆ। 14 ਸਤੰਬਰ 2002 ਨੂੰ ਪੈਰਿਸ ਵਿਚ ਟਿਮ ਮੋਂਟਗੁਮਰੀ ਨੇ ਇਹ ਦੌੜ 9.78 ਸੈਕਿੰਡ ਵਿਚ ਲਾਈ। 14 ਜੂਨ 2005 ਨੂੰ ਏਥਨਜ਼ ਵਿਖੇ ਆਸਾਫਾ ਪਾਵਲ 9.77 ਸੈਕਿੰਡ ਵਿਚ ਦੌੜਿਆ। 9 ਸਤੰਬਰ 2007 ਨੂੰ ਇਟਲੀ ਵਿਚ ਦੌੜਦਿਆਂ ਉਸ ਨੇ 9.74 ਸੈਕਿੰਡ ਦਾ ਨਵਾਂ ਵਿਸ਼ਵ ਰਿਕਾਰਡ ਰੱਖਿਆ।

ਫਿਰ ਜਮਾਇਕਾ ਦਾ ਝੱਖੜ ਓਸੈਨ ਬੋਲਟ ਅੱਗੇ ਵਧਿਆ। 31 ਮਈ 2008 ਦੇ ਦਿਨ ਨਿਊ ਯਾਰਕ ਵਿਚ ਦੌੜਦਿਆਂ ਉਹ ਵਿਸ਼ਵ ਰਿਕਾਰਡ 9.72 ਸੈਕਿੰਡ 'ਤੇ ਲੈ ਆਇਆ ਤੇ ਢਾਈ ਮਹੀਨੇ ਬਾਅਦ 16 ਅਗਸਤ ਨੂੰ ਬੀਜਿੰਗ ਦੀਆਂ ਓਲੰਪਿਕ ਖੇਡਾਂ ਵਿਚ 9.69 ਸੈਕਿੰਡ ਸਮਾਂ ਕੱਢ ਗਿਆ। ਇਕ ਸਾਲ ਬਾਅਦ 16 ਅਗਸਤ ਨੂੰ ਬਰਲਿਨ ਵਿਚ ਦੌੜਦਿਆਂ ਉਸ ਨੇ ਕਮਾਲ ਹੀ ਕਰ ਦਿੱਤੀ। ਉਥੇ ਉਸ ਨੇ 100 ਮੀਟਰ ਦੌੜ 9.58 ਸੈਕਿੰਡ ਵਿਚ ਦੌੜ ਵਿਖਾਈ!

ਹੁਣ ਕਿਆਸ ਅਰਾਈਆਂ ਲੱਗ ਰਹੀਆਂ ਕਿ ਬੰਦਾ ਹੋਰ ਕਿੰਨਾ ਤੇਜ਼ ਦੌੜ ਸਕੇਗਾ? ਕੀ ਕਦੇ 9 ਸੈਕਿੰਡ ਦੀ ਹੱਦ ਵੀ ਟੁੱਟ ਸਕੇਗੀ? ਖੇਡ ਵਿਗਿਆਨੀਆਂ ਨੇ ਇਸ ਸੰਬੰਧੀ ਜੋ ਹਿਸਾਬ ਲਾਇਆ ਹੈ ਉਸ ਮੁਤਾਬਿਕ 2060 ਤਕ ਓਸੈਨ ਬੋਲਟ ਦਾ ਹੀ ਰਿਕਾਰਡ ਕਾਇਮ ਰਹਿ ਜਾਣ ਦੀ ਸੰਭਾਵਨਾ ਹੈ। ਓਸੈਨ ਬੋਲਟ ਵੀ ਇਹ ਰਿਕਾਰਡ ਤਦ ਹੀ ਤੋੜ ਸਕਦੈ ਜੇ ਸਟਾਰਟ ਦੀ ਆਵਾਜ਼ ਉਤੇ ਉਹਦਾ ਕਦਮ ਬਲਾਕ ਤੋਂ ਹੋਰ ਤੇਜ਼ ਉੱਠੇ, ਆਪਣੀ ਪੂਰੀ ਸਪੀਡ ਹੋਰ ਤੇਜ਼ੀ ਨਾਲ ਫੜੇ ਤੇ ਦੌੜ ਦਾ ਅੰਤ ਵੱਧ ਰਫ਼ਤਾਰ ਨਾਲ ਕਰੇ। 2009 ਵਿਚ ਜੇ ਉਸ ਨੇ ਸਟਾਰਟ ਸਮੇਂ ਸੈਕਿੰਡ ਦਾ ਦਸਵਾਂ ਹਿੱਸਾ ਨਾ ਗੁਆਇਆ ਹੁੰਦਾ ਤਾਂ ਉਸ ਦਾ ਰਿਕਾਰਡ 9.51 ਸੈਕਿੰਡ ਹੋਣਾ ਸੀ!

ਕੁਝ ਸਮਾਂ ਪਹਿਲਾਂ ਤਕ ਸਟਾਰਟਰ ਅੰਦਰਲੀ ਲੇਨ ਕੋਲੋਂ ਗੰਨ ਦੇ ਫਾਇਰ ਨਾਲ ਸਟਾਰਟ ਦਿਆ ਕਰਦਾ ਸੀ। ਉਸ ਦੀ ਆਵਾਜ਼ ਅੰਦਰਲੀ ਲੇਨ ਤੋਂ 0.025 ਸੈਕਿੰਡ ਬਾਅਦ 11 ਮੀਟਰ ਦੂਰ ਬਾਹਰਲੀ ਲੇਨ ਤਕ ਪੁੱਜਦੀ ਸੀ। ਇੰਜ ਅੰਦਰਲੀ ਲੇਨ ਵਾਲੇ ਨੂੰ ਸਭ ਤੋਂ ਵੱਧ ਫਾਇਦਾ ਹੁੰਦਾ ਸੀ ਤੇ ਬਾਹਰਲੀ ਲੇਨ ਵਾਲੇ ਨੂੰ ਸਭ ਤੋਂ ਵੱਧ ਨੁਕਸਾਨ। ਹੁਣ ਹਰ ਦੌੜਾਕ ਦੇ ਬਲਾਕ ਪਿੱਛੇ ਸਪੀਕਰ ਦੀ ਬੀਪ ਲੱਗੀ ਹੁੰਦੀ ਹੈ ਤੇ ਗੰਨ ਦੀ ਆਵਾਜ਼ ਸਭ ਨੂੰ ਇਕੋ ਸਮੇਂ ਸੁਣਾਈ ਦਿੰਦੀ ਹੈ। ਆਵਾਜ਼ 'ਤੇ ਰੀਐਕਸ਼ਨ ਟਾਈਮ ਸੈਕਿੰਡ ਦਾ ਦਸਵਾਂ ਹਿੱਸਾ ਲੱਗਣਾ ਚਾਹੀਦੈ। ਇਸ ਤੋਂ ਘੱਟ ਸਮਾਂ ਲੱਗੇ ਤਾਂ ਸਟਾਰਟ ਫਾਊਲ ਹੋ ਜਾਂਦੈ। ਜੇ ਵੱਧ ਸਮਾਂ ਲੱਗ ਜਾਵੇ ਤਾਂ ਦੌੜ ਪੂਰੀ ਕਰਨ 'ਚ ਵੀ ਵੱਧ ਸਮਾਂ ਲੱਗਦੈ। ਬਰਲਿਨ ਵਿਚ ਜਿੱਦਣ ਓਸੈਨ ਬੋਲਟ ਨੇ 9.58 ਸੈਕਿੰਡ ਦਾ ਸਮਾਂ ਕੱਢਿਆ ਸੀ ਉੱਦਣ ਉਹ ਬੀਪ ਉਤੇ ਸੈਕਿੰਡ ਦੇ ਦਸਵੇਂ ਹਿੱਸੇ ਨਾਲ ਰੀਐਕਟ ਕਰ ਜਾਂਦਾ ਤਾਂ ਉਸ ਦਾ ਸਮਾਂ 9.51 ਸੈਕਿੰਡ ਹੋਣਾ ਸੀ।

ਰਹੀ ਗੱਲ ਬਲਾਕ ਤੋਂ ਉੱਠਣ ਦੀ। ਇਹਦੇ ਲਈ ਪਿੰਨੀਆਂ ਤੇ ਪੱਟਾਂ ਦੇ ਮੱਸਲ ਤਕੜੇ ਹੋਣੇ ਚਾਹੀਦੇ ਹਨ। ਪਰ ਉਹ ਏਨੇ ਮੋਟੇ ਤੇ ਭਾਰੇ ਵੀ ਨਾ ਹੋਣ ਕਿ ਭਾਰ ਨਾਲ ਦੌੜਾਕ ਬੋਝਲ ਬਣੇ। ਜਿੰਨੀ ਤੇਜ਼ੀ ਨਾਲ ਪੂਰੀ ਰਫ਼ਤਾਰ ਫੜੀ ਜਾਵੇ ਉਨਾ ਹੀ ਨਤੀਜਾ ਬਿਹਤਰ ਹੁੰਦੈ। ਦਸਵੇਂ ਮੀਟਰ ਤਕ ਫੁੱਲ ਸਪੀਡ ਹੋ ਜਾਣੀ ਚਾਹੀਦੀ ਹੈ। ਦੌੜ ਦੇ ਅੰਤਲੇ ਭਾਗ ਵਿਚ ਮਸਲ ਥਕਣੇ ਸ਼ੁਰੂ ਹੁੰਦੇ ਹਨ ਜਿਸ ਕਰਕੇ ਕਦਮ ਕਾਹਲੇ ਨਹੀਂ ਪੈਂਦੇ। ਉਸ ਹਾਲਤ ਵਿਚ ਲੰਮੇ ਕਦਮਾਂ ਨਾਲ ਦੌੜ ਦਾ ਅੰਤ ਹੋਵੇ। ਇਸ ਸਭ ਕਾਸੇ ਦੀ ਪ੍ਰਾਪਤੀ ਲਈ ਲੰਮੇ ਕਠਨ ਅਭਿਆਸ ਦੀ ਲੋੜ ਪੈਂਦੀ ਹੈ।

## ਨੋਕ-ਝੋਕ



ਐਸ. ਅਸ਼ੋਕ ਭੌਰਾ

# ਇਸ ਵਾਰੀ ਜਦ ਪਿੰਡੋਂ ਹੋ ਕੇ ਆਇਆ ਹਾਂ...

*ਜੇ ਹਰ ਵੇਲੇ ਗਿੱਧਾ ਜਾਂ ਭੰਗੜਾ ਹੀ ਪਈ ਜਾਵੇ, ਤਾਂ ਖਿਝੇ ਲੋਕਾਂ ਨੇ ਢੋਲਕੀ ਤੇ ਢੋਲ ਦੋਵੇਂ ਪਾੜ ਕੇ ਢੇਰ 'ਤੇ ਸੁੱਟ ਆਉਣੇ ਹਨ। ਸਾਡੇ ਹੁਕਮਰਾਨਾਂ ਨੇ ਦੱਸਿਆ ਹੈ ਕਿ ਹਕੂਮਤ ਕਰਨ ਲਈ ਨਾ ਤਾਂ ਬਹੁਤਾ ਪੜ੍ਹੇ-ਲਿਖੇ ਹੋਣ ਦੀ ਲੋੜ ਹੈ, ਤੇ ਨਾ ਹੀ ਸਿਆਣਪ ਦੀ; ਰਾਜਨੀਤੀ ਸਿਰਫ਼ ਜੁਗਾੜ ਦੀ ਖੇਡ ਹੈ। ਉਂਜ ਤਾਕਤ ਦੇ ਨਸ਼ੇ ਵਿਚ ਉਹ ਗੱਦਾਫ਼ੀ ਪਰਿਵਾਰ ਵਾਂਗ ਅੱਖਾਂ ਮੀਚ ਕੇ ਅਣਦੇਖੀ ਕਰਨ ਦਾ ਯਤਨ ਕਰ ਰਹੇ ਹਨ। ਗੱਦਾਫੀ ਨੂੰ ਨਾ ਵੀ ਹੋਇਆ ਹੋਵੇ, ਪਰ ਉਹਦੇ ਪੁੱਤਰ ਨੂੰ ਇਹ ਅਹਿਸਾਸ ਜ਼ਰੂਰ ਹੋ ਗਿਆ ਹੈ ਕਿ ਜਦੋਂ ਵਕਤ ਆਇਆ ਤਾਂ ਲੋਕ ਜੁਗਾੜ ਵੀ ਕਿਸੇ ਹੱਦ ਤੱਕ ਹੀ ਬਰਦਾਸ਼ਤ ਕਰਨਗੇ। ਇਕ ਵਾਰ ਚਿੜੇ ਨੇ ਚਿੜੀ ਨੂੰ ਬੜੇ ਲਾਡ ਨਾਲ ਪੁੱਛਿਆ ਕਿ ਤੂੰ ਮੈਨੂੰ ਕਿੰਨਾ ਕੁ ਪਿਆਰ ਕਰਦੀ ਏਂ? ਚਿੜੀ ਨੂੰ ਪਤਾ ਸੀ ਕਿ ਚਿੜਾ ਜੁਗਾੜੀ ਏ, ਤੇ ਬੁੱਲ੍ਹ ਢਿੱਲੇ ਕਰੀ ਫਿਰਦੈ। ਉਹ ਕਹਿਣ ਲੱਗੀ, "ਅੜਿਆ ਤੈਨੂੰ ਮੈਂ ਏਨਾ ਪਿਆਰ ਕਰਦੀ ਆਂ ਕਿ ਕਿਤੇ ਚਕੋਰ ਵੀ ਵੇਖ ਲਵੇ ਤਾਂ ਉਹ ਵੀ ਚੰਨ ਨੂੰ ਆਖੇ, 'ਛੱਡ ਪਰੇ ਹੁਣ ਫੇਰ ਆ ਜਾਈਂ ਕਿਤੇ', ਪਰ ਔਂਤਰਿਆ ਇਕ ਗੱਲ ਨੇ ਮੇਰਾ ਦਿਲ ਕੋਲੇ ਕਰ ਕੇ ਰੱਖ'ਤਾ...।" ਚਿੜਾ ਉਤਸੁਕ ਹੋ ਗਿਆ, "ਹੋ ਕੀ ਹੋ ਗਿਐ?" ਕਹਿਣ ਲੱਗੀ, "ਪਿੰਡੋਂ ਬਾਹਰ ਜਿਹੜਾ ਨਿੰਮ ਵਾਲਿਆਂ ਦਾ ਘਰ ਐ, ਉਨ੍ਹਾਂ ਦੇ ਬਨੇਰੇ 'ਤੇ ਮੈਂ ਜਾ ਕੇ ਬੈਠ ਗਈ। ਉਨ੍ਹਾਂ ਦਾ ਨਿੰਮਾ ਧਾੜ ਦੇਣੀ ਨਿੰਮ ਹੇਠ ਡੱਠੇ ਮੰਜੇ 'ਤੇ ਡਿੱਗ ਪਿਆ। ਉਹਦੀ ਘਰ ਵਾਲੀ ਅੰਦਰੋਂ ਵੇਲਣਾ ਚੁੱਕੀ ਆਈ, ਪੈ ਗਈ ਟੁੱਟ ਕੇ, ਆਂਹਦੀ-ਚਿੜਿਆ ਜਿਹੈ! ਅੱਜ ਫੇਰ ਆ ਗਿਆ ਟੁੰਨ ਹੋ ਕੇ। ਜੇ ਕੱਲ੍ਹ ਨੂੰ ਫੇਰ ਏਦਾਂ ਆਇਆ ਤਾਂ ਮੈਨੂੰ ਵੀ ਚਿੜੀ ਵਾਂਗ ਸ਼ਰੀਫ ਨਾ ਸਮਝੀਂ। ਤੇਰਾ ਝਾਟਾ ਪੱਟ ਕੇ ਹੱਥ ਫੜਾਊਂ। ਮੈਂ ਤਾਂ ਉਥੋਂ ਧਾਹਾਂ ਮਾਰਦੀ ਆਈ ਆਂ, ਪਈ ਇਹ ਸਾਡਾ ਮੀਆਂ ਬੀਵੀ ਦਾ ਨਾਂ ਵਿਚ ਕਾਹਨੂੰ ਫਸਾਈ ਜਾਂਦੇ ਆ।" ਚਿੜਾ ਤਾਂ ਬਾਜ਼ੀਗਰ ਵਾਂਗ ਗਿੱਠ ਗਿੱਠ ਹਾਸੇ 'ਚ ਉਲਰੇ। ਕਹਿਣ ਲੱਗਾ, "ਨੀ ਮੇਰੀਏ ਭੋਲੀਏ ਪਤਨੀਏ ਚਿੜੀਏ! ਇਹ ਬੰਦੇ ਅੱਜਕੱਲ੍ਹ ਆਪਣੇ ਸ਼ਰੀਫਾਂ ਦਾ ਨਾਂ ਬਦਨਾਮ ਕਰਨ ਲੱਗੇ ਹੋਏ ਆ। ਹਾਲੇ ਤੱਕ ਕਿਸੇ ਮੱਛੀ, ਜਾਨਵਰ 'ਤੇ ਇਲਜ਼ਾਮ ਨ੍ਹੀਂ ਲੱਗਾ ਕਿ ਉਹ ਪੈਗ ਲਾਉਂਦਾ ਹੋਊ, ਸਮੈਕ ਖਿੱਚਦਾ ਹੋਊ ਜਾਂ ਨਾਗਣੀ ਛਕਦਾ ਹੋਊ। ਇਹ ਬੰਦੇ ਹੁਣ ਬੰਦੇ ਨ੍ਹੀਂ ਰਹੇ। ਇਨ੍ਹਾਂ ਪਿੱਛੇ ਨਾ ਲੱਗ। ਆ ਜਾ ਤੂੰ ਆਪਾਂ ਘੁੱਟ ਕੇ ਮਿਲੀਏ।" ਬੰਦਿਆਂ ਦੀ ਕਰਤੂਤ 'ਤੇ ਦੋਵੇਂ ਹੱਸਦੇ ਪੌਂਚੇ 'ਚ ਪੌਂਚਾਂ ਫਸਾ ਕੇ ਫੁ-ਰ-ਰ ਹੋ ਗਏ। ਬੰਦਾ ਅੱਖਾਂ ਮੀਟ ਕੇ ਹੁਣ ਧਿਆਨ ਪਰਮਾਤਮਾ ਨਾਲ ਲਾਉਣ ਦਾ ਡਰਾਮਾ ਕਰਨ ਲੱਗਾ ਹੋਇਐ। ਅੱਖਾਂ ਇਸ ਕਰ ਕੇ ਨ੍ਹੀਂ ਖੋਲ੍ਹ ਰਿਹਾ ਕਿ ਡਾਢਾ ਨਾ ਕਿਤੇ ਬੋਦਾ ਪੱਟਣ ਲੱਗ ਪਵੇ।*

ਅਸੀਂ ਸ਼ਹਿਰਾਂ ਨੂੰ ਤਾਂ ਨਹੀਂ ਨਿੰਦਦੇ, ਪਰ ਜਿਨ੍ਹਾਂ ਦੇ ਜਨਮ ਦਾ ਇੰਦਰਾਜ ਚੌਕੀਦਾਰਾਂ ਨੇ ਪੰਜ ਰੁਪਏ ਸ਼ਗਨ ਲੈ ਕੇ ਆਪਣੇ ਹਿਸਾਬ-ਕਿਤਾਬ ਵਿਚ ਲਿਖਿਆ ਹੈ, ਉਨ੍ਹਾਂ ਨਾਲ ਕੁਦਰਤ ਦੀ ਭਾਈਵਾਲੀ ਚੰਗੀ ਬਣੀ ਰਹੀ ਹੈ; ਕਿਉਂਕਿ ਰੱਬ ਨੇ ਜਾਂ ਕੁਦਰਤ ਨੇ ਪਿੰਡਾਂ ਵਿਚ ਵਸਣ ਨੂੰ ਵੱਧ ਤਰਜੀਹ ਦਿੱਤੀ ਹੈ। ਪਿੰਡਾਂ ਦੀ ਆਲੋਚਨਾ ਕਰਨ ਵਾਲੇ ਉਥੇ ਖਿਲਾਰੀਆਂ ਰੂੜੀਆਂ ਦੀ ਗੱਲ ਕਰਨਗੇ, ਅਨਪੜ੍ਹਤਾ ਦੇ ਗੀਤ ਗਾਉਣਗੇ, ਉਠਣ-ਬੈਠਣ ਪਹਿਨਣ ਤੇ ਖਾਣ-ਪੀਣ 'ਚ ਨੁਕਸ ਕੱਢਣਗੇ; ਪਰ ਪਿੰਡਾਂ ਵਾਲਿਆਂ ਕੋਲ ਸਾਫੇ ਦੇ ਨਾਲ ਸੁਭਾ ਦੀਆਂ ਖੁੱਲ੍ਹੀਆਂ ਚਾਦਰਾਂ ਵੀ ਹੁੰਦੀਆਂ ਹਨ। ਹਾਲੇ ਤੱਕ ਇਹ ਖਬਰ ਕਦੇ ਵੀ ਨਹੀਂ ਆਈ ਕਿ ਛੁੱਟੀਆਂ ਕੱਟਣ ਗਿਆ ਕੋਈ ਸ਼ਹਿਰੀ ਬੱਚਾ ਨਾਨਕੇ ਪਿੰਡ ਜਾ ਕੇ ਬਿਮਾਰ ਹੋ ਗਿਆ ਹੋਵੇ। ਉਹ ਵਾਪਸ ਮੁੜਦਿਆਂ ਸੇਰ ਭਾਰ ਵਧਾ ਕੇ ਹੀ ਆਇਆ ਹੋਵੇਗਾ। ਅੰਗਰੇਜ਼ੀ ਰਾਜ ਵਿਚ ਸੁਰੱਖਿਆ ਦੇ ਨਜ਼ਰੀਏ ਤੋਂ ਪਿੰਡਾਂ ਵਿਚ ਵੱਡੇ ਦਰਵਾਜ਼ੇ ਬਣਾਏ ਗਏ ਸਨ, ਪਰ ਜੇ ਗੱਲ ਪੱਖਪਾਤੀ ਨਾ ਮੰਨੋ ਤਾਂ ਇਥੇ ਦੋ ਪਾਤਰ ਅਜਿਹੇ ਰਹੇ ਹਨ ਜਿਨ੍ਹਾਂ ਦੁਆਲੇ ਅਭਿਨੇਤਾ ਅਭਿਨੇਤਰੀ ਵਾਂਗ ਫਿਲਮ ਚਲਦੀ ਰਹੀ ਹੈ, ਜਾਂ ਦੋ ਸਿਰਨਾਵੇਂ ਅਜਿਹੇ ਰਹੇ ਨੇ ਕਿ ਪੇਂਡੂਆਂ ਦੇ ਨਾਂ ਕੁਦਰਤ ਅਤੇ ਰੱਬ ਨੇ ਬਿਨਾਂ ਟਿਕਟੋਂ ਸਿੱਧੀਆਂ ਚਿੱਠੀਆਂ ਇਨ੍ਹਾਂ ਦੇ ਨਾਂ ਹੀ ਲਿਖ ਕੇ ਭੇਜੀਆਂ ਹਨ। ਸੱਚ ਇਹ ਹੈ ਕਿ ਬੋਹੜ ਤੇ ਪਿੱਪਲ ਨੂੰ ਪਿੰਡਾਂ ਤੋਂ ਅਲੱਗ ਕਰ ਕੇ ਨਹੀਂ ਵੇਖਿਆ ਜਾ ਸਕਦਾ। ਜੇ ਯੁੱਗ ਤਬਦੀਲੀ ਹੋਣ 'ਤੇ ਸਭ ਤੋਂ ਵੱਧ ਅੱਥਰੂ ਇਹ ਵਹਾ ਰਹੇ ਹਨ ਤਾਂ ਸਿਰਫ ਇਸ ਕਰ ਕੇ ਕਿ ਲੰਮੀਆਂ ਉਮਰਾਂ ਇਨ੍ਹਾਂ ਦੀਆਂ ਹੀ ਹਨ। ਇਨ੍ਹਾਂ ਪਿੱਪਲਾਂ ਬੋਹੜਾਂ ਹੇਠ ਹੀ ਪਿੰਡਾਂ ਦੀਆਂ ਵਿਧਾਨ ਸਭਾਵਾਂ ਦੇ ਸੈਸ਼ਨ ਵੀ ਚਲਦੇ ਰਹੇ ਹਨ ਤੇ ਇਨ੍ਹਾਂ ਹੇਠਾਂ ਹੀ ਅਦਾਲਤਾਂ ਲਗਦੀਆਂ ਰਹੀਆਂ ਹਨ। ਕਿੱਕਲੀ, ਗਿੱਧੇ, ਤੀਆਂ ਦੇ ਰਾਗ ਪਿੱਪਲ ਤੇ ਬੋਹੜ ਦੇ ਟਾਹਣਿਆਂ 'ਚੋਂ ਨਿਕਲਦੇ ਰਹੇ ਹਨ ਤੇ ਮੱਝੀਆਂ ਤੇ ਗਾਂਵਾਂ ਲਈ ਇਨ੍ਹਾਂ ਦੀਆਂ ਛਾਂਵਾਂ 'ਮੈਰੀਡਨ' ਹੋਟਲ ਦੇ ਏ.ਸੀ. ਕਮਰਿਆਂ ਵਰਗੀਆਂ ਹੁੰਦੀਆਂ ਹਨ ਤੇ ਪਿੰਡ ਦੇ ਰਾਤੀਂ ਜਾਗਣ ਵਾਲੇ ਦਰਵੇਸ਼ ਵੀ ਇਥੇ ਸੁੱਤੇ ਪਏ ਵੇਖੇ ਜਾ ਸਕਦੇ ਹਨ। ਜਿਨ੍ਹਾਂ ਪਿੰਡਾਂ ਨੇ ਇਨ੍ਹਾਂ ਦੋ ਪਾਤਰਾਂ ਦੇ ਕਤਲ ਕਰ ਦਿੱਤੇ ਹਨ, ਉਹ ਬਰਬਾਦੀ ਦੀਆਂ ਚੀਕਾਂ ਮਾਰ ਰਹੇ ਹਨ, ਤੇ ਜਿਥੇ ਇਨ੍ਹਾਂ ਦੀ ਬੁੱਢੀ ਦੇਹ ਹਾਲੇ ਬਰਕਰਾਰ ਹੈ, ਉਥੋਂ ਦੇ ਲੋਕ ਆਸਵੰਦ ਨੇ ਕਿ ਸਤਿਯੁਗ ਪਰਤ ਆਵੇਗਾ।

ਜਵਾਨੀ ਜਦੋਂ ਜਾਣ ਵਾਲੀ ਸੀ, ਉਦੋਂ ਮੋਹਕਮ ਮੁਲਕ ਛੱਡ ਕੇ ਪਰਦੇਸੀ ਹੋ ਗਿਆ। ਉਹਦੀ ਜ਼ਿੰਦਗੀ ਵਿਚ ਵਿਛੋੜੇ ਨੇ ਦੱਸ ਦਿੱਤਾ ਸੀ ਕਿ ਤਿੰਨ ਕਾਣੇ ਕੀ ਹੁੰਦੇ ਹਨ; ਕਿਉਂਕਿ ਜ਼ਿਮੀਦਾਰਾਂ ਦਾ ਜਾਗਰ ਤੇ ਪੰਡਿਤਾਂ ਦਾ ਜੁਗਲ ਕਿਸ਼ੋਰ ਹੁਣ ਜਿਗਰੀ ਯਾਰ ਹੋ ਕੇ ਵੀ ਵਿਛੋੜੇ ਦੀਆਂ ਲਕੀਰਾਂ ਵਿਚ ਫਸ ਗਏ ਸਨ। ਪੂਰੇ ਇੱਕੀ ਸਾਲਾਂ ਬਾਅਦ ਜਦੋਂ ਉਹ ਪੂਰੇ ਦਾ ਪੂਰਾ ਸਫੈਦ ਹੋ ਕੇ ਅਮਰੀਕਾ ਤੋਂ ਦੇਸ਼ ਪਰਤ ਰਿਹਾ ਸੀ ਤਾਂ ਪੁਰਾਣੀਆਂ ਯਾਦਾਂ ਠੁਮਕ-ਠੁਮਕ ਕਰ ਰਹੀਆਂ ਸਨ ਕਿ ਜਾਗਰ ਨਾਲ ਧਾਹ ਗਲਵੱਕੜੀ ਪਾ ਕੇ ਮਿਲਾਂਗਾ। ਲਾਲੇ ਨੂੰ ਵੀ ਛੇੜਾਂਗਾ ਕਿ ਲਸਣ ਖਾਣ ਲੱਗਾ ਕਿ ਨਹੀਂ। ਪਿੰਡ ਦੀ ਜੂਹ ਵਿਚ ਜਦੋਂ ਮੋਹਕਮ ਵੜਨ ਲੱਗਾ ਤਾਂ ਸਿਵਿਆਂ ਨੂੰ ਜਾਂਦੇ ਮੋੜ 'ਤੇ ਬੈਠਾ ਸਦੀਆਂ ਪੁਰਾਣਾ ਬੋਹੜ ਆ ਗਿਆ। ਉਹਨੇ ਪਿਛਲੀ ਸੀਟ ਤੋਂ ਗੱਡੀ ਦਾ ਸ਼ੀਸ਼ਾ ਹੇਠਾਂ ਕਰ ਕੇ ਵੇਖਿਆ ਤਾਂ ਲੱਗਾ ਜਿਵੇਂ ਸੁੱਤੀਆਂ ਪਈਆਂ ਬੱਕਰੀਆਂ 'ਚ ਇਕ ਨਿੱਕਾ ਜਿਹਾ ਮੇਮਣਾ ਉਜਾੜ ਬੀਆਬਾਨ ਵਿਚ ਉਹਦਾ ਸਵਾਗਤ 'ਮੈਂ ਮੈਂ' ਕਰ ਕੇ ਕਰ ਰਿਹਾ ਹੋਵੇ।

ਪਹਿਲੇ ਚੌਰਾਹੇ 'ਤੇ ਜਦੋਂ ਗੱਡੀ ਮੁੜਨ ਲੱਗੀ ਤਾਂ ਮੋਹਕਮ ਨੇ ਵੇਖਿਆ, ਬੱਸਾਂ, ਟੈਂਪੂ ਉਡੀਕਣ ਵਾਲੇ ਕਮਰੇ ਵਿਚ ਚੌਕੀਦਾਰ ਸਾਧੂ ਖੂੰਡੀ ਦਾ ਸਹਾਰਾ ਬਣਾ ਕੇ ਬੈਠਾ ਹੈ। ਮੋਹਕਮ ਨੇ ਗੱਡੀ ਰੁਕਵਾਈ ਤੇ ਭੱਜ ਕੇ ਸਾਧੂ ਨੂੰ ਚਿੰਬੜ ਗਿਆ।

ਐਨਕਾਂ ਉਤਾਂਹ-ਠਾਂਹ ਕਰਦਿਆਂ ਚੌਕੀਦਾਰ ਨੇ ਪੁੱਛਿਆ, "ਮੈਂ ਸਿਆਣਿਆਂ ਨ੍ਹੀਂ?"

"ਮੈਂ ਮੋਹਕਮ ਆਂ ਕਰਤਾਰ ਸਿੰਹੁ ਦਾ, ਅਮਰੀਕਾ ਤੋਂ ਆਇਆਂ।"

"ਅੱਛਾ! ਮੈਨੂੰ ਤਾਂ ਸਾਲੀ ਮਾੜੀ ਔਲਾਦ ਖਾ ਗਈ, ਤਾਂ ਹਫ਼ ਗਿਆਂ! ਤੂੰ ਵੀ ਬੁੱਢਾ ਕੁੱਕੜ ਬਣੀ ਫਿਰਦੈਂ?"

"ਚੌਕੀਦਾਰਾ, ਪਾਣੀ ਦਾ ਫਰਕ ਪੈ ਜਾਂਦਾ ਥੋੜ੍ਹਾ, ਪਰ ਭਜਨਾ ਤੇ ਕਾਂਤਾ ਠੀਕ ਐ।"

"ਉਨ੍ਹਾਂ ਦੀ ਤਾਂ ਗੱਲ ਕਰਦੈਂ। ਜੰਮੇ ਤਾਂ ਸਾਲੇ ਛੇ-ਸੱਤ ਸਾਲ ਦੇ ਫਰਕ ਨਾਲ ਸਨ, ਪਰ ਤੁਰ ਗਏ ਡੇਢ ਮਹੀਨੇ 'ਚ ਦੋਵੇਂ।"

"ਕੀ ਗੱਲ ਹੋ ਗਈ ਸੀ, ਢਿੱਲੇ ਮੱਠੇ ਸੀ?"

"ਲੱਗ ਜੂ ਪਤਾ ਦੋ-ਚਾਰ ਦਿਨ 'ਚ। 'ਕੱਲੇ ਭਜਨਾ ਤੇ ਕਾਂਤਾ ਨ੍ਹੀਂ ਗਏ, ਬੜੇ ਚਲੇ ਗਏ ਨੇ, ਤੇ ਬੜੇ ਜਾਣ ਨੂੰ ਕਾਹਲੇ ਨੇ। ਪਿੰਡ ਖਾਲੀ ਹੋਣ ਨੂੰ ਫਿਰਦੈ। ਹੁਣ ਮੋਹਕਮ ਸਿਹਾਂ ਘਰ ਵੈਲੀ ਪੁੱਤ ਆ।"

"ਚੱਲ ਆ ਬੈਠ ਗੱਡੀ 'ਚ?"

"ਆਥਣੇ ਮਿਲੂੰ। ਹੁਣ ਤਾਂ ਚੱਲਿਆਂ ਸ਼ਹਿਰ ਨੂੰ। ਉਹਦੇ ਨਾਲ ਜਿਹੜੀ ਬਣ ਗਈ, ਦੂਜੀ ਵਾਰ ਫੇਰ ਸਰਪੰਚਣੀ। ਫੂਕਤਾ ਪਿੰਡ। ਵਜੀਰਾਂ ਨਾਲ ਰਲ ਕੇ ਵੇਚਦੀ ਆ ਸਭ ਖੇਹ-ਸੁਆਹ। ਚੋਰਾਂ ਨੇ ਕਿਹੜਾ ਸੰਤ ਲੀਡਰ ਚੁਣਨੇ ਹੁੰਦੇ ਆ। ਅੱਛਾ ਮੈਂ ਚੱਲਿਆਂ ਸ਼ਹਿਰ ਨੂੰ, ਰਾਤੇ ਦੀ ਚੋਰੀ ਹੋਈ ਆ। ਥਾਣੇਦਾਰ ਨੇ ਸੱਦਿਆ, ਪੰਚਾਇਤ ਨੂੰ ਵੀ।"

"ਚੋਰੀ ਕੀਹਦੇ ਹੋ ਗਈ?"

"ਪਰਸੋਂ ਆਇਆ ਸੀ ਜੁਗਲ ਕਿਸ਼ੋਰ ਦਾ ਤਾਇਆ ਪਿਸ਼ੌਰੀ ਲਾਲ ਵਲੈਤੋਂ। ਰਾਤੀਂ ਲੈ ਗਏ ਮਾਲ ਲੁੱਟ ਕੇ। ਹਾਲੇ 'ਟੈਚੀਆਂ ਦੇ ਜੰਦੇ ਵੀ ਨ੍ਹੀਂ ਖੋਲ੍ਹੇ ਸੀ, ਭਰੇ-ਭਰਾਏ ਲੈ ਗਏ। ਤੂੰ ਵੀ ਬੜੇ ਚਿਰਾਂ ਬਾਅਦ ਆਇਆਂ 'ਮਰੀਕਾ ਤੋਂ। ਖਿਆਲ ਰੱਖੀਂ, ਕਾਲੇ ਕੱਛਿਆਂ ਵਾਲੇ ਅੱਜਕੱਲ੍ਹ ਪਿੰਡੇ ਈ ਰਹਿੰਦੇ ਆ।"

ਸਾਧੂ ਤਾਂ ਟੈਂਪੂ ਚੜ੍ਹ ਗਿਆ ਸੀ ਸ਼ਹਿਰ ਨੂੰ, ਪਰ ਮੋਹਕਮ ਉਦਾਸ ਹੋ ਗਿਆ ਸੀ ਰੱਜ ਕੇ। ਐਸ ਪਿੰਡ ਲਈ ਵਿਲਕਦਾ ਰਿਹਾ ਇੱਕੀ ਸਾਲ। ਉਹਨੂੰ ਅੰਦਰੋਂ ਲੱਗ ਰਿਹਾ ਸੀ, ਸ਼ਾਇਦ ਸਿਰਨਾਵਾਂ ਗਲਤ ਹੋ ਗਿਆ। ਪਿੰਡ ਦਾ ਦਰਵਾਜ਼ਾ ਲੰਘਣ ਲੱਗਾ ਤਾਂ ਉਹਦੇ ਨਜ਼ਰੀਂ ਜਾਗਰ ਪਿਆ। ਮੋਹਕਮ ਨੇ ਕਾਰ ਰੁਕਵਾਈ। ਉਹਨੂੰ ਅਹਿਸਾਸ ਹੋਇਆ ਕਿ ਸ਼ਾਇਦ ਸੋਹਣੀ ਕੱਚੇ 'ਤੇ ਹੀ ਝਨਾਂ ਪਾਰ ਕਰ ਗਈ ਸੀ। ਉਹ ਭੱਜ ਕੇ ਜਾਗਰ ਵੱਲ ਵਧਿਆ, ਪਰ ਹੋਇਆ ਇੰਜ ਜਿਵੇਂ ਕਿਸੇ ਸ਼ਰੀਫ ਦੇ ਅਚਾਨਕ ਤੁਰੇ ਆਉਂਦੇ ਦੇ ਗਧੇ ਨੇ ਦੁਲਤਾ ਮਾਰ ਦਿੱਤਾ ਹੋਵੇ। ਜਾਗਰ ਖਿਲਰ ਗਿਆ। ਗਲਵੱਕੜੀ ਦੀ ਥਾਂ ਬਾਹਾਂ ਗਲ ਪੈਣ ਲੱਗੀਆਂ।

"ਅੱਛਾ ਆ ਗਿਐਂ ਮੋਹਕਮਾ। ਮੈਂ ਤੈਨੂੰ ਸਮਝਦਾ ਸੀ ਜਿਗਰੀ ਯਾਰ, ਪਰ ਤੂੰ ਤਾਂ ਖੋਟੇ ਸਿੱਕੇ ਤੋਂ ਵੀ ਭੈੜਾ ਨਿਕਲਿਆ।"

"ਗੱਲ ਕੀ ਹੋਈ ਯਾਰ, ਮੈਨੂੰ ਤਾਂ ਆਏਂ ਲੱਗਾ ਪਈ ਤੂੰ ਸੁੱਤੇ ਪਏ ਦੇ ਚੁਪੇੜਾਂ ਮਾਰਨ ਲੱਗ ਪਿਐਂ।"

"ਮੰਨਿਆ ਤੂੰ 'ਮਰੀਕਾ ਤੋਂ ਆਇਆਂ, ਪਰ ਭੋਲਾ ਨਾ ਬਣ। ਇਕ ਥਾਲੀ 'ਚ ਖਾਂਦੇ ਰਹੇ, ਪਰ ਤੂੰ ਛੇਕ ਕਰ ਦਿੱਤਾ, ਕੋਈ ਗੱਲ ਨ੍ਹੀਂ ਥਾਲੀ ਭੰਨ ਸੁੱਟੀ। ਪਿੰਡ ਨਿਗਲ ਜਾਣ ਵਾਲੀ ਮੁਸ਼ਟੰਡੀ ਔਰਤ ਬਣ ਗਈ ਤੇਰੇ ਪੈਸਿਆਂ ਨਾਲ ਸਰਪੰਚਣੀ। ਅਮਲੀ ਕੰਜਰ ਦੀ ਤੀਵੀਂ ਨੇ ਪਿੰਡ ਦੀ ਜਵਾਨੀ ਬਣਾ'ਤੀ ਅਮਲੀ। ਹਰ ਘਰ 'ਚ ਗੱਭਰੂ ਦਾ ਸੱਥਰ ਵਿਛਾਉਣ ਨੂੰ ਫਿਰਦੀ ਐ, ਤੇ ਤੂੰ ਤਾਂ ਪਿੰਡ ਦਾ ਨਿਕਲਿਆ ਵੈਰੀ। ਮੇਰਾ ਪੁੱਤ ਖੜ੍ਹਾ ਸੀ ਉਹਦੇ ਮੁਕਾਬਲੇ। ਹਾਰ ਗਿਆ, ਚੜ੍ਹਾ'ਤਾ ਤੇਰਾ ਪੈਸਾ ਉਹਨੇ।"

"ਮੈਂ ਤਾਂ ਸਵਿਤਰੀ ਹਾਲੇ ਵੇਖੀ ਈ ਨ੍ਹੀਂ। ਪੈਸੇ ਤਾਂ ਮੈਂ ਭੇਜੇ ਸੀ ਟੂਰਨਾਮੈਂਟ ਕਰਾਉਣ ਲਈ, ਅੱਖਾਂ ਦਾ ਕੈਂਪ ਲਾਉਣ ਲਈ, ਸਕੂਲ ਵਾਸਤੇ ਜਨਰੇਟਰ ਲਈ, ਮੈਂ ਤਾਂ ਹੋਰ ਦੁਆਨੀ ਨ੍ਹੀਂ ਭੇਜੀ।"

"ਸਫਾਈਆਂ ਨਾ ਦੇਹ ਬਹੁਤੀਆਂ। ਹੈਂ...ਪੰਜ ਜਮਾਤਾਂ ਪਾਸ ਤੀਵੀਂ ਤੁਸੀਂ ਲੋਕਾਂ ਨੇ ਚੜ੍ਹਾ'ਤੀ ਸਿਰ ਸਾਡੇ। ਅਮਲੀ ਕੰਜਰ ਦਾ ਡੇਕ ਥੱਲੇ ਪਿਆ ਰਹਿੰਦਾ ਟੱਲੀ ਹੋ ਕੇ, ਲਾਲ ਬੱਤੀਆਂ ਆਲੀਆਂ ਗੱਡੀਆਂ ਖੜ੍ਹੀਆਂ ਰਹਿੰਦੀਆਂ ਦਰਾਂ ਮੂਹਰੇ। ਤੂੰ ਵੀ ਉਧਰੇ ਈ ਜਾਇਆ...ਸਾਨੂੰ ਪਤਾ ਤੁਸੀਂ ਲੋਕ ਬਾਹਰੋਂ ਆ ਕੇ ਕੀ ਕਰਦੇ ਆਂ ਇਥੇ। ਉਥੇ ਈ ਖੇਹ ਖਾਣੀ ਆਂ ਤੂੰ ਵੀ। ਹੋਰ ਪੈਸੇ ਕਾਹਦੇ ਵਾਸਤੇ ਭੇਜਦਾ ਸੀ...।"




*ਪਿਪਲਾ ਵੇ ਮੇਰੇ ਪਿੰਡ ਦਿਆ... (ਤਸਵੀਰ: ਰਵਿੰਦਰ ਰਵੀ)*

ਤੇ ਜਾਗਰ ਨੇ ਜਦੋਂ ਇਕੋ ਸਾਹੇ ਸਾਉਣ ਦੇ ਛੱਰਾਟੇ ਵਰਗੇ ਕਬੋਲਾਂ ਦੀ ਵਾਛੜ ਕੀਤੀ ਤਾਂ ਉਹ ਅੰਦਰੋਂ ਟੁੱਟ ਤਾਂ ਗਿਆ ਸੀ, ਪਰ ਇਹ ਗੱਲ ਜ਼ਰੂਰ ਪੱਲੇ ਪੈ ਗਈ ਸੀ ਕਿ ਜੇ ਬਿਨਾਂ ਕਸੂਰੋਂ ਛਿੱਤਰਾਂ ਦਾ ਹਾਰ ਗਲ ਪੈ ਰਿਹਾ ਹੈ ਤਾਂ ਪੱਕੀ ਗੱਲ ਹੈ ਕਿ ਇਹ ਪਿੰਡ ਹੁਣ ਸ਼ਰੀਫਾਂ ਦਾ ਡੇਰਾ ਨਹੀਂ ਰਿਹਾ। ਕਿੱਕਰਾਂ ਦੇ ਫੁੱਲਾਂ ਦਾ ਹਾਰ ਪੁਆ ਕੇ ਜਦੋਂ ਉਹ ਘਰ ਦੇ ਆਂਗਣ ਵਿਚ ਬੈਠਣ ਲੱਗਾ ਤਾਂ ਭਰਾ ਦੀਆਂ ਨੂੰਹਾਂ ਨੇ ਬਿਸਤਰਾ ਤਾਂ ਵਧੀਆ ਕੀਤਾ ਹੋਇਆ ਸੀ, ਪਰ ਹਾਲਾਤ ਇਹ ਸਨ ਕਿ ਧਰਤੀ ਤਾਂ ਖੜ੍ਹੀ ਸੀ ਪਰ ਮੰਜਾ ਘੁੰਮ ਰਿਹਾ ਸੀ।

ਹਾਲੇ ਮੋਹਕਮ ਨੇ ਘੁੱਟ ਪਾਣੀ ਦੀ ਬੂੰਦ ਹੀ ਅੰਦਰ ਲੰਘਾਈ ਹੋਵੇਗੀ ਕਿ ਜਦ ਨੂੰ ਉਹਦਾ ਤੀਜਾ ਆੜੀ ਜੁਗਲ ਕਿਸ਼ੋਰ ਵੀ ਆ ਗਿਆ।

ਜਦੋਂ ਉਹ ਘੁੱਟ ਕੇ ਗਲ ਲੱਗ ਕੇ ਮਿਲਿਆ ਤਾਂ ਮੋਹਕਮ ਦਾ ਵਿਸ਼ਵਾਸ ਬਹਾਲ ਹੋਣ ਲੱਗਾ ਕਿ ਸੁਦਾਮੇ ਦਾ ਯੁੱਗ ਹੈਗਾ, ਪਰ ਜਦੋਂ ਜੁਗਲ ਕਿਸ਼ੋਰ ਨੇ ਜੱਫੀ ਛੱਡ ਕੇ ਅੱਖਾਂ ਪੂੰਝਦਿਆਂ ਕਿਹਾ, "ਮੋਹਕਮਾ! ਕਾਹਨੂੰ ਆਇਆਂ ਇਥੇ, ਤੇਰਾ ਕੀ ਰਹਿ ਗਿਆ ਸੀ ਜੋ ਫਿਰ ਲੱਭਣ ਆ ਗਿਆ ਏਂ... ਇਹ ਸੀ ਤਾਂ ਧਰਤੀ ਪੰਜ ਦਰਿਆਵਾਂ ਦੀ, ਪਰ ਕੁਰੂਕਸ਼ੇਤਰ ਬਣ ਗਈ ਏ।"

"ਜੀਵਨ ਦਾ ਕੀ ਹਾਲੇ ਏ?"

ਜੁਗਲ ਕਿਸ਼ੋਰ ਦਰਦ ਵਿਚ ਜਿਵੇਂ ਫਿਸ ਗਿਆ ਹੋਵੇ, "ਮੋਹਕਮਾ, ਤੂੰ ਛੇੜਦਾ ਹੁੰਦਾ ਸੀ ਨਾ ਕਿ ਲਸਣ ਪਿਆਜ ਖਾਇਆ ਕਰੋ ਲਾਲਿਓ...ਪਰ ਅਸੀਂ ਤਾਂ ਤੇਰਾ ਕਹਿਣਾ ਨ੍ਹੀਂ ਮੰਨਿਆ, ਪਰ ਧੋਣੇ ਧੋ ਗਿਆ ਜੀਵਨ ਸਾਰੇ।"

"ਆਂਡਾ ਊਂਡਾਂ ਖਾਣ ਲੱਗ ਪਿਐ?"

"ਆਂਡੇ ਵੀ ਖਾ ਲੈਂਦਾ, ਤਾਂ ਕੋਈ ਗੱਲ ਨ੍ਹੀਂ ਸੀ; ਮੁਰਗਾ ਬੱਕਰਾ ਖਾ ਲੈਂਦਾ ਤਾਂ ਵੀ ਦੁੱਖ ਨਾ ਮਨਾਉਂਦੇ; ਘੁੱਟ ਪੀ ਵੀ ਲੈਂਦਾ ਤਦ ਵੀ ਜਰ ਲੈਂਦੇ...।"

"ਫੇਰ ਖਾਣ ਕੀ ਲੱਗ ਪਿਆ?"

"ਸਾਢੇ ਤਿੰਨ ਮਹੀਨੇ ਹੋ ਗਏ, ਜੇਲ੍ਹ 'ਚ ਈ ਮਰ ਗਿਐ। ਸਮੈਕ ਪੀਣ ਲੱਗ ਪਿਆ ਸੀ। ਸਾਡਾ ਤਾਂ ਫੂਕ'ਤਾ ਸਭ ਕੁਝ। ਪ੍ਰੀਤੋ ਵਿਚਾਰੀ ਨ੍ਹੀਂ ਗਰੀਬੜੀ ਜਿਹੀ, ਉਹਦੇ ਘਰੋਂ ਭਾਂਡੇ ਚੋਰੀ ਕਰਨ ਗਿਆ ਸੀ, ਉਹਨੇ ਪਛਾਣ ਲਿਆ। ਦੋ ਹੋਰ ਸੀ ਨਾਲ। ਜੇਲ੍ਹ 'ਚ ਨਸ਼ਾ ਨਾ ਮਿਲਿਆ। ਜਿੱਦਾਂ ਮੋਹਕਮਾ ਤੇਰਾ ਕੁੱਤਾ ਨ੍ਹੀਂ ਸੀ ਮਰਿਆ ਹਲਕ ਕੇ, ਆਏਂ ਮਰ ਗਿਆ ਨਸ਼ਿਆਂ 'ਚ ਹਲਕਿਆ। ਮੈਂ ਤਾਂ ਕਹਿਨਾਂ ਤੂੰ ਆਇਆਂ, ਧੰਨ ਭਾਗ...ਜੀ ਆਇਆਂ ਨੂੰ। ਦਿਹਾੜੀ ਡੰਗ ਰਹਿ ਤੇ ਮੁੜ ਜਾ ਪਿੱਛੇ ਨੂੰ। ਮੈਂ ਤਾਂ ਤੈਨੂੰ ਦੱਸਣ ਆਇਆ ਸੀ, ਭਾਈ ਕੁੱਤੇ ਵੀ ਡਰੇ ਪਏ ਆ ਪਿੰਡ ਦੇ। ਉਹ ਵੀ ਨ੍ਹੀਂ ਭੌਂਕਦੇ ਕਿਉਂਕਿ ਪਿੰਡ ਦੇ ਕਸਾਈਆਂ ਦੀ ਢਾਣੀ ਸਾਰੀ ਰਾਤ ਜਾਗਦੀ ਐ। ਕੱਲ੍ਹ ਵਲੈਤੀਆ ਕਿਸ਼ੋਰੀ ਲਾਲ ਲੁੱਟ ਲਿਆ। ਸੁਣਿਆ 'ਮਰੀਕਾ ਤਾਂ ਵਲੈਤ ਤੋਂ ਉਪਰ ਆ, ਆਪਣਾ ਖਿਆਲ ਰੱਖੀਂ। ਅੱਖ ਤੇਰੇ 'ਤੇ ਹੋਣੀ ਐ ਸਾਰਿਆਂ ਦੀ।"

ਮੋਹਕਮ ਦੀਆਂ ਨਜ਼ਰਾਂ ਪਥਰਾ ਗਈਆਂ, ਜ਼ੁਬਾਨ ਖੁਸ਼ਕ ਹੋ ਗਈ ਤੇ ਜੁਗਲ ਕਿਸ਼ੋਰ ਵੀ ਬਿਨਾਂ ਜੁਆਬ ਲਏ ਹੀ ਤੁਰ ਗਿਆ। ਗਰਮੀ ਵੀ ਅੱਤ ਦੀ ਸੀ। ਬਿਜਲੀ ਦੀ ਆਈ ਚਲਾਈ ਹੋ ਰਹੀ ਸੀ। ਪੱਖਾ ਕਦੇ ਬੰਦ ਹੋ ਜਾਂਦਾ, ਕਦੇ ਚੱਲ ਪੈਂਦਾ। ਮੋਹਕਮ ਦੀਆਂ ਅੱਖਾਂ 'ਚ ਸਫ਼ਰ ਦੀ ਥਕਾਵਟ ਨਾਲ ਵੀ ਨੀਂਦ ਨਹੀਂ ਸੀ ਪੈ ਰਹੀ। ਉਹ ਸੋਚ ਰਿਹਾ ਸੀ, ਚੰਗਾ ਹੋਇਆ ਬਲਵੀਰੋ ਨਾਲ ਨ੍ਹੀਂ ਆਈ। ਬੇਟੀ ਸ਼ਿੰਦਰ ਆਉਣ ਨੂੰ ਤਾਂ ਕਾਹਲੀ ਸੀ, ਪਰ ਉਹਦਾ ਫੈਸਲਾ ਮੁਲਤਵੀ ਕਰਨਾ ਠੀਕ ਰਿਹਾ। ਬਲਜੀਤ ਨੂੰ ਤਾਂ ਮੈਂ ਹੁਣ ਕਦੇ ਲੈ ਕੇ ਨਹੀਂ ਆਵਾਂਗਾ। ਨੀਂਦ ਉਸ ਤੋਂ ਕੋਹਾਂ ਦੂਰ ਸੀ। ਉਹ ਉਠਿਆ ਤੇ ਸੁੱਕੇ ਖੂਹ ਲਾਗੇ ਪੁਰਾਣੇ ਪਿੱਪਲ ਹੇਠ ਜੜ੍ਹਾਂ 'ਚ ਢੋਅ ਲਾ ਕੇ ਬੈਠ ਗਿਆ। ਬੀਤੇ ਯੁੱਗਾਂ ਦੀ ਗਿਣਤੀ ਵਿਚ ਉਹਦੀ ਅੱਖ ਲੱਗੀ ਹੀ ਸੀ ਕਿ ਪਿੱਪਲ ਬੋਲ ਪਿਆ, 'ਮੋਹਕਮ ਸਿਹਾਂ, ਮੈਂ ਤੇਰੇ ਦਰਦ ਨੂੰ ਸਮਝਦਾਂ, ਪਰ ਤੇਰਾ ਦਰਦ ਮੈਥੋਂ ਵੱਡਾ ਨਹੀਂ ਹੈ। ਚਲੋ ਉਦਾਸ ਹੁੰਦਾ ਤਾਂ ਕੋਈ ਗੱਲ ਨਹੀਂ ਸੀ, ਮੈਂ ਤਾਂ ਹਰ ਵਕਤ ਰੋਂਦਾ ਹਾਂ। ਪਹਿਲਾਂ ਖੂਹ ਸੁੱਕਿਆ ਤਾਂ ਧੀਆਂ, ਨੂੰਹਾਂ ਤੇ ਘੜੇ ਆਉਣੋਂ ਹਟ ਗਏ। ਫਿਰ ਪੀਂਘ ਵੀ ਲੱਥ ਗਈ। ਤ੍ਰਿੰਞਣ ਵੀ ਅਲਵਿਦਾ ਕਹਿ ਗਏ। ਸੱਥਾਂ ਦੇ ਵਕਤ ਕਤਲ ਕਰ ਦਿੱਤੇ। ਫਿਰ ਮੇਰੇ ਹੇਠ ਬੁੱਢੇ ਲੋਕ ਤਾਂ ਆਉਂਦੇ ਰਹੇ, ਸਿਆਣੇ ਲੋਕ ਨਹੀਂ ਆਏ। ਬਿਜਲੀ ਵਾਲਿਆਂ ਨੇ ਨਵੀਆਂ ਤਾਰਾਂ ਖਿੱਚਣ ਦੇ ਚੱਕਰ 'ਚ ਸੱਜੇ ਪਾਸਿਉਂ ਮੇਰੀ ਬੱਖੀ ਹੀ ਛਾਂਗ ਦਿੱਤੀ। ਕੱਲ੍ਹ ਸਰਪੰਚਣੀ ਹੇਠ ਖੜ੍ਹੀ ਗੱਲਾਂ ਕਰਦੀ ਮੈਂ ਸੁਣੀ ਕਿ ਪਿੱਪਲ ਪਹਿਲਾਂ ਤਾਂ ਬੱਕਰੀਆਂ ਵਾਲੇ ਸਰਨੇ ਨੂੰ ਛਾਂਗਣ ਲਈ ਦੇਈਦਾ ਸੀ, ਹੁਣ ਤਾਂ ਮੁੰਡੇ ਕਹਿੰਦੇ ਨੇ ਕਿਹੜਾ ਹੁਣ ਇਹਦੇ ਛਾਂਵੇਂ ਬੈਠਦਾ? ਟਾਈਮ ਕੀਹਦੇ ਕੋਲ ਐ? ਜਾਨਵਰ ਸਾਰਾ ਦਿਨ ਬੈਠ ਕੇ ਬਿੱਠਾਂ ਕਰ ਕੇ ਗੰਦ ਪਾਈ ਰੱਖਦੇ ਨੇ। ਵੱਢੀਏ ਫਾਹਾ ਇਹਦਾ। ਸਰਕਾਰ ਨੇ ਗ੍ਰਾਂਟ ਭੇਜੀ ਆ ਪੰਚਾਇਤ ਘਰ ਲਈ, ਇਥੇ ਹੀ ਬਣਾ ਦਿੰਨੇ ਆਂ। ਮੈਂ ਵੀ ਕੁਛ ਦਿਨ ਦਾ ਈ ਪ੍ਰਾਹੁਣਾ ਆਂ, ਕਾਤਲ ਆਰੇ ਚੁੱਕੀ ਫਿਰਦੇ ਨੇ। ਨਸ਼ਈ ਮੇਰੀਆਂ ਜੜ੍ਹਾਂ 'ਚ ਪਤਾ ਨ੍ਹੀਂ ਕੀ-ਕੀ ਫਸਾ ਕੇ ਲਕੋਈ ਜਾਂਦੇ ਨੇ,

ਬਾਂਕੇ ਦੀ ਪੋਤੀ ਨੇ ਮੱਦੀ ਦੇ ਪੁੱਤ ਨਾਲ ਪਿੰਡੇ ਵਿਆਹ ਕਰਵਾ ਲਿਐ...ਜੈਲੇ ਦੀ ਜਿੰਦਰੋ ਪਿੰਡ ਦੀਆਂ ਧੀਆਂ ਭੈਣਾਂ ਨੂੰ ਸ਼ਹਿਰ ਲਿਜਾ ਕੇ ਧੰਦਾ ਕਰਵਾਉਂਦੀ ਹੈ...ਪਰਸੋਂ ਸਿਆਣੀ-ਬਿਆਣੀ ਚੰਨੋ 'ਤੇ ਪੰਚਾਇਤ ਹੋਈ ਸੀ, ਪਰ ਇਹ ਕਾਲਜ ਜਾਂਦੀਆਂ ਕੁੜੀਆਂ ਨੂੰ ਖਰਾਬ ਕਰਦੀ ਹੈ...ਤੀਜੇ ਦਿਨ ਖੱਪ ਪਈ ਰਹਿੰਦੀ, ਕੋਈ ਕਿਸੇ ਦੀ ਧੀ-ਭੈਣ ਨੂੰ ਆਪਣੀ ਨ੍ਹੀਂ ਮੰਨਦਾ...ਯਾਰ ਬਣਾ ਕੇ ਹੁਣ ਯਾਰ ਮਾਰ ਹੋਣ ਲੱਗੀ ਐ...ਪਿੰਡ ਦੀ ਚੌਧਰਾਣੀ ਜਿਹੜੀ ਦੂਜੀ ਵਾਰ ਲੋਕਾਂ ਨੇ ਚੁਣੀ ਆ, ਮੈਂ ਚੁੱਪ ਰਿਹਾ ਹਾਂ...ਪਰਸੋਂ ਅੱਧੀ ਰਾਤੀਂ ਮੇਰੀ ਪਿੱਠ ਨਾਲ ਲੱਗ ਲੰਬੜਾਂ ਦੇ ਮਹਿੰਦਰ ਨਾਲ ਕਲੋਲਾਂ ਕਰ ਰਹੀ ਸੀ...ਮੋਹਕਮ ਸਿਹਾਂ...ਜਾ ਮੁੜ ਜਾ! ਇਥੇ ਤੇਰਾ ਕੱਖ ਨ੍ਹੀਂ...ਜੇ ਅੱਜ ਨ੍ਹੀਂ ਤਾਂ ਕੱਲ੍ਹ ਤੈਨੂੰ ਲੁੱਟ ਲਵੇਗੀ ਪਿੰਡ ਦੀ ਮੁੰਡ੍ਹੀਰ ਕਾਲੇ ਕੱਛੇ ਪਾ ਕੇ...ਉਹ ਰੌਣਕਾਂ ਖਾ ਲਈਆਂ ਨੇ ਲੀਡਰਾਂ ਨੇ ਜਿਹੜੀਆਂ ਤੂੰ ਲੱਭਣ ਆਇਐਂ...।'

ਤੇ ਯਾਤਰਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੁੱਕ ਗਈ ਸੀ। ਮੋਹਕਮ ਦਾ ਕਿਸੇ ਨੂੰ ਪਤਾ ਈ ਨ੍ਹੀਂ ਲੱਗਾ ਕਿ ਕਦੋਂ ਆਇਆ ਤੇ ਕਦੋਂ ਵਾਪਿਸ ਅਮਰੀਕਾ ਵੀ ਪਰਤ ਗਿਆ।

ਸੱਚੀਂ! ਵਕਤ ਹੁਣ ਤਰਕਹੀਣ ਨਹੀਂ ਰਿਹਾ। ਸ਼ਰਧਾ ਦਾ ਭਾਰ ਧਾਰਮਿਕ ਸਥਾਨ ਵੀ ਚੁੱਕਣ ਤੋਂ ਮੁੱਕਰ ਗਏ ਹਨ।

**ਅੰਤਿਕਾ:**

ਇਸ ਵਾਰੀ ਜਦ ਪਿੰਡੋਂ
ਹੋ ਕੇ ਆਇਆਂ ਹਾਂ।
ਆਪਣੇ ਹੀ ਗੱਲ ਲੱਗ ਕੇ
ਰੋ ਕੇ ਆਇਆਂ ਹਾਂ।

*(ਹਰਜਿੰਦਰ ਕੰਗ)*

# ਸਾਝ ਕਰੀਜੈ ਗੁਣਹ ਕੇਰੀ-2



ਡਾ. ਗੁਰਨਾਮ ਕੌਰ, ਕੈਨੇਡਾ

ਪਿਛਲੇ ਲੇਖ ਵਿਚ ਸਿਆਣਪ, ਸਤਿ ਅਤੇ ਨਿਆਉਂ ਆਦਿ ਗੁਣਾਂ ਦੀ ਗੱਲ ਕੀਤੀ ਸੀ। ਇਨ੍ਹਾਂ ਗੁਣਾਂ ਦੇ ਨਾਲ ਹੀ ਅਗਲਾ ਗੁਣ ਹੈ ਸੰਜਮ ਜੋ ਸਿੱਖ ਵਿਅਕਤੀਤਵ ਦਾ ਲਾਜ਼ਮ ਗੁਣ ਮੰਨਿਆ ਗਿਆ ਹੈ। ਇਸੇ ਦੀ ਗੱਲ ਇੱਥੇ ਕੀਤੀ ਜਾਵੇਗੀ।

**ਸੰਜਮ:** 'ਸੰਜਮ' ਜਾਂ ਆਤਮ-ਸੰਜਮ ਵੀ ਇੱਕ ਅਜਿਹਾ ਗੁਣ ਹੈ ਜਿਸ ਨੂੰ ਸਿੱਖ ਨੈਤਿਕਤਾ ਵਿਚ ਵਿਸ਼ੇਸ਼ ਥਾਂ ਹਾਸਲ ਹੈ। ਸੰਜਮ ਨੂੰ ਉਚਤਮ ਵੱਲੋਂ ਨਿਚਤਮ ਨੂੰ ਕਾਬੂ ਕਰਨ ਵਾਲਾ ਵੀ ਅਤੇ ਉਸ ਨੂੰ ਸੇਧ ਦੇਣ ਵਾਲਾ ਵੀ ਮੰਨਿਆ ਗਿਆ ਹੈ। ਗੁਰੂ ਅਮਰਦਾਸ ਇੱਕ ਪ੍ਰਸ਼ਨ ਕਰਦੇ ਹਨ ਕਿ ਹੇ ਅਕਾਲ ਪੁਰਖ! ਮੈਂ ਕਿਹੜੀ ਗੱਲ ਆਪਣੇ ਮਨ ਵਿਚ ਦ੍ਰਿੜ ਕਰ ਲਵਾਂ, ਕਿਹੜੇ ਗੁਣ ਆਪਣੇ ਅੰਦਰ ਇਕੱਠੇ ਕਰ ਕੇ ਕਿਹੜੇ ਔਗੁਣ ਛੱਡ ਦਿਆਂ? ਮੈਨੂੰ ਆਪਣੇ ਆਪ ਤਾਂ ਇਸ ਗੱਲ ਦੀ ਸਮਝ ਨਹੀਂ ਲਗ ਸਕਦੀ। ਜੇ ਤੂੰ ਮੇਰੇ ਤੇ ਮਿਹਰ ਕਰੇਂ ਤਾਂ ਤੇਰਾ ਨਾਮ ਹੀ ਮੇਰਾ ਅਸਲ ਸਾਥੀ ਹੈ (ਜਿਸ ਤੋਂ ਮੈਨੂੰ ਸਮਝ ਲਗ ਸਕਦੀ ਹੈ)। ਇਸੇ ਸ਼ਬਦ ਦੀਆਂ ਅਗਲੀਆਂ ਪੰਕਤੀਆਂ ਵਿਚ ਗੁਰੂ ਅਮਰਦਾਸ ਸੰਜਮੀ ਪੁਰਸ਼ਾਂ ਦੇ ਹਵਾਲੇ ਨਾਲ ਇਸ ਦਾ ਆਪ ਹੀ ਉਤਰ ਦਿੰਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੂੰ ਅਕਾਲ ਪੁਰਖ ਨੇ ਆਤਮਕ ਸੂਝ ਬਖਸ਼ੀ ਹੈ, ਜਿਨ੍ਹਾਂ ਨੂੰ ਉਸ ਦੇ ਦਰ ਦੀ ਸੋਝੀ ਹੋ ਗਈ ਹੈ, ਉਹ ਮਨੁੱਖ ਵਿਕਾਰਾਂ ਵਿਚ ਆਪਣਾ ਜੀਵਨ ਨਸ਼ਟ ਨਹੀਂ ਕਰਦੇ। ਉਨ੍ਹਾਂ ਦਾ ਜਨਮ ਮਰਨ ਦਾ ਚੱਕਰ ਮੁੱਕ ਜਾਂਦਾ ਹੈ:

ਕਿਆ ਦ੍ਰਿੜਾ ਕਿਆ ਸੰਗ੍ਰਹਿ ਤਿਆਗੀ
ਮੈ ਤਾ ਬੂਝ ਨ ਪਾਈ॥
ਹੋਹਿ ਦਇਆਲੁ ਕ੍ਰਿਪਾ ਕਰਿ ਹਰਿ ਜੀਉ
ਨਾਮੋ ਹੋਇ ਸਖਾਈ॥3॥
ਜਿਨ ਦਰੁ ਸੂਝੈ ਸੇ ਕਦੇ ਨ ਵਿਗਾੜਹਿ
ਸਤਿਗੁਰਿ ਬੂਝ ਬੁਝਾਈ॥
ਸਚੁ ਸੰਜਮੁ ਕਰਣੀ ਕਿਰਤਿ ਕਮਾਵਹਿ
ਆਵਣ ਜਾਣੁ ਰਹਾਈ॥6॥ (ਪੰਨਾ 1234)

ਗੁਰੂ ਅਮਰਦਾਸ ਅੱਗੇ ਸਪੱਸ਼ਟ ਕਰਦੇ ਹਨ ਕਿ ਮਹਿਜ ਵਰਤ ਰੱਖਣਾ, ਤਪ ਕਰਨਾ ਆਦਿ ਸੰਜਮ ਨਹੀਂ ਹੈ। ਸੰਜਮ ਅਤੇ ਸੱਚ ਦੀ ਕਾਰ ਕਮਾਉਣਾ ਹੀ ਸੱਚੀ ਕਾਰ ਹੈ। ਸੱਚ ਦੀ ਕਾਰ ਅਤੇ ਸੰਜਮ ਦੋ ਅਜਿਹੇ ਗੁਣ ਹਨ ਜੋ ਮਨੁੱਖ ਦੀਆਂ ਨੀਵੀਆਂ ਬਿਰਤੀਆਂ ਨੂੰ ਕਾਬੂ ਵਿਚ ਰੱਖ ਕੇ ਉਸ ਦੀ ਉਚਤਮ ਬਿਰਤੀਆਂ ਵੱਲ ਪ੍ਰੇਰਨਾ ਦਾ ਕਾਰਨ ਬਣਦੇ ਹਨ।

ਬਾਣੀ ਵਿਚ ਬਹੁਤ ਥਾਂਵਾਂ 'ਤੇ ਅਜਿਹੇ ਸੰਕੇਤ ਮਿਲ ਜਾਂਦੇ ਹਨ ਜਿਥੇ ਗੁਰੂ ਨਾਨਕ ਸਾਹਿਬ ਜੋਗ ਵਰਗੇ ਕਠਿਨ ਸਾਧਨਾਂ ਰਾਹੀਂ ਆਤਮ-ਸੰਜਮ ਵਰਗੇ ਇੰਤਹਾਪਸੰਦ ਸਾਧਨਾਂ ਦੀ ਨਿਖੇਧੀ ਕਰਦੇ ਹਨ। ਅਜਿਹੀ ਰਹਿਤ ਜਗਿਆਸੂ ਲਈ ਕਠਿਨ, ਹਿੰਸਾਤਮਕ ਸਾਧਨਾਂ ਰਾਹੀਂ ਸਰੀਰ ਦੇ ਵੱਖ ਵੱਖ ਗਿਆਨ-ਇੰਦ੍ਰਿਆ ਦੇ ਸੰਜਮ ਦੀ ਗੱਲ ਕਰਦੀ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ ਨੇ ਹਠਜੋਗ ਦਾ ਨਾਮ ਦਿੱਤਾ ਹੈ ਅਤੇ ਨਕਾਰਿਆ ਹੈ। ਉਹ ਇਸੇ ਸਬੰਧ ਵਿਚ ਪ੍ਰਸ਼ਨ ਰੱਖਦੇ ਹਨ ਕਿ ਉਸ ਅਪਹੁੰਚ ਪਰਮਾਤਮਾ ਦੇ ਨਗਰ ਤੱਕ ਕਿਸ ਤਰ੍ਹਾਂ ਪਹੁੰਚ ਸਕੀਦਾ ਹੈ? ਤਾਂ ਇਸ ਦਾ ਉਤਰ ਦਿੰਦੇ ਹਨ ਕਿ ਉਸ ਦੇ ਨਗਰ ਤੱਕ ਉਸ ਦੇ ਨਾਮ ਸਿਮਰਨ ਰਾਹੀਂ ਪਹੁੰਚ ਸਕੀਦਾ ਹੈ, ਇੰਦ੍ਰਿਆਂ ਨੂੰ ਵਿਕਾਰਾਂ ਵੱਲੋਂ ਰੋਕ ਕੇ, ਪਰਮਾਤਮ-ਗੁਣਾਂ ਨੂੰ ਆਪਣੇ ਅੰਦਰ ਸੰਭਾਲ ਕੇ ਸਤਿਗੁਰ ਦਾ ਸ਼ਬਦ ਕਮਾਉਣਾ ਚਾਹੀਦਾ ਹੈ। ਉਸ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨਾਲ ਮੇਲ ਕਰਾਉਣ ਵਾਲੇ ਗੁਰ-ਸ਼ਬਦ ਨੂੰ ਕਮਾਇਆਂ ਨਿਜ-ਘਰ (ਆਤਮ-ਅਨੁਭਵ) ਤੱਕ ਪਹੁੰਚ ਸਕੀਦਾ ਹੈ, ਪਰਮਾਤਮਾ ਲੱਭ ਲਈਦਾ ਹੈ। ਫਿਰ ਦੁਨਿਆਵੀ ਜਤਨਾਂ ਦਾ ਆਸਰਾ ਲੈਣ ਦੀ ਲੋੜ ਨਹੀਂ ਪੈਂਦੀ ਕਿਉਂਕਿ ਪਰਮਾਤਮਾ ਸ਼ੋਮਣੀ ਹੈ। ਇਹ ਲੁਕਾਈ ਜਪ-ਤਪ ਕਰਕੇ ਹਾਰ ਗਈ ਹੈ, ਇਸ ਤਰ੍ਹਾਂ ਦੇ ਹਠ-ਕਰਮਾਂ ਨਾਲ, ਇੰਦ੍ਰਿਆਂ ਨੂੰ ਵੱਸ ਕਰਨ ਦੇ ਉਪਰਾਲਿਆਂ ਨਾਲ ਅਕਾਲ ਪੁਰਖ ਨਹੀਂ ਮਿਲਦਾ।

ਜਿਨ੍ਹਾਂ ਨੂੰ ਸਤਿਗੁਰੂ ਦੀ ਦਿੱਤੀ ਮੱਤ ਰਾਹੀਂ ਜੀਵਨ-ਜਾਚ ਦੀ ਸੋਝੀ ਹੋ ਜਾਂਦੀ ਹੈ, ਪਰਮਾਤਮਾ ਦੀ ਮਿਹਰ ਸਦਕਾ ਉਨ੍ਹਾਂ ਦਾ ਉਸ ਨਾਲ ਮੇਲ ਹੋ ਜਾਂਦਾ ਹੈ:

ਤਿਤੁ ਅਗਮ ਤਿਤੁ ਅਗਮਪੁਰੇ ਕਹੁ
ਕਿਤੁ ਬਿਧਿ ਜਾਈਐ ਰਾਮ॥
ਸਚੁ ਸੰਜਮੋ ਸਾਰਿ ਗੁਣਾ
ਗੁਰ ਸਬਦੁ ਕਮਾਈਐ ਰਾਮ॥
ਸਚੁ ਸਬਦੁ ਕਮਾਈਐ ਨਿਜ ਘਰਿ ਜਾਈਐ
ਪਾਈਐ ਗੁਣੀ ਨਿਧਾਨਾ॥
ਤਿਤੁ ਸਾਖਾ ਮੂਲੁ ਪਤੁ ਨਹੀ ਡਾਲੀ
ਸਿਰਿ ਸਭਨਾ ਪਰਧਾਨਾ॥
ਜਪੁ ਤਪੁ ਕਰਿ ਕਰਿ ਸੰਜਮ ਥਾਕੀ
ਹਠਿ ਨਿਗ੍ਰਹਿ ਨਹੀ ਪਾਈਐ॥
ਨਾਨਕ ਸਹਜਿ ਮਿਲੇ ਜਗਜੀਵਨੁ
ਸਤਿਗੁਰ ਬੂਝ ਬੁਝਾਈਐ॥2॥
(ਪੰਨਾ 436)

ਸਿੱਖ ਧਰਮ ਚਿੰਤਨ ਵਿਚ ਆਤਮ-ਸੰਜਮ ਦਾ ਆਦਰਸ਼ ਪ੍ਰਾਪਤ ਕਰਨ ਲਈ ਜੋਗ-ਸਾਧਨਾ ਵਰਗੇ ਇੰਤਹਾਪਸੰਦ ਤਰੀਕਿਆਂ ਨੂੰ ਨਕਾਰ ਕੇ ਆਤਮ-ਸੰਜਮ ਲਈ ਸਹਿਜ-ਮਾਰਗ ਦੀ ਸਿਫਾਰਸ਼ ਕੀਤੀ ਗਈ ਹੈ। ਇਹ ਆਮ ਆਦਮੀ ਲਈ ਸੰਭਵ ਹੈ ਕਿਉਂਕਿ ਇਸ ਵਿਚ ਥੋੜਾ ਖਾਣ, ਥੋੜਾ ਸੌਣ ਅਤੇ ਥੋੜਾ ਬੋਲਣ ਵਰਗੇ ਹੋਰ ਤਰੀਕਿਆਂ ਨੂੰ ਅਪਨਾਉਣ ਲਈ ਕਿਹਾ ਗਿਆ ਹੈ। ਇਹ ਇੱਕ ਪਾਸੇ ਬਹੁਤਾ ਖਾਣ, ਬਹੁਤਾ ਸੌਣ ਅਤੇ ਬਹੁਤਾ ਬੋਲਣ ਅਤੇ ਦੂਸਰੇ ਪਾਸੇ ਵਰਤ ਰੱਖਣ, ਨਾ-ਸੌਣ ਤੇ ਮੋਨ ਵਰਤ ਦੇ ਵਿਚਕਾਰਲਾ ਰਸਤਾ ਹੈ।

'ਸਿਧ ਗੋਸਟਿ' ਵਿਚ ਜੋਗੀ ਗੁਰੂ ਨਾਨਕ ਸਾਹਿਬ ਨੂੰ ਜੋਗ ਦਾ ਗਿਆਨ ਮਾਰਗ ਦੱਸਦਾ ਹੈ ਕਿ ਅਸੀਂ ਦੁਨੀਆਦਾਰੀ ਦੇ ਸੰਸਿਆਂ-ਝਮੇਲਿਆਂ ਤੋਂ ਦੂਰ ਜੰਗਲ ਵਿਚ ਕਿਸੇ ਰੁੱਖ ਦੀ ਛਾਂ ਹੇਠ ਰਹਿੰਦੇ ਅਤੇ ਗਾਜਰ-ਮੂਲੀ ਖਾ ਕੇ ਗੁਜ਼ਾਰਾ ਕਰਦੇ ਹਾਂ, ਤੀਰਥ-ਇਸ਼ਨਾਨ ਕਰਦੇ ਹਾਂ, ਇਸ ਦਾ ਫਲ 'ਸੁਖ' ਮਿਲਦਾ ਹੈ ਅਤੇ ਮਨ ਨੂੰ ਕੋਈ ਮੈਲ ਵੀ ਨਹੀਂ ਲਗਦੀ। ਇਸ ਦਾ ਉਤਰ ਦਿੰਦਿਆਂ ਗੁਰੂ ਨਾਨਕ ਸਾਹਿਬ ਕਹਿੰਦੇ ਹਨ ਕਿ ਅਸਲ ਗਿਆਨ ਦੀ ਵਿਚਾਰ ਇਹ ਹੈ ਕਿ ਸੰਸਾਰ ਦੇ ਧੰਦਿਆਂ ਵਿਚ ਰਹਿੰਦਿਆਂ ਮਨੁੱਖ ਨੂੰ ਨੀਂਦ ਨਾ ਆਵੇ ਅਰਥਾਤ ਧੰਦਿਆਂ ਵਿਚ ਹੀ ਗਲਤਾਨ ਨਾ ਹੋ ਜਾਵੇ, ਪਰਾਏ ਘਰ ਵਿਚ ਮਨ ਨੂੰ ਡੋਲਣ ਨਾ ਦੇਵੇ ਪਰ ਪਰਮਾਤਮਾ ਦੇ ਨਾਮ ਤੋਂ ਬਿਨਾ ਮਨੁੱਖ ਦਾ ਮਨ ਟਿਕ ਨਹੀਂ ਸਕਦਾ। ਜਿਸ ਮਨੁੱਖ ਨੂੰ ਸਤਿਗੁਰੂ ਨੇ ਨਾਮ ਦਾ ਟਿਕਾਣਾ, ਸ਼ਹਿਰ ਅਤੇ ਘਰ ਦਿਖਾ ਦਿੱਤਾ ਹੈ, ਉਹ ਸੰਸਾਰਕ ਧੰਦਿਆਂ ਵਿਚ ਰਹਿ ਕੇ ਵੀ ਅਡੋਲ ਰਹਿੰਦਾ ਹੈ ਅਤੇ ਨਾਮ ਦਾ ਵਣਜ ਕਰਦਾ ਹੈ; ਉਸ ਮਨੁੱਖ ਦੀ ਨੀਂਦ ਵੀ ਥੋੜੀ ਹੁੰਦੀ ਹੈ ਅਤੇ ਖੁਰਾਕ ਵੀ, ਅਰਥਾਤ ਉਹ ਦੁਨਿਆਵੀ ਸੁਆਦਾਂ ਵਿਚ ਮਸਰੂਫ ਨਹੀਂ ਰਹਿੰਦਾ:

ਹਾਟੀ ਬਾਟੀ ਨੀਦ ਨ ਆਵੈ
ਪਰ ਘਰਿ ਚਿਤੁ ਨ ਡੋੁਲਾਈ॥
ਬਿਨੁ ਨਾਵੈ ਮਨੁ ਟੇਕ ਨ ਟਿਕਈ
ਨਾਨਕ ਭੂਖ ਨ ਜਾਈ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ
ਸਹਜੇ ਸਚੁ ਵਾਪਾਰੋ॥
ਖੰਡਿਤ ਨਿਦ੍ਰਾ ਅਲਪ ਅਹਾਰੰ
ਨਾਨਕ ਤਤੁ ਬੀਚਾਰੋ॥8॥ (ਪੰਨਾ 939)

ਇਸੇ ਦੀ ਵਿਆਖਿਆ ਕਰਦਿਆਂ ਭਾਈ ਗੁਰਦਾਸ ਨੇ ਲਿਖਿਆ ਹੈ ਕਿ ਗੁਰਸਿੱਖ ਥੋੜਾ ਬੋਲਦਾ ਹੈ, ਥੋੜਾ ਸੌਂਦਾ ਅਤੇ ਖਾਂਦਾ ਹੈ। ਦੂਸਰਿਆਂ ਦੀ ਦੌਲਤ, ਪਰਾਈ ਇਸਤਰੀ ਅਤੇ ਪਰਾਈ ਨਿੰਦਿਆਂ ਤੋਂ ਦੂਰ ਰਹਿੰਦਾ ਹੈ,

ਗੁਰਸਿਖ ਥੋੜਾ ਬੋਲਣਾ
ਥੋੜਾ ਸਉਣਾ ਥੋੜਾ ਖਾਣਾ।
ਪਰ ਤਨ ਪਰ ਧਨ ਪਰਹਰੈ
ਪਰ ਨਿੰਦਾ ਸੁਣਿ ਮਨਿ ਸਰਮਾਣਾ।
(32/2)

ਇਸ ਲਈ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਵਿਚ ਆਤਮ-ਸੰਜਮ ਲਈ ਹਠ-ਜੋਗ ਵਰਗੀਆਂ ਸਖਤ ਕ੍ਰਿਆਵਾਂ ਦੀ ਨਿਖੇਧੀ ਕੀਤੀ ਗਈ ਹੈ ਪਰ ਸੰਜਮ ਨੂੰ ਸੰਤੁਲਨ ਬਣਾਈ ਰੱਖਣ ਵਾਲੇ ਗੁਣ ਦੇ ਰੂਪ ਵਿਚ ਸਵੀਕਾਰਿਆ ਗਿਆ ਹੈ।

ਗੁਰੂ ਸਾਹਿਬਾਨ ਦੀ ਬਾਣੀ ਵਿਚ ਆਮ ਤੌਰ ਤੇ 'ਸਤ ਸੰਜਮ' ਜਾਂ 'ਸਚ ਸੰਜਮ' ਮੁਹਾਵਰੇ ਦੀ ਵਰਤੋਂ ਕੀਤੀ ਮਿਲਦੀ ਹੈ ਜਿਸ ਰਾਹੀਂ ਗੁਰੂ ਸਾਹਿਬਾਨ ਨੇ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਸੰਜਮ ਅਜਿਹਾ ਗੁਣ ਹੈ ਜੋ ਸਤਿ ਮਨੁੱਖ ਦੇ ਦੂਸਰੇ ਪਹਿਲੂਆਂ ਨੂੰ ਨਿਯਮਤ ਕਰਦਾ ਹੈ। ਸਤਿ ਜਾਂ ਸਚਿ ਉਚਤਮ ਬਿਰਤੀ ਹੈ ਜੋ ਕਿ ਨੀਵੀਂਆਂ ਬਿਰਤੀਆਂ ਨੂੰ ਨਿਯਮਤ ਕਰਦੀ ਹੈ।

**ਦਲੇਰੀ:** ਦਲੇਰੀ ਸਿੱਖ ਨੈਤਿਕਤਾ ਦਾ ਕੇਂਦਰੀ ਗੁਣ ਹੈ। ਦਲੇਰੀ ਤੋਂ ਬਗੈਰ ਮਨੁੱਖ ਪਰਮਾਨਿਕਤਾ-ਰਹਿਤ ਹੈ। ਦਲੇਰੀ ਗੁੰਝਲਦਾਰ ਗੁਣ ਹੈ। ਇਸ ਵਿਚ ਭਾਵੇਂ ਹਿੰਮਤ ਅਤੇ ਸੂਰਮਗਤੀ ਦੋਵੇਂ ਇਕੱਠੇ ਇੱਕ ਚਰਿਤ੍ਰ ਦੇ ਗੁਣ ਹਨ ਪਰ ਹਾਲਾਤ ਪ੍ਰਤੀ ਇਨ੍ਹਾਂ ਦੀ ਪ੍ਰਤਿਕਿਰਿਆ ਵੱਖਰੀ ਵੱਖਰੀ ਹੁੰਦੀ ਹੈ। ਇਤਿਹਾਸਕ ਤੌਰ ਤੇ ਸਿੱਖ ਧਰਮ ਵਿਚ ਦਲੇਰੀ ਪਹਿਲਾਂ ਆਉਂਦੀ ਹੈ, ਪਰ ਨੈਤਿਕ ਮਹੱਤਤਾ ਤੋਂ ਇਸ ਵਿਚ ਬਹਾਦਰੀ ਦੀ ਸਮਰੱਥਾ ਆਉਣੀ ਜ਼ਰੂਰੀ ਹੈ। ਹਿੰਮਤ ਦੇ ਬਹਾਦਰੀ ਵਿਚ ਤਬਦੀਲ ਹੋਣ ਤੋਂ ਪਹਿਲਾਂ, ਵਿਅਕਤੀ ਨੂੰ ਇਹ ਪੱਕਾ ਹੋਣਾ ਚਾਹੀਦਾ ਹੈ ਕਿ ਬਹਾਦਰੀ-ਪ੍ਰਤਿਕਿਰਿਆ ਦੇ ਹਾਲਾਤ ਦੀ ਜ਼ਰੂਰਤ ਹੈ। ਇਸ ਤਰ੍ਹਾਂ ਦੇ ਨੈਤਿਕ ਜ਼ਾਬਤੇ ਤੋਂ ਬਗੈਰ ਕ੍ਰੋਧ-ਵੱਸ ਹੋ ਕੇ ਮਨੁੱਖ ਦੀ ਪ੍ਰਤਿਕਿਰਿਆ ਹਿੰਸਕ ਵੀ ਹੋ ਸਕਦੀ ਹੈ, ਅਤੇ ਜਿਸ ਨੂੰ ਉਹ ਬਹਾਦਰੀ ਸਿੱਧ ਕਰ ਸਕਦਾ ਹੈ। ਇਹ ਗੱਲ ਯਾਦ ਰੱਖਣ ਵਾਲੀ ਹੈ ਕਿ ਸੰਤੁਲਨ ਰਾਹੀਂ ਸੇਧੀ ਹੋਈ ਬਹਾਦਰੀ ਹੀ ਅਸਲੀ ਨੈਤਿਕ ਪ੍ਰਕਿਰਿਆ ਹੈ। ਦਲੇਰੀ ਦੀ ਨੈਤਿਕ ਸਮਰੱਥਾ ਤੋਂ ਬਿਨਾਂ, ਮਨੁੱਖ ਦੇਖਣ ਨੂੰ ਭਾਵੇਂ ਬਹਾਦਰ ਲੱਗੇ ਪਰ ਵਿਚੋਂ ਉਹ ਡਰਪੋਕ ਵੀ ਹੋ ਸਕਦਾ ਹੈ।

ਸਿੱਖ ਇਤਿਹਾਸ ਵਿਚ ਪੰਜਵੇਂ ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਬਾਅਦ ਦਲੇਰੀ ਦੀ ਸੁਰ ਜ਼ਿਆਦਾ ਪ੍ਰਮੁੱਖ ਹੋ ਗਈ। ਇਹ ਗੱਲ ਵਿਲੱਖਣ ਅਤੇ ਮੌਕਾ-ਮੇਲ ਹੈ ਕਿ ਪੰਜਵੇਂ ਗੁਰੂ ਦਾ ਸਮਾਂ ਦਸ ਗੁਰੂ ਸਾਹਿਬਾਨ ਦੇ ਮੱਧ ਵਿਚ ਆਉਂਦਾ ਹੈ। ਦਲੇਰੀ ਅਤੇ ਬਹਾਦਰੀ ਦੋਵੇਂ ਪੱਖ ਇੱਕ-ਦੂਸਰੇ ਤੋਂ ਅਲੱਗ ਨਹੀਂ ਬਲਕਿ ਸਿੱਖ ਧਰਮ ਵਿਚ ਦੋਵਾਂ ਦਾ, ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਸੁਮੇਲ ਪ੍ਰਾਪਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਲੇਰ ਅਤੇ ਬਹਾਦਰ ਮਨੁੱਖ ਲਈ ਸੂਰਾ, ਸੂਰਬੀਰ, ਨਿਡਰ ਅਤੇ ਨਿਰਭਉ ਸ਼ਬਦ ਵਰਤੇ ਮਿਲਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਦਾ ਸਲੋਕ ਹੈ, ਜਿਸ ਦਾ ਬਹਾਦਰੀ ਅਤੇ ਦਲੇਰੀ ਦੇ ਸਬੰਧ ਵਿਚ ਆਮ ਤੌਰ ਤੇ ਉਚਾਰਨ ਕੀਤਾ ਜਾਂਦਾ ਹੈ। ਭਗਤ ਕਬੀਰ ਜੀ ਅਨੁਸਾਰ ਜਿਹੜਾ ਮਨੁੱਖ ਇਸ ਸੰਸਾਰ-ਰੂਪੀ ਮੈਦਾਨਿ-ਜੰਗ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ ਤੇ ਅੜ ਖਲੋਂਦਾ ਹੈ, ਅਤੇ ਇਹ ਸਮਝਦਾ ਹੈ ਕਿ ਇਹ ਮਨੁੱਖਾ-ਜੀਵਨ ਹੀ ਇੱਕ ਅਜਿਹਾ ਮੌਕਾ ਹੈ ਜਦੋਂ ਇਨ੍ਹਾਂ ਨਾਲ ਲੜਿਆ ਜਾ ਸਕਦਾ ਹੈ, ਉਹ ਅਸਲੀ ਸੂਰਮਾ ਹੈ। ਉਸ ਦੇ ਦਸਮ-ਦੁਆਰ ਵਿਚ ਧੌਂਸਾ ਵੱਜਦਾ ਹੈ, ਉਸ ਦੇ ਮਨ ਵਿਚ ਧੂਹ ਪੈਂਦੀ ਹੈ, ਆਪਣੀ ਸੁਰਤਿ ਪਰਮਾਤਮ-ਚਰਨਾਂ ਵਿਚ ਜੁੜੇ ਰਹਿਣ ਦੀ। ਉਹ ਮਨੁੱਖ ਵੀ ਸੂਰਮਾ ਅਤੇ ਬਹਾਦਰ ਹੈ ਜੋ ਗਰੀਬਾਂ ਦੀ ਖਾਤਰ ਲੜਦਾ ਹੈ, ਟੋਟੇ ਟੋਟੇ ਹੋ ਕੇ ਮਰਦਾ ਹੈ ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ, ਪੈਰ ਪਿੱਛੇ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਖਾਤਰ ਗ਼ਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ,

ਗਗਨ ਦਮਾਮਾ ਬਾਜਿਓ
ਪਰਿਓ ਨੀਸਾਨੈ ਘਾਉ॥
ਖੇਤੁ ਜੁ ਮਾਂਡਿਓ ਸੂਰਮਾ
ਅਬ ਜੂਝਨ ਕੋ ਦਾਉ॥1॥
ਸੂਰਾ ਸੋ ਪਹਿਚਾਨੀਐ
ਜੁ ਲਰੈ ਦੀਨ ਕੇ ਹੇਤ॥
ਪੁਰਜਾ ਪੁਰਜਾ ਕਟਿ ਮਰੈ
ਕਬਹੂ ਨ ਛਾਡੈ ਖੇਤੁ॥2॥2॥
(ਪੰਨਾ 1105)

ਇਸ ਸ਼ਲੋਕ ਤੋਂ ਸਪੱਸ਼ਟ ਹੈ ਕਿ ਭਗਤ ਕਬੀਰ ਦੀਨ ਦੀ ਖਾਤਰ, ਧਰਮ ਦੀ ਖਾਤਰ ਬਿਨਾਂ ਕਿਸੇ ਹਿਚਕਚਾਹਟ ਦੇ ਜੂਝਣ ਦੀ ਪ੍ਰੇਰਨਾ ਦਲੇਰੀ ਅਤੇ ਬਹਾਦਰੀ ਦੇ ਗੁਣ ਰਾਹੀਂ ਕਰਨ ਦੀ ਕਰਦੇ ਹਨ ਕਿ ਮਨੁੱਖ ਨੇ ਜੀਵਨ-ਸੰਗ੍ਰਾਮ ਵਿਚੋਂ ਭੱਜਣਾ ਨਹੀਂ, ਸਗੋਂ ਬਹਾਦਰੀ ਅਤੇ ਦਲੇਰੀ ਨਾਲ ਇਸ ਦਾ ਮੁਕਾਬਲਾ ਕਰਨਾ ਹੈ। ਇਹ ਇੱਕ ਉਦਾਹਰਣ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਸਿੱਖ ਧਰਮ ਚਿੰਤਨ ਵਿਚ ਕਿਸ ਕਿਸਮ ਦੀ ਬਹਾਦਰੀ ਦੀ ਗੱਲ ਕੀਤੀ ਗਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਉਪਰ ਦਿੱਤੇ ਸਲੋਕ ਅਤੇ ਹੋਰ ਸੰਕੇਤਾਂ ਤੋਂ ਇਹ ਪਤਾ ਲਗਦਾ ਹੈ ਕਿ ਸਿੱਖ ਧਰਮ ਅਨੁਸਾਰ ਬਹਾਦਰੀ ਅਤੇ ਦਲੇਰੀ ਦਾ ਸੰਕਲਪ ਇੱਕ ਅਕਾਲ ਪੁਰਖ ਵਿਚ ਵਿਸ਼ਵਾਸ਼ ਰਾਹੀਂ ਦ੍ਰਿੜ ਕਰਵਾਇਆ ਗਿਆ ਹੈ ਕਿ ਪਰਮਾਤਮਾ ਨਿਆਂਉਂਸ਼ੀਲ ਹੈ ਅਤੇ ਹਮੇਸ਼ਾ ਇਨਸਾਫ ਵੱਲ ਹੁੰਦਾ ਹੈ ਅਤੇ ਬਹਾਦਰੀ ਦਿਖਾ ਰਹੇ ਮਨੁੱਖ ਅੰਦਰ ਦੈਵੀ ਦਲੇਰੀ ਹੁੰਦੀ ਹੈ। ਸਾਡੇ ਸਾਹਮਣੇ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੀ ਮਿਸਾਲ ਹੈ ਜਿਨ੍ਹਾਂ ਨੇ ਖਿੜੇ ਮੱਥੇ ਸ਼ਹਾਦਤ ਦਿੱਤੀ। ਆਪਣੇ ਵਿਸ਼ਵਾਸ ਅਤੇ ਬਚਨ ਦੀ ਖਾਤਰ ਦੁੱਖ ਸਹਿ ਸਕਣ ਵੱਲ ਗੁਰੂ ਅਰਜਨ ਦੇਵ ਇਸ਼ਾਰਾ ਕਰਦੇ ਹਨ ਕਿ ਪਰਮਾਤਮਾ ਦੇ ਸੰਤ ਦੀ ਜੀਵਨ-ਜੁਗਤੀ ਸੁਣ, ਉਸ ਦਾ ਜੀਵਨ ਏਨਾ ਉਚਾ ਹੈ ਜਿਸ ਨੂੰ ਬਿਆਨ ਨਹੀਂ ਕੀਤਾ ਜਾ ਸਕਦਾ। ਪਰਮਾਤਮਾ ਦਾ ਭਗਤ ਪਰਮਾਤਮਾ ਨੂੰ ਹਮੇਸ਼ਾ ਆਪਣੇ ਨੇੜੇ ਵੱਸਦਾ ਸਮਝਦਾ ਹੈ, ਜੋ ਕੁੱਝ ਅਕਾਲ ਪੁਰਖ ਕਰਦਾ ਹੈ ਉਸ ਨੂੰ ਮਿੱਠਾ ਕਰਕੇ ਮੰਨਦਾ ਹੈ। ਪਰਮਾਤਮਾ ਦਾ ਨਾਮ ਹੀ ਸੰਤ ਜਨਾਂ ਦਾ ਆਸਰਾ ਬਣਿਆ ਰਹਿੰਦਾ ਹੈ। ਪਰਮਾਤਮਾ ਦਾ ਸੰਤ ਕਰੋੜਾਂ ਦੇ ਪਾਪ ਦੂਰ ਕਰਨ ਦੀ ਸਮਰੱਥਾ ਰੱਖਦਾ ਹੈ। ਪਰਮਾਤਮਾ ਦੇ ਸੰਤ ਦੂਸਰਿਆਂ ਦੇ ਦੁੱਖ ਦੂਰ ਕਰਨ ਜੋਗੇ ਹੋ ਜਾਂਦੇ ਹਨ ਅਤੇ ਦੂਸਰਿਆਂ ਨੂੰ ਆਤਮਕ ਜੀਵਨ ਦੇਣ ਦੀ ਸਮਰੱਥਾ ਰੱਖਦੇ ਹਨ। ਉਹ ਸੂਰਮੇ ਹੁੰਦੇ ਹਨ, ਕੀਤੇ ਬਚਨਾਂ ਦੀ ਪਾਲਣਾ ਕਰਦੇ ਹਨ। ਇਸ ਨਿਮਾਣੀ ਮਾਇਆ ਨੂੰ ਸੰਤਾਂ ਨੇ ਆਪਣੇ ਵੱਸ ਵਿਚ ਕਰ ਲਿਆ ਹੁੰਦਾ ਹੈ,

ਕੋਟਿ ਕੋਟਿ ਅਘ ਕਾਟਨਹਾਰਾ॥
ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥
ਸੂਰਬੀਰ ਬਚਨ ਕੇ ਬਲੀ॥
ਕਉਲਾ ਬਪੁਰੀ ਸੰਤੀ ਛਲੀ॥3॥
(ਪੰਨਾ 392)

ਗੁਰੂ ਅਰਜਨ ਦੇਵ ਫਰਮਾਉਂਦੇ ਹਨ ਕਿ ਅਕਾਲ ਪੁਰਖ ਭੈ ਤੋਂ ਰਹਿਤ ਹੈ ਅਤੇ ਉਹ ਹਮੇਸ਼ਾ ਮਨੁੱਖ ਦੇ ਨਾਲ, ਉਸ ਦੇ ਹਿਰਦੇ ਵਿਚ ਵੱਸ ਰਿਹਾ ਹੈ, ਫਿਰ ਡਰਨਾ ਕਿਉਂ ਅਤੇ ਕਿਸ ਤੋਂ ਹੈ? ਗੁਰੂ ਨਾਨਕ ਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 840 ਤੇ ਕਹਿੰਦੇ ਹਨ ਕਿ ਜੋ ਮਨੁੱਖ ਪਰਮਾਤਮ-ਸੁਰਤਿ ਨਾਲ ਇੱਕ-ਸੁਰ ਹੋ ਗਿਆ ਹੈ ਉਹ ਮਨੁੱਖ ਕਿਸੇ ਤੋਂ ਭੈ ਨਹੀਂ ਖਾਂਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵਿਚ ਅਕਾਲ ਪੁਰਖ ਨੂੰ 'ਨਿਰਭਉ' ਦਰਸਾਇਆ ਗਿਆ ਹੈ ਅਤੇ ਉਸ ਨੂੰ 'ਭੈ ਹਰਨ' ਵੀ ਕਿਹਾ ਗਿਆ ਹੈ ਅਰਥਾਤ ਭੈ ਨੂੰ ਦੂਰ ਕਰਨ ਵਾਲਾ ਕਿਹਾ ਗਿਆ ਹੈ। ਇਸ ਤਰ੍ਹਾਂ ਅਧਿਆਤਮਕਤਾ ਦਲੇਰੀ ਅਤੇ ਬਹਾਦਰੀ ਮਨੁੱਖ ਦੇ ਅੰਦਰ ਭਰਦੀ ਹੈ। ਇਸੇ ਅਧਿਆਤਮਕਤਾ ਨੇ ਸਿੱਖ ਧਰਮ ਨੂੰ ਜ਼ੁਲਮ ਨਾਲ ਟੱਕਰ ਲੈਣ ਲਈ ਦਲੇਰੀ ਅਤੇ ਬਹਾਦਰੀ ਬਖਸ਼ਿਸ਼ ਕੀਤੀ ਜਿਸ ਨੇ ਮੁਗ਼ਲਾਂ ਦੇ ਹਰ ਜ਼ੁਲਮ ਦਾ ਟਾਕਰਾ ਦਲੇਰੀ ਅਤੇ ਬਹਾਦਰੀ ਨਾਲ ਕੀਤਾ। ਔਰੰਗਜ਼ੇਬ ਨੂੰ ਲਿਖੇ ਜ਼ਫਰਨਾਮੇ ਵਿਚ ਇਸੇ ਕਿਸਮ ਦੀ ਬਹਾਦਰੀ ਅਤੇ ਦਲੇਰੀ ਦੀ ਗੱਲ ਕਰਦਿਆਂ ਗੁਰੂ ਗੋਬਿੰਦ ਸਿੰਘ ਕਹਿੰਦੇ ਹਨ ਕਿ ਜਦੋਂ ਹੋਰ ਸਾਰੇ ਹੀਲੇ ਮੁੱਕ ਜਾਣ ਤਾਂ ਤਲਵਾਰ ਉਠਾ ਲੈਣਾ ਜਾਇਜ਼ ਹੁੰਦਾ ਹੈ।

## ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ

**ਗੁਰਬਾਣੀ ਗਿਆਨ**

**ਸੋਰਠ ਮਹਲਾ ੫**
ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ
ਮਨ ਤਨ ਭਏ ਅਰੋਗਾ॥
ਕੋਟਿ ਬਿਘਨ ਲਾਥੇ ਪ੍ਰਭ ਸਰਣਾ
ਪ੍ਰਗਟੇ ਭਲੇ ਸੰਜੋਗਾ॥੧॥
ਪ੍ਰਭ ਬਾਣੀ ਸਬਦੁ ਸੁਭਾਖਿਆ॥
ਗਾਵਹੁ ਸੁਣਹੁ ਪੜਹੁ ਨਿਤ ਭਾਈ
ਗੁਰ ਪੂਰੈ ਤੂ ਰਾਖਿਆ॥ਰਹਾਉ॥
ਸਾਚਾ ਸਾਹਿਬੁ ਅਮਿਤਿ ਵਡਾਈ
ਭਗਤਿ ਵਛਲ ਦਇਆਲਾ॥
ਸੰਤਾ ਕੀ ਪੈਜ ਰਖਦਾ ਆਇਆ
ਆਦਿ ਬਿਰਦੁ ਪ੍ਰਤਿਪਾਲਾ॥੨॥
ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ
ਸਰਬ ਵੇਲਾ ਮੁਖਿ ਪਾਵਹੁ॥
ਜਰਾ ਮਰਾ ਤਾਪੁ ਸਭੁ ਨਾਠਾ
ਗੁਣ ਗੋਬਿੰਦ ਨਿਤ ਗਾਵਹੁ॥੩॥
ਸੁਣੀ ਅਰਦਾਸਿ ਸੁਆਮੀ ਮੇਰੈ
ਸਰਬ ਕਲਾ ਬਣਿ ਆਈ॥
ਪ੍ਰਗਟ ਭਈ ਸਗਲੇ ਜੁਗ ਅੰਤਰਿ
ਗੁਰ ਨਾਨਕ ਕੀ ਵਡਿਆਈ॥੪॥

ਸ੍ਰੀ ਗੁਰੂ ਅਰਜਨ ਦੇਵ ਉਪਦੇਸ਼ ਕਰਦੇ ਹਨ ਕਿ ਹੇ ਭਾਈ! ਅੰਮ੍ਰਿਤ ਵੇਲੇ ਉਠ ਕੇ ਇਸਨਾਨ ਕਰਨ ਅਤੇ ਉਸ ਜਗਤ ਪਿਤਾ ਪ੍ਰਭੂ ਜੀ ਦੇ ਨਾਮ ਦਾ ਸਿਮਰਨ ਕਰਨ ਨਾਲ ਮਨ ਤਨ ਭਏ ਅਰੋਗਾ, ਭਾਵ ਜੀਵ ਦਾ ਮਨ ਅਤੇ ਤਨ, ਦੋਵੇਂ ਹੀ ਨਵੇਂ ਨਰੋਏ ਹੋ ਜਾਂਦੇ ਹਨ। ਕੋਟਿ ਬਿਘਨ ਲਾਥੇ ਪ੍ਰਭ ਸਰਣਾ, ਭਾਵ ਹੇ ਭਾਈ! ਪ੍ਰਭ ਜੀ ਦੀ ਸ਼ਰਨ ਵਿਚ ਆਉਣ ਕਰ ਕੇ ਜੀਵਨ ਦੇ ਸਫ਼ਰ ਵਿਚ ਆਉਣ ਵਾਲੀਆਂ ਕਰੋੜਾਂ ਹੀ ਮੁਸ਼ਕਿਲਾਂ ਦੂਰ ਹੋ ਜਾਂਦੀਆਂ ਹਨ ਅਤੇ ਪ੍ਰਭੂ ਨਾਲ ਮਿਲਾਪ ਦੇ ਚੰਗੇ ਅਵਸਰ ਭੀ ਸਾਹਮਣੇ ਆ ਜਾਂਦੇ ਹਨ।

ਪ੍ਰਭ ਬਾਣੀ ਸਬਦੁ ਸੁਭਾਖਿਆ॥
ਗਾਵਹੁ ਸੁਣਹੁ ਪੜਹੁ ਨਿਤ ਭਾਈ
ਗੁਰ ਪੂਰੈ ਤੂ ਰਾਖਿਆ॥ਰਹਾਉ॥

ਪੰਚਮ ਪਾਤਸ਼ਾਹ ਆਖਦੇ ਹਨ, ਪ੍ਰਭ ਬਾਣੀ ਸਬਦ ਸੁਭਾਖਿਆ, ਭਾਵ ਗੁਰੂ ਨੇ ਜੋ ਸੋਹਣੇ ਸ਼ਬਦ ਦਾ ਉਚਾਰਨ ਕੀਤਾ ਹੈ, ਇਹ ਸੋਹਣਾ ਸ਼ਬਦ ਤਾਂ ਉਸ ਮਾਲਕ ਪ੍ਰਭੂ ਦੀ ਸਿਫ਼ਤ ਦੀ ਬਾਣੀ ਹੈ। ਗਾਵਹੁ ਸੁਣਹੁ ਪੜਹੁ ਨਿਤ ਭਾਈ, ਭਾਵ ਹੇ ਭਾਈ! ਇਸ ਸੋਹਣੇ ਸ਼ਬਦ ਨੂੰ ਹਮੇਸ਼ਾਂ ਹੀ ਗਾਉਂਦੇ ਰਹੋ, ਸਤਿਕਾਰ ਨਾਲ ਸੁਣਦੇ ਵੀ ਰਹੋ ਅਤੇ ਮਨ ਲਾ ਕੇ ਪੜ੍ਹਦੇ ਵੀ ਰਹੋ। ਗੁਰ ਪੂਰੈ ਤੂ ਰਾਖਿਆ, ਭਾਵ ਭਾਈ! ਜੇ ਤੂੰ ਸ਼ਬਦ ਨਾਲ ਜੁੜ ਜਾਵੇਂਗਾ ਤਾਂ ਭਰੋਸਾ ਰੱਖ, ਗੁਰੂ ਤੈਨੂੰ ਮੁਸ਼ਕਿਲ ਤੋਂ ਸਦਾ ਹੀ ਬਚਾਵੇਗਾ।

ਸਾਚਾ ਸਾਹਿਬੁ ਅਮਿਤਿ ਵਡਾਈ
ਭਗਤਿ ਵਛਲ ਦਇਆਲਾ॥
ਸੰਤਾ ਕੀ ਪੈਜ ਰਖਦਾ ਆਇਆ
ਆਦਿ ਬਿਰਦੁ ਪ੍ਰਤਿਪਾਲਾ॥੨॥

ਸਾਚਾ ਸਾਹਿਬ, ਭਾਵ ਉਹ ਅਕਾਲ ਪੁਰਖ ਜੋ ਸਦਾ ਹੀ ਕਾਇਮ ਰਹਿਣ ਵਾਲਾ ਹੈ; ਅਮਿਤਿ ਵਡਾਈ, ਭਾਵ ਜਿਸ ਦੀ ਹੋਂਦ ਦੀ ਵਡਿਆਈ ਨਾ ਕੀਤੀ ਜਾ ਸਕੇ, ਜੋ ਗਿਣਤੀ ਤੋਂ ਪਰ੍ਹੇ ਹੈ; ਭਗਤਿ ਵਛਲ ਦਇਆਲਾ, ਭਾਵ ਜੋ ਆਪਣੇ ਪਿਆਰਿਆਂ ਨੂੰ ਸਦਾ ਹੀ ਪਿਆਰ ਕਰਨ ਵਾਲਾ ਹੈ ਅਤੇ ਦਇਆਲਤਾ ਦਾ ਸਮੁੰਦਰ ਹੈ; ਜੋ ਸੰਤਾਂ ਕੀ ਪੈਜ ਰਖਦਾ ਆਇਆ, ਭਾਵ ਪ੍ਰਭੂ ਆਪਣੇ ਸੰਤਾਂ ਭਗਤਾਂ ਦੀ ਪੈਜ ਸ਼ੁਰੂ ਤੋਂ ਹੀ ਰੱਖਦਾ ਆਇਆ ਹੈ ਤੇ ਉਹ ਮਿਹਰਬਾਨ ਪ੍ਰਭੂ ਆਪਣੇ ਇਸ ਚੰਗੇ ਸੁਭਾਓ ਦੀ ਵੀ ਆਦਿ ਤੋਂ ਹੀ ਪਾਲਣ ਕਰਦਾ ਆ ਰਿਹਾ ਹੈ।

ਹਰਿ ਅੰਮ੍ਰਿਤ ਨਾਮੁ ਭੋਜਨੁ ਨਿਤ ਭੁੰਚਹੁ
ਸਰਬ ਵੇਲਾ ਮੁਖਿ ਪਾਵਹੁ॥
ਜਰਾ ਮਰਾ ਤਾਪੁ ਸਭੁ ਨਾਠਾ
ਗੁਣ ਗੋਬਿੰਦ ਨਿਤ ਗਾਵਹੁ॥੩॥

ਹੇ ਭਾਈ! ਉਸ ਜਗਤ ਪਿਤਾ ਪਰਮਾਤਮਾ ਦਾ ਨਾਮ ਤਾਂ ਆਤਮਿਕ ਤੌਰ 'ਤੇ ਸਦਾ ਹੀ ਜੀਵਨ ਦੇਣ ਵਾਲਾ ਹੈ। ਇਸ ਲਈ ਇਸ ਆਤਮਿਕ ਭੋਜਨ ਨੂੰ ਹਰ ਵੇਲੇ ਹੀ ਖਾਂਦੇ ਰਹੋ। ਸਰਬ ਵੇਲਾ ਮੁਖਿ ਪਾਵਹੁ, ਭਾਵ ਇਸ ਨਾਮ ਰੂਪੀ ਭੋਜਨ ਨੂੰ ਹਰ ਵੇਲੇ ਹੀ ਅਤੇ ਹਰ ਸਮੇਂ ਹੀ ਆਪਣੇ ਮੂੰਹ ਵਿਚ ਪਾਂਦੇ ਰਹੋ। ਹੇ ਭਾਈ! ਜੋ ਜੀਵ ਉਸ ਗੋਬਿੰਦ ਪ੍ਰਭੂ ਜੀ ਦੇ ਗੁਣਾਂ ਦਾ ਹਰ ਵੇਲੇ ਗਾਇਨ ਕਰਦਾ ਹੈ, ਉਸ ਨੂੰ ਆਤਮਿਕ ਤੌਰ 'ਤੇ ਨਾ ਕਦੀ ਬੁਢਾਪਾ ਆਵੇਗਾ ਤੇ ਨਾ ਹੀ ਮੌਤ ਆਵੇਗੀ, ਨਾ ਹੀ ਕੋਈ ਦੁਖ ਕਲੇਸ਼ ਸਤਾਵੇਗਾ।

ਸੁਣੀ ਅਰਦਾਸਿ ਸੁਆਮੀ ਮੇਰੈ
ਸਰਬ ਕਲਾ ਬਣਿ ਆਈ॥
ਪ੍ਰਗਟ ਭਈ ਸਗਲੇ ਜੁਗ ਅੰਤਰਿ
ਗੁਰ ਨਾਨਕ ਕੀ ਵਡਿਆਈ॥੪॥

ਹੇ ਭਾਈ! ਜਿਸ ਜੀਵ ਨੇ ਵੀ ਗੁਰੂ ਦੇ ਸ਼ਬਦ ਦਾ ਸਹਾਰਾ ਲੈ ਕੇ ਜਗਤ ਦੇ ਮਾਲਕ ਮਿਹਰਬਾਨ ਪ੍ਰਭੂ ਜੀ ਦੇ ਨਾਮ ਦਾ ਸਿਮਰਨ ਕੀਤਾ, ਮੇਰੇ ਪ੍ਰਭੂ ਜੀ ਨੇ ਉਸ ਦੀ ਅਰਦਾਸ ਸੁਣ ਲਈ। ਹੇ ਭਾਈ! ਗੁਰੂ ਦੇ ਦੱਸੇ ਮੁਤਾਬਿਕ ਜੋ ਜੀਵ ਪ੍ਰਭੂ ਦਾ ਨਾਮ ਜਪਦੇ ਹਨ, ਉਨ੍ਹਾਂ ਦੇ ਅੰਦਰ ਕਰੋੜਾਂ ਮੁਸੀਬਤਾਂ ਦਾ ਟਾਕਰਾ ਕਰਨ ਲਈ ਸ਼ਕਤੀ ਪੈਦਾ ਹੋ ਜਾਂਦੀ ਹੈ ਅਤੇ ਆਤਮਿਕ ਤੌਰ 'ਤੇ ਉਹ ਬਲਵਾਨ ਹੋ ਜਾਂਦੇ ਹਨ। ਇਹ ਨਾਨਕ ਆਖਦਾ ਹੈ- ਗੁਰੂ ਦੀ ਮਹਿਮਾ ਤਾਂ ਸਾਰੇ ਜੁਗਾਂ ਵਿਚ ਹੀ ਸਭ ਤੋਂ ਸ੍ਰੇਸ਼ਟ ਤੇ ਉਤਮ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

### ਰਿਬੇਰੋ ਦੀ ਆਪਬੀਤੀ-12

# ਜਹਾਜ਼ ਦੇ ਸਟਾਫ ਨੇ ਜਦੋਂ ਸਾਨੂੰ ਖਾੜਕੂ ਸਮਝਿਆ

## ਰੋਮਾਨੀਆ 'ਚ ਡੇਰਾ ਅਤੇ ਉਥੋਂ ਦਾ ਸੂਰਤੇ-ਹਾਲ

*ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ, ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਅਤੇ ਜੂਲੀਓ ਰਿਬੇਰੋ ਨੇ ਪਿਛਲੀ ਸਦੀ ਦੇ ਅੱਸੀਵਿਆਂ ਦੇ ਦੌਰ ਉਪਰ ਕਿਤਾਬਾਂ ਲਿਖੀਆਂ ਹਨ। ਇਹ ਕਿਤਾਬਾਂ ਕਿਉਂਕਿ ਸਟੇਟ ਅਫਸਰਾਂ ਵਲੋਂ ਲਿਖੀਆਂ ਗਈਆਂ, ਇਸ ਕਰ ਕੇ ਇਹ ਸਟੇਟ ਦਾ ਏਜੰਡਾ ਹਨ ਪਰ ਰਿਬੇਰੋ ਇਨ੍ਹਾਂ ਤਿੰਨਾਂ ਵਿਚੋਂ ਭਿੰਨ ਹੈ ਕਿਉਂਕਿ ਕਦੀ ਕਦਾਈਂ ਉਹ ਸਟੇਟ ਨਾਲ ਸਹਿਮਤ ਨਹੀਂ ਹੁੰਦਾ। ਇਹੀ ਗੱਲ ਉਸ ਨੂੰ ਬਾਕੀਆਂ ਨਾਲੋਂ ਨਿਖੇੜਦੀ ਹੈ। ਰਿਬੇਰੋ ਦੀ ਧਿਰ ਨਾਲ ਭਾਵੇਂ ਕਿਸੇ ਵੀ ਸੂਰਤ ਸਹਿਮਤ ਨਹੀਂ ਹੋਇਆ ਜਾ ਸਕਦਾ, ਪਰ ਉਸ ਦੀ ਲਿਖਤ ਤੋਂ ਪਤਾ ਲੱਗਦਾ ਹੈ ਕਿ ਸਟੇਟ ਕੀ ਸੋਚਦੀ ਰਹੀ, ਕੀ ਕਰਦੀ ਰਹੀ, ਕਿਉਂ ਕਰਦੀ ਰਹੀ? ਰਿਬੇਰੋ ਵੱਲੋਂ ਲਿਖੀ ਕਿਤਾਬ 'ਬੁੱਲਟ ਫਾਰ ਬੁੱਲਟ' ਦੇ ਕੁੱਝ ਪੰਨਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਉਘੇ ਲੇਖਕ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ ਜੋ ਅਸੀਂ ਕਿਸ਼ਤਵਾਰ ਛਾਪ ਰਹੇ ਹਾਂ। ਇਸ ਕਿਸ਼ਤ ਵਿਚ ਰਿਬੇਰੋ ਦੇ ਰਾਜਦੂਤ ਬਣ ਕੇ ਰੋਮਾਨੀਆ ਜਾਣ ਅਤੇ ਉਥੋਂ ਦੇ ਰਾਸ਼ਟਰਪਤੀ ਨਿਕੋਲ ਸੀਜ਼ੇਕੂ ਖਿਲਾਫ ਉਠੀ ਬਗਾਵਤ ਦੇ ਵੇਰਵੇ ਹਨ। -ਸੰਪਾਦਕ*

**ਪੰਨਾ 364:** ਦਿਲੀਉਂ ਵਾਪਸ ਆ ਕੇ ਰੇਅ ਨੇ ਮੈਨੂੰ ਦੱਸਿਆ-ਰਾਜੀਵ ਗਾਂਧੀ ਨੇ ਸਾਰੇ ਸੀਨੀਅਰ ਅਫਸਰਾਂ ਨੂੰ ਬੁਲਾ ਕੇ ਕਿਹਾ ਹੈ ਕਿ ਰਿਬੇਰੋ ਵਾਸਤੇ ਚੰਗਾ ਜਿਹਾ ਦੇਸ਼ ਲੱਭੋ। ਚੰਗਾ ਦੇਸ਼ ਮੇਰੇ ਵਾਸਤੇ ਰੋਮਾਨੀਆ ਨਿਕਲਿਆ। ਪ੍ਰਧਾਨ ਮੰਤਰੀ ਦੀ ਪ੍ਰਿੰਸੀਪਲ ਸਕੱਤਰ ਨੇ ਮੈਨੂੰ ਦੱਸਿਆ-ਰੋਮਾਨੀਆ ਇਸ ਕਰ ਕੇ ਚੰਗਾ ਹੈ, ਕਿਉਂਕਿ ਸੁਰੱਖਿਆ ਪੱਖੋਂ ਉਸ ਦਾ ਕੋਈ ਮੁਕਾਬਲਾ ਨਹੀਂ। ਰੋਮਾਨੀਆ ਦਾ ਜ਼ਬਰਦਸਤ ਨੇਤਾ ਸੀਜ਼ਕੂ ਕਿਸੇ ਦੇਸ਼ ਦੇ ਖਾੜਕੂ ਆਪਣੇ ਇਲਾਕੇ ਵਿਚ ਨਹੀਂ ਵੜਨ ਦਿੰਦਾ, ਪੰਜਾਬ ਦੇ ਤਾਂ ਬਿਲਕੁਲ ਨਹੀਂ। ਰਾਜਦੂਤ ਲੱਗਣ ਵਿਚ ਮੇਰੀ ਕੋਈ ਖਾਸ ਰੁਚੀ ਨਹੀਂ ਸੀ, ਇਹ ਗੱਲ ਮੈਂ ਦੇਸ਼ਮੁਖ ਨੂੰ ਦੱਸ ਦਿੱਤੀ। ਦੇਸ਼ਮੁਖ (ਕੈਬਨਿਟ ਸਕੱਤਰ) ਨੇ ਮੇਰੀ ਪਤਨੀ ਮੇਲਬਾ ਅਤੇ ਮੈਨੂੰ ਘਰ ਸੱਦ ਲਿਆ। ਉਸ ਦੀ ਪਤਨੀ ਤੇ ਮੇਰੀ ਪਤਨੀ 1958 ਵਿਚ ਪੂਨੇ ਤਿਲਕ ਕਾਲਜ ਵਿਚ ਜਮਾਤਣਾਂ ਰਹੀਆਂ ਸਨ। ਉਸ ਨੇ ਮਿੰਨਤ ਕੀਤੀ ਕਿ ਘੱਟੋ-ਘੱਟ ਇਕ ਸਾਲ ਰੋਮਾਨੀਆ

**ਜੂਲੀਓ ਰਿਬੇਰੋ**
**ਅਨੁਵਾਦ: ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਚਲੇ ਜਾਉ। ਮੇਰੀ ਪਤਨੀ ਸਹਿਮਤ ਨਹੀਂ ਸੀ। ਉਸ ਨੂੰ ਸਫਰ ਕਰਨ ਦਾ ਕਦੀ ਸ਼ੌਕ ਨਹੀਂ ਰਿਹਾ। ਫੇਰ ਇੰਨਾ ਲੰਮਾ ਸਫਰ! ਉਹ ਕਹੀ ਗਈ-ਰਾਜਦੂਤ ਦੀ ਪਤਨੀ ਹੋਣ ਵਿਚ ਕਿਹੜੀ ਸ਼ਾਨ, ਕਿਹੜਾ ਸਨਮਾਨ? ਅਖੀਰ ਅਸੀਂ ਸਮਾਨ ਬੰਨ੍ਹ ਲਿਆ ਤੇ ਰੋਮਾਨੀਆ ਲਈ ਚਾਲੇ ਪਾ ਦਿੱਤੇ।

ਜਿਵੇਂ ਉਮੀਦ ਸੀ, ਫਰੈਂਕਫਰਟ ਵਾਸਤੇ ਏਅਰ ਇੰਡੀਆ ਦੀ ਫਲਾਈਟ ਬਹੁਤ ਪਛੜ ਗਈ। ਅਸੀਂ 6 ਦਸੰਬਰ 1989 ਨੂੰ ਉਥੋਂ ਲੁਫਥਾਂਸਾ ਦਾ ਜਹਾਜ਼ ਫੜ ਕੇ ਬੁਖਾਰੈਸਟ ਜਾਣਾ ਸੀ, ਪਰ ਸਾਡਾ ਜਹਾਜ਼ ਉਤਰਨ ਤੋਂ ਪਹਿਲੋਂ ਇਹ ਦੂਜਾ ਜਹਾਜ਼ ਉਡ ਗਿਆ। ਏਅਰਪੋਰਟ ਲਾਗੇ ਸ਼ੇਰਾਟਨ ਹੋਟਲ

> ***ਜਹਾਜ਼ ਦਾ ਸਟਾਫ ਸਾਨੂੰ ਇਉਂ ਘੂਰ ਰਿਹਾ ਸੀ ਜਿਵੇਂ ਅਸੀਂ ਖਾੜਕੂ ਹੋਈਏ। ਭਾਰਤੀ ਏਅਰ ਇੰਡੀਆ ਦੇ ਸਟਾਫ ਨੇ ਬੇਸ਼ਕ ਉਨ੍ਹਾਂ ਨੂੰ ਸਾਡੇ ਬਾਰੇ ਦੱਸ ਦਿੱਤਾ ਸੀ, ਪਰ ਕੋਈ ਅਸਰ ਨਹੀਂ। ਮੇਰੀ ਪਤਨੀ ਨੇ ਸਲਵਾਰ ਕਮੀਜ਼ ਪਹਿਨੀ ਹੋਈ ਸੀ, ਸ਼ਾਇਦ ਇਸ ਕਰ ਕੇ ਸ਼ੱਕ ਹੋਵੇ। ਸਾਨੂੰ ਪੰਜਾਂ ਨੂੰ ਬਾਕੀਆਂ ਤੋਂ ਵੱਖ ਕਰ ਕੇ ਸਾਡੇ ਸਾਮਾਨ ਦੀ ਬਰੀਕੀ ਨਾਲ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ।***

ਵਿਚ ਸਾਨੂੰ ਇਕ ਦਿਨ ਗੋਡੇ ਗਿੱਟੇ ਠੰਢੇ ਰੱਖਣੇ ਪਏ। ਕਿਸਮਤ ਚੰਗੀ, ਜਰਮਨਾਂ ਨੇ ਸਾਨੂੰ ਆਗਿਆ ਦੇ ਦਿੱਤੀ ਕਿ ਆਪਣਾ ਕੁੱਤਾ ਨਾਲ ਰੱਖ ਸਕਦੇ ਹੋ, ਪਰ ਸ਼ਰਤ ਇਹ ਹੈ ਕਿ ਦੋਹਾਂ ਵਿਚੋਂ ਇਕ ਜਣੇ ਦਾ ਇਸ ਕੋਲ ਡਿਊਟੀ 'ਤੇ ਰਹਿਣਾ ਜ਼ਰੂਰੀ ਹੈ ਤਾਂ ਕਿ ਇਹ ਹੋਰ ਮੁਸਾਫਰਾਂ ਨੂੰ ਤੰਗ ਨਾ ਕਰੇ, ਭੌਂਕੇ ਨਾ।

ਪਿੰਜਰੇ ਵਿਚ ਬੰਦ ਕੁੱਤੇ ਸਮੇਤ ਅਸੀਂ ਜਹਾਜ਼ ਵੱਲ ਚੱਲ ਪਏ। ਸਾਰੀ ਫਲਾਈਟ ਵਿਚ ਫਸਟ ਕਲਾਸ ਸੀਟਾਂ ਕੇਵਲ ਸਾਡੀਆਂ ਸਨ। ਬਹੁਤੇ ਮੁਸਾਫਰ ਇਕਾਨਮੀ ਕਲਾਸ ਵਾਲੇ ਪੋਲਿਸ਼ ਮਲਾਹ ਸਨ ਜੋ ਵਾਰਸਾ ਜਾ ਰਹੇ ਸਨ। ਤਿੰਨ ਭਾਰਤੀ ਹੋਰ ਸਨ, ਦੋ ਮਲਾਹ ਤੇ ਤੀਜਾ ਸੋਮਨਾਥ, ਸਾਡਾ ਖਾਨਸਾਮਾ ਨੌਕਰ। ਜਹਾਜ਼ ਦਾ ਸਟਾਫ ਸਾਨੂੰ ਇਉਂ ਘੂਰ ਰਿਹਾ ਸੀ ਜਿਵੇਂ ਅਸੀਂ ਖਾੜਕੂ ਹੋਈਏ। ਭਾਰਤੀ ਏਅਰ ਇੰਡੀਆ ਦੇ ਸਟਾਫ ਨੇ ਬੇਸ਼ਕ ਉਨ੍ਹਾਂ ਨੂੰ ਸਾਡੇ ਬਾਰੇ ਦੱਸ ਦਿੱਤਾ ਸੀ, ਪਰ ਕੋਈ ਅਸਰ ਨਹੀਂ। ਮੇਰੀ ਪਤਨੀ ਨੇ ਸਲਵਾਰ ਕਮੀਜ਼ ਪਹਿਨੀ ਹੋਈ ਸੀ, ਸ਼ਾਇਦ ਇਸ ਕਰ ਕੇ ਸ਼ੱਕ ਹੋਵੇ। ਸਾਨੂੰ ਪੰਜਾਂ ਨੂੰ ਬਾਕੀਆਂ ਤੋਂ ਵੱਖ ਕਰ ਕੇ ਸਾਡੇ ਸਾਮਾਨ ਦੀ ਬਰੀਕੀ ਨਾਲ ਤਲਾਸ਼ੀ ਲੈਣੀ ਸ਼ੁਰੂ ਕਰ ਦਿੱਤੀ। ਕੁੱਤਾ ਵੀ ਨਹੀਂ ਬਖਸ਼ਿਆ। ਮੈਨੂੰ ਲੱਗਾ, ਉਹ ਹਥਿਆਰ ਜਾਂ ਵਿਸਫੋਟਕ ਸਮੱਗਰੀ ਲੱਭ ਰਹੇ ਸਨ। ਇਸ ਹਾਲਾਤ 'ਤੇ ਮੈਨੂੰ ਹਾਸਾ ਆ ਗਿਆ ਤਾਂ ਉਨ੍ਹਾਂ ਵਿਚਲੀ ਇਕ ਜਰਮਨ ਕੁੜੀ ਅੱਗਬਗੂਲਾ ਹੋ ਗਈ-ਇਸ ਵਿਚ ਹੱਸਣ ਦਾ ਕੀ ਮਤਲਬ? ਮੈਂ ਕਿਹਾ ਕਿ ਮੁਸੀਬਤ ਵਿਚ ਚੀਕਾਂ ਮਾਰਨ ਦੀ ਥਾਂ ਹੱਸਣਾ ਠੀਕ ਰਹਿੰਦੈ।

**ਪੰਨਾ 365:** ਸਾਡੀ ਤਲਾਸ਼ੀ ਕਾਰਨ ਜਹਾਜ਼ ਇਕ ਘੰਟਾ ਲੇਟ ਹੋ ਗਿਆ ਤਾਂ ਇਕ ਅਮਰੀਕਨ ਯਾਤਰੀ ਤੈਸ਼ ਵਿਚ ਆ ਕੇ ਦੇਰੀ ਦਾ ਕਾਰਨ ਪੁੱਛਣ ਲੱਗਾ। ਆਖਰ ਬਾਕੀ ਸਵਾਰੀਆਂ ਨੂੰ ਵੱਖ ਤੇ ਸਾਨੂੰ ਸਖਤ ਨਿਗਰਾਨੀ ਹੇਠ ਵੱਖ ਬੱਸ ਵਿਚ ਬੰਦ ਕਰ ਕੇ ਲਿਜਾਇਆ ਗਿਆ ਤਾਂ ਕਿ ਰਸਤੇ ਵਿਚ ਕੋਈ ਸਾਨੂੰ ਹਥਿਆਰ ਨਾ ਫੜਾ ਜਾਵੇ। ਕੁੱਝ ਸਮੇਂ ਲਈ ਮੈਂ ਭੁੱਲ ਗਿਆ ਕਿ ਮੈਂ ਅਪਣੇ ਦੇਸ਼ ਦਾ ਰਾਜਦੂਤ ਹਾਂ।

ਵਾਰਸਾ ਜਾ ਕੇ ਜਹਾਜ਼ ਦਾ ਪੋਲਿਸ਼ ਸਟਾਫ ਬਦਲ ਗਿਆ। ਜਹਾਜ਼ ਲਗਭਗ ਖਾਲੀ ਹੋ ਗਿਆ। ਇਹ ਕੰਪਨੀ ਬਰਾਸਤਾ ਬੁਖਾਰੈਸਟ ਕਿਉਂ ਜਹਾਜ਼ ਚਲਾਉਂਦੀ ਹੈ ਜਦੋਂ ਕਿ ਘਾਟੇ ਦਾ ਸੌਦਾ ਹੈ? ਸ਼ਾਇਦ ਸਿਆਸੀ ਕਾਰਨ ਹੋਣ। ਇਕ ਪੋਲਿਸ਼ ਨੇ ਪੁੱਛਿਆ ਕਿ ਅਸੀਂ ਬੁਖਾਰੈਸਟ ਕਿਉਂ ਚੱਲੇ ਹਾਂ। ਉਸ ਨੇ ਦੱਸਿਆ ਕਿ ਇਸ ਤੋਂ ਰੱਦੀ ਹੋਰ ਕੋਈ ਸ਼ਹਿਰ ਨਹੀਂ। ਥੋੜ੍ਹੀ ਦੇਰ ਬਾਅਦ ਜਹਾਜ਼ ਸ਼ਹਿਰ ਦੇ ਉਪਰ ਮੰਡਰਾ ਰਿਹਾ ਸੀ, ਹੇਠਾਂ ਦੇਖਿਆ-ਲਾਈਟਾਂ ਨਹੀਂ। ਇਸ ਪੋਲਿਸ਼ ਨੇ ਦੱਸਿਆ ਕਿ ਤੀਹ ਲੱਖ ਦੀ ਆਬਾਦੀ ਵਾਲੇ ਇਸ ਸ਼ਹਿਰ ਵਿਚ ਰੌਸ਼ਨੀ ਨਹੀਂ, ਕਿਉਂਕਿ ਸੀਜ਼ੇਕੂ ਵਿਦੇਸ਼ੀ ਕਰਜ਼ ਉਤਾਰਨ ਵਾਸਤੇ ਹਰ ਤਰ੍ਹਾਂ ਦੀ ਬਚਤ ਕਰਦਾ ਹੈ। ਜਹਾਜ਼ ਉਤਰਿਆ ਤਾਂ ਦੇਖਿਆ ਕਿ ਸਿਰਫ ਇਕ ਵੱਡਾ ਬਲਬ ਵੀ.ਆਈ.ਪੀ. ਅਹਾਤੇ ਵਿਚ ਬਲ ਰਿਹਾ ਸੀ। ਸੜਕਾਂ ਉਪਰ ਪਾਇਲਟ ਵਾਸਤੇ ਕੇਵਲ ਨਿਕੇ ਨਿਕੇ ਬਲਬ ਸਨ। ਰਨਵੇਅ ਉਪਰ ਬਰਫ ਦੀ ਚਾਦਰ ਵਿਛੀ ਪਈ ਸੀ। ਸਾਨੂੰ ਬਹੁਤ ਸਾਵਧਾਨੀ ਨਾਲ ਤੁਰਨਾ ਪਿਆ ਕਿਉਂਕਿ ਸਾਨੂੰ ਬਰਫ ਉਪਰ ਤੁਰਨਾ ਨਹੀਂ ਆਉਂਦਾ ਸੀ ਤੇ ਅਸੀਂ ਆਪਣੇ ਸਾਦੇ ਜੁੱਤੇ ਪਹਿਨੇ ਹੋਏ ਸਨ।

**ਪੰਨਾ 366:** ਰਾਜਦੂਤ ਦਾ ਬੰਗਲਾ ਬੜੀ ਦਿਉ-ਕੱਦ ਤਿੰਨ ਮੰਜ਼ਲੀ ਇਮਾਰਤ ਸੀ ਜਿਸ ਦੇ ਅੱਧੇ ਕਮਰੇ ਸੁੰਨੇ ਪਏ ਰਹਿੰਦੇ। ਸਟਾਫ ਵਿਚ ਦੋ ਸਕੱਤਰ, ਇਕ ਅਟੈਚੀ, ਤਿੰਨ ਨਿੱਜੀ ਸਕੱਤਰ, ਦੋ ਕਲਰਕ ਤੇ ਦੋ ਸੁਰੱਖਿਆ ਗਾਰਡ ਸਨ। ਮਿਲਟਰੀ ਅਟੈਚੀ ਕਰਨਲ ਕਪਿਲ ਵਿਜ ਬੈਲਗ੍ਰੇਡ ਤੋਂ ਆਇਆ ਸੀ। ਦੂਜਾ ਅਟੈਚੀ ਭਾਰਤੀ ਸਾਨੂੰ ਡਿਨਰ ਵਾਸਤੇ ਆਪਣੇ ਘਰ ਲੈ ਗਿਆ। ਬਹੁਤ ਇਹਤਿਆਤ ਨਾਲ ਖਾਣੇ ਦਾ ਬੰਦੋਬਸਤ ਸੀਨੀਅਰ ਫਸਟ ਸਕੱਤਰ ਸੁੰਦਰ ਰਮਨ ਦੀ ਨਿਗਰਾਨੀ ਵਿਚ ਹੋਇਆ ਸੀ। ਉਸ ਦੱਸਿਆ ਕਿ ਜਦੋਂ ਤਕ ਸਾਡਾ ਸਾਰਾ ਸਾਮਾਨ ਭਾਰਤ ਤੋਂ ਨਹੀਂ ਆਉਂਦਾ ਤੇ ਸਾਡੀ ਰਸੋਈ ਚਾਲੂ ਨਹੀਂ ਹੋ ਜਾਂਦੀ, ਉਦੋਂ ਤੱਕ ਖਾਣਾ ਇਥੇ ਹੋਇਆ ਕਰੇਗਾ।

ਰਾਸ਼ਟਰਪਤੀ ਸੀਜ਼ੇਕੂ ਨੂੰ ਮੈਂ ਚਾਰ ਦਿਨ ਬਾਅਦ 11 ਦਸੰਬਰ ਨੂੰ ਮਿਲਿਆ। ਕਮਰੇ ਵਿਚ ਦਾਖਲ ਹੋਣ ਤੋਂ ਪਹਿਲੋਂ ਮੈਨੂੰ ਪ੍ਰੋਟੋਕੋਲ ਮੁਤਾਬਕ ਦੱਸਿਆ ਗਿਆ ਕਿ ਉਹ ਬਹੁਤ ਵਧੀਆ ਮੂਡ ਵਿਚ ਹੈ ਤੇ ਫਰਾਖਦਿਲ ਹੈ; ਸੋ, ਹੋ ਸਕਦੈ ਭਾਰਤ ਬਾਰੇ, ਭਾਰਤ ਨਾਲ ਡਿਪਲੋਮੈਟਿਕ ਸਬੰਧਾਂ ਬਾਰੇ ਲੰਮੀ ਚਰਚਾ ਹੋਵੇ। ਮੈਂ ਮਿਲਣ ਸਾਰ ਸਮਝ ਗਿਆ ਕਿ ਉਹ ਉਕਤਾ ਦੇਣ ਵਾਲਾ ਬੋਰ ਅਤੇ ਮਾਯੂਸ ਆਦਮੀ ਸੀ। ਸਾਰਾ ਸਮਾਂ ਮੈਨੂੰ ਹੀ ਗੱਲਾਂ ਕਰਨੀਆਂ ਪਈਆਂ। ਮੈਂ ਉਸ ਨੂੰ ਯਾਦ ਕਰਾਇਆ ਕਿ ਜਦੋਂ ਸੱਤਰਵਿਆਂ ਦੇ ਸ਼ੁਰੂ ਵਿਚ ਉਹ ਬੰਬੇ ਆਇਆ ਸੀ ਤਾਂ ਉਸ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਮੈਂ ਨਿਭਾਈ ਸੀ। ਮੇਰੀ ਇਸ ਗੱਲ ਦਾ ਵੀ ਉਸ ਨੇ ਕੋਈ ਹੁੰਗਾਰਾ ਨਹੀਂ ਭਰਿਆ। ਉਸੇ ਸ਼ਾਮ ਗੁਪਤ ਟੈਲੀਗ੍ਰਾਮ ਰਾਹੀਂ ਮੈਂ ਉਸ ਬਾਰੇ ਭਾਰਤੀ ਵਿਦੇਸ਼ ਮੰਤਰਾਲੇ ਨੂੰ ਜਾਣਕਾਰੀ ਦੇ ਦਿੱਤੀ।

ਮੇਰੀ ਟੈਲੀਗ੍ਰਾਮ ਪੜ੍ਹ ਕੇ ਮੰਤਰਾਲੇ ਦਾ ਸਟਾਫ ਹੈਰਾਨ ਹੋ ਗਿਆ, ਕਿਉਂਕਿ ਮੈਥੋਂ ਪਹਿਲੇ ਰਾਜਦੂਤ ਨੇ ਇਹ ਜਾਣਕਾਰੀ ਦਿੱਤੀ ਸੀ ਕਿ ਸੀਜ਼ੇਕੂ ਮਜ਼ਬੂਤ ਆਦਮੀ ਹੈ ਅਤੇ ਕਈ ਦਹਾਕਿਆਂ ਤੱਕ ਰਾਜ ਕਰੇਗਾ। ਥੋੜ੍ਹੇ ਦਿਨਾਂ ਬਾਅਦ ਹੀ ਮੈਂ ਸੂਚਨਾ ਭੇਜ ਦਿੱਤੀ ਕਿ ਟ੍ਰਾਂਸਿਲਵੇਨੀਆਂ ਕਸਬੇ ਵਿਚ ਗੜਬੜ ਸ਼ੁਰੂ ਹੋ ਗਈ ਹੈ। ਇਹ ਕਸਬਾ ਹੰਗਰੀ ਅਤੇ ਯੂਗੋਸਲਾਵ ਸਰਹੱਦਾਂ ਨੇੜੇ ਹੈ।



*ਬੁਖਾਰੈਸਟ ਵਿਚ ਮਾਰਚ 1990 ਨੂੰ ਲੈਨਿਨ ਦਾ ਬੁੱਤ ਤੋੜ ਰਹੇ ਭੜਕੇ ਹੋਏ ਲੋਕ।*

**ਪੰਨਾ 367:** 18 ਦਸੰਬਰ ਨਾਇਜੇਰੀਆ ਦੇ ਰਾਜਦੂਤ ਓਲਾ ਤਾਇਵੂ ਦੇ ਘਰ ਡਿਨਰ ਉਪਰ ਸਭ ਤੋਂ ਪਹਿਲਾਂ ਪਤਾ ਲੱਗਾ ਕਿ ਸੀਜ਼ੇਕੂ ਵਿਰੁਧ ਬਗਾਵਤ ਸ਼ੁਰੂ ਹੋ ਗਈ ਹੈ। ਬ੍ਰਿਟਿਸ਼ ਰਾਜਦੂਤ ਮਾਈਕਲ ਨੇ ਉਥੇ ਹੀ ਦੱਸਿਆ ਕਿ ਕੋਈ ਗੰਭੀਰ ਵਾਰਦਾਤ ਹੋਵੇਗੀ, ਕੁੱਝ ਬੰਦੇ ਬਾਰਡਰ ਪਾਰ ਕਰ ਕੇ ਗੁਆਂਢੀ ਦੇਸ਼ਾਂ ਵਿਚ ਇਹ ਖਬਰ ਦੇਣ ਦੌੜ ਗਏ ਹਨ। ਤਾਂ ਵੀ, ਭਰੋਸੇਯੋਗ ਸੂਚਨਾ ਨਹੀਂ ਸੀ ਕਿਉਂਕਿ ਰੋਮਾਨੀਆ ਅਜਿਹਾ ਬੰਦ ਮੁਲਕ ਹੈ ਜਿਥੋਂ ਬੀ.ਬੀ.ਸੀ. ਵੀ ਖਬਰ ਨਹੀਂ ਕੱਢ ਸਕਦੀ। ਇਸ ਦੌਰਾਨ ਸੀਜ਼ੇਕੂ ਤਹਿਰਾਨ ਦੌਰੇ ਉਪਰ ਚਲਾ ਗਿਆ। ਦੇਸ਼ ਵਿਚ ਹਲਚਲ ਹੋਣ ਦੇ ਬਾਵਜੂਦ ਉਹ ਵਿਦੇਸ਼ ਕਿਉਂ ਗਿਆ? ਉਸ ਦੀ ਪਤਨੀ ਏਲਨਾ ਪ੍ਰਬੰਧ ਚਲਾਉਣ ਲਈ ਦੇਸ਼ ਵਿਚ ਰਹੀ। ਉਸ ਨੇ ਤਹਿਰਾਨ ਦਾ ਦੌਰਾ ਇਸ ਲਈ ਕਰਨਾ ਸੀ ਤਾਂ ਕਿ ਦੁਨੀਆਂ ਨੂੰ ਦੱਸ ਸਕੇ ਕਿ ਰੋਮਾਨੀਆ ਵਿਚ ਸਭ ਠੀਕ-ਠਾਕ ਹੈ। ਰੋਮਾਨੀਆ ਵਿਚਲੇ ਈਰਾਨ ਦੇ ਰਾਜਦੂਤ ਨੂੰ ਇਸ ਕਰ ਕੇ ਡਿਸਮਿਸ ਕਰ ਦਿੱਤਾ ਗਿਆ ਸੀ ਕਿਉਂਕਿ ਉਹ ਆਪਣੇ ਦੇਸ਼ ਦੀ ਸਰਕਾਰ ਨੂੰ ਸਹੀ ਹਾਲਤ ਨਹੀਂ ਸੀ ਦੱਸ ਸਕਿਆ।

ਦੋ ਦਿਨ ਬਾਅਦ 20 ਦਸੰਬਰ ਨੂੰ ਉਹ ਦੇਸ਼ ਪਰਤਿਆ, ਦੇਰ ਹੋ ਚੁੱਕੀ ਸੀ। ਉਸ ਨੇ ਆਪਣੇ ਭਰੋਸੇਯੋਗ ਵਜ਼ੀਰਾਂ ਅਤੇ ਮਿੱਤਰਾਂ ਦੀਆਂ ਐਮਰਜੈਂਸੀ ਮੀਟਿੰਗਾਂ ਬੁਲਾਈਆਂ। ਸਾਰੇ ਦੇਸ਼ਾਂ ਦੇ ਰਾਜਦੂਤਾਂ ਨੂੰ ਬੁਲਾ ਕੇ ਪੁੱਛਿਆ ਕਿ ਦੇਸ਼ ਦੀ ਸਥਿਤੀ ਬਾਰੇ ਉਨ੍ਹਾਂ ਦੀ ਕੀ ਰਾਇ ਹੈ? ਰੋਮਾਨੀਆ ਸਰਕਾਰ ਕਹੀ ਜਾ ਰਹੀ ਸੀ-ਗੜਬੜ ਪਿੱਛੇ ਵਿਦੇਸ਼ੀ ਹੱਥ ਹੈ। ਰਾਜਦੂਤਾਂ ਨੇ ਅਨੇਕ ਸਵਾਲ ਪੁੱਛੇ, ਸਰਕਾਰ ਕੋਲ ਜਵਾਬ ਨਹੀਂ ਸਨ। ਵਿਦੇਸ਼ ਮੰਤਰੀ ਨੇ ਸੰਖੇਪ ਨਿੱਜੀ ਗੱਲਾਂ ਵੀ ਕੀਤੀਆਂ।

21 ਦਸੰਬਰ ਨੂੰ ਸੀਜ਼ੇਕੂ ਨੇ ਮਜ਼ਦੂਰਾਂ ਦਾ ਇਕੱਠ ਕਰ ਕੇ ਮਦਦ ਮੰਗੀ। ਬਹੁਤ ਸਾਰੀਆਂ ਫੈਕਟਰੀਆਂ ਵਿਚੋਂ ਉਨ੍ਹਾਂ ਨੂੰ ਬੱਸਾਂ ਰਾਹੀਂ ਬੁਖਾਰੈਸਟ ਲਿਆਂਦਾ ਗਿਆ ਸੀ। ਤਕਰੀਰ ਕਰਨ ਲੱਗਾ ਤਾਂ ਹੈਰਾਨ ਰਹਿ ਗਿਆ ਕਿ ਮਜ਼ਦੂਰ ਉਸ ਵਿਰੁਧ ਭੜਾਸ ਕੱਢਣ ਲੱਗੇ, ਉਸ ਨੂੰ ਤਕਰੀਰ ਨਾ ਕਰਨ ਦੇਣ। ਉਹ ਤੈਸ਼ ਵਿਚ ਆ ਕੇ ਇੰਨੇ ਹਿੰਸਕ ਹੋ ਗਏ ਕਿ ਰਾਸ਼ਟਰਪਤੀ ਦੇ ਸੁਰੱਖਿਆ ਸਟਾਫ ਨੇ ਫਾਇਰਿੰਗ ਕਰ ਦਿੱਤੀ। ਭੀੜ ਹੋਰ ਕ੍ਰੋਧਵਾਨ ਹੋ ਗਈ। ਛੇਤੀ ਹੀ ਯੂਨੀਵਰਸਿਟੀ ਦੇ ਵਿਦਿਆਰਥੀ ਅਤੇ ਹੋਰ ਲੋਕ ਆ ਪੁੱਜੇ ਤੇ ਰਾਸ਼ਟਰਪਤੀ ਦੇ ਦਫਤਰ 'ਤੇ ਪਥਰਾਉ ਕਰਨ ਲੱਗੇ। ਪਤਨੀ ਸਮੇਤ ਰਾਸ਼ਟਰਪਤੀ ਨੂੰ ਉਥੋਂ ਚੁੱਪ-ਚੁਪੀਤੇ ਖਿਸਕਾ ਕੇ ਪਰ੍ਹੇ ਲੈ ਗਏ। ਹੈਲੀਕਾਪਟਰ ਵਿਚ ਚੜ੍ਹ ਕੇ ਉਹ ਕਿਧਰੇ ਉਡ ਗਏ।

ਹੈਲੀਕਾਪਟਰ ਸੌ ਕਿਲੋਮੀਟਰ ਪਰ੍ਹੇ ਪੁਰਾਣੀ ਰਾਜਧਾਨੀ ਤਿਰਗੋਵਿਸਤਾ ਨੇੜੇ ਉਤਰਿਆ ਤਾਂ ਕੁੱਝ ਪੇਂਡੂਆਂ ਨੇ ਉਸ ਨੂੰ ਪਛਾਣ ਲਿਆ ਤੇ ਸੁਰੱਖਿਆ ਕਰਮੀਆਂ ਨੂੰ ਦੱਸ ਦਿੱਤਾ। ਸਾਰੇ ਰੋਮਾਨੀਆ ਦੇਸ਼ ਵਿਚ ਬਗਾਵਤ ਛਿੜ ਗਈ। ਬੜੇ ਲੋਕ ਮਾਰੇ ਗਏ। ਫੌਜ ਰਾਸ਼ਟਰਪਤੀ ਨੂੰ ਛੱਡ ਕੇ ਲੋਕਾਂ ਦੇ ਹੱਕ ਵਿਚ ਨਿੱਤਰ ਆਈ। ਸੀਜ਼ੇਕੂ ਦੇ ਗਾਰਦ ਥੋੜ੍ਹੇ ਸਨ, ਫੌਜ ਨੇ ਖਦੇੜ ਕੇ ਪਤੀ-ਪਤਨੀ ਦੋਹਾਂ ਨੂੰ ਗ੍ਰਿਫਤਾਰ ਕਰ ਲਿਆ। ਸੰਖੇਪ ਗੁਪਤ ਮੁਕੱਦਮਾ ਚਲਾ ਕੇ ਦੋਵੇਂ ਗੋਲੀਆਂ ਨਾਲ ਫੁੰਡ ਦਿੱਤੇ। ਸਾਰੀ ਕਾਰਵਾਈ, ਸਮੇਤ ਮੁਕੱਦਮੇ ਅਤੇ ਕਤਲਾਂ ਦੇ, ਕਈ ਦਿਨ ਨਿਰੰਤਰ ਟੀ.ਵੀ. ਉਪਰ ਦਿਖਾਈ ਜਾਂਦੀ ਰਹੀ ਤਾਂ ਕਿ ਲੋਕਾਂ ਨੂੰ ਪਤਾ ਲੱਗ ਜਾਏ, ਉਹ ਮਰ ਗਏ ਹਨ। ਮੁਕੱਦਮੇ ਅਤੇ ਸਜ਼ਾ ਦਾ ਕਾਨੂੰਨੀ ਪੱਖ ਸਹੀ ਸੀ ਕਿ ਗਲਤ, ਕਿਸੇ ਨੇ ਕੀ ਲੈਣਾ-ਦੇਣਾ, ਸੀਜ਼ੇਕੂ ਦੀ ਮੌਤ ਉਪਰ ਰੋਮਾਨੀਆ ਨੇ ਬੇਅੰਤ ਖੁਸ਼ੀ ਪ੍ਰਗਟਾਈ।

ਸੀਜ਼ੇਕੂ ਸ਼ੇਖੀਖੋਰ ਹੰਕਾਰਿਆ ਸ਼ਖਸ ਸੀ, ਉਸ ਦੀ ਪਤਨੀ ਏਦੂੰ ਵੀ ਪਰ੍ਹੇ। ਉਹ ਦਿਖਾਵੇ ਦੇ ਸ਼ੁਕੀਨ ਸਨ, ਹਰ ਚੀਜ਼ ਵਿਸ਼ਾਲ। ਉਸਾਰੀ ਅਧੀਨ ਅਧੂਰਾ ਪਿਆ ਮਹਿਲ ਵੀ ਵਿਸ਼ਾਲ, ਭਵਿੱਖ ਦੇ ਤਾਨਾਸ਼ਾਹਾਂ ਵਾਸਤੇ ਯਾਦਗਾਰ। ਸ਼ੈਲੀ ਦੀ ਨਜ਼ਮ ਹੈ ਨਾ, "ਓਜ਼ੀਮੰਦੀਆ, ਸ਼ਾਹਾਂ ਦੇ ਸ਼ਹਿਨਸ਼ਾਹ, ਉਨ੍ਹਾਂ ਰਸਤਿਆਂ 'ਤੇ ਨਾ ਤੁਰ ਜਿਨ੍ਹਾਂ ਨੂੰ ਲੋਕ ਪਸੰਦ ਨਹੀਂ ਕਰਦੇ।"

22 ਤੋ 29 ਦਸੰਬਰ 1989, ਬੁਖਾਰੈਸਟ ਵਿਚ ਰੁਕ-ਰੁਕ ਕੇ ਫਾਇਰਿੰਗ ਹੁੰਦੀ ਰਹੀ। ਅਸੀਂ ਆਪਣੇ ਘਰਾਂ ਵਿਚੋਂ ਸਿਰ ਬਾਹਰ ਨਹੀਂ ਕੱਢ ਸਕੇ। ਰੋਟੀ, ਦੁੱਧ ਅਤੇ ਹੋਰ ਵਸਤਾਂ ਥੁੜ੍ਹਨ ਲੱਗੀਆਂ, ਕਿਉਂਕਿ ਕੋਈ ਘਰਾਂ ਤੋਂ ਬਾਹਰ ਨਹੀਂ ਨਿਕਲ ਸਕਿਆ। ਆਮ ਰੋਮਾਨੀ ਬੰਦਿਆਂ ਕੋਲ ਤਾਂ ਰੇਡੀਓ ਵੀ ਨਹੀਂ ਸਨ। ਪਤਾ ਨਹੀਂ ਲੱਗ ਰਿਹਾ ਸੀ ਕਿ ਹੋ ਕੀ ਰਿਹੈ? ਜਿਹੜੇ ਹਥਿਆਰਬੰਦ ਬੰਦੇ ਲੜ ਰਹੇ ਸਨ, ਵਾਪਸ ਆ ਕੇ ਘਰਦਿਆਂ ਨੂੰ ਉਹ ਹੀ ਕੋਈ ਗੱਲ ਦੱਸਦੇ। ਹੱਥਾਂ ਵਿਚ ਬੰਦੂਕਾਂ ਫੜੀ ਰਾਤ ਨੂੰ ਅਸੀਂ ਦੇਖਦੇ, ਲੋਕੀ ਬਚਦੇ-ਬਚਾਉਂਦੇ ਬਿਲਡਿੰਗਾਂ ਹੇਠ ਦੀ ਦੌੜਦੇ ਦਿਸਦੇ। ਪਤਾ ਨਹੀਂ, ਇਹ ਕਿਧਰ ਜਾ ਰਹੇ ਹਨ, ਕਿਸ ਪੱਖ ਤੋਂ ਲੜ ਰਹੇ ਹਨ, ਕਿਸ ਵਿਰੁਧ ਲੜ ਰਹੇ ਹਨ। ਇਨ੍ਹਾਂ ਨੇ ਵਰਦੀਆਂ ਨਹੀਂ ਪਹਿਨੀਆਂ ਹੋਈਆਂ ਸਨ ਤੇ ਸਫਾਰਤਖਾਨੇ ਦੇ ਬਾਹਰ ਵਰਦੀਧਾਰੀ ਹਥਿਆਰਬੰਦ ਗਾਰਡ ਇਨ੍ਹਾਂ ਨੂੰ ਕੁੱਝ ਨਹੀਂ ਕਹਿੰਦੇ ਸਨ।



*ਰੋਮਾਨੀਆ ਦਾ ਤਤਕਾਲੀ ਰਾਸ਼ਟਰਪਤੀ ਨਿਕੋਲ ਸੀਜ਼ੇਕੂ।*



*ਈਓਨ ਇਲੀਕੂ ਜੋ ਨਿਕੋਲ ਸੀਜ਼ੇਕੂ ਤੋਂ ਬਾਅਦ ਰਾਸ਼ਟਰਪਤੀ ਬਣਿਆ।*

(ਬਾਕੀ ਅਗਲੇ ਸਫੇ 'ਤੇ)

# ਅੱਖਾਂ ਦੇ ਓਹਲੇ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਅੱਖਾਂ ਦੇ ਇਸ਼ਾਰੇ ਇੰਨੇ ਸਨ ਕਿ ਪਿਛਲੇ ਲੇਖ ਵਿਚ ਇਨ੍ਹਾਂ ਦਾ ਭਰਪੂਰ ਜ਼ਿਕਰ ਨਾ ਹੋ ਸਕਿਆ। ਉਸ ਲੇਖ ਵਿਚ ਅਸੀਂ ਜ਼ਿਆਦਾਤਰ ਅੱਖ ਨਾਲ ਸਬੰਧਤ ਮੁਹਾਵਰਿਆਂ ਦੀ ਹੀ ਚਰਚਾ ਕਰ ਸਕੇ ਸਾਂ, ਅੱਖ ਸ਼ਬਦ ਰਹਿ ਗਿਆ ਸੀ। ਅੱਖਾਂ ਖਿੜਕੀਆਂ ਦਾ ਅਜਿਹਾ ਜੋੜਾ ਹੈ ਜਿਸ ਰਾਹੀਂ ਮਨੁਖ ਬਾਹਰੀ ਸੰਸਾਰ ਤੱਕਦਾ ਹੋਇਆ ਕੁਝ ਨਾ ਕੁਝ ਆਪਣੇ ਅੰਦਰਲੇ ਦੀ ਵੀ ਝਲਕ ਦਿਖਾ ਜਾਂਦਾ ਹੈ। ਮਨੁਖ ਦੀ ਹੋਰ ਕੋਈ ਵੀ ਗਿਆਨ ਇੰਦਰੀ ਅਜਿਹੀ ਨਹੀਂ ਹੈ ਜੋ ਬਾਹਰਲੇ ਜਗਤ ਦੀ ਉਸ ਨੂੰ ਸੂਚਨਾ ਦੇਣ ਦੇ ਨਾਲ ਨਾਲ ਉਸ ਦੇ ਆਪਣੇ ਅੰਦਰਲਾ ਪ੍ਰਗਟ ਕਰਨ ਦੇ ਵੀ ਸਮਰੱਥ ਹੋਵੇ। ਅੱਖ ਅਸਲ ਵਿਚ ਕੈਮਰੇ ਦੀ ਨਿਆਈਂ ਹੈ।

ਵੱਡੀਆਂ ਅੱਖਾਂ ਵਧੇਰੇ ਭਾਵਪੂਰਤ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਰਾਹੀਂ ਬਾਹਰੀ ਜਗਤ ਦਾ ਅਕਸ ਵਧੇਰੇ ਸਪਸ਼ਟ ਰੂਪ ਵਿਚ ਬਣਦਾ ਹੈ। ਚੁੰਨੀਆਂ ਅੱਖਾਂ ਛੋਟੀਆਂ ਹੋਣ ਕਾਰਨ ਉਨ੍ਹਾਂ ਵਿਚ ਦੀ ਬਹੁਤਾ ਨਹੀਂ ਝਾਕ ਸਕਦੇ। ਚੁੰਨ੍ਹਾਂ ਸ਼ਬਦ ਚੁੰਧਿਆ ਜਾਣਾ ਦਾ ਹੀ ਵਿਗੜਿਆ ਰੂਪ ਹੈ। ਅੱਖਾਂ ਦੀਆਂ ਬਹੁਤੀਆਂ ਅਦਾਵਾਂ ਦਾ ਅੱਖ ਦੀ ਪੁਤਲੀ ਦੇ ਸੁੰਗੜ ਜਾਂ ਫੈਲਣ ਨਾਲ ਹੀ ਸਬੰਧ ਹੈ। ਕਿਸੇ ਨੂੰ ਡਰਾਉਣ ਲਈ ਅੱਖਾਂ ਟੱਡ ਦਿੱਤੀਆਂ ਜਾਂਦੀਆਂ ਹਨ। ਤੁਸੀਂ ਇਕ ਪ੍ਰਕਾਰ ਦੇ ਟਿੱਡੇ ਨੂੰ ਦੇਖਿਆ ਹੋਵੇਗਾ ਜਿਸ ਦੀਆਂ ਅੱਖਾਂ ਟੱਡੀਆਂ ਹੋਈਆਂ ਹੁੰਦੀਆਂ ਹਨ। ਇਹ ਅਸਲ ਵਿਚ ਦੇਖਣ ਵਾਲੇ ਸ਼ਿਕਾਰੀ ਜਾਨਵਰ ਨੂੰ ਆਪਣੇ ਵਲੋਂ ਡਰਾ ਰਿਹਾ ਹੁੰਦਾ ਹੈ। ਭਿਆਨਕ ਸਥਿਤੀ ਤੋਂ ਪਲਾਇਣ ਕਰਨ ਲਈ ਅੱਖਾਂ ਮੁੰਦ ਵੀ ਲਈਆਂ ਜਾਂਦੀਆਂ ਹਨ। ਮਨੁਖ ਦਾ ਸਰੀਰਕ ਪ੍ਰਬੰਧ ਇਹ ਸਾਰਾ ਕੁਝ ਸਹਿਜ ਹੀ ਕਰਦਾ ਹੈ, ਉਸ ਦੀ ਮਰਜ਼ੀ ਤੋਂ ਬਿਨਾ। ਸਰੀਰ ਦਾ ਅਜਿਹਾ ਅੰਦਰਲਾ ਸਿਸਟਮ ਸਵੈ-ਚਲਿਤ ਹੈ। ਅੱਖਾਂ ਤਾਰ ਨਾਲੋਂ ਵੀ ਸੰਖੇਪ ਤੇ ਫੌਰੀ ਸੰਦੇਸ਼ ਦੇ ਸਕਦੀਆਂ ਹਨ। ਕਹਿੰਦੇ ਹਨ, ਹਰ ਜਗ੍ਹਾ ਅੱਖ ਦੀ ਇਕ ਹੀ ਭਾਸ਼ਾ ਹੁੰਦੀ ਹੈ।

ਸੰਸਕ੍ਰਿਤ ਵਿਚ ਅੱਖ ਲਈ ਸ਼ਬਦ ਹੈ 'ਅਕਸ਼ਿ' ਜੋ ਧਾਤੂ 'ਅਸ਼' ਤੋਂ ਬਣਿਆ ਹੈ। ਸੰਸਕ੍ਰਿਤ ਵਿਚ ਅਕਸ਼ਿ ਦਾ ਅਰਥ ਦੋ ਵੀ ਹੁੰਦਾ ਹੈ, ਇਸ ਲਈ ਸੂਰਜ ਅਤੇ ਚੰਦ ਦੇ ਜੋੜੇ ਨੂੰ ਵੀ ਅਕਸ਼ਿ ਕਿਹਾ ਜਾਂਦਾ ਹੈ। ਪੰਜਾਬੀ ਵਿਚ ਅੱਖੀ ਸ਼ਬਦ ਵੀ ਹੈ ਪਰ ਇਹ ਇਕਵਚਨ ਘਟ ਹੀ ਪ੍ਰਚਲਿਤ ਹੈ, ਬਹੁਤਾ ਬਹੁਵਚਨ ਅੱਖੀਆਂ ਹੀ ਚਲਦਾ ਹੈ ਜਿਵੇਂ 'ਅੱਖੀਆਂ 'ਚ ਰੱਬ ਵਸਦਾ ਕੋਈ ਦੂਰ ਨਾ।' ਇਸ ਦਾ ਕਾਵਿਕ ਰੂਪ ਅੱਖੜੀ ਹੈ ਜੋ ਬਹੁਵਚਨ ਵਜੋਂ ਅੱਖੜੀਆਂ ਬਣ ਗਿਆ। ਮਿਸਾਲ ਵਜੋਂ, 'ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥' (ਗੁਰੂ ਅਰਜਨ ਦੇਵ) ਅਰਥਾਤ ਜਿਨ੍ਹਾਂ ਅੱਖਾਂ ਨਾਲ ਮੈਂ ਰੱਬ ਦੇਖਦਾ ਹਾਂ, ਉਹ ਹੋਰ ਹੀ ਹਨ। ਅੱਖ ਦਾ ਬਹੁਵਚਨ ਗੁਰੂ ਗ੍ਰੰਥ ਸਾਹਿਬ ਵਿਚ 'ਅਖੀਅਨ' ਵੀ ਹੈ ਜਿਵੇਂ 'ਰਸਨਾ ਹਰਿ ਹਰਿ ਭੋਜਨ ਤ੍ਰਿਪਤਾਨੀ ਅਖੀਅਨ ਕਉ ਸੰਤੋਖ ਪ੍ਰਭ ਦਰਸ਼ਨ॥' (ਗੁਰੂ ਅਰਜਨ ਦੇਵ)

ਅਸਲ ਵਿਚ ਜਿਸ ਤਰ੍ਹਾਂ ਅਸੀਂ ਪਹਿਲਾਂ ਵੀ ਦੱਸ ਚੁੱਕੇ ਹਾਂ ਸੰਸਕ੍ਰਿਤ ਦੀ ਆਖਰੀ (ਿ) ਸਵਰ ਪੰਜਾਬੀ ਵਿਚ ਜਾਂ ਤਾਂ ਮੁਕਤਾ ਨਾਲ ਬਦਲ ਜਾਂਦਾ ਹੈ ਜਾਂ (ੀ) ਵਿਚ। ਮਿਸਾਲ ਵਜੋਂ ਸੰਸਕ੍ਰਿਤ 'ਹਰਿ' ਸ਼ਬਦ ਪੰਜਾਬੀ ਵਿਚ ਜਾਂ ਤਾਂ 'ਹਰ' ਬਣੇਗਾ ਜਾਂ 'ਹਰੀ।' ਦਰਬਾਰ ਸਾਹਿਬ ਨੂੰ ਹਰਮੰਦਰ ਵੀ ਕਿਹਾ ਜਾਂਦਾ ਹੈ, ਹਰੀਮੰਦਰ ਵੀ। ਇਸੇ ਤਰ੍ਹਾਂ ਸੰਸਕ੍ਰਿਤ 'ਅਕਸ਼ਿ' ਨੇ ਪੰਜਾਬੀ ਵਿਚ ਆ ਕੇ ਅੱਖ ਦਾ ਰੂਪ ਵੀ ਧਾਰਿਆ, ਅੱਖੀ ਦਾ ਵੀ। ਰਿਗਵੇਦ ਵਿਚ ਵੀ ਅੱਖੀ ਸ਼ਬਦ ਆਇਆ ਹੈ। ਗੁਰਬਾਣੀ ਵਿਚ 'ਦੇਖਣਾ' ਦੇ ਅਰਥਾਂ ਵਿਚ ਅੱਖ ਦਾ ਕਿਰਿਆ ਰੂਪ 'ਆਖੀ' ਮਿਲਦਾ ਹੈ ਜੋ ਕਿ ਅੱਜ ਕਲ੍ਹ ਘਟ ਹੀ ਕਦੇ ਸੁਣੀਂਦਾ ਹੈ, 'ਗੁਰਮੁਖ ਹੋਵੈ ਤਾ ਆਖੀ ਸੂਝੈ॥'



ਪੰਜਾਬੀ ਵਿਚ ਅੱਖ ਤੋਂ ਅਨੇਕਾਂ ਸ਼ਬਦ ਬਣੇ ਹਨ। ਸਭ ਤੋਂ ਪਹਿਲਾਂ ਅਸੀਂ ਸਾਖੀ ਸ਼ਬਦ ਲੈਂਦੇ ਹਾਂ। ਸਾਖੀ ਦਾ ਅਰਥ ਗਵਾਹੀ ਹੁੰਦਾ ਹੈ। ਜੋ ਚੀਜ਼ ਅੱਖੀਂ ਦੇਖੀ ਹੋਵੇ ਉਸੇ ਦੀ ਸਾਖੀ ਦਿਤੀ ਜਾ ਸਕਦੀ ਹੈ। ਸਾਖੀ ਦਾ ਅਖਰੀ ਅਰਥ 'ਅੱਖ ਸਹਿਤ' ਹੁੰਦਾ ਹੈ ਅਰਥਾਤ ਅੱਖ ਨਾਲ ਦੇਖਿਆ। ਇਹ ਸੰਸਕ੍ਰਿਤ ਸਹਿ+ਅਕਸ਼ਿ ਤੋਂ ਬਣਿਆ, "ਅਨਦਿਨੁ ਆਰਜਾ ਛਿਜਦੀ ਜਾਇ॥ ਰੈਣ ਦਿਨਸੁ ਦੁਇ ਸਾਖੀ ਆਇ॥" ਅਰਥਾਤ ਹਰ ਦਿਨ ਉਮਰ ਘਟਦੀ ਜਾਂਦੀ ਹੈ। ਇਸ ਦੀ ਗਵਾਹੀ ਹਰ ਬੀਤਦੇ ਦਿਨ ਤੇ ਰਾਤ ਤੋਂ ਮਿਲਦੀ ਹੈ ਜੋ ਮੁੜ ਕੇ ਨਹੀਂ ਆਉਂਦੇ। ਪਰ ਸਾਖੀ ਦਾ ਅਰਥ ਗੁਰੂ ਆਦਿ ਦੀਆਂ ਸਿਖਿਆਵਾਂ ਵੀ ਹੈ, "ਗੁਰ ਕੀ ਸਾਖੀ ਰਾਖੈ ਚੀਤਿ" -ਭਗਤ ਬੈਣੀ। ਅਸਲ ਵਿਚ ਸੰਤ ਲੋਕ ਆਪਣੀਆਂ ਸਿਖਿਆਵਾਂ ਕਿਸੇ ਉਪਦੇਸ਼ਾਤਮਕ ਕਹਾਣੀ ਜਾਂ ਵਾਰਤਾ ਨਾਲ ਸੁਣਾਉਂਦੇ ਹਨ ਜਿਸ ਨੂੰ ਸੱਚੀ ਤੇ ਅੱਖੀਂ ਡਿਠੀ ਸਮਝਿਆ ਜਾਂਦਾ ਹੈ। ਸਾਖੀ ਸ਼ਬਦ ਸਿੱਖ ਧਰਮ ਵਿਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਘਟਨਾਵਾਂ ਦਾ ਵਰਣਨ ਕਰਨ ਵਾਲੇ ਇਕ ਸਾਹਿਤ ਰੂਪ ਲਈ ਵੀ ਰੂੜ੍ਹ ਹੋ ਗਿਆ ਹੈ। ਇਹ ਗੁਰੂ ਨਾਨਕ ਦੇਵ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਹੁਤ ਸਾਲਾਂ ਬਾਅਦ ਰਚੀਆਂ ਗਈਆਂ। ਮਤਲਬ ਹੈ ਕਿ ਸਾਖੀਆਂ ਵਜੋਂ ਰਚੀਆਂ ਗਈਆਂ ਗੁਰੂ ਸਾਹਿਬ ਦੀ ਜ਼ਿੰਦਗੀ ਨਾਲ ਸਬੰਧਤ ਘਟਨਾਵਾਂ ਅਰੰਭਕ ਤੌਰ 'ਤੇ ਲੋਕਾਂ ਨੇ ਅੱਖੀ ਦੇਖੀਆਂ ਸਨ ਪਰ ਸਾਖੀਆਂ ਦੀਆਂ ਬਹੁਤ ਸਾਰੀਆਂ ਗੱਲਾਂ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ ਭਾਵੇਂ ਉਹ ਕਿੰਨੀਆਂ ਵੀ ਸੱਚੀਆਂ ਜਾਂ ਸਾਚੀਆਂ ਕਹਿ ਕੇ ਪੇਸ਼ ਕੀਤੀਆਂ ਜਾਣ।

ਅੱਜ ਕੱਲ੍ਹ ਕਥਾਵਾਚਕ ਨਿੱਤ ਨਵੀਆਂ ਸਾਖੀਆਂ ਘੜ ਕੇ ਸੰਗਤਾਂ ਨੂੰ ਨਿਹਾਲ ਕਰਦੇ ਰਹਿੰਦੇ ਹਨ। ਖੈਰ, ਕੁਝ ਵੀ ਹੋਵੇ, ਗਵਾਹੀ ਵੀ ਤਾਂ ਝੂਠੀ ਹੁੰਦੀ ਹੈ ਭਾਵੇਂ ਇਹ ਅੱਖੀਂ ਦੇਖੀ ਹੀ ਦੱਸੀ ਜਾਂਦੀ ਹੈ। ਇਸੇ ਨਾਲ ਜੁੜਦਾ ਸਾਖ ਸ਼ਬਦ ਵੀ ਹੈ ਜਿਸ ਦਾ ਅਰਥ ਸ਼ਹਾਦਤ ਜਾਂ ਗਵਾਹੀ ਹੈ। ਸਾਖ ਦਾ ਮਤਲਬ ਧਾਕ, ਰੁਹਬ, ਵਡਿਆਈ ਹੁੰਦਾ ਹੈ। ਗੁਰੂ ਅਮਰ ਦਾਸ ਦਾ ਇਹ ਪਦ ਦੇਖੋ "ਹਰਿਨਾਮ ਮਿਲੈ ਪਤਿ ਸਾਖ॥" ਇਸੇ ਦੇ ਨਾਲ ਮਿਲਦਾ-ਜੁਲਦਾ ਸ਼ਬਦ ਸਾਖਿਆਤ ਹੈ ਜਿਸ ਦਾ ਮਤਲਬ ਬਿਲਕੁੱਲ ਅੱਖਾਂ ਦੇ ਸਾਹਮਣੇ, ਮੂਰਤੀਮਾਨ, ਹੈ। ਕਈ ਲੋਕਾਂ ਨੂੰ ਗੁਰੂ ਆਦਿ ਦੇ ਸਾਖਿਆਤ ਦਰਸ਼ਨ ਹੋ ਜਾਂਦੇ ਹਨ। ਸਿੰਘ ਬੋਲਿਆਂ ਵਿਚ ਕਾਣੇ ਲਈ ਪੰਜ-ਅੱਖਾ ਸ਼ਬਦ ਹੈ। ਅੰਨ੍ਹੇ ਨੂੰ ਮੁਨਾਖਾ ਕਹਿੰਦੇ ਹਨ। ਸ਼ਾਇਦ ਜੋ ਮਨ ਦੀਆਂ ਅੱਖਾਂ ਨਾਲ ਦੇਖਦਾ ਹੈ। ਪਰ ਸੁਜਾਖਾ ਦਾ ਸ਼ਬਦਿਕ ਅਰਥ 'ਅੱਖਾਂ ਵਾਲਾ' ਨਹੀਂ ਕਿਉਂਕਿ ਇਹ 'ਸੁਚੱਸ਼ਕਯ' ਤੋਂ ਬਣਿਆ ਹੈ ਅਰਥਾਤ ਚਕਸ਼ੂਆਂ ਵਾਲਾ। ਅੱਖਾਂ ਲਈ ਸਾਡੀਆਂ ਭਾਸ਼ਾਵਾਂ ਵਿਚ ਚਕਸ਼ੂ ਸ਼ਬਦ ਵੀ ਹੁੰਦਾ ਹੈ ਜਿਸ ਦਾ ਫਾਰਸੀ ਭਤੀਜਾ 'ਚਸ਼ਮ' ਹੈ।

ਕਹਿੰਦੇ ਹਨ ਪ੍ਰਤੱਖ ਨੂੰ ਪਰਮਾਣ ਦੀ ਲੋੜ ਨਹੀਂ ਹੁੰਦੀ। ਪ੍ਰਤੱਖ ਸ਼ਬਦ ਵਿਚ ਵੀ ਅੱਖ ਰੜਕਦੀ ਹੈ, ਜੋ ਅੱਖਾਂ ਦੇ ਸਾਹਮਣੇ ਹੈ, ਹਾਜ਼ਰ ਨਾਜ਼ਰ ਹੈ, ਉਹ ਪ੍ਰਤੱਖ ਹੈ। ਗੁਰੂਆਂ ਨੇ ਪਰਤਖ ਸ਼ਬਦ ਵਰਤਿਆ ਹੈ ਪਰ ਭਟ ਮਥੁਰਾ ਨੇ ਪਰਿਤਛ "ਪਰਿਤਛ ਰਿਦੈ ਗੁਰ।" ਪ੍ਰਤੱਖ ਦੇ ਉਲਟ ਪਰੋਖ ਸ਼ਬਦ ਦਾ ਅਰਥ ਹੈ ਜੋ ਅੱਖਾਂ ਤੋਂ ਪਰੇ ਹੈ। ਆਲੋਚਨਾ ਲਈ ਵਰਤੇ ਜਾਂਦੇ ਸ਼ਬਦ 'ਸਮੀਖਿਆ' ਵਿਚ ਵੀ ਅੱਖ ਪਈ ਹੋਈ ਹੈ। ਸਮੀਖਿਆ ਵਿਚ ਬਰਾਬਰ ਦੀ ਅੱਖ ਨਾਲ ਦੇਖਣ ਦਾ ਭਾਵ ਹੈ। ਦਿਲਚਸਪ ਗੱਲ ਹੈ ਕਿ ਆਲੋਚਨਾ ਵਿਚ ਵੀ ਦੇਖਣ ਵਾਲੀ ਗੱਲ ਹੀ ਹੈ। ਅੱਖਾਂ ਨੂੰ ਲੋਚਨ ਵੀ ਕਹਿੰਦੇ ਹਨ ਤੇ ਇਸ ਤੋਂ ਬਣੇ ਆਲੋਚਨਾ ਦਾ ਅਰਥ ਮੁੱਲ ਪਾਉਣ ਹਿੱਤ ਕਿਸੇ ਵਸਤ ਨੂੰ ਦੇਖਣਾ-ਪਰਖਣਾ ਹੈ। ਕਨਖੀ ਕੰਨਾਂ ਵੱਲ ਅੱਖ ਘੁਮਾ ਕੇ ਦੇਖਣ ਵਾਲੀ ਮੁਦਰਾ ਹੈ।

ਮੀਨਾਕਸ਼ੀ ਦਾ ਭਾਵ ਹੈ ਜਿਸ ਦੀ ਅੱਖ ਮੀਨਾ ਯਾਨਿ ਮੱਛੀ ਵਾਂਗ ਸੁਹਣੀ ਹੈ। ਪਰ ਸੁਣੱਖੀ ਸ਼ਬਦ ਦਾ ਅਰਥ 'ਸੁਹਣੀ ਅੱਖ ਵਾਲੀ' ਨਹੀਂ ਬਲਕਿ ਸੁਹਣੇ ਨਖਸਿਖ ਵਾਲੀ ਹੈ। ਇਸੇ ਦੇ ਨਾਲ ਮਿਲਦਾ ਜੁਲਦਾ ਝਰੋਖਾ ਸ਼ਬਦ ਹੈ। ਇਹ ਕੰਧ ਆਦਿ ਵਿਚ ਰੋਸ਼ਨੀ ਲਈ ਰਖਿਆ ਮਘੋਰਾ ਹੁੰਦਾ ਹੈ। ਇਹ ਸੰਸਕ੍ਰਿਤ 'ਗਵਾਕਸ਼' ਤੋਂ ਵਿਗੜਿਆ ਸ਼ਬਦ ਹੈ ਜਿਸ ਦਾ ਸ਼ਬਦਿਕ ਅਰਥ 'ਗਾਂ ਦੀ ਅੱਖ' ਹੈ। ਇਥੇ ਮਘੋਰੇ ਜਾਂ ਰੋਸ਼ਨਦਾਨ ਨੂੰ ਗਾਂ ਦੀ ਅੱਖ ਦੇ ਰੂਪ ਵਿਚ ਚਿਤਵਿਆ ਗਿਆ ਹੈ। ਅਨੋਖਾ ਸ਼ਬਦ ਦਾ ਭਾਵ ਹੈ ਜੋ ਪਹਿਲਾਂ ਨਾ ਵੇਖਿਆ ਹੋਵੇ ਅਰਥਾਤ ਅਲੋਕਾਰ। ਇਕ ਮੁਹਾਵਰਈ ਸ਼ਬਦ ਹੈ ਕਟਾਖਸ਼, ਕਟਾਖ ਜਾਂ ਕਟਾਖਯਾ। ਇਸ ਬਾਰੇ ਇਕ ਵੱਖਰਾ ਲੇਖ ਲਿਖਿਆ ਜਾ ਚੁੱਕਾ ਹੈ ਪਰ ਪ੍ਰਸੰਗਵਸ਼ ਕੁਝ ਇਥੇ ਵੀ ਹਾਜ਼ਰ ਹੈ। ਕਟਾਖਸ਼ ਦਾ ਇਕ ਅਰਥ ਹੈ, 'ਕਿਰਪਾ-ਦ੍ਰਿਸ਼ਟੀ' ਜੋ ਗੁਰਬਾਣੀ ਵਿਚੋਂ ਆਮ ਹੀ ਉਭਰਦਾ ਹੈ, "ਜਿਨ ਕਉ ਤੁਮਰੇ ਵਡ ਕਟਾਖ ਹੈਂ ਤੇ ਗੁਰਮੁਖਿ ਹਰਿ ਸਿਮਰਣੇ॥" (ਗੁਰੂ ਰਾਮ ਦਾਸ) ਅਰਥਾਤ ਜਿਨ੍ਹਾਂ ਵੱਲ ਤੂੰ ਮਿਹਰ ਦੀ ਵੱਡੀ ਨਜ਼ਰ ਨਾਲ ਦੇਖਦਾ ਹੈਂ, ਉਹ ਗੁਰਮੁਖ ਤੇਰਾ ਨਾਮ ਸਿਮਰਦੇ ਹਨ। ਕਟਾਖਸ਼ ਸ਼ਬਦ ਬਣਿਆ ਹੈ ਕਟ+ਅਕਸ਼ ਤੋਂ। ਇਸ ਵਿਚ 'ਕਟ' ਦਾ ਅਰਥ ਤਾਂ ਕਟਣਾ ਵਾਲਾ ਹੀ ਹੈ ਪਰ ਇਥੇ ਅਰਥ ਹੈ ਅੱਖਾਂ ਨੂੰ ਘੁਮਾ ਕੇ ਕਿਸੇ ਵੱਲ ਵਿਸ਼ੇਸ਼ ਤੌਰ 'ਤੇ ਦੇਖਣਾ। ਇਹ ਝਾਕਣੀ ਕਿਰਪਾ ਦ੍ਰਿਸ਼ਟੀ ਵੀ ਹੋ ਸਕਦੀ ਹੈ ਤੇ ਵਿਅੰਗ ਭਰੀ ਵੀ।

ਅੱਖ ਜਿਹਾ ਸ਼ਬਦ ਹੋਵੇ ਤਾਂ ਇਸ ਦੇ ਹੋਰ ਭਾਰੋਪੀ ਭਾਸ਼ਾਵਾਂ ਵਿਚ ਸੁਜਾਤੀ ਸ਼ਬਦ ਨਾ ਮਿਲਣ? ਇਸ ਦਾ ਮੂਲ okw ਹੈ ਜਿਸ ਦਾ ਅਰਥ ਦੇਖਣਾ ਕਲਪਿਆ ਗਿਆ ਹੈ। ਅੰਗਰੇਜ਼ੀ eye ਇਸੇ ਦਾ ਵਿਕਸਿਤ ਰੂਪ ਹੈ। ਅੰਗਰੇਜ਼ੀ eye ਦਾ ਪੁਰਾਤਨ ਰੂਪ ਈਜ ਜਿਹਾ ਹੈ ਜੋ ਪੁਰਾਤਨ ਜਰਮੈਨਿਕ ਔਗਨ ਤੋਂ ਵਿਕਸਿਤ ਹੋਇਆ। ਅੰਗਰੇਜ਼ੀ ਦਾ ਇਕ ਸ਼ਬਦ ogle ਹੁੰਦਾ ਹੈ ਜਿਸ ਦਾ ਅਰਥ ਦੇਖਣਾ, ਖਾਸ ਤੌਰ 'ਤੇ ਕਾਮੁਕ ਨਜ਼ਰਾਂ ਨਾਲ ਤੱਕਣਾ। ਅਜੋਕੀ ਜਰਮਨ ਵਿਚ ਅੱਖ ਨੂੰ ਔਜ ਕਹਿੰਦੇ ਹਨ। ਗਰੀਕ ਵਿਚ opsis ਸ਼ਬਦ ਦਾ ਅਰਥ ਦ੍ਰਿਸ਼ ਹੁੰਦਾ ਹੈ। ਅੱਖ ਵਿਗਿਆਨ ਲਈ opthalmology ਅਤੇ optic ਆਦਿ ਸ਼ਬਦ ਇਸੇ ਦੀ ਦੇਣ ਹਨ। ਲਾਤੀਨੀ ਵਿਚ oculus ਸ਼ਬਦ ਦਾ ਅਰਥ ਅੱਖ ਹੁੰਦਾ ਹੈ। Oculus ਔਕੂਲਸ ਦਾ ਲਾਤੀਨੀ ਵਿਚ ਅਰਥ ਕੰਧ ਜਾਂ ਗੁੰਬਦ ਵਿਚਲਾ ਮੋਘ ਵੀ ਹੁੰਦਾ ਹੈ। ਇਸ ਨੂੰ ਫਰਾਂਸੀਸੀ ਵਿਚ œil de boeuf ਵੀ ਕਹਿੰਦੇ ਹਨ। ਇਸ ਦਾ ਸ਼ਾਬਦਿਕ ਅਰਥ ਝਰੋਖੇ ਦੀ ਤਰ੍ਹਾਂ 'ਗਾਂ ਦੀ ਅੱਖ' ਹੈ।

ਅੱਖ ਨਾਲ ਜੁੜਦਾ ਸਭ ਤੋਂ ਅਹਿਮ ਸ਼ਬਦ ਹੈ ਸ਼ੀਸ਼ਾ। ਧਿਆਨ ਦਿਉ ਸ਼ੀਸ਼ਾ ਮੂੰਹ ਦੇਖਣ ਵਾਲੀ ਸ਼ੈਅ ਹੈ। ਇਹ ਭਾਵੇਂ ਫਾਰਸੀ ਵਲੋਂ ਆਇਆ ਹੈ ਪਰ ਇਸ ਦਾ ਸੰਸਕ੍ਰਿਤ ਅਕਸ਼ਿ ਨਾਲ ਸਮੂਲਕ ਸਬੰਧ ਹੈ। ਅਸਲ ਵਿਚ ਅਵੇਸਤਾ ਵਿਚ ਦੇਖਣ ਦੇ ਅਰਥਾਂ ਵਿਚ ਸੰਸਕ੍ਰਿਤ ਸਾਕਸ਼ੀ ਦੇ ਮੁਕਾਬਲੇ ਵਿਚ 'ਸ਼ੀਸ਼ਾ' ਜਿਹਾ ਸ਼ਬਦ ਹੁੰਦਾ ਸੀ ਜਿਸ ਤੋਂ ਦਰਪਣ ਦੇ ਅਰਥਾਂ ਵਾਲਾ ਸ਼ੀਸ਼ਾ ਸ਼ਬਦ ਬਣਿਆ। ਇਹ ਉਰਦੂ ਰਾਹੀਂ ਹੋਰ ਭਾਰਤੀ ਭਾਸ਼ਾਵਾਂ ਵਿਚ ਦਾਖਿਲ ਹੋਇਆ।

---

### ਗਜ਼ਲ

ਸੱਚ ਕਦੇ ਨ੍ਹੀਂ ਵਿਕਿਆ ਝੂਠ ਦੀਆਂ ਦੁਕਾਨਾਂ ਵਿਚ
ਝੱਲਿਆਂ ਵਾਂਗਰ ਪਿਆਰ ਨਾ ਲੱਭ ਅਹਿਸਾਨਾਂ ਵਿਚ।

ਸਾਡੇ ਘਰ ਤੇਰੀ ਇੱਕ ਵੀ ਕਿਰਨ ਆਈ ਨਾ
ਬੇਸੱਕ ਬੜਾ ਚਮਕਿਆ ਤੂੰ ਅਸਮਾਨਾਂ ਵਿਚ।

ਚਿਰ ਹੋਇਆ ਉਹ ਦਿਸਿਆ ਨਹੀ ਮਲੂਕ ਜਿਹਾ
ਦੀਵੇ ਜਿਹਾ ਕਿਤੇ ਘਿਰ ਗਿਆ ਹੋਊ ਤੁਫਾਨਾਂ ਵਿਚ।

ਉਸ ਦੇ ਬਿਨ ਸਾਰੀ ਮਹਿਫਿਲ ਸੁੰਨੀ ਲਗਦੀ ਰਹੀ
ਰੂਹ ਦਾ ਹਾਣੀ ਨਹੀਂ ਆਇਆ ਮਹਿਮਾਨਾਂ ਵਿਚ।

ਹਸ਼ਰ ਵੇਖ ਮਨਸੂਰ ਦਾ ਕਿਹੜਾ ਸੱਚ ਬੋਲੇ
ਹਾਏ ਕਿਹੜਾ ਕਿੱਲ ਠੁਕਵਾਏ ਫਿਰ ਜੁਬਾਨਾਂ ਵਿਚ।

*-ਗੁਰਬਖਸ਼ ਰਾਹੀ*

---

# ਜਹਾਜ਼ ਦੇ ਸਟਾਫ ਨੇ ਜਦੋਂ ਸਾਨੂੰ ਖਾੜਕੂ ਸਮਝਿਆ

*(ਸਫਾ 23 ਦੀ ਬਾਕੀ)*

ਇਸ ਵਾਰ ਦੀ ਕ੍ਰਿਸਮਸ ਘਰ ਮਨਾਈ। ਜੀਵਨ ਵਿਚ ਪਹਿਲੀ ਕ੍ਰਿਸਮਸ ਸੀ ਜਦੋਂ ਮੈਂ ਗਿਰਜੇ ਦੀ ਸੰਗਤ ਵਿਚ ਸ਼ਾਮਲ ਨਹੀਂ ਹੋਇਆ। ਛੱਬੀ ਤਰੀਕ ਨੂੰ ਅਸੀਂ ਫੈਸਲਾ ਕੀਤਾ ਕਿ ਕੁੱਤਾ ਨਾਲ ਲੈ ਕੇ ਸੈਰ ਲਈ ਨਿਕਲਾਂਗੇ। ਨਾਲੇ ਜੇ ਮਿਲਿਆ, ਦੁੱਧ ਲੈ ਆਵਾਂਗੇ। ਬਾਅਦ ਵਿਚ ਖਿਆਲ ਆਇਆ, ਕੇਹਾ ਖਤਰਨਾਕ ਕੰਮ ਕੀਤਾ। ਕੁੱਤੇ ਸਮੇਤ ਅਸੀਂ ਤਿੰਨੇ ਜਣੇ ਨਿਕਲ ਤੁਰੇ। ਘਰ ਦੇ ਪਾਰਕ ਨੇੜੇ ਗੋਲੀਆਂ ਦੀ ਵਾਛੜ ਨੇ ਸਾਡਾ ਸਵਾਗਤ ਕੀਤਾ। ਕੁੱਝ ਸੌ ਗਜ਼ ਦੀ ਦੂਰੀ 'ਤੇ ਤਿੰਨ ਚਾਰ ਜੁਆਨ ਹੱਥ ਪਿੱਛੇ ਬੰਨ੍ਹੀ, ਕੁੱਝ ਹੋਰਾਂ ਨੇ ਅੱਗੇ ਲਾਏ ਹੋਏ ਸਨ, ਕਵਰ ਵਜੋਂ। ਛੁਡਾ ਕੇ ਕੁੱਤਾ ਦੌੜਨ ਲੱਗਾ ਤਾਂ ਮੈਂ ਸੰਗਲੀ ਕੱਸ ਕੇ ਫੜ ਲਈ। ਇਕ ਹੋਰ ਇਮਾਰਤ ਪਿਛੋਂ ਕੁੱਝ ਵਰਦੀਧਾਰੀ ਫੌਜੀ ਨਿਕਲ ਆਏ। ਹੱਥ ਬੰਨ੍ਹੇ ਹੋਏ ਜੁਆਨਾਂ ਦੀ ਤਲਾਸ਼ੀ ਲਈ। ਇਸ ਸਮੇਂ ਮੈਂ ਆਪਣੀ ਪਛਾਣ ਦਿਖਾਣੀ ਚਾਹੀ ਤੇ ਸ਼ਨਾਖਤੀ ਕਾਰਡ ਹਵਾ ਵਿਚ ਲਹਿਰਾ ਕੇ ਉਚੀ ਉਚੀ ਦੱਸਿਆ ਕਿ ਮੈਂ ਰਾਜਦੂਤ ਹਾਂ। ਫੌਜੀਆਂ ਨੂੰ ਮੇਰੀ ਕੋਈ ਗੱਲ ਸਮਝ ਵਿਚ ਤਾਂ ਨਹੀਂ ਆਈ, ਪਰ ਅਸੀਂ ਕੁੱਤੇ ਨਾਲ ਇੱਧਰ-ਉਧਰ ਘੁੰਮ ਰਹੇ ਹਾਂ; ਸੋ ਖਤਰਨਾਕ ਨਹੀਂ, ਚਲੇ ਗਏ। ਉਨ੍ਹਾਂ ਨੇ ਸਾਨੂੰ ਵੀ ਚਲੇ ਜਾਣ ਦਾ ਇਸ਼ਾਰਾ ਕਰ ਦਿੱਤਾ। ਥੋੜ੍ਹਾ ਸਮਾਂ ਪਹਿਲਾਂ ਇਨ੍ਹਾਂ ਨੇ ਹੀ ਫਾਇਰ ਕੀਤੇ ਸਨ।

**ਪੰਨਾ 369:** ਰੋਮਾਨੀ ਲੋਕ ਵਧਾ ਚੜ੍ਹਾ ਕੇ ਨਾਟਕੀ ਕਿਸਮ ਦੀਆਂ ਗੱਲਾਂ ਕਰਨ/ਸੁਣਨ ਦੇ ਸ਼ੁਕੀਨ ਹਨ। ਬਗਾਵਤ ਪਿਛੋਂ ਸੀਜ਼ੇਕੂ ਦੇ ਆਤੰਕਵਾਦੀ ਹਮਾਇਤੀਆਂ ਦੀਆਂ ਗੱਲਾਂ ਚੱਲ ਪਈਆਂ। ਸ਼ੁਰੂ ਦੇ ਕੁੱਝ ਦਿਨਾਂ ਨੂੰ ਛੱਡ ਕੇ ਮੈਂ ਸੀਜ਼ੇਕੂ ਦਾ ਹਮਾਇਤੀ ਕੋਈ ਨਹੀਂ ਦੇਖਿਆ। ਉਸ ਦੇ ਹਮਾਇਤੀਆਂ ਨੇ ਟੀ.ਵੀ. ਸੈਂਟਰ ਉਪਰ ਇਕ ਹੱਲਾ ਜ਼ਰੂਰ ਕੀਤਾ ਸੀ ਜਿਸ ਨਾਲ ਨੇੜੇ ਦੇ ਕੁੱਝ ਘਰ ਨੁਕਸਾਨੇ ਗਏ ਸਨ। ਸਾਰੇ ਆਖਦੇ ਸਨ, ਇਹ ਫਾਇਰਿੰਗ ਸੀਜ਼ੇਕੂ ਦੇ ਬੰਦਿਆਂ ਨੇ ਕੀਤੀ। ਲਗਦੈ, ਉਨ੍ਹਾਂ ਦੀ ਗੱਲ ਠੀਕ ਸੀ। ਕੰਧਾਂ ਉਪਰ ਫਾਇਰਿੰਗ ਦੇ ਨਿਸ਼ਾਨ ਸਨ, ਪਰ ਹਮਾਇਤੀਆਂ ਦੀਆਂ ਲਾਸ਼ਾਂ ਨਹੀਂ ਮਿਲੀਆਂ, ਸ਼ਾਇਦ ਖਤਰਾ ਦੇਖ ਕੇ ਪਹਿਲਾਂ ਹੀ ਦੌੜ ਗਏ ਹੋਣ।

**ਪੰਨਾ 370:** ਕੁੱਝ ਸ਼ਾਂਤੀ ਹੋਈ ਤਾਂ ਮੈਂ ਤੇ ਪਤਨੀ ਦੁੱਧ ਦੀ ਤਲਾਸ਼ ਵਿਚ ਫਿਰ ਨਿਕਲ ਤੁਰੇ। ਨੇੜੇ ਦੀ ਇਕ ਦੁਕਾਨ ਤੋਂ ਸੋਮਨਾਥ ਦੁੱਧ ਲਿਆਉਂਦਾ ਹੁੰਦਾ ਸੀ, ਪਰ ਉਸ ਦੁਕਾਨ ਵਿਚ ਸਪਲਾਈ ਨਹੀਂ ਸੀ ਆਈ। ਇਕ ਔਰਤ ਜਿਹੜੀ ਹਰ ਰੋਜ਼ ਇਥੋਂ ਦੁੱਧ ਖਰੀਦਣ ਆਉਂਦੀ ਸੀ, ਉਸ ਨੇ ਸੋਮਨਾਥ ਨੂੰ ਪਛਾਣ ਲਿਆ। ਕਹਿਣ ਲੱਗੀ, ਮੇਰੇ ਨਾਲ ਚਲੋ, ਥੋੜ੍ਹੀ ਦੂਰ ਇਕ ਹੋਰ ਦੁਕਾਨ ਐ। ਮੂਰਖਤਾਵਸ ਅਸੀਂ ਤੁਰ ਪਏ। ਇਹ ਇਲਾਕੇ ਵਿਚ ਦੁੱਧ ਸਪਲਾਈ ਕਰਨ ਦਾ ਵੱਡਾ ਕੇਂਦਰ ਸੀ। ਉਥੇ ਬਦਮਾਸ਼ ਕਿਸਮ ਦੇ ਕੁੱਝ ਬੰਦਿਆਂ ਨੇ ਸਾਡਾ ਰਾਹ ਰੋਕ ਲਿਆ। ਸਿਵਲ ਕੱਪੜਿਆਂ ਵਿਚ ਸਨ। ਸਾਨੂੰ ਸ਼ਨਾਖਤੀ ਕਾਰਡ ਦਿਖਾਉਣ ਲਈ ਕਿਹਾ, ਫਿਰ ਤਲਾਸ਼ੀ ਲੈਣ ਲੱਗੇ। ਇਕ ਨੇ ਰਾਤੀਂ ਵਧੀਕ ਸ਼ਰਾਬ ਪੀਤੀ ਹੋਈ ਸੀ, ਸਵੇਰੇ ਦੁਰਗੰਧ ਆ ਰਹੀ ਸੀ। ਉਸ ਨੇ ਇਕ ਹੋਰ ਨੂੰ 'ਵਾਜ਼ ਮਾਰੀ। ਬੰਦੂਕ ਹੱਥ ਵਿਚ ਫੜੀ ਇਕ ਹੋਰ ਡਰਾਉਣਾ ਸ਼ਖਸ ਆ ਖੜ੍ਹਾ ਹੋਇਆ। ਉਨ੍ਹਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ ਸੀ ਤੇ ਅਸੀਂ ਰੋਮਾਨੀ ਤੋਂ ਅਨਜਾਣ ਸਾਂ। ਮੈਂ ਤੇ ਮੇਰੀ ਪਤਨੀ ਪੁਰਤਗਾਲੀ ਦੇ ਕੁੱਝ ਲਫਜ਼ ਜਾਣਦੇ ਸਾਂ ਜੋ ਰੋਮਾਨੀ ਨਾਲ ਮਿਲਦੇ ਸਨ। ਆਖਰ ਉਨ੍ਹਾਂ



*ਬੁਖਾਰੈਸਟ ਵਿਚ 1990 ਦੇ ਕਿਸੇ ਦਿਨ ਨਿਕੋਲ ਸੀਜ਼ੇਕੂ ਦੇ ਹਮਾਇਤੀਆਂ ਨੂੰ ਸ਼ਹਿਰ ਵਿਚੋਂ ਖਦੇੜ ਰਹੇ ਭੜਕੇ ਹੋਏ ਲੋਕ।*

ਸਾਨੂੰ ਛੱਡ ਤਾਂ ਦਿੱਤਾ, ਪਰ ਦੁੱਧ ਨਹੀਂ ਮਿਲਿਆ। ਅਸੀਂ ਤੇਜ਼ੀ ਨਾਲ ਘਰ ਦਾ ਰਾਹ ਫੜਿਆ। ਰਸਤੇ ਵਿਚ ਵੀ ਕਈ ਥਾਂ ਤਲਾਸ਼ੀ ਹੋਈ, ਪਰ ਇਹ ਘੱਟ ਗੁਸੈਲੇ ਗਰੁਪ ਸਨ।

ਇਹ ਘਟਨਾ ਰੋਮਾਨੀ ਵਿਦੇਸ਼ ਮੰਤਰਾਲੇ ਦੇ ਮੁਲਾਜ਼ਮਾਂ ਨੂੰ ਦੱਸੀ। ਉਨ੍ਹਾਂ ਕਿਹਾ-ਮੁੜ ਕੇ ਕੁੱਝ ਦਿਨ ਹੋਰ ਬਾਹਰ ਨਾ ਨਿਕਲਿਓ, ਬਿਨਾਂ ਦੁੱਧ ਰੋਟੀ ਦੇ ਗੁਜ਼ਾਰਾ ਕਰੋ। ਇਹ ਸਲਾਹ ਜੇ ਉਹ ਨਾ ਵੀ ਦਿੰਦੇ ਤਾਂ ਵੀ ਸਾਨੂੰ ਪਤਾ ਸੀ। ਜਦੋਂ ਲੋਕ ਸੀਜ਼ੇਕੂ ਦੇ ਜ਼ੁਲਮਾਂ ਦੀਆਂ ਕਹਾਣੀਆਂ ਵਧਾ ਚੜ੍ਹਾ ਕੇ ਸੁਣਾਉਂਦੇ, ਨਾਲ ਹੀ ਧੀਮੀ ਆਵਾਜ਼ ਕਰ ਕੇ ਆਖਦੇ- ਅਜੇ ਵੀ ਉਹਦੇ ਬੰਦੇ ਤੁਰੇ ਫਿਰਦੇ ਨੇ, ਕੀ ਪਤਾ ਅਪਣੀਆਂ ਗੱਲਾਂ ਸੁਣ ਲਈਆਂ ਹੋਣ! ਭਲਿਉ ਲੋਕੋ, ਜੇ ਤੁਹਾਨੂੰ ਸੀਜ਼ੇਕੂ ਤੋਂ ਇੰਨਾ ਡਰ ਹੋਵੇ, ਮੇਰੇ ਵਰਗੇ ਅਜਨਬੀ ਨਾਲ ਤੁਸੀਂ ਉਸ ਖਿਲਾਫ ਚਰਚਾ ਕਰੋਗੇ?

ਬਗਾਵਤ ਬਾਅਦ ਸਭ ਤੋਂ ਵੱਡੀ ਖੁਸ਼ੀ ਭਰੀ ਪ੍ਰਾਪਤੀ ਮੁਲਾਜ਼ਮਾਂ ਲਈ ਹਫਤੇ ਦੇ ਪੰਜ ਦਿਨ ਕੰਮ ਸੀ। ਪਹਿਲਾਂ ਛੇ ਦਿਨ ਸਨ, ਪਰ ਐਤਵਾਰ ਦੀ ਛੁੱਟੀ ਮਨਾਉਣ ਵਾਸਤੇ ਵੀ ਉਨ੍ਹਾਂ ਕੋਲ ਕੁੱਝ ਨਹੀਂ ਹੁੰਦਾ ਸੀ। ਨਾ ਰੇਸਤਰਾਂ, ਨਾ ਮਨੋਰੰਜਨ ਦੇ ਹੋਰ ਸਾਧਨ ਜਿਵੇਂ ਪੱਛਮੀ ਦੇਸ਼ਾਂ ਵਿਚ ਹੁੰਦੇ ਹਨ, ਸਗੋਂ ਭਾਰਤ ਵਰਗੇ ਬਾਜ਼ਾਰ ਵੀ ਨਹੀਂ। ਰੋਮਾਨੀ ਟੀ.ਵੀ. ਕੋਲ ਤਾਨਾਸ਼ਾਹ ਅਤੇ ਉਸ ਦੀ ਬੀਵੀ ਦੀਆਂ ਗੱਲਾਂ ਦੱਸਣ ਬਗੈਰ ਕੁੱਝ ਨਹੀਂ ਸੀ। ਹਾਂ, ਸਿਨੇਮਾਘਰ ਅਤੇ ਫੁਟਬਾਲ ਗਰਾਊਂਡ ਜ਼ਰੂਰ ਸਨ। ਥਿਏਟਰ ਵਿਚ ਕਲਾਸੀਕਲ ਪੱਛਮੀ ਸੰਗੀਤ, ਉਪੇਰਾ ਅਤੇ ਬੈਲੇ ਸੀ। ਆਮ ਨਾਗਰਿਕ ਐਤਵਾਰ ਨੂੰ ਖਾਣ-ਪੀਣ, ਸੌਣ ਅਤੇ ਸਫਾਈ ਦਾ ਕੰਮ ਕਰਦਾ।

**ਪੰਨਾ 371:** ਬਗਾਵਤ ਬਾਅਦ ਤਬਦੀਲੀ ਦਿਸੀ। ਰਸਤਿਆਂ ਉਪਰ ਛੋਟੇ ਛੋਟੇ ਕੈਫੇ ਉਸਰਨ ਲੱਗੇ। ਫਿਰ ਬੀਅਰ ਅਤੇ ਵਿਸਕੀ ਦੀਆਂ ਦੁਕਾਨਾਂ ਖੁੱਲ੍ਹੀਆਂ। ਹੌਲੀ ਹੌਲੀ ਮਹਿੰਗੇ ਰੇਸਤਰਾਂ ਬਣ ਗਏ। ਮਾਰਕੀਟ ਵਿਚ ਕਾਲਾ ਧਨ ਪਸਰਨ ਲੱਗਾ। ਰੋਮਾਨੀਆ ਦਾ ਨਵਾਂ ਨੇਤਾ ਈਓਨ ਇਲੀਕੂ ਬਣਿਆ। ਬੁੱਧੀਜੀਵੀ ਦੱਸਦੇ ਕਿ ਇਸ ਨੇ ਬਗਾਵਤ ਅਗਵਾ ਕਰ ਲਈ ਹੈ। ਇਸ ਗੱਲ ਦਾ ਕੀ ਮਤਲਬ ਹੈ, ਮੈਨੂੰ ਪਤਾ ਨਾ ਲੱਗਾ। ਅਨਪੜ੍ਹਾਂ, ਫੈਕਟਰੀ ਮਜ਼ਦੂਰਾਂ ਅਤੇ ਪੇਂਡੂਆਂ ਵਿਚ ਉਹ ਬੜਾ ਹਰਮਨ ਪਿਆਰਾ ਸੀ। ਦਿਨ-ਬ-ਦਿਨ ਪੇਂਡੂ ਅਤੇ ਸ਼ਹਿਰੀ ਨਾਗਰਿਕ ਵਿਚਲਾ ਪਾੜਾ ਵਧਣ ਲੱਗਾ।

*(ਚਲਦਾ)*

## ਸਿੱਖੀ, ਬੰਦਾ ਸਿੰਘ ਬਹਾਦਰ ਅਤੇ ਇਤਿਹਾਸ-10

# ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਕਿਉਂ ਗਏ?

ਇਸ ਯਾਤਰਾ ਦੇ ਕੀ ਕਾਰਨ ਸਨ, ਲਿਖਾਰੀਆਂ ਨੇ ਆਪੋ-ਆਪਣੀ ਸਮਝ ਅਨੁਸਾਰ ਇਸ ਬਾਰੇ ਦੱਸਣ ਦਾ ਯਤਨ ਕੀਤਾ ਹੈ। ਕੁਝ ਵਿਚਾਰ ਤਾਂ ਗੰਭੀਰ ਤੇ ਸੱਚਾਈ ਦੇ ਨੇੜੇ ਹਨ ਅਤੇ ਕੁਝ ਸਿਰਫ਼ ਖਿਆਲੀ ਹੀ ਹਨ। ਗੁਰੂ ਜੀ ਰਾਜਪੂਤਾਨੇ ਅਤੇ ਦੱਖਣ ਨੂੰ ਇਸ ਲਈ ਗਏ ਸਨ ਕਿ ਰਾਜਪੂਤਾਂ ਅਤੇ ਮਰਹੱਟਿਆਂ ਨਾਲ ਸਾਂਝਾ ਮੁਹਾਜ਼ ਕਾਇਮ ਕਰ ਕੇ ਮੁਗਲਾਂ ਦੀ ਜ਼ਾਲਮ ਹਕੂਮਤ ਦਾ ਸਦਾ ਲਈ ਖਾਤਮਾ ਕੀਤਾ ਜਾਏ। ਡਾ. ਹਰੀ ਰਾਮ ਗੁਪਤਾ 'ਹਿਸਟਰੀ ਆਫ ਦਿ ਸਿੱਖਸ ਜਿਲਦ 2' ਵਿਚ ਲਿਖਦੇ ਹਨ ਕਿ ਫੁਲੇਰੇ (ਰਾਜਸਥਾਨ) ਤੋਂ 15 ਮੀਲ ਦੂਰ ਨਰੈਣੇ ਪਿੰਡ

ਹਰਪਾਲ ਸਿੰਘ
ਫੋਨ: 916-236-8830

ਵਿਚ ਗੁਰੂ ਜੀ ਦੀ ਮੁਲਾਕਾਤ ਜੈਤ ਰਾਮ ਮਹੰਤ ਨਾਲ ਹੋਈ। ਗੱਲਬਾਤ ਦੌਰਾਨ ਗੁਰੂ ਜੀ ਨੇ ਮਹੰਤ ਤੋਂ ਪੁੱਛਿਆ ਕਿ ਕੀ ਉਹ ਰਾਜਪੂਤ ਸਰਦਾਰਾਂ ਦੀ ਮਦਦ ਹਾਸਲ ਕਰਵਾ ਸਕਦਾ ਹੈ? ਉਸ ਦਾ ਜਵਾਬ ਸੀ, ਇਹ ਅਸੰਭਵ ਹੈ, ਰਾਜਪੂਤ ਸਰਦਾਰ ਕਿਸੇ ਦੇ ਮਿੱਤ ਨਹੀਂ। ਆਪਸੀ ਈਰਖਾ ਅਤੇ ਧੜੇਬੰਦੀ ਇਨ੍ਹਾਂ ਦੇ ਪਤਨ ਦਾ ਕਾਰਨ ਬਣੀ ਹੈ। ਆਪਣਾ ਮੁਫਾਦ ਪੂਰਾ ਕਰਨ ਲਈ ਜਿਨ੍ਹਾਂ ਨੇ ਆਪਣੀਆਂ ਧੀਆਂ ਦੇ ਡੋਲੇ ਮੁਗਲ ਬਾਦਸ਼ਾਹਾਂ ਨੂੰ ਭੇਟ ਕੀਤੇ, ਉਨ੍ਹਾਂ ਤੋਂ ਅਣਖ ਅਤੇ ਸਵੈਮਾਣ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ? ਜਦੋਂ ਗੁਰੂ ਜੀ ਬਗੋਰ ਦੇ ਸਥਾਨ 'ਤੇ ਸਨ ਤਾਂ ਉਨ੍ਹਾਂ ਨੂੰ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਮਿਲੀ। ਉਥੋਂ ਗੁਰੂ ਜੀ ਨੇ ਦੱਖਣ ਜਾਣ ਦੀ ਥਾਂ ਦਿੱਲੀ ਵੱਲ ਰੁਖ ਕੀਤਾ।

ਹੈਨਰੀ ਇਲੀਅਟ ਅਨੁਸਾਰ ਗੁਰੂ ਜੀ ਦੱਖਣ (ਨਿਰੋਲ) ਘੁੰਮਣ ਲਈ ਹੀ ਸ਼ਾਹੀ ਕੈਂਪ ਦੇ ਨਾਲ ਆਏ ਸਨ। ਉਹ ਆਪਣੇ ਸੁਭਾਅ ਅਨੁਸਾਰ ਦੁਨੀਆਂ ਦੇ ਲੋਕਾਂ ਨੂੰ ਧਾਰਮਿਕ ਸਿੱਖਿਆ ਦੇ ਰਹੇ ਸਨ। ਮੈਕਾਲਿਫ ਅਨੁਸਾਰ ਗੁਰੂ ਜੀ ਨੇ ਤਲਵੰਡੀ ਸਾਬੋ ਤੋਂ ਹੀ ਦੱਖਣ ਨੂੰ ਜਾਣ ਦਾ ਮਨ ਬਣਾ ਲਿਆ ਸੀ। ਉਹ ਲਿਖਦਾ ਹੈ ਕਿ ਗੁਰੂ ਜੀ ਨੇ ਡੱਲੇ ਨੂੰ ਆਖਿਆ ਕਿ ਉਹ ਉਨ੍ਹਾਂ ਨਾਲ ਦੱਖਣ ਨੂੰ ਚੱਲੇ। ਡੱਲੇ ਨੇ ਕਿਹਾ ਕਿ ਦਮਦਮਾ ਸਾਹਿਬ ਦੀ ਗੱਦੀ ਵੀ ਉਹਦੇ ਲਈ ਦਿੱਲੀ ਦੇ ਤਖ਼ਤ ਦੇ ਬਰਾਬਰ ਹੈ। ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਬਰਾੜਾਂ ਨੇ ਵੀ ਗੁਰੂ ਸਾਹਿਬ ਨੂੰ ਪ੍ਰਸਤਾਵਤ ਯਾਤਰਾ ਰੱਦ ਕਰਨ ਦੀ ਬੇਨਤੀ ਕੀਤੀ। ਜਦੋਂ ਗੁਰੂ ਜੀ ਨੇ ਉਨ੍ਹਾਂ ਦੀ ਗੱਲ ਨਾ ਮੰਨੀ ਤਾਂ ਕਾਫ਼ੀ ਸਾਰੇ ਉਨ੍ਹਾਂ ਨੂੰ ਛੱਡ ਕੇ ਤੁਰ ਗਏ। ਹੁਣ ਗੁਰੂ ਜੀ ਨਾਲ ਰਹਿ ਗਏ ਸਨ-ਡੱਲਾ ਸਿੰਘ, ਭਾਈ ਭਗਤੂ ਦੇ ਪੋਤਰੇ ਰਾਮ ਸਿੰਘ ਅਤੇ ਉਸ ਦਾ ਭਰਾ ਫਤਿਹ ਸਿੰਘ, ਭਾਈ ਰੂਪ ਦੇ ਵੰਸ਼ਜ਼ ਵਿਚੋਂ ਪਰਮ ਸਿੰਘ ਤੇ ਧਰਮ ਸਿੰਘ ਅਤੇ ਭਾਈ ਮਨੀ ਸਿੰਘ। ਅਚੰਭਾ ਤਾਂ ਇਸ ਗੱਲ ਦਾ ਹੈ ਕਿ ਡੱਲਾ ਵੀ ਰਸਤੇ ਵਿਚੋਂ ਹੀ ਇਕ ਰਾਤ ਗਾਇਬ ਹੋ ਗਿਆ ਅਤੇ ਆਪਣੇ ਨਾਲ ਇਕ ਸੋਢੀ ਅਤੇ ਕਈ ਬਰਾੜਾਂ ਨੂੰ ਵੀ ਲੈ ਗਿਆ।

ਜਦੋਂ ਗੁਰੂ ਜੀ ਦਮਦਮਾ ਸਾਹਿਬ ਠਹਿਰੇ ਹੋਏ ਸਨ ਤਾਂ ਉਨ੍ਹਾਂ ਨੂੰ ਬਾਦਸ਼ਾਹ ਔਰੰਗਜ਼ੇਬ ਦੀ ਚਿੱਠੀ ਮਿਲੀ ਜਿਸ ਵਿਚ ਉਸ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਸੀ ਕਿ ਉਹ ਉਸ ਨੂੰ ਦੱਖਣ ਵਿਚ ਆ ਕੇ ਮਿਲਣ। ਇਹ 1706 ਈਸਵੀ ਦੀ ਗੱਲ ਲੱਗਦੀ ਹੈ। ਬੈਰਾੜਾਂ ਦੀ ਸੰਗਤ ਵੱਲ ਲਿਖਿਆ ਹੋਇਆ ਹੁਕਮਨਾਮਾ ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਹੁਕਮਨਾਮਾ ਇਸ ਪ੍ਰਕਾਰ ਹੈ,

ੴ ਸਿਰੀ ਸਤਿਗੁਰ ਜੀ

"ਸਿਰੀ ਗੁਰੂ ਕੀ ਆਗਿਆ ਹੈ, ਸਰਬਤਿ ਸੰਗਤ ਬੈਰਾੜ ਦੀ ਗੁਰੂ ਰਖੇਗਾ। ਚਾਰ ਬੈਲ ਚਾਰ ਹਠੇ, ਬਹਿਲਾਂ ਕੋ ਭੇਜਣੇ ਹੁਕਮ ਦੇਖਦਿਆਂ। ਮੇਰੀ ਤੁਸਾਂ ਉਪਰਿ ਖੁਸ਼ੀ ਹੈ। ਅਸਾਂ ਦੱਖਣ ਨੂੰ ਕੂਚ ਕੀਤਾ ਹੈ। ਜਿਨ ਸਿੱਖ ਸਾਡੇ ਨਾਲਿ ਚਲਣਾ ਹੋਇ ਤਿਨ ਹੁਕਮ ਦੇਖਦਿਆਂ ਹਜ਼ੂਰਿ ਆਵਣਾ। ਮੇਰੀ ਤੁਸਾਂ ਉਪਰਿ ਖੁਸ਼ੀ ਹੈ। ਗੁਰੂ ਜੀ ਤੁਹਾਡੀ ਰਖੇਗਾ, ਸੰਮਤ 1763 ਮਿਤੀ ਕਤਕੋ 20, ਸਤਰਾਂ 91"

ਡਾ. ਗੰਡਾ ਸਿੰਘ ਅਨੁਸਾਰ ਗੁਰੂ ਜੀ ਨੇ ਬਾਦਸ਼ਾਹ ਨੂੰ ਪੱਤਰ ਲਿਖਿਆ ਜਿਸ ਨੂੰ ਜ਼ਫਰਨਾਮਾ ਕਿਹਾ ਜਾਂਦਾ ਹੈ। ਬਾਦਸ਼ਾਹ ਨੂੰ ਕਾਂਗੜ ਦੇ ਪਰਗਨੇ ਵਿਚ ਗੱਲਬਾਤ ਕਰਨ ਦਾ ਸੱਦਾ ਦਿੱਤਾ ਗਿਆ। ਬਾਦਸ਼ਾਹ ਨੂੰ ਚਿੱਠੀ ਲਿਜਾਣ ਵਾਲਾ ਭਾਈ ਦਇਆ ਸਿੰਘ ਆਪਣੇ ਸਮੇਂ ਸਿਰ ਬਾਦਸ਼ਾਹ ਵੱਲੋਂ ਮੁੜ ਕੇ ਵਾਪਸ ਨਹੀਂ ਸੀ ਆਇਆ ਅਤੇ ਪਤਾ ਨਹੀਂ ਸੀ ਲੱਗਾ ਕਿ ਉਹ ਬਾਦਸ਼ਾਹ ਨੂੰ ਮਿਲ ਕੇ ਚਿੱਠੀ ਪਹੁੰਚਾ ਭੀ ਸਕਿਆ ਹੈ ਕਿ ਨਹੀਂ। ਇਸ ਲਈ ਗੁਰੂ ਸਾਹਿਬ ਨੇ ਬਾਦਸ਼ਾਹ ਨਾਲ ਗੱਲਬਾਤ ਕਰਨ ਲਈ ਆਪ ਹੀ ਦੱਖਣ ਜਾਣ ਦਾ ਇਰਾਦਾ ਕਰ ਲਿਆ। ... ਇਹ ਗੱਲ ਠੀਕ ਨਹੀਂ ਲੱਗਦੀ। ਬਿਨਾਂ ਬਾਦਸ਼ਾਹ ਦੇ ਉਤਰ ਦੇ, ਗੁਰੂ ਜੀ ਕਦੀ ਵੀ ਬਾਦਸ਼ਾਹ ਨੂੰ ਮਿਲਣ ਲਈ ਦੱਖਣ ਵੱਲ ਨਹੀਂ ਜਾ ਸਕਦੇ ਸਨ।

ਅਨੰਦਪੁਰ ਦੀ ਚੌਥੀ ਲੜਾਈ ਵਿਚ ਮੁਗਲ ਅਤੇ ਪਹਾੜੀ ਰਾਜਿਆਂ ਦੀ ਸੈਨਾ ਨੇ ਕਿਲਾ ਘੇਰ ਰੱਖਿਆ ਸੀ। ਉਹ ਇਸ ਗੱਲ 'ਤੇ ਜ਼ੋਰ ਦੇ ਰਹੇ ਸਨ ਕਿ ਜੇ ਗੁਰੂ ਜੀ ਕਿਲਾ ਖਾਲੀ ਕਰ ਦੇਣ ਤਾਂ ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ। ਔਰੰਗਜ਼ੇਬ ਨੇ ਵੀ ਆਪਣੇ ਦਸਤਖ਼ਤਾਂ ਹੇਠ ਚਿੱਠੀ ਲਿਖੀ ਕਿ ਉਹ (ਗੁਰੂ ਜੀ) ਜੰਗ ਬੰਦ ਕਰ ਕੇ ਉਸ ਨੂੰ ਮਿਲਣ, ਉਨ੍ਹਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ। ਫੌਜ ਦੇ ਕਮਾਂਡਰਾਂ ਵੱਲੋਂ ਕੁਰਾਨ ਅਤੇ ਗਊ ਮਾਤਾ ਦੀ ਸਹੁੰ ਵੀ ਖਾਧੀ ਗਈ। ਕਿਲਾ ਛੱਡਣ 'ਤੇ ਹੀ ਬਾਦਸ਼ਾਹ ਦੇ ਹੁਕਮ ਅਤੇ ਕੁਰਾਨ ਦੀ ਸਹੁੰ ਤੋੜ ਦਿੱਤੀ ਗਈ ਅਤੇ ਸ਼ਾਹੀ ਸੈਨਾ ਨੇ ਮੁਕਤਸਰ ਤੱਕ ਗੁਰੂ ਜੀ ਦਾ ਪਿੱਛਾ ਕੀਤਾ। ਇਹ ਸਾਰਾ ਕੁਝ ਬਾਦਸ਼ਾਹ ਦੀ ਜਾਣਕਾਰੀ ਤੋਂ ਬਿਨਾਂ ਨਹੀਂ ਹੋ ਸਕਦਾ ਸੀ। ਇਹ ਬਾਦਸ਼ਾਹ ਦੀ ਬਦਨੀਤੀ ਦਾ ਪ੍ਰਮਾਣ ਸੀ। ਇਸ ਤਰ੍ਹਾਂ ਦੇ ਫਰੇਬੀ, ਮੱਕਾਰ, ਜ਼ਾਲਮ ਅਤੇ ਬੇਈਮਾਨ ਬਾਦਸ਼ਾਹ ਜੋ ਕੁਰਾਨ ਦੀਆਂ ਕਸਮਾਂ ਖਾ ਕੇ ਉਨ੍ਹਾਂ ਨੂੰ ਪਲ ਭਰ ਵਿਚ ਹੀ ਤੋੜ ਸਕਦਾ ਹੈ, ਉਸ ਉਤੇ ਭਰੋਸਾ ਕਰ ਕੇ ਗੁਰੂ ਜੀ ਕਿਵੇਂ ਦੱਖਣ ਨੂੰ ਜਾ ਸਕਦੇ ਸਨ?

ਨਾਲੇ ਮਰਹੱਟਾ ਸਰਦਾਰ ਸ਼ਿਵਾ ਜੀ ਨੂੰ ਧੋਖੇ ਨਾਲ ਬਾਦਸ਼ਾਹ ਦੁਆਰਾ ਬੰਦੀ ਬਣਾਉਣ ਦਾ ਕਿੱਸਾ ਵੀ ਗੁਰੂ ਜੀ ਤੋਂ ਛੁਪਿਆ ਨਹੀਂ ਸੀ। ਮੁਲਾਕਾਤ ਦਾ ਸੱਦਾ ਦੇ ਕੇ, ਕੀ ਗੁਰੂ ਜੀ ਨਾਲ ਇਹ ਭਾਣਾ ਨਹੀਂ ਸੀ ਵਰਤ ਸਕਦਾ? ਕਈ ਸਿੱਖ ਲਿਖਾਰੀ ਲਿਖਦੇ ਹਨ ਕਿ ਗੁਰੂ ਜੀ ਦਾ ਖਤ (ਜ਼ਫਰਨਾਮਾ) ਮਿਲਣ 'ਤੇ ਅਤੇ ਬਾਦਸ਼ਾਹ ਦੇ ਉਮਰ ਦੇ ਆਖਰੀ ਪੜਾਅ ਹੋਣ 'ਤੇ ਉਸ ਦਾ ਮਨ ਬਦਲ ਗਿਆ ਸੀ ਅਤੇ ਉਸ ਨੂੰ ਆਪਣੇ ਕੀਤੇ ਪਾਪਾਂ 'ਤੇ ਪਛਤਾਵਾ ਸੀ, ਪਰ ਉਹ ਇਸ ਗੱਲ ਨੂੰ ਭੁੱਲ ਜਾਂਦੇ ਹਨ ਕਿ ਚੋਰ ਚੋਰੀ ਤੋਂ ਜਾਏ, ਪਰ ਹੇਰਾਫੇਰੀ ਤੋਂ ਨਾ ਜਾਏ। ਜਿਸ ਬਾਦਸ਼ਾਹ ਨੇ ਆਪਣੇ ਅੰਤਮ ਸਮੇਂ ਤਕ ਵੀ ਦੱਖਣ ਦੇ ਲੋਕਾਂ ਨੂੰ ਚੈਨ ਨਾਲ ਜੀਣ ਨਹੀਂ ਦਿੱਤਾ ਅਤੇ ਅੰਤ ਤੱਕ ਦੱਖਣ ਨੂੰ ਜਿੱਤਣ ਦੀ ਜ਼ਿਦ 'ਤੇ ਅੜਿਆ ਰਿਹਾ, ਉਸ ਉਤੇ ਕਿਵੇਂ ਭਰੋਸਾ ਕੀਤਾ ਜਾ ਸਕਦਾ ਹੈ? ਉਮਰਾਂ ਦੀਆਂ ਆਦਤਾਂ ਮਹੀਨਿਆਂ ਜਾਂ ਦਿਨਾਂ ਵਿਚ ਬਦਲੀਆਂ ਨਹੀਂ ਜਾ ਸਕਦੀਆਂ। ਹਉਮੈ ਨੂੰ ਮਾਰ ਕੇ ਸੱਚ ਉਤੇ ਚੱਲਣ ਦਾ ਰਾਹ ਬੜਾ ਕਠਿਨ ਹੈ। ਗੁਰੂ ਜੀ ਵਰਗੀ ਮਹਾਨ ਸ਼ਖ਼ਸੀਅਤ ਦਾ ਹੀ ਇਹ ਵਿਰਸਾ ਹੈ; ਬਾਦਸ਼ਾਹ ਵਰਗੇ ਜ਼ਾਲਮ, ਕਾਇਰ ਤੇ ਲੋਭੀ ਲੋਕਾਂ ਦਾ ਇਸ ਨਾਲ ਕੁਝ ਲੈਣਾ-ਦੇਣਾ ਨਹੀਂ।

ਕੁਝ ਲੋਕਾਂ ਦਾ ਵਿਚਾਰ ਹੈ ਕਿ ਬੰਦਾ ਜੋ ਹੰਕਾਰੀ ਸਾਧੂ ਸੀ, ਦਾ ਹੰਕਾਰ ਤੋੜਨ ਲਈ ਅਤੇ ਉਸ ਨੂੰ ਸਿੱਖ ਧਰਮ ਵਿਚ ਸ਼ਾਮਲ ਕਰਨ ਲਈ ਗੁਰੂ ਜੀ ਦੱਖਣ ਨੂੰ ਗਏ। ਇਹ ਹਾਸੋਹੀਣਾ ਵਿਚਾਰ ਹੈ। ਉਸ ਸਾਧ ਦੇ ਹੰਕਾਰੀ ਹੋਣ ਨਾਲ ਸਿੱਖ ਧਰਮ ਨੂੰ ਕਿਹੜਾ ਨੁਕਸਾਨ ਹੋ ਰਿਹਾ ਸੀ ਕਿ ਗੁਰੂ ਜੀ ਨੂੰ ਬੁਹਰਾਨਪੁਰ ਤੋਂ ਅੱਗੇ ਸੈਂਕੜੇ ਮੀਲਾਂ ਦਾ ਸਫ਼ਰ ਤੈਅ ਕਰ ਕੇ ਦੱਖਣ ਨੂੰ ਜਾਣਾ ਪਿਆ? ਕੀ ਇਹ ਮੁਮਕਿਨ ਹੈ ਕਿ ਕਿਸੇ ਬੈਰਾਗੀ ਹੰਕਾਰੀ ਸਾਧੂ ਜਿਸ ਨੂੰ ਗੁਰੂ ਜੀ ਕੇਵਲ ਕੁਝ ਸਮੇਂ ਲਈ ਹੀ ਜਾਣਦੇ ਸਨ, ਨੂੰ ਅੰਮ੍ਰਿਤ ਛਕਾ ਕੇ ਸਿੱਖ ਕੌਮ ਦੀ ਵਾਗਡੋਰ ਉਸ ਦੇ ਹੱਥ ਸੌਂਪੀ ਜਾਵੇ? ਲੰਬੇ ਸਮੇਂ ਤੋਂ ਗੁਰੂ ਦੀ ਸੰਗਤ ਕਰ ਰਹੇ ਸਿੰਘਾਂ ਵਿਚੋਂ ਕੀ ਕੋਈ ਵੀ ਐਸਾ ਕੱਦਾਵਾਰ ਸਿੰਘ ਨਹੀਂ ਸੀ ਜੋ ਸਿੱਖ ਕੌਮ ਦੀ ਅਗਵਾਈ ਸੰਭਾਲਣ ਦੇ ਯੋਗ ਹੁੰਦਾ?

ਜਾਜੋਂ ਦੀ ਜਿੱਤ ਤੋਂ ਬਾਅਦ ਬਾਦਸ਼ਾਹ ਨੇ ਗੁਰੂ ਜੀ ਦਾ ਧੰਨਵਾਦ ਕਰਨ ਲਈ ਉਨ੍ਹਾਂ ਨੂੰ ਆਗਰੇ ਆਉਣ ਦਾ ਸੱਦਾ ਦਿੱਤਾ ਅਤੇ ਉਨ੍ਹਾਂ ਨੇ ਕਾਫਲੇ ਦੀ ਅਗਵਾਈ ਕਰਨ ਬੰਦਾ ਬਹਾਦਰ ਜੋ ਉਸ ਦੀ ਫੌਜ ਦਾ ਉਘਾ ਕਮਾਂਡਰ ਸੀ, ਨੂੰ ਖਾਸ ਜ਼ਿੰਮੇਵਾਰੀ ਸੌਂਪੀ। ਬਾਦਸ਼ਾਹ ਨੇ ਆਪਣੇ ਸੁਨੇਹੇ ਵਿਚ ਇਹ ਇੱਛਾ ਵੀ ਪ੍ਰਗਟਾਈ ਕਿ ਉਹ ਖੁਦ ਗੁਰੂ ਦੇ ਦਰਬਾਰ ਵਿਚ ਹਾਜ਼ਰ ਹੋਣਾ ਚਾਹੁੰਦਾ ਹੈ। ਕੱਟੜ ਮੁਲਾਣਿਆਂ ਦੇ ਵਿਰੋਧ ਕਾਰਨ ਬਾਦਸ਼ਾਹ ਇਸ ਤਰ੍ਹਾਂ ਨਾ ਕਰ ਸਕਿਆ।

ਬਾਦਸ਼ਾਹ ਵੱਲੋਂ ਸੱਦਾ ਪੱਤਰ ਮਿਲਣ 'ਤੇ ਗੁਰੂ ਜੀ ਦਿੱਲੀ ਤੋਂ ਬਾਦਸ਼ਾਹ ਨੂੰ ਮਿਲਣ ਆਗਰੇ ਗਏ। ਦੋਹਾਂ ਵਿਚਕਾਰ ਇਹ ਮੁਲਾਕਾਤ 23 ਜੁਲਾਈ ਨੂੰ ਹੋਈ। ਬਾਦਸ਼ਾਹ ਨੇ ਗੁਰੂ ਜੀ ਵੱਲੋਂ ਵੇਲੇ ਸਿਰ ਦਿੱਤੀ ਸਹਾਇਤਾ ਦਾ ਧੰਨਵਾਦ ਕੀਤਾ ਅਤੇ ਭੇਟ ਵਜੋਂ ਸੱਠ ਹਜ਼ਾਰ ਦੀ ਜੜਾਊ ਧੁਖਧੁਖੀ, ਕਲਗੀ ਅਤੇ ਸਿਰੋਪਾਓ ਦਿੱਤੇ। ਬਾਦਸ਼ਾਹ ਨੇ ਗੁਰੂ ਜੀ ਨੂੰ ਇਹ ਬੇਨਤੀ ਵੀ ਕੀਤੀ ਕਿ ਉਹ ਕੁਝ ਸਮਾਂ ਉਨ੍ਹਾਂ ਪਾਸ ਠਹਿਰਨ ਅਤੇ ਉਨ੍ਹਾਂ ਨਾਲ ਦੱਖਣ ਦੀ ਯਾਤਰਾ ਕਰਨ। ਗੁਰੂ ਜੀ ਨੇ ਇਹ ਬੇਨਤੀ ਪ੍ਰਵਾਨ ਕਰ ਲਈ। ਕੁਝ ਦਿਨ ਆਗਰੇ ਠਹਿਰਨ ਮਗਰੋਂ ਬਾਦਸ਼ਾਹ ਜੈਪੁਰ (ਰਾਜਸਥਾਨ) ਚਲਾ ਗਿਆ। ਸੁਨੇਹਾ ਮਿਲਣ 'ਤੇ ਗੁਰੂ ਜੀ ਵੀ ਬਾਦਸ਼ਾਹ ਨਾਲ ਜਾ ਮਿਲੇ ਅਤੇ ਦੋਨੋਂ ਜੋਧਪੁਰ ਅਤੇ ਚਿਤੌੜ ਵਿਚ ਦੀ ਹੁੰਦੇ ਹੋਏ ਬੁਹਰਾਨਪੁਰ ਪਹੁੰਚ ਗਏ। ਇਸ ਸਫ਼ਰ ਵਿਚ ਗੁਰੂ ਜੀ ਨਾਲ ਉਨ੍ਹਾਂ ਦੇ ਆਪਣੇ 200 ਜਾਂ 300 ਪੈਦਲ ਹਥਿਆਰਬੰਦ ਸਿੱਖ ਸੈਨਿਕ ਸਨ। ਬੁਹਰਾਨਪੁਰ ਤੋਂ ਬਾਅਦ ਨਾਂਦੇੜ ਦੇ ਸਥਾਨ 'ਤੇ ਟਿਕਾਣਾ ਕੀਤਾ ਗਿਆ। ਇਹ ਗੱਲ ਅੱਧ ਸਤੰਬਰ 1708 ਈਸਵੀ ਦੀ ਹੈ। (ਡਾ. ਗੋਪਾਲ ਸਿੰਘ)

ਕਨਿੰਘਮ 'ਹਿਸਟਰੀ ਆਫ ਦਿ ਸਿੱਖਸ' ਵਿਚ ਇਹ ਵਿਚਾਰ ਪੇਸ਼ ਕਰਦਾ ਹੈ ਕਿ ਆਗਰੇ ਗੁਰੂ ਜੀ ਦਾ ਸਵਾਗਤ ਕੀਤਾ ਗਿਆ ਅਤੇ ਉਨ੍ਹਾਂ ਨੂੰ ਗੋਦਾਵਰੀ ਦੀ ਵਾਦੀ ਵਿਚ ਫੌਜੀ ਕਮਾਂਡ ਸੰਭਾਲ ਦਿੱਤੀ ਗਈ। ਸਈਅਦ ਮੁਹੰਮਦ ਲਤੀਫ 'ਹਿਸਟਰੀ ਆਫ ਦਿ ਪੰਜਾਬ' ਵਿਚ ਲਿਖਦਾ ਹੈ ਕਿ ਬਾਦਸ਼ਾਹ ਨੇ ਵਿਦਰੋਹੀ ਨੇਤਾ ਦੀਆਂ ਸੇਵਾਵਾਂ ਆਪਣੇ ਹੱਕ ਵਿਚ ਹਾਸਲ ਕਰਨ ਦੀ ਮਨਸ਼ਾ ਨਾਲ ਗੁਰੂ ਜੀ ਨੂੰ ਫੌਜ ਵਿਚ ਪੰਜ ਹਜ਼ਾਰੀ ਨਿਯੁਕਤ ਕੀਤਾ ਸੀ। ਜੇ.ਡੀ. ਕਨਿੰਘਮ ਅਤੇ ਲਤੀਫ ਦੇ ਕਥਨਾਂ ਦੀ ਪ੍ਰੋੜਤਾ ਬਖ਼ਤ ਮੱਲ ਦੇ 'ਖਾਲਸਾਨਾਮਾ' ਤੋਂ ਵੀ ਹੁੰਦੀ ਹੈ ਜਿਸ ਵਿਚ ਲਿਖਿਆ ਗਿਆ ਹੈ, 'ਬਾਦਸ਼ਾਹ ਨੇ ਵਜ਼ੀਰ ਖਾਨ ਨੂੰ ਫਰਮਾਨ ਜਾਰੀ ਕੀਤਾ ਕਿ ਉਹ ਗੁਰੂ ਸਾਹਿਬ ਨੂੰ ਤਿੰਨ ਸੌ ਰੁਪਈਆ ਰੋਜ਼ਾਨਾ ਅਦਾ ਕਰੇ।' ਮੇਜਰ ਏ.ਈ. ਬਾਰਸਟੋਅ 'ਹੈਂਡਬੁੱਕ ਆਫ ਦਿ ਸਿੱਖਸ' ਵਿਚ ਲਿਖਦੇ ਹਨ, "ਬਾਦਸ਼ਾਹ ਨੇ ਗੋਦਾਵਰੀ ਵਾਦੀ ਵਿਚ ਫੌਜੀ ਕਮਾਂਡ ਗੁਰੂ ਸਾਹਿਬ ਨੂੰ ਇਸ ਉਮੀਦ ਨਾਲ ਦਿੱਤੀ ਸੀ ਕਿ ਵਿਦਰੋਹੀ ਜੱਟਾਂ ਦੇ ਇਸ ਲੀਡਰ ਦੀਆਂ ਸੇਵਾਵਾਂ ਮਰਾਠਿਆਂ ਦੀ ਬਗਾਵਤ ਨੂੰ ਠੱਲ੍ਹਣ ਲਈ ਢੁਕਵੀਆਂ ਰਹਿਣਗੀਆਂ।"

ਇਨ੍ਹਾਂ ਸਾਰੇ ਲਿਖਾਰੀਆਂ ਦੇ ਵਿਚਾਰ ਸਹੀ ਨਹੀਂ ਹਨ, ਕਿਉਂਕਿ ਇਹ ਸਭ ਕੁਝ ਉਨ੍ਹਾਂ ਦੀਆਂ ਸਿਖਿਆਵਾਂ ਅਤੇ ਤਰਜ਼-ਏ-ਜ਼ਿੰਦਗੀ ਦੇ ਉਲਟ ਹੈ। ਗੁਰੂ ਜੀ ਨੇ ਬਾਦਸ਼ਾਹ ਨੂੰ ਪੂਰਨ ਸਹਿਯੋਗ ਇਸ ਉਮੀਦ ਨਾਲ ਦਿੱਤਾ ਹੋਵੇਗਾ ਕਿ ਬਾਦਸ਼ਾਹ ਵਜ਼ੀਰ ਖਾਨ ਨੂੰ ਉਨ੍ਹਾਂ ਦੇ ਹਵਾਲੇ ਕਰ ਦੇਵੇਗਾ। ਗੁਰੂ ਜੀ ਤੋਂ ਪਹਿਲਾਂ ਗੁਰੂ ਹਰਗੋਬਿੰਦ ਸਾਹਿਬ ਨੇ ਵੀ ਜਹਾਂਗੀਰ ਦੇ ਰਾਜ ਕਾਲ ਦੌਰਾਨ ਬਾਦਸ਼ਾਹ ਨਾਲ ਦੋਸਤੀ ਨਿਭਾਈ ਸੀ। ਗੁਰੂ ਜੀ ਜ਼ੁਲਮ ਦੇ ਵਿਰੁਧ ਸਨ, ਕਿਸੇ ਧਰਮ ਦੇ ਨਹੀਂ।

### ਇਤਿਹਾਸ ਦੇ ਝਰੋਖੇ 'ਚੋਂ

ਮੁਗਲ ਬਾਦਸ਼ਾਹ ਬਹਾਦਰ ਸ਼ਾਹ ਭਾਵੇਂ ਗੁਰੂ ਜੀ ਪ੍ਰਤੀ ਸਤਿਕਾਰਯੋਗ ਅਤੇ ਆਦਰ ਵਾਲੇ ਵਿਚਾਰ ਰੱਖਦਾ ਸੀ, ਪਰ ਉਸ ਦੀਆਂ ਆਪਣੀਆਂ ਮਜਬੂਰੀਆਂ ਅਤੇ ਸੀਮਾਵਾਂ ਸਨ। ਗੁਰੂ ਜੀ ਵੱਲੋਂ ਵਜ਼ੀਰ ਖਾਨ ਦੀ ਮੰਗ ਕਰਨਾ, ਉਸ ਲਈ ਮੁਸ਼ਕਿਲਾਂ ਖੜ੍ਹੀਆਂ ਕਰਨ ਦਾ ਸੰਕੇਤ ਸੀ। ਉਸ ਦਾ ਖਜ਼ਾਨਾ ਖਾਲੀ ਸੀ। ਤਖ਼ਤ ਦਾ ਇਕ ਹੋਰ ਦਾਅਵੇਦਾਰ ਉਸ ਦਾ ਆਪਣਾ ਭਰਾ ਕਾਮ ਬਖ਼ਸ਼ ਦੱਖਣ ਵਿਚ ਹਿਲਜੁਲ ਕਰ ਰਿਹਾ ਸੀ। ਸੂਬੇਦਾਰ ਮਨਮਰਜ਼ੀ 'ਤੇ ਉਤਾਰੂ ਸਨ ਅਤੇ ਉਨ੍ਹਾਂ ਵਿਚ ਅਨੁਸ਼ਾਸਨਹੀਣਤਾ ਘਰ ਕਰ ਗਈ ਸੀ। ਗੁਰੂ ਜੀ ਦੀ ਮੰਗ ਭਾਵੇਂ ਕਿੰਨੀ ਵੀ ਜਾਇਜ਼ ਸੀ, ਪਰ ਬਾਦਸ਼ਾਹ ਗੁਰੂ ਜੀ ਦੀ ਖਾਤਰ ਸਮੁੱਚੇ ਮੁਗਲ ਸੂਬੇਦਾਰ, ਮੁਲਾਣਿਆਂ ਅਤੇ ਮੁਸਲਿਮ ਭਾਈਚਾਰੇ ਦਾ ਵਿਰੋਧ ਨਹੀਂ ਸੀ ਸਹੇੜ ਸਕਦਾ। ਬਾਦਸ਼ਾਹ ਨੇ ਸੋਚੀ ਸਮਝੀ ਸਕੀਮ ਅਨੁਸਾਰ ਗੁਰੂ ਜੀ ਨੂੰ ਦੱਖਣ ਜਾਣ ਦੀ ਬੇਨਤੀ ਕੀਤੀ ਸੀ ਤਾਂ ਜੋ ਵਜ਼ੀਰ ਖਾਨ ਅਤੇ ਗੁਰੂ ਜੀ ਦਰਮਿਆਨ ਟਕਰਾ ਨੂੰ ਕੁਝ ਸਮੇਂ ਲਈ ਟਾਲਿਆ ਜਾ ਸਕੇ।

ਦੂਜੇ ਬੰਨ੍ਹੇ ਗੁਰੂ ਜੀ ਦੀ ਸਥਿਤੀ ਬਹੁਤੀ ਸੁਖਾਵੀਂ ਨਹੀਂ ਸੀ। ਨਾਨਕਪੰਥੀ ਅਤੇ ਦਿੱਲੀ ਦੇ ਸਿੱਖ ਜਿਹੜੇ ਖੰਡੇ ਦੀ ਪਾਹੁਲ ਤੋਂ ਇਨਕਾਰੀ ਸਨ, ਧਰਮ ਯੁੱਧ ਲਈ ਬਹੁਤੇ ਉਤਸ਼ਾਹਤ ਨਹੀਂ ਸਨ। ਬਰਾੜਾਂ ਵਰਗੇ ਭਾੜੇ ਦੇ ਸੈਨਿਕ ਵੀ ਗੁਰੂ ਜੀ ਦਾ ਸਾਥ ਛੱਡ ਚੁੱਕੇ ਸਨ। ਮਾਝੇ, ਮਾਲਵੇ ਅਤੇ ਦੋਆਬੇ ਦੇ ਸਿੱਖਾਂ ਵਿਚ ਲੜਨ ਮਰਨ ਦੀ ਸਪਿਰਟ ਦਮ ਤੋੜ ਚੁੱਕੀ ਸੀ। ਸੰਭਾ ਜੀ ਦੀ ਮੌਤ ਤੋਂ ਬਾਅਦ ਮਰਾਠਿਆਂ ਦਾ ਦਮ ਵੀ ਟੁੱਟ ਚੁੱਕਿਆ ਸੀ। ਰਾਜਪੂਤ ਪਹਿਲਾਂ ਹੀ ਹਾਰ ਮੰਨ ਕੇ ਮੁਗਲਾਂ ਨੂੰ ਧੀਆਂ ਦੇ ਡੋਲੇ ਦੇ ਚੁੱਕੇ ਸਨ। ਇਸ ਤਰ੍ਹਾਂ ਦੇ ਹਾਲਾਤ ਵਿਚ ਗੁਰੂ ਜੀ ਦਾ ਬਾਦਸ਼ਾਹ ਨਾਲ ਮੇਲ-ਮਿਲਾਪ ਉਨ੍ਹਾਂ ਦੀ ਮਜਬੂਰੀ ਸੀ।

ਡਾ. ਗੋਪਾਲ ਸਿੰਘ ਆਪਣੀ ਪੁਸਤਕ 'ਹਿਸਟਰੀ ਆਫ ਦੀ ਸਿੱਖ ਸਿੱਖ ਪਿਪਲ' ਵਿਚ ਲਿਖਦੇ ਹਨ, "ਗੁਰੂ ਜੀ ਲਈ ਵੀ ਬਾਦਸ਼ਾਹ ਕੈਂਪ ਨਾਲ ਅਨੰਤ ਸਮੇਂ ਲਈ ਤੁਰੇ ਜਾਣਾ ਮੁਸ਼ਕਿਲ ਸੀ। ਇਸ ਲਈ ਨਾਂਦੇੜ ਦੇ ਸਥਾਨ 'ਤੇ ਦੋਹਾਂ ਧਿਰਾਂ ਵਿਚ ਗੱਲਬਾਤ ਟੁੱਟ ਗਈ।" ਜਦੋਂ ਬਾਦਸ਼ਾਹ ਨੇ ਗੋਦਾਵਰੀ ਪਾਰ ਕਰਕੇ ਹੈਦਰਾਬਾਦ ਦੱਖਣ ਜਾਣ ਦੀ ਤਿਆਰੀ ਕਰ ਲਈ ਤਾਂ ਗੁਰੂ ਸਾਹਿਬ ਨੇ ਕੁਝ ਸਮੇਂ ਲਈ ਨਾਂਦੇੜ ਡੇਰਾ ਲਾ ਲਿਆ। ਗੱਲਬਾਤ ਟੁੱਟਣ ਦਾ ਸਮਾਂ ਸਤੰਬਰ 1708 ਈ. ਦੇ ਆਖਰੀ ਹਫਤੇ ਦਾ ਹੈ। ਗੱਲਬਾਤ ਟੁੱਟਣ ਦਾ ਕਾਰਨ ਦਸਦਿਆਂ 'ਗੁਰੂ ਗੋਬਿੰਦ ਸਿੰਘ ਦਾ ਜੀਵਨ' ਪੁਸਤਕ ਦਾ ਕਰਤਾ ਦੌਲਤ ਰਾਮ ਲਿਖਦਾ ਹੈ ਕਿ ਜਦੋਂ ਬਾਦਸ਼ਾਹ ਨੇ ਗੁਰੂ ਜੀ ਨੂੰ ਮਰਹੱਠਿਆਂ ਵਿਰੁਧ ਉਸ ਦੀ ਮਦਦ ਕਰਨ ਲਈ ਕਿਹਾ ਤਾਂ ਉਨ੍ਹਾਂ ਨੇ ਬਾਦਸ਼ਾਹ ਨਾਲੋਂ ਨਾਤਾ ਤੋੜ ਲਿਆ ਕਿਉਂਕਿ ਉਹ ਕਿਸੇ ਵੀ ਕੀਮਤ 'ਤੇ ਦੇਸ਼ ਭਗਤ ਮਰਹੱਠਿਆਂ ਵਿਰੁਧ ਜਾਣਾ ਨਹੀਂ ਸਨ ਚਾਹੁੰਦੇ। ਇਹ ਲਿਖਾਰੀ ਦਾ ਨਿਜੀ ਵਿਚਾਰ ਹੈ, ਕੋਈ ਇਤਿਹਾਸਕ ਸੱਚਾਈ ਨਹੀਂ। ਮੁੱਖ ਕਾਰਨ ਤਾਂ ਵਜ਼ੀਰ ਖਾਨ ਦਾ ਸੀ। ਬਾਦਸ਼ਾਹ ਵਜ਼ੀਰ ਖਾਨ ਵਿਰੁਧ ਕੋਈ ਵੀ ਐਸੀ ਕਾਰਵਾਈ ਨਹੀਂ ਕਰਨਾ ਚਾਹੁੰਦਾ ਸੀ ਜਿਸ ਨਾ ਸਮੁੱਚੇ ਪੰਜਾਬ ਵਜ਼ੀਰ ਖਾਨ ਦੇ ਸਹਿਯੋਗੀ ਬਾਦਸ਼ਾਹ ਵਿਰੁਧ ਬਗਾਵਤ ਕਰ ਦੇਣ।

#

# ਵੇ ਪਰਦੇਸੀਂ ਵੱਸਦਿਆ ਸੱਜਣਾ...

### ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਬਾਈ ਇਕਬਾਲ ਸਿੰਘ ਦਾ ਫੋਨ ਆਉਂਦਾ ਤਾਂ ਉਹ ਮਿਲਣ ਦੀ ਤਾਂਘ ਹਮੇਸ਼ਾ ਲੋਚਦਾ। ਸਾਡੀ ਦੋਵਾਂ ਦੀ ਤਾਂਘ ਪਿਛਲੇ ਐਤਵਾਰ ਪੂਰੀ ਹੋ ਗਈ ਜਦੋਂ ਅਸੀਂ ਦੋਵਾਂ ਨੇ ਪਿਆਰ ਦੀ ਗਲਵੱਕੜੀ ਘੁੱਟ ਕੇ ਪਾਈ ਹੀ ਨਹੀਂ ਸਗੋਂ ਕਾਫੀ ਸਮਾਂ ਛੱਡੀ ਵੀ ਨਹੀਂ। ਬਾਈ ਕਾਫੀ ਸਮੇਂ ਤੋਂ ਆਪਣੀ ਹੱਡ-ਬੀਤੀ ਸੁਣਾਉਣੀ ਚਾਹੁੰਦਾ ਸੀ। ਜੋ ਉਸ ਨੇ ਸੁਣਾਇਆ, ਐਤਕੀਂ ਉਹ ਲਿਖ ਰਿਹਾ ਹਾਂ।

ਬਾਈ ਇਕਬਾਲ ਨੇ ਦੱਸਿਆ, ਮੈਂ ਹਰਪਾਲ ਨੂੰ ਪਹਿਲੀ ਵਾਰ ਗੁਰਦੇਵ ਨਗਰ ਵਿਚ ਕਿਸੇ ਮਸ਼ਹੂਰ ਕਾਮੇਡੀਅਨ ਦੀ ਕੋਠੀ ਵਿਚ ਮਿਲਿਆ ਸੀ ਜਿਥੇ ਉਹ ਢੋਲ ਵਜਾਉਣਾ ਸਿੱਖ ਰਿਹਾ ਸੀ। ਮੈਂ ਚਿਮਟਾ ਵਧੀਆ ਖੜਕਾਉਣ ਲੱਗ ਪਿਆ ਸੀ। ਅਹਿਮਦਗੜ੍ਹ ਮੰਡੀ ਕੋਲ ਦਾ ਮੱਧਰੇ ਜਿਹੇ ਕੱਦ ਦਾ ਸਾਡਾ ਏਜੰਟ ਸੀ। ਉਸ ਕੋਠੀ ਵਿਚ ਸ਼ੁਰੂ ਹੋਈ ਸੀ ਢੋਲ ਅਤੇ ਚਿਮਟੇ ਦੀ ਪੱਕੀ ਯਾਰੀ। ਏਜੰਟ ਨੇ ਸਾਨੂੰ ਕਿਸੇ ਗਾਇਕ ਨਾਲ ਸਾਜ਼ੀ ਬਣਾ ਕੇ ਅਮਰੀਕਾ ਛੱਡਣਾ ਸੀ। ਤਿੰਨ ਮਹੀਨਿਆਂ ਵਿਚ ਅਸੀਂ ਪੂਰੇ ਚੰਗਿਆੜੇ ਕੱਢਣ ਲੱਗ ਪਏ। ਸਾਡੀ ਦੋਵਾਂ ਦੀ ਘੱਟ ਪੜ੍ਹਾਈ ਸਾਡੀ ਟਾਈ ਪਹਿਲਾਂ ਹੀ ਦੱਸ ਦਿੰਦੀ ਸੀ। ਜਿਸ ਦਿਨ ਅਸੀਂ ਦਿੱਲੀਉਂ ਵੀਜ਼ਾ ਲੈਣ ਗਏ ਸਾਂ, ਪੱਠੇ-ਵੱਢ ਜੱਟ ਕੋਟ-ਪੈਂਟ ਵਿਚ ਨੂੜੇ ਪਏ ਸੀ। ਸਾਨੂੰ ਵੀਜ਼ਾ ਮਿਲ ਗਿਆ। ਦੋ ਵੱਖੋ-ਵੱਖ ਖੁੱਡਿਆਂ ਦੇ ਚੀਨੇ ਕਬੂਤਰ ਫਿਰ ਇਕੱਠਿਆਂ ਤੋਂ ਲੰਮੀ ਪਰਵਾਜ਼ ਭਰ ਗਏ। ਏਜੰਟ ਸਾਨੂੰ ਛੱਡ ਕੇ 'ਨੌਂ ਦੋ ਗਿਆਰਾਂ' ਹੋ ਗਿਆ। ਧੱਕੇ-ਜੱਫੇ ਲਾਉਂਦਿਆਂ ਇਕ ਪੰਜਾਬੀ ਨੇ ਆਪਣੇ ਰੈਸਟੋਰੈਂਟ ਵਿਚ ਕੰਮ ਦੇ ਦਿੱਤਾ। ਚਾਰ ਮਹੀਨੇ ਪਤੀਲੇ ਮਾਂਜੇ; ਫਿਰ ਕੋਈ ਪੰਜਾਬੀ ਰੋਟੀ ਖਾਣ ਆਇਆ ਤਾਂ ਉਸ ਨੇ ਪਛਾਣ ਲਿਆ ਕਿ ਦੋਵੇਂ ਮਲਵਈ ਲੱਗਦੇ ਨੇ। ਉਸ ਨੂੰ ਸਾਰਾ ਕੁਝ ਦੱਸਿਆ ਤਾਂ ਉਹ ਸਾਨੂੰ ਰੈਸਟੋਰੈਂਟ ਤੋਂ ਕੱਢ ਲਿਆਇਆ ਤੇ ਯੂਬਾ ਸਿਟੀ ਦੇ ਖੇਤਾਂ ਵਿਚ ਲਿਆ ਛੱਡਿਆ। ਉਥੇ ਪੁੱਜ ਕੇ ਇੰਜ ਲੱਗਿਆ ਜਿਵੇਂ ਪੰਜਾਬ ਹੀ ਆ ਗਏ ਹੋਈਏ। ਅਸੀਂ ਭਈਆਂ ਵਾਂਗ ਖੇਤ ਹੀ ਰਹਿੰਦੇ। ਸਾਡਾ ਮਾਲਕ ਵਧੀਆ ਬੰਦਾ ਨਿਕਲਿਆ, ਉਸ ਨੇ ਸਾਡੇ ਦੋਵਾਂ ਦੇ ਰਿਫਿਊਜੀ ਕੇਸ ਕਰਵਾ ਦਿੱਤੇ।

"ਬਾਈ ਜੀ, ਤੁਸੀਂ ਪਿੰਡ ਵਿਆਹੇ ਸੀ ਕਿ ਕੁਆਰੇ ਹੀ ਸੀ?" ਮੈਂ ਪੁੱਛ ਬੈਠਾ।

"ਬਾਈ ਕੁਲਾਰ, ਮੇਰੇ ਦੋ ਛੋਟੇ ਛੋਟੇ ਮੁੰਡੇ ਸੀ ਤੇ ਹਰਪਾਲ ਦੇ ਇਕ ਮੁੰਡਾ ਤੇ ਇਕ ਕੁੜੀ।" ਇਕਬਾਲ ਨੇ ਗੱਲ ਅਗਾਂਹ ਤੋਰੀ, "ਤਿੰਨ ਮਹੀਨਿਆਂ ਬਾਅਦ ਮੇਰਾ ਕੇਸ ਤਾਂ ਪਾਸ ਹੋ ਗਿਆ ਪਰ ਹਰਪਾਲ ਦਾ ਕੇਸ ਕੱਚ-ਚਾਲੇ ਹੋ ਗਿਆ। ਮੈਂ ਖੇਤਾਂ ਦਾ ਕੰਮ ਛੱਡ ਕੇ ਸਟੋਰ ਵੱਲ ਹੋ ਗਿਆ। ਹਰਪਾਲ ਦਾ ਝੰਡਾ ਖੇਤਾਂ ਵਿਚ ਹੀ ਝੂਲਦਾ ਰਿਹਾ। ਉਹ ਰੋਟੀ ਮਾਲਕ ਨਾਲ ਹੀ ਖਾ ਲੈਂਦਾ। ਰਹਿਣਾ ਵੀ ਮੁਫ਼ਤ ਵਿਚ ਸੀ। ਜਿੰਨੇ ਡਾਲਰ ਕਮਾਉਂਦਾ, ਪਿੰਡ ਭੇਜ ਦਿੰਦਾ। ਹੌਲੀ-ਹੌਲੀ ਚੱਲਦੇ ਕੇਸ ਨੇ ਉਸ ਨੂੰ ਵਰਕ ਪਰਮਿਟ ਦਿਵਾ ਦਿੱਤਾ, ਤੇ ਉਹ ਲਾਇਸੰਸ ਲੈ ਕੇ ਟਰੱਕ 'ਤੇ ਚੜ੍ਹ ਗਿਆ। ਕੱਪੜਿਆਂ ਵਾਲਾ ਬੈਗ ਉਸ ਨੇ ਮੇਰੇ ਅਪਾਰਟਮੈਂਟ ਵਿਚ ਰੱਖ ਲਿਆ। ਮੇਰੀ ਘਰਵਾਲੀ ਦੋਵੇਂ ਮੁੰਡੇ ਲੈ ਕੇ ਆ ਗਈ। ਮੁੰਡੇ ਪੜ੍ਹਨ ਲਾ ਦਿੱਤੇ। ਮੈਂ ਕੰਮ ਕਰਦਾ, ਘਰਵਾਲੀ ਬੱਚਿਆਂ ਨੂੰ ਛੱਡਣ-ਲਿਆਉਣ 'ਤੇ ਹੀ ਰਹਿੰਦੀ। ਮੇਰੇ ਇਕੱਲੇ ਦੀ ਕਮਾਈ ਨਾਲ ਤਾਂ ਰੋਟੀ-ਟੁੱਕ ਹੀ ਮਸਾਂ ਜੁੜਦਾ। ਜੇ ਮੈਂ ਟਰੱਕ 'ਤੇ ਚੜ੍ਹਦਾ ਸੀ ਤਾਂ ਪਿੱਛੇ ਬੱਚਿਆਂ ਦਾ ਔਖਾ ਸੀ। ਕਈ ਵਾਰ ਤਾਂ ਮੈਂ ਵੀ ਅੱਕਿਆ ਹੋਇਆ ਆਖ ਦਿੰਦਾ ਕਿ ਹਰਪਾਲ ਵਾਂਗ ਮੇਰਾ ਕੇਸ ਵੀ ਲਟਕ ਜਾਂਦਾ, ਕਮ-ਸੇ-ਕਮ ਚਾਰ ਡਾਲਰ ਤਾਂ ਜੋੜ ਲੈਂਦਾ! ਉਧਰ ਹਰਪਾਲ ਕਹਿੰਦਾ, ਕੇਸ ਪਾਸ ਹੋ ਜਾਵੇ ਤਾਂ ਮੈਂ ਕੋਈ ਬਿਜ਼ਨਸ ਲੈ ਲਵਾਂ।

ਹਰਪਾਲ ਨੂੰ ਕਈਆਂ ਨੇ ਸਲਾਹ ਦਿੱਤੀ ਕਿ ਕਿਸੇ ਗੋਰੀ-ਕਾਲੀ ਨਾਲ ਵਿਆਹ ਕਰਵਾ ਕੇ ਪੱਕਾ ਹੋ ਜਾਵੇ। ਉਹ ਕਹਿ ਛੱਡਦਾ-ਜਿਸ ਨਾਲ ਲਾਵਾਂ ਲਈਆਂ ਨੇ, ਉਸ ਨਾਲ ਹੀ ਨਿਭ ਜਾਵੇ, ਹੋਰ ਤੋਂ ਮੁਆਫੀ ਹੀ ਚੰਗੀ ਹੈ। ਹਰਪਾਲ ਦਾ ਕੇਸ ਕੋਰਟ ਕਚਹਿਰੀਆਂ ਵਿਚ ਗੇੜੇ ਕਢਵਾਈ ਗਿਆ, ਪਰ ਗਰੀਨ ਕਾਰਡ ਦੀ ਕੋਈ ਉਮੀਦ ਨਾ ਬੱਝੀ। ਹੁਣ ਸਾਨੂੰ ਪਿੰਡੋਂ ਆਇਆਂ ਅੱਠ ਦੀਵਾਲੀਆਂ ਲੰਘ ਚੁੱਕੀਆਂ ਸਨ। ਨੌਵੀਂ ਦੀਵਾਲੀ 'ਤੇ ਹਰਪਾਲ ਪਿੰਡ ਜਾਣਾ ਚਾਹੁੰਦਾ ਸੀ। ਮੈਂ ਮਿੰਨਤਾਂ ਤਰਲੇ ਕੀਤੇ ਕਿ ਪਿੰਡ ਨਾ ਜਾਹ, ਉਥੇ ਜ਼ਿੰਦਗੀ ਨਰਕ ਬਣ ਜਾਊਗੀ।

(ਬਾਕੀ ਸਫਾ 29 ਉਤੇ)

## ਸੁਰਿੰਦਰ ਨੀਰ ਦੀ 'ਮਾਇਆ' ਬਨਾਮ ਜ਼ਿੰਦਗੀ ਦਾ ਜਸ਼ਨ (3)

# ਔਰਤ ਦੀ ਹਸਤੀ ਤੇ ਹੀਲਾ

***ਜੰਮੂ ਵੱਸਦੀ ਪੰਜਾਬੀ ਸਾਹਿਤਕਾਰ ਸੁਰਿੰਦਰ ਨੀਰ ਦੇ ਵੱਡ-ਆਕਾਰੀ ਨਾਵਲ 'ਮਾਇਆ' ਨੇ ਪੰਜਾਬੀ ਸਾਹਿਤ ਜਗਤ ਵਿਚ ਚੋਖੀ ਹਲਚਲ ਕੀਤੀ ਹੈ। ਹਰ ਬੁੱਧੀਜੀਵੀ ਅਤੇ ਪਾਠਕ ਨੇ ਇਸ ਨਾਵਲ ਦੇ ਟੈਕਸਟ ਦੇ ਵੱਖ-ਵੱਖ ਅਰਥ ਸਿਰਜਣ ਦਾ ਯਤਨ ਕੀਤਾ ਹੈ। ਸਾਹਿਤ ਜਗਤ ਵਿਚ ਚਿਰਾਂ ਬਾਅਦ ਅਜਿਹੀ ਰਚਨਾ ਸਾਹਮਣੇ ਆਈ ਹੈ ਜਿਸ ਬਾਰੇ ਇਸ ਤਰ੍ਹਾਂ ਦੀ ਚਰਚਾ ਅਰੰਭ ਹੋਈ ਹੈ। ਮੋਟੇ ਤੌਰ 'ਤੇ ਤਾਂ ਇਸ ਰਚਨਾ ਦਾ ਸਵਾਗਤ ਹੀ ਹੋਇਆ ਹੈ, ਪਰ ਕੁਝ ਪਾਠਕਾਂ/ਬੁੱਧੀਜੀਵੀਆਂ ਨੇ ਇਸ ਨਾਵਲ ਦੀ ਤਿੱਖੀ ਨੁਕਤਾਚੀਨੀ ਵੀ ਕੀਤੀ ਹੈ। ਇਸ ਨਾਵਲ ਬਾਰੇ 'ਪੰਜਾਬ ਟਾਈਮਜ਼' ਦੇ ਖੈਰ-ਖਵਾਹ ਅਤੇ ਮਿੱਤਰ ਗੁਰਦਿਆਲ ਸਿੰਘ ਬੱਲ ਨੇ ਲੰਮਾ ਲੇਖ ਲਿਖਿਆ ਹੈ। ਇਹ ਲੇਖ ਨਿਰਾ-ਪੁਰਾ ਇਸ ਨਾਵਲ ਬਾਰੇ ਹੀ ਨਹੀਂ, ਬਲਕਿ ਇਸ ਵਿਚ ਸੰਸਾਰ ਸਾਹਿਤ ਦੀਆਂ ਉਹ ਗੱਲਾਂ ਸਾਂਝੀਆਂ ਕੀਤੀਆਂ ਗਈਆਂ ਹਨ ਜਿਹੜੀਆਂ ਜ਼ਿੰਦਗੀ ਨੂੰ ਸਮਝਣ/ਸਮਝਾਉਣ ਲਈ ਕਹਿੰਦੇ-ਕਹਾਉਂਦੇ ਲੇਖਕਾਂ ਨੇ ਵੱਖ-ਵੱਖ ਸਮਿਆਂ ਵਿਚ ਆਪਣੀਆਂ ਲਿਖਤਾਂ ਦਾ ਹਿੱਸਾ ਬਣਾਈਆਂ ਸਨ। -ਸੰਪਾਦਕ***

ਮਹਾਂਕਾਵਿਕ ਪਾਸਾਰ ਵਾਲੇ ਨਾਵਲ 'ਮਾਇਆ' ਨੇ ਮੇਰੇ ਮਨ ਨੂੰ ਇਤਨਾ ਜ਼ਿਆਦਾ ਸਰਸ਼ਾਰ ਕੀਤਾ ਕਿ ਇਸ ਨੂੰ ਪੜ੍ਹਦਿਆਂ ਸਾਰੀ ਜ਼ਿੰਦਗੀ ਅੱਜ ਤੱਕ ਪੜ੍ਹੀਆਂ ਕਥਾ ਕਹਾਣੀਆਂ ਅਤੇ ਸ਼ਖਸੀਅਤਾਂ ਬਾਰੇ ਅਨੇਕਾਂ ਪ੍ਰਸੰਗ ਚੇਤਿਆਂ ਵਿਚ ਉਭਰ ਆਏ। ਇਹ ਨਾਵਲ ਚਕ੍ਰਿਤ ਕਰਨ ਵਾਲੇ ਵੇਰਵਿਆਂ ਨਾਲ ਭਰਿਆ ਹੋਇਆ ਹੈ। ਸਭ ਤੋਂ ਪਹਿਲਾਂ ਅਜਿਹਾ ਵੇਰਵਾ ਸਾਨੂੰ ਨਾਵਲ ਦੇ ਸ਼ੁਰੂ ਵਿਚ ਹੀ ਪੰਨਾ 39 ਉਪਰ ਬਲਬੀਰ ਦੇ ਮੰਗੇਤਰ ਗਗਨ ਦੀ ਚਾਚੀ ਭਜਨੀ ਦੇ ਤ੍ਰਾਸਦਿਕ ਵਰਣਨ ਨਾਲ ਸਾਹਮਣੇ ਆਉਂਦਾ ਹੈ।

ਅਸਲ ਵਿਚ ਇਨਸਾਨੀ ਸਭਿਅਤਾ ਦਾ ਇਹ ਵੀ ਸਿਰੇ ਦਾ ਘਿਨਾਉਣਾ ਅਜੀਬ ਵਿਰੋਧਾਭਾਸ ਰਿਹਾ ਹੈ ਕਿ ਇਕ ਪਾਸੇ ਤਾਂ ਯੁੱਗਾਂ-ਯੁਗਾਂਤਰਾਂ ਤੋਂ ਜ਼ਿੰਦਗੀ ਦੀ ਖੂਬਸੂਰਤੀ ਦੇ ਭਾਂਤ-ਭਾਂਤ ਦੇ 'ਢਾਡੀਆਂ' ਨੇ ਔਰਤ ਦੇ ਜਿਸਮਾਨੀ ਅਤੇ ਰੂਹਾਨੀ ਸੁਹੱਪਣ ਦਾ ਨਿਰੰਤਰ ਗੀਤ ਗਾਇਆ ਹੈ, ਦੂਜੇ ਪਾਸੇ ਕਿਤੇ ਪਿਉ ਦਾਦੇ ਦੀ ਪੱਗ ਤੇ ਕਿਤੇ ਕਬੀਲੇ ਦੇ ਇੱਜ਼ਤ/ਵੱਕਾਰ ਦੇ ਨਾਂ 'ਤੇ ਸਭਿਅਤਾ ਦੇ ਗਿਰਮੁਠੀਏ ਪਹਿਰਦਾਰਾਂ ਵਲੋਂ ਔਰਤ ਨੂੰ ਫੁੱਲਾਂ ਵਾਂਗੂ ਖਿੜ ਕੇ ਜਿਉਣ ਤੋਂ ਰੋਕੀ ਰੱਖਣ ਲਈ, ਕਿਧਰੇ ਘੁੰਡ ਅੰਦਰ, ਕਿਧਰੇ ਬੁਰਕੇ ਅੰਦਰ, ਕਿਧਰੇ ਜੰਮਦਿਆਂ ਹੀ ਉਸ ਦੇ ਪੈਰੀਂ ਲੋਹੇ ਦੀ ਜੁੱਤੀ ਵਿਚ ਪਵਾ ਦੇਣ,



**ਗੁਰਦਿਆਲ ਸਿੰਘ ਬੱਲ**

ਉਸ ਨੂੰ ਮਹਿਜ਼ ਭੋਗ ਦੀ ਵਸਤੂ ਬਣਾਈ ਰੱਖਣ ਅਤੇ ਪਤਾ ਹੀ ਨਹੀਂ ਹੋਰ ਕਿਸ-ਕਿਸ ਤਰ੍ਹਾਂ ਦੇ ਬੇਸਿਰ-ਪੈਰ/ਬੇਹੂਦਾ ਉਸਟੰਡ ਖੜ੍ਹੇ ਕਰੀ ਰੱਖੇ ਹਨ। ਉਂਜ, ਅੱਜ ਕਲ੍ਹ ਯੂਨੀਵਰਸਿਟੀ ਕੈਂਪਸ ਵਿਚ ਜੀਨ ਪਹਿਨੀ ਕੁੜੀਆਂ ਨੂੰ ਭੱਜ-ਭੱਜ ਕੇ ਆਪਣੇ ਹਾਣੀਆਂ ਨੂੰ ਮਿਲਦਿਆਂ ਜਦੋਂ ਵੇਖੀਦਾ ਹੈ ਤਾਂ ਮਨ ਨੂੰ ਬੇਹੱਦ ਖੁਸ਼ੀ ਅਤੇ ਤਸੱਲੀ ਹੁੰਦੀ ਹੈ। ਅਸੀਂ ਜ਼ਿੰਦਗੀ ਵਿਚ ਕਾਰਲ ਮਾਰਕਸ ਦੇ ਖੁਆਬਾਂ ਦਾ ਇਨਕਲਾਬ ਵਾਪਰਦਾ ਵੇਖਣ ਦੀ ਕੋਈ ਕਾਮਨਾ ਕੀਤੀ ਸੀ; ਉਹ ਤਾਂ ਪੂਰਾ ਨਹੀਂ ਹੋਇਆ, ਪਰ ਸਾਡੇ ਜਿਉਂਦੇ-ਜੀਅ ਕੁੜੀਆਂ ਨੂੰ ਸਵੈ-ਪ੍ਰਗਟਾਵੇ ਲਈ ਮਿਲੀ ਖੁੱਲ੍ਹ ਦਾ ਇਨਕਲਾਬ, ਕੀ ਨਿੱਕੀ ਕਰਾਮਾਤ ਨਹੀਂ ਹੈ?

ਬਲਬੀਰ ਨੂੰ ਪਹਿਲਾਂ ਉਸ ਦਾ ਬਾਪ ਗੀਤ ਗਾਉਣ ਤੋਂ ਤਾਂ ਫਿਟੇ-ਤੋਏ ਕਰ ਕੇ ਰੋਕ ਦਿੰਦਾ ਹੈ; ਤੇ ਫਿਰ ਗਗਨ, ਉਸੇ ਤਰ੍ਹਾਂ ਦੀ 'ਰਾਜਨੀਤੀ' ਭਜਨੋ ਚਾਚੀ ਦੇ ਦੁਖਾਂਤ ਦੀ ਕਹਾਣੀ ਬਲਬੀਰ ਨੂੰ ਸੁਣਾ ਕੇ ਆਪਣੇ ਕਲਾਤਮਿਕ ਆਪੇ ਦੀ ਤਲਾਸ਼ ਦੇ ਰਾਹ ਪੈਣੋਂ ਵਰਜਦਾ ਨਜ਼ਰ ਆਉਂਦਾ ਹੈ (ਸਫ਼ਾ 39)। ਸਾਡੀਆਂ ਕੁੜੀਆਂ ਨੂੰ ਜਿਉਣ ਦੀ ਜੋ ਖੁੱਲ੍ਹ ਮਿਲੀ ਹੈ, ਉਸ ਪਿੱਛੇ ਸੰਸਾਰ ਸਾਹਿਤ ਅੰਦਰ ਜਾਗੀ ਹੋਈ ਜ਼ਮੀਰ ਵਾਲੇ ਅਨੇਕਾਂ ਲੇਖਕਾਂ ਅਤੇ ਮਹਾਨ ਕਲਾਕਾਰਾਂ ਨੇ ਦਿਲ ਦੇ ਲਹੂ ਦੇ ਰੂਪ ਵਿਚ ਭਾਰੀ ਕੀਮਤ ਅਦਾ ਕੀਤੀ ਹੋਈ ਹੈ। ਇਸੇ ਪ੍ਰਥਾਏ ਅਸੀਂ ਵੇਖਾਂਗੇ ਕਿ 'ਟੈਸ' ਨਾਵਲ ਜੋ ਸੰਸਾਰ ਸਾਹਿਤ ਦਾ ਕਲਾਸਿਕ ਹੈ, ਉਹ ਮਹਿਜ਼ ਟੈਸ ਦੇ ਦੁਖਾਂਤ ਦੀ ਹੀ ਕਹਾਣੀ ਨਹੀਂ ਹੈ। ਹਾਰਡੀ ਨੇ ਆਪਣੇ ਨਾਵਲ ਦਾ ਨਾਂ 'ਡਰਬਰਵਿਲੇ ਦੀ ਟੈਸ: ਪਵਿੱਤਰ ਔਰਤ' ਰੱਖਿਆ ਸੀ ਤਾਂ ਇੰਗਲੈਂਡ ਦੀ ਭੱਦਰ ਕਲਾਸ ਨੇ ਤੂਫਾਨ ਖੜ੍ਹਾ ਕਰ ਦਿੱਤਾ ਸੀ।

ਹਾਰਡੀ ਦੀ 'ਟੈਸ' ਈਸਾ ਮਸੀਹ ਵਾਂਗ ਪਵਿੱਤਰ ਹੈ। ਨਾਵਲ ਪੜ੍ਹਦਿਆਂ ਹਾਰਡੀ ਦਾ ਏਜੰਡਾ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ। ਤੇ ਇੰਗਲੈਂਡ ਦੇ ਉਨ੍ਹਾਂ ਸਮਿਆਂ ਦੇ ਮੁਨਸਿਫ ਉਸ ਦਾ ਰੇਪ ਕਰਨ ਵਾਲੇ ਐਲਕ ਵਰਗੇ ਕੁੱਤੇ ਬੰਦੇ ਦੀ ਹੱਤਿਆ ਕਰਨ ਦੇ ਦੋਸ਼ ਵਿਚ ਜਦੋਂ ਉਸ ਨੂੰ 'ਸੂਲੀ' ਉਤੇ ਚੜ੍ਹਾਉਣ ਦੀ ਸਜ਼ਾ ਸੁਣਾਉਂਦੇ ਹਨ ਤਾਂ ਸਾਫ ਜ਼ਾਹਿਰ ਹੋ ਜਾਂਦਾ ਹੈ ਕਿ ਟਾਮਸ ਹਾਰਡੀ ਕਿਸ ਸ਼ਿੱਦਤ ਨਾਲ ਟੈਸ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰ ਰਿਹਾ ਹੈ।

30 ਕੁ ਵਰ੍ਹੇ ਪਹਿਲਾਂ ਹਰਿੰਦਰ ਸਿੰਘ ਮਹਿਬੂਬ ਨਾਲ 'ਕਰਾਈਮ ਐਂਡ ਪਨਿਸ਼ਮੈਂਟ' ਬਾਰੇ ਗੱਲਾਂ ਚੱਲ ਰਹੀਆਂ ਸਨ। ਮਹਿਬੂਬ ਦਾ ਵਿਸ਼ਵਾਸ ਸੀ ਕਿ ਦਾਸਤੋਵਸਕੀ ਗਰੀਬਾਂ ਦੀ ਮੁਕਤੀ ਦੇ ਨਾਂ 'ਤੇ ਕਿਸੇ ਵੀ ਕਿਸਮ ਦੇ ਹਿੰਸਕ ਇਨਕਲਾਬ ਬੇਸ਼ਕ ਵਿਰੁਧ ਸੀ, ਪਰ ਉਸ ਦੀਆਂ ਲਿਖਤਾਂ ਗਰੀਬ ਤੇ ਬੇਸਹਾਰਾ ਲੋਕਾਈ ਦੇ ਦੁੱਖ ਦੀ ਬਾਤ ਅਜਿਹੇ ਦਰਦ ਅਤੇ ਸ਼ਿੱਦਤ ਨਾਲ ਪਾਉਂਦੀਆਂ ਹਨ ਕਿ ਸ਼ੋਸ਼ਣ ਕਰਨ ਵਾਲੀ ਰਜ਼ੀ-ਪੂੰਜੀ ਧਿਰ ਦੇ ਲੋਕ ਉਨ੍ਹਾਂ ਨੂੰ ਫੜ ਕੇ ਜੇ ਬੰਦੇ ਦੇ ਪੁੱਤ ਹੋਣ ਤਾਂ ਕਿਧਰੇ ਸ਼ਰਮ ਨਾਲ ਹੀ ਗਰਕ ਜਾਵਣ!

'ਕਰਾਈਮ ਐਂਡ ਪਨਿਸ਼ਮੈਂਟ' ਵਿਚ ਨਾਇਕਾ ਸੋਨੀਆ ਦੇ ਪਿਤਾ ਮਰਮੇਲਾਦੋਵ ਦੀ ਪਤਨੀ ਕੈਟੇਰੀਨਾ ਆਪਣੇ ਪਤੀ ਦੇ ਮਰਗ ਦੇ ਭੋਗ ਸਮੇਂ ਮਕਾਨ ਮਾਲਕਣ ਵਲੋਂ ਘਰੋਂ ਕੱਢ ਦਿੱਤੇ ਜਾਣ 'ਤੇ ਆਪਣੇ ਮਾਸੂਮ ਬੱਚਿਆਂ ਨਾਲ ਸੜਕ 'ਤੇ ਆ ਕੇ ਥਾਲੀ ਵਜਾਉਂਦਿਆਂ ਜਿਸ ਢੰਗ ਨਾਲ ਆਤਮਾ ਨੂੰ ਧੁਰ ਅੰਦਰ ਤਕ ਕੰਬਾ ਦੇਣ ਵਾਲਾ ਵਿਰਲਾਪ ਗੀਤ ਗਾਉਂਦੀ ਹੈ-ਸਿਰਜਣਹਾਰ ਵਿਰੁਧ ਉਸ ਕਿਸਮ ਦਾ ਭਿਆਨਕ ਰੋਸ ਪੂਰੇ ਵਿਸ਼ਵ ਸਾਹਿਤ ਵਿਚ ਅੱਜ ਤੱਕ ਸ਼ਾਇਦ ਹੀ ਕੋਈ ਪ੍ਰਗਟਾ ਸਕਿਆ ਹੋਵੇ। ਟਾਮਸ ਹਾਰਡੀ ਨੇ ਟੈਸ ਦੀ ਆਤਮਾ ਦੀ ਪਵਿੱਤਰਤਾ ਦਾ 'ਗੀਤ' ਲਿਖ ਕੇ ਉਸੇ ਤਰ੍ਹਾਂ ਦਾ ਕੌਤਕ ਕੀਤਾ ਸੀ। ਸੁਰਿੰਦਰ ਨੀਰ, ਬਲਬੀਰ ਦੀ ਹੋਂਦ ਦੇ ਅਰਥਾਂ ਦੀ ਤਲਾਸ਼ ਲਈ ਜਦੋ-ਜਹਿਦ ਦਾ ਤਰਕ ਦੇਣ ਖਾਤਰ 'ਮਾਇਆ' ਨਾਵਲ ਰਾਹੀਂ ਸਵੈ-ਪ੍ਰਗਟਾਵੇ ਅਤੇ ਸੁਤੰਤਰਤਾ ਦੀ ਤਾਂਘ ਬਾਰੇ ਅਜਿਹੇ ਸਦੀਵੀ ਪ੍ਰਾਜੈਕਟ ਵਿਚ ਹੀ ਤਾਂ ਹਿੱਸਾ ਪਾ ਰਹੀ ਹੈ। ਫਿਓਦੋਰ ਦਾਸਤੋਵਸਕੀ ਵੀ ਇਨਸਾਨ ਦੇ ਸਵੈ-ਮਾਣ ਨੂੰ ਜ਼ਿੰਦਗੀ ਦੀ ਸਭ ਤੋਂ ਮੁੱਲਵਾਨ ਕਦਰ ਮੰਨ ਕੇ ਆਪਣੇ ਸਾਰੇ ਨਾਵਲਾਂ ਵਿਚ ਇਹੋ ਕੰਮ ਹੋਰ ਵੀ ਵਧੇਰੇ ਸ਼ਿੱਦਤ ਨਾਲ ਕਰ ਰਿਹਾ ਸੀ।

'ਜੰਗ ਤੇ ਅਮਨ' ਨਾਵਲ ਨੂੰ ਬੇਸ਼ਕ 'ਮਾਇਆ' ਵਾਂਗੂ ਸਵੈ ਦੇ ਅਰਥਾਂ ਦੀ ਤਲਾਸ਼ ਦਾ ਨਾਵਲ ਨਹੀਂ ਕਿਹਾ ਜਾ ਸਕਦਾ, ਪਰ ਉਸ ਵਿਚ ਜੀਵਨ ਦੀ ਲੀਲ੍ਹਾ ਦਾ ਜਲਵਾ ਜਿਸ ਸ਼ਾਨ ਨਾਲ ਟਾਲਸਟਾਏ ਨੇ ਉਜਾਗਰ ਕੀਤਾ ਹੈ, ਉਸ ਰੂਪ ਵਿਚ ਪਹਿਲਾਂ ਜਾਂ ਪਿੱਛੋਂ ਕਿਸੇ ਵੀ ਹੋਰ ਲੇਖਕ ਤੋਂ




*ਲਿਓ ਟਾਲਸਟਾਏ ਦਾ ਨਾਵਲ 'ਜੰਗ ਤੇ ਅਮਨ'।*

ਪੈਦਾ ਨਹੀਂ ਹੋ ਸਕਿਆ। ਨਾਵਲ ਵਿਚ 500 ਤੋਂ ਵੱਧ ਜੋ ਕਿਰਦਾਰ ਹਨ, ਹਰ ਇਕ ਦੀ ਆਪੋ-ਆਪਣੀ ਵਿਲੱਖਣ ਸ਼ਖਸੀਅਤ ਉਜਾਗਰ ਹੁੰਦੀ ਹੈ। ਲੇਖਕ ਨੇ ਇਤਿਹਾਸ ਦੇ ਪੂਰੇ ਯੁੱਗ ਦੀ ਸਪਿਰਟ ਨੂੰ ਹੀ ਕੈਪਚਰ ਕਰਨ ਦੀ ਬੇਮਿਸਾਲ ਕੋਸ਼ਿਸ਼ ਕੀਤੀ ਹੋਈ ਹੈ। ਨਿਪੋਲੀਅਨ ਦੀਆਂ ਜੰਗੀ ਮੁਹਿੰਮਾਂ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਬਾਰੇ ਵੇਰਵੇ ਜੋ ਸਾਰੇ ਨਾਵਲੀ ਬਿਰਤਾਂਤ ਦੇ ਆਰ-ਪਾਰ ਫੈਲੇ ਹੋਏ ਹਨ ਤਾਂ ਕਿਸੇ ਜ਼ਮਾਨੇ ਵਿਚ ਚੱਲੀ ਸਿੰਘ ਸਭਾ ਲਹਿਰ ਦੇ ਪੈਟਰਨ 'ਤੇ ਉਨ੍ਹਾਂ ਜ਼ਮਾਨਿਆਂ ਵਿਚ ਰੂਸ ਅੰਦਰ ਚੱਲ ਰਹੇ ਫਰੀਮੇਸਨਰੀ ਨਾਂ ਦੇ ਧਾਰਮਿਕ ਅੰਦੋਲਨ ਦੇ ਪ੍ਰਭਾਵਾਂ ਦਾ ਜ਼ਿਕਰ ਵੀ ਟਾਲਸਟਾਏ ਨੇ ਭਰਪੂਰ ਰੂਪ ਵਿਚ ਕੀਤਾ ਹੈ। ਨਾਵਲ ਦੇ ਨਾਇਕ ਰਾਜਕੁਮਾਰ ਪੇਅਰ ਨੂੰ ਵਜੂਦਯੇਵ ਨਾਂ ਦੇ ਫਰੀਮੇਸਨ ਫਕੀਰ ਦੇ ਪ੍ਰਵਚਨਾਂ ਦੀ ਸਹਾਇਤਾ ਨਾਲ ਚੜ੍ਹਦੀ ਜਵਾਨੀ ਵਿਚ ਘੋਰ ਨਿਰਾਸ਼ਾ ਦੀ ਸਥਿਤੀ ਵਿਚੋਂ ਉਭਰਦਾ ਵਿਖਾਇਆ ਗਿਆ ਹੈ। ਰਾਜਕੁਮਾਰ ਆਂਦਰੇਈ ਦੀ ਸ਼ਖਸੀਅਤ ਦਾ ਵਰਣਨ ਕਮਾਲ ਦਾ ਹੈ, ਪਰ ਪੂਰੇ ਯੁੱਗ ਦਾ ਚਿਤਰਨ ਹੋਣ ਦੇ ਬਾਵਜੂਦ ਬਾਕੀ ਸਾਰੀ ਕਹਾਣੀ ਨਾਵਲ ਦੀ ਨਾਇਕਾ ਨਤਾਸ਼ਾ ਦੇ ਅਲੌਕਿਕ ਸੁਹੱਪਣ ਦਾ ਜਲਵਾ ਖੜ੍ਹਾ ਕਰਨ ਲਈ ਰਚਿਆ ਗਿਆ ਵਿਸ਼ਾਲ ਪ੍ਰਵਚਨ ਹੀ ਪ੍ਰਤੀਤ ਹੋਣ ਲੱਗ ਪੈਂਦੀ ਹੈ।

ਸੁਰਿੰਦਰ ਨੀਰ ਬਲਬੀਰ ਦੀ ਸ਼ਖਸੀਅਤ ਨੂੰ ਉਸੇ ਸੁਹਜ ਨਾਲ ਉਸਾਰਦੀ ਹੈ ਜਿਸ ਸੁਹਜ ਨਾਲ ਟਾਲਸਟਾਏ ਨੇ ਨਤਾਸ਼ਾ ਦੇ ਕਿਰਦਾਰ ਦੀ ਉਸਾਰੀ ਕੀਤੀ ਸੀ। 'ਮਾਇਆ' ਦੇ ਪੰਨਾ 23 ਉਪਰ ਲੇਖਿਕਾ ਵੱਲੋਂ ਬਲਬੀਰ ਦੇ ਜਨਮ ਸਮੇਂ ਕਾਇਨਾਤ ਵਿਚ ਉਸ ਦਾ ਸੁਆਗਤ ਅੰਮਾਂ ਵਲੋਂ ਉਸ ਦੇ ਕੰਨਾਂ ਵਿਚ

ਮੈਂ ਵਾਰੀ ਮੈਂ ਵਾਰੀ ਨੀ ਸੰਮੀਏ<br>
ਸੰਮੀ ਮੇਰੀ ਵਾਰ...<br>
ਮੈਂ ਵਾਰੀ ਮੈਂ ਵਾਰੀ ਨੀ ਸੰਮੀਏ।

ਦੇ ਬੋਲਾਂ ਨਾਲ ਕੀਤਾ ਗਿਆ ਦੱਸਿਆ ਹੈ। ਕਮਾਲ ਦੀ ਗੱਲ ਹੈ ਕਿ ਇਸ ਲੋਕ ਗੀਤ ਦੀ ਆਤਮਾ ਨੂੰ ਧੂਹ ਪਾਉਣ ਵਾਲੇ ਬੋਲ ਨਾਵਲ ਦੀ ਸਾਰੀ ਲੰਮੀ ਕਥਾ ਦੇ ਆਰ-ਪਾਰ ਫੈਲੇ ਹੋਏ ਹਨ। ਅਖੀਰ ਬਲਬੀਰ ਦੇ ਬੱਚੇ ਦੇ ਜਨਮ 'ਤੇ ਉਸ ਦਾ ਨਾਂ ਵੀ ਸੰਮੀ ਹੀ ਧਰਿਆ ਜਾਵੇਗਾ।

ਲਿਓ ਟਾਲਸਟਾਏ ਜਿਸ ਤਰ੍ਹਾਂ ਵੱਖ-ਵੱਖ ਨਾਚਾਂ ਤੇ ਮੁਦਰਾਵਾਂ ਦੇ ਦਿਲਕਸ਼ ਬਿਆਨ ਰਾਹੀਂ ਨਾਵਲੀ ਬਿਰਤਾਂਤ ਨੂੰ ਤਾਕਤਵਰ ਬਣਾਉਂਦਾ ਹੈ, ਉਸੇ ਤਰ੍ਹਾਂ ਸੰਮੀ ਗੀਤ ਦੇ ਬੋਲ 'ਮਾਇਆ' ਦੇ ਬਿਰਤਾਂਤ ਨੂੰ ਨਿਰੰਤਰ ਤਾਜ਼ਗੀ ਬਖਸ਼ਦੇ ਹਨ। ਪੀਟਰਸਬਰਗ ਵਿਖੇ ਜ਼ਾਰ ਅਲੈਗਜੈਂਡਰ ਦੀ ਮੌਜੂਦਗੀ ਵਿਚ 17 ਵਰ੍ਹਿਆਂ ਦੀ ਨਤਾਸ਼ਾ ਜਦੋਂ ਪਹਿਲੀ ਵਾਰ ਰਾਜਕੁਮਾਰ ਆਂਦਰੇਈ ਨਾਲ ਨਾਚ ਦੇ ਗੇੜੇ 'ਤੇ ਗੇੜੇ ਦਿੰਦੀ ਹੈ, ਉਸ ਬਾਰੇ ਅਜਿਹਾ ਦਿਲਕਸ਼ ਬਿਰਤਾਂਤ ਭਲਾ ਦੁਬਾਰਾ ਕੋਈ ਕੀ ਲਿਖੇਗਾ? ਤੇ ਕਿਹੜਾ ਮਾਈ ਦਾ ਲਾਲ ਕੋਰਾਂ ਪੜ੍ਹ ਲੈਣ ਤੋਂ ਬਾਅਦ ਉਸ ਨੂੰ ਭੁੱਲ ਸਕੇਗਾ? ਕਲਾ ਦਾ ਸਮੁੱਚਾ ਜੁਗਾੜ ਸਮਰੱਥਾ ਦੀ ਇੰਤਹਾ ਛੂਹ ਸਕਣ ਦੀ ਮਨੁੱਖੀ ਸਿੱਕ ਦਾ ਇਤਿਹਾਸ ਹੀ ਤਾਂ ਹੈ ਅਤੇ 'ਮਾਇਆ' ਵਿਚ ਅਜਿਹੇ ਜਲਵੇ ਇਕ ਵਾਰ ਨਹੀਂ, ਅਨੇਕ ਵਾਰ ਸਾਹਮਣੇ ਆਉਂਦੇ ਹਨ।

ਵਰਮੌਂਟ ਵਿਚ ਬਲਬੀਰ ਜਦੋਂ ਜਾਂਬੀਆ ਦੀ ਕਾਲੀ ਸ਼ਹਿਜ਼ਾਦੀ ਈਮਾ ਦੇ ਨਗਨ ਜਿਸਮ 'ਤੇ ਪੇਂਟਿੰਗ ਕਰਦੀ ਹੈ ਅਤੇ ਬਾਅਦ ਵਿਚ ਉਸੇ ਸੂਰਤ ਵਿਚ ਉਸ ਦੇ ਨ੍ਰਿਤ ਦਾ ਬਿਰਤਾਂਤ ਜਿਵੇਂ ਸੁਰਿੰਦਰ ਨੀਰ ਨੇ ਖੜ੍ਹਾ ਕੀਤਾ ਹੈ, ਪੜ੍ਹਦਿਆਂ ਰੂਹ ਥੱਰਥਰਾ ਜਾਂਦੀ ਹੈ! ਇਹ ਸੁਹੱਪਣ ਦਾ ਜਸ਼ਨ ਜਾਂ ਕਲਪਨਾ ਸ਼ਕਤੀ ਦਾ ਕਮਾਲ ਹੀ ਤਾਂ ਹੈ।

ਨਾਵਲ ਦੇ ਪੰਨਾ 411 ਉਪਰ ਜ਼ਰਾ ਈਮਾ ਦੇ ਸ਼ਬਦਾਂ ਵਿਚ ਸੁਣੋ:

"ਅੱਜ ਮੇਰੇ ਸਰੀਰ ਦਾ ਸਹੀ ਉਪਯੋਗ ਹੋਇਆ ਹੈ। ਮਾਇਆ ਕੁਦਰਤ ਨੇ ਅਗਰ ਮੈਨੂੰ ਏਨਾ ਖੂਬਸੂਰਤ ਜਿਸਮ ਦਿੱਤਾ ਹੋਇਆ ਹੈ ਤਾਂ ਸਿਰਫ ਇਸ ਲਈ ਹੀ ਨਹੀਂ ਕਿ ਮੈਂ ਚਟਕੀਲੇ, ਛਮ-ਛਮ ਕਰਦੇ ਕੱਪੜੇ ਪਾ ਕੇ ਸਟੇਜ ਉਤੇ ਉਤੇਜਿਤ ਨ੍ਰਿਤ ਕਰ ਕੇ ਦਰਸ਼ਕਾਂ ਨੂੰ ਖੁਸ਼ ਕਰਾਂ; ਬਲਕਿ ਇਹ ਸਰੀਰ ਰੱਬ ਨੇ ਮੈਨੂੰ ਵਰਦਾਨ ਵਾਂਗ ਦਿੱਤਾ ਹੈ ਕਿ ਮੈਂ ਇਸ ਨੂੰ ਆਰਟ ਦਾ ਨਮੂਨਾ ਬਣਾਵਾਂ। ਤੇ ਤੂੰ ਅੱਜ ਮੇਰੇ ਜਿਸਮ ਨੂੰ ਕਲਾਕ੍ਰਿਤੀ ਦਾ ਰੂਪ ਦੇ ਕੇ ਇਸ ਦਾ ਸਹੀ ਮਾਅਨਿਆਂ ਵਿਚ




**ਨਾਵਲ 'ਟੈਸ' ਦਾ ਟਾਈਟਲ ਅਤੇ ਇਸ ਨਾਵਲ 'ਤੇ ਬਣੀ ਫਿਲਮ 'ਟੈਸ' ਵਿਚ ਟੈਸ ਦਾ ਕਿਰਦਾਰ ਨਿਭਾਉਣ ਵਾਲੀ ਜਰਮਨ ਅਦਾਕਾਰਾ ਨਤਾਸ਼ਾ ਕਿੰਸਕੀ।**

ਆਦਰ ਕੀਤਾ ਹੈ।" ਆਖਦਿਆਂ ਈਮਾ ਨੇ ਮਾਇਆ ਦਾ ਮੱਥਾ, ਮੂੰਹ ਤੇ ਬੁੱਲ੍ਹ ਚੁੰਮ ਲਏ।

'ਜੰਗ ਅਤੇ ਅਮਨ' ਨਾਵਲ ਵਿਚ ਟਾਲਸਟਾਏ ਨੇ ਆਰਤੀ ਤਾਂ ਨਤਾਸ਼ਾ ਦੇ ਰੂਪ ਵਿਚ ਜ਼ਿੰਦਗੀ ਦੇ ਸੁਹੱਪਣ ਦੇ ਸਿਖਰ ਦੀ ਉਤਾਰਨੀ ਹੈ, ਜ਼ਿੰਦਗੀ ਦੇ ਵਿਸ਼ਾਲ ਮੇਲੇ ਦਾ ਬਾਕੀ ਸਾਰਾ ਬਿਰਤਾਂਤ ਉਸ ਦੇ ਆਭਾ ਮੰਡਲ ਨੂੰ ਅਲੌਕਿਤ ਕਰਨ ਲਈ ਹੀ ਖੜ੍ਹਾ ਕੀਤਾ ਜਾਵੇਗਾ। ਇਸੇ ਤਰ੍ਹਾਂ ਸੁਰਿੰਦਰ ਨੀਰ ਦੀ ਕਥਾ ਅੰਦਰ ਬਲਬੀਰ ਸਵੈ ਜਾਂ ਜੀਵਨ ਦੇ ਅਰਥਾਂ ਦੀ ਤਲਾਸ਼ ਦੀ ਯਾਤਰਾ 'ਤੇ ਤੁਰਦਿਆਂ ਆਪਣੀ ਸਾਰੀ ਸਾਦਗੀ ਵਿਚ ਭਾਂਤ-ਸੁਭਾਂਤੇ ਰਹੱਸਵਾਦੀ ਪ੍ਰਵਚਨਾਂ ਦੇ ਪ੍ਰਪੰਚ ਦੀ ਨੁਮਾਇੰਦਗੀ ਕਰ ਰਹੇ ਗੁਰੂ ਸਿਧਾਰਥ ਨਾਲ ਸਿਖਰਲੇ ਸੰਵਾਦ ਵੱਲ ਜਦੋਂ ਵਧੇਗੀ ਤਾਂ ਪਿੱਠ-ਭੂਮੀ ਵਿਚ ਜ਼ਿੰਦਗੀ ਦੇ ਸਮੂਹ ਦੁੱਖਾਂ-ਸੁੱਖਾਂ, ਨੇਕੀ-ਬਦੀ ਅਤੇ ਸਮਕਾਲੀ ਇਤਿਹਾਸ ਦੇ ਤਮਾਮ ਵੇਰਵੇ ਵੀ 'ਜੰਗ ਤੇ ਅਮਨ' ਨਾਵਲ ਦੇ ਵੇਰਵਿਆਂ ਵਾਂਗ ਸ਼ਾਮਲ ਹੁੰਦੇ ਚਲੇ ਜਾਣਗੇ।

ਬਲਬੀਰ ਅਤੇ ਉਸ ਤੋਂ ਪਹਿਲਾਂ ਉਸ ਦੀ ਸਹੇਲੀ ਸਪੱਰਸ਼ ਅਤੇ ਸਾਹਿਬਜੀਤ ਦੀ ਵੱਡੀ ਭੈਣ ਰੀਟਾ ਰਵਾਇਤ ਦੇ ਖਿਲਾਫ ਵਿਦਰੋਹ ਕਰਦਿਆਂ ਘਰੋਂ ਨਿਕਲ ਕੇ ਜਦੋਂ ਆਪੋ-ਆਪਣੇ ਸੰਗਰਾਮ ਦੇ ਰਾਸਤੇ ਪੈਂਦੀਆਂ ਹਨ ਤਾਂ ਐਨ ਉਸੇ ਸਮੇਂ ਉਨ੍ਹਾਂ ਦਾ ਸਿੱਖ ਭਾਈਚਾਰਾ ਵੀ ਆਪਣੀ 'ਹਸਤੀ ਤੇ ਹੋਣੀ' ਨੂੰ ਨਵੇਂ ਸਿਰਿਉਂ ਪਰਿਭਾਸ਼ਤ ਕਰਨ ਖਾਤਰ ਕੇਂਦਰੀ ਸਰਕਾਰ ਵਿਰੁਧ ਧਰਮ ਯੁੱਧ ਮੋਰਚਾ ਸ਼ੁਰੂ ਕਰਨ ਲਈ ਤਿਆਰ ਹੋ ਰਿਹਾ ਹੈ।

ਨਾਵਲ ਦੇ ਪੰਨਾ 75 ਉਪਰ ਮੋਰਚੇ ਦਾ ਪਿਛੋਕੜ ਇਸ ਤਰ੍ਹਾਂ ਦੱਸਿਆ ਗਿਆ ਹੈ:

ਅਜ਼ਾਦੀ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਅਤੇ ਗਿਆਨੀ ਕਰਤਾਰ ਸਿੰਘ ਵਰਗੇ ਸਿੱਖ ਸਿਆਸਤਦਾਨਾਂ ਨੇ ਜਦੋਂ ਮੁਹੰਮਦ ਅਲੀ ਜਿਨਾਹ ਦੀ ਵੱਖਰੇ ਮੁਸਲਿਮ ਦੇਸ਼ ਦੀ ਮੰਗ ਦਾ ਵਿਰੋਧ ਕਰਦਿਆਂ ਕਿਹਾ ਸੀ ਕਿ ਹਿੰਦੋਸਤਾਨ ਦੇ ਟੁਕੜੇ ਕਰ ਕੇ ਗਲਤ ਫੈਸਲਾ ਹੋਵੇਗਾ; ਫਿਰ ਵੀ ਮੁਸਲਮਾਨਾਂ ਨੂੰ ਜੇਕਰ ਵੱਖਰਾ ਮੁਲਕ ਦਿੱਤਾ ਗਿਆ ਤਾਂ ਸਿੱਖ ਵੀ ਤੀਜੀ ਧਿਰ ਹੋਣ ਦੇ ਨਾਤੇ ਆਜ਼ਾਦ ਪੰਜਾਬ ਦੇ ਨਾਂ ਉਤੇ ਆਪਣੇ ਲਈ ਵੱਖਰਾ ਹੋਮਲੈਂਡ ਮੰਗਣ ਲਈ ਮਜਬੂਰ ਹੋ ਜਾਣਗੇ। (ਕਾਂਗਰਸੀ ਨੇਤਾਵਾਂ ਨੇ) ਇਸ ਮੰਗ ਨੂੰ ਜਾਇਜ਼ ਠਹਿਰਾਉਂਦਿਆਂ ਇਸ ਦਾ ਸਮਰਥਨ ਤਾਂ ਕੀਤਾ, ਪਰ ਪਾਕਿਸਤਾਨ ਬਣ ਜਾਣ ਪਿੱਛੋਂ ਜਦੋਂ ਸਿੱਖਾਂ ਨੇ ਨਵੀਂ ਬਣੀ ਸਰਕਾਰ ਤੋਂ ਵੱਧ ਅਧਿਕਾਰਾਂ ਦੀ ਮੰਗ ਕੀਤੀ ਤਾਂ ਉਨ੍ਹਾਂ ਨੂੰ ਨਿਰਾਸ਼ਾ ਤੋਂ ਸਿਵਾਏ ਕੱਖ ਪੱਲੇ ਨਾ ਪਿਆ। ਇਹੀ ਗਮ, ਬੇਇਜ਼ਤੀ ਤੇ ਨਿਰਾਸ਼ਾ ਪੰਜਾਬ ਦੇ ਸੰਘਰਸ਼ ਨੂੰ ਧਾਰਮਿਕ, ਸਮਾਜਕ ਤੇ ਸਿਆਸੀ ਤੌਰ 'ਤੇ ਉਸ ਮੋੜ ਤੱਕ ਲੈ ਆਈ ਜਿੱਥੇ ਅੱਗ ਦੇ ਬੀਜ ਵੀ ਪੰਜਾਬ ਦੀ ਧਰਤੀ ਵਿਚ ਵਧੇਰੇ ਝਾੜ ਦੇਣ ਵਾਲੀਆਂ ਵਿਦੇਸ਼ੀ ਫਸਲਾਂ ਵਾਂਗ ਹੀ ਬੀਜੇ ਗਏ।

ਅੱਗ ਦੇ ਇਸ ਦਾਵਾਨਲ ਦੀਆਂ ਲਪਟਾਂ ਆਮ ਮਜ਼ਲੂਮ ਲੋਕਾਂ ਦੇ ਸਮੂਹਿਕ ਕਤਲਾਂ, ਧਰਮ ਸਥਾਨਾਂ ਦੀ ਬੇਅਦਬੀ ਤੇ ਲੁੱਟ-ਮਾਰ ਦੇ ਰੂਪ ਵਿਚ ਉਠਣ ਲੱਗ ਪਈਆਂ ਤਾਂ ਪੰਜਾਬ ਦੇ ਨਾਲ-ਨਾਲ ਸਾਰਾ ਦੇਸ਼ ਹੀ ਥਰਥਰਾ ਉਠਿਆ।

---

ਸੁਰਿੰਦਰ ਨੀਰ ਲਿਖਦੀ ਹੈ, ਪੰਜਾਬ ਨੂੰ ਗੁਲਾਮੀ ਤੋਂ ਮੁਕਤ ਕਰਨਾ ਹੈ, ਸਿਆਸੀ ਸਲੋਗਨ ਸੀ ਜਾਂ ਧਾਰਮਿਕ। ਇਸ ਸਲੋਗਨ ਦੀ ਅਸਲੀਅਤ ਜਾਂ ਇਸ ਦੇ ਸਹੀ ਅਰਥਾਂ ਨੂੰ ਪਤਾ ਨਹੀਂ ਕਿਤਨੇ ਕੁ ਲੋਕ ਸਮਝਦੇ ਸਨ, ਪਰ ਬਹੁਤਿਆਂ ਨੂੰ ਤਾਂ ਪਤਾ ਹੀ ਨਹੀਂ ਸੀ ਕਿ ਸਿੱਖਾਂ ਨੂੰ ਕਿਸ ਗੁਲਾਮੀ ਤੋਂ ਅਜ਼ਾਦੀ ਚਾਹੀਦੀ ਸੀ? ਉਨ੍ਹਾਂ ਨੂੰ ਇਹੀ ਦੱਸਿਆ ਜਾਂਦਾ ਸੀ ਕਿ ਸਿੱਖ ਪੰਥ ਖਤਰੇ ਵਿਚ ਹੈ। ਧਰਮ ਦੀ ਆਨ ਬਚਾਉਣੀ ਹੈ। ਇਸ ਲਈ ਉਹ ਜਥਿਆਂ ਦੇ ਰੂਪ 'ਚ ਅੰਮ੍ਰਿਤਸਰ ਦੀ ਪਵਿੱਤਰ ਧਰਤੀ ਵੱਲ ਕੂਚ ਕਰ ਕੇ ਧਰਮ ਯੁੱਧ ਮੋਰਚੇ 'ਚ ਸ਼ਾਮਲ ਹੋਣ।

ਨਾਵਲ ਦੇ ਪੰਨਾ 76 ਦੇ ਬਿਰਤਾਂਤ ਅਨੁਸਾਰ ਜੰਮੂ ਦਾ ਨੌਜਵਾਨ ਸਤਿੰਦਰ ਸਿੰਘ ਖਾਲਸਾ, ਸੰਤਾਂ ਦਾ ਪੈਰੋਕਾਰ ਬਣ ਚੁੱਕਾ ਹੈ ਅਤੇ ਆਪਣੀ ਭੈਣ ਰੀਟਾ ਦੇ ਆਪਣੀਆਂ ਅੱਖਾਂ ਦੇ ਸਾਹਮਣੇ ਹੀ ਮਹਾਜਨਾਂ ਦੇ ਮੁੰਡੇ ਨਾਲ ਘਰੋਂ ਭੱਜਣ ਤੋਂ ਨਿਰਾਸ਼ ਅਤੇ ਬਦਲੇ ਦੀ ਅੱਗ ਵਿਚ ਭੱਜ ਰਿਹਾ ਨੌਜਵਾਨ ਸਾਹਿਬਜੀਤ ਸਿੰਘ ਵੀ ਇਸ ਅੰਦੋਲਨ ਵਿਚ ਸ਼ਾਮਲ ਹੋਣ ਲਈ ਸਤਿੰਦਰ ਸਿੰਘ ਖਾਲਸਾ ਕੋਲ ਜਾ ਤਰਲਾ ਮਾਰਦਾ ਹੈ।

ਇਸ ਤੋਂ ਬਾਅਦ ਆਪ੍ਰੇਸ਼ਨ ਬਲੂ ਸਟਾਰ ਦਾ ਭਿਆਨਕ ਕਾਂਡ, ਦਿੱਲੀ ਦੰਗਿਆਂ ਦਾ ਦੁਖਾਂਤ, ਆਪ੍ਰੇਸ਼ਨ ਬਲੈਕ ਥੰਡਰ ਅਤੇ ਇਨ੍ਹਾਂ ਸਾਰੀਆਂ ਘਟਨਾਵਾਂ ਦੇ ਬਲਬੀਰ ਤੇ ਸਾਹਿਬਜੀਤ ਦੇ ਪਰਿਵਾਰ ਅਤੇ ਜੰਮੂ ਕਸ਼ਮੀਰ ਸਮੇਤ ਦੇਸ਼ ਭਰ ਵਿਚ ਸਮੂਹ ਸਿੱਖ ਭਾਈਚਾਰੇ 'ਤੇ ਪੈਣ ਵਾਲੇ

*(ਬਾਕੀ ਅਗਲੇ ਸਫੇ 'ਤੇ)*

# ਗੋਆ ਦੀ ਆਜ਼ਾਦੀ ਦਾ ਸ਼ਹੀਦ ਕਰਨੈਲ ਸਿੰਘ ਈਸੜੂ

**ਦੇਸ਼ ਭਗਤ ਯੋਧੇ**

ਉਨ੍ਹਾਂ ਦੀ ਸ਼ਹਾਦਤ ਦੇ ਅਸੀਂ
ਸੱਚੇ ਗੁਆਹ ਬਣ ਕੇ,
ਉਨ੍ਹਾਂ ਦੇ ਖੂਨ ਦੀ ਗਾਥਾ
ਹੈ ਦੀਵਾਰ 'ਤੇ ਲਿਖਣੀ।

15 ਅਗਸਤ ਦਾ ਦਿਨ ਭਾਰਤੀ ਇਤਿਹਾਸ ਵਿਚ ਵਿਸ਼ੇਸ਼ ਥਾਂ ਰੱਖਦਾ ਹੈ। ਸੰਨ 1947 ਦੇ ਇਸੇ ਦਿਨ ਅੰਗਰੇਜ਼ ਸਾਮਰਾਜ ਖਿਲਾਫ ਬੜੇ ਸਿਰੜੀ, ਲੰਬੇ ਤੇ ਲਹੂ ਵੀਟਵੇਂ ਸੰਘਰਸ਼ ਪਿੱਛੋਂ ਆਜ਼ਾਦੀ ਪ੍ਰਾਪਤ ਹੋਈ ਸੀ, ਅੰਗੇਰਜ਼ੀ ਝੰਡਾ ਯੂਨੀਅਨ ਜੈਕ ਲੱਥ ਚੁੱਕਾ ਸੀ ਅਤੇ ਕੌਮੀ ਝੰਡਾ ਤਿਰੰਗਾ ਫੱਰਾਟੇ ਮਾਰ ਰਿਹਾ ਸੀ, ਪਰ ਭਾਰਤ ਦੀ ਸਰਕਾਰ ਅੱਗੇ ਵਿਰਾਟ ਔਕੜਾਂ ਖੜ੍ਹੀਆਂ ਸਨ। ਦੇਸ਼ ਦੇ ਛੋਟੇ-ਛੋਟੇ ਟੁਕੜਿਆਂ ਗੋਆ, ਦਮਨ, ਦੀਵ

**ਗਿਆਨ ਸਿੰਘ ਬਿਲਗਾ**
**ਫੋਨ: 661-397-7330**

ਅਤੇ ਨਗਰ ਹਵੇਲੀ ਉਤੇ ਅਜੇ ਵੀ ਪੁਰਤਗਾਲੀ ਸਾਮਰਾਜ ਪੈਰ ਪਸਾਰੀ ਬੈਠਾ ਸੀ। ਦੇਸੀ ਰਿਆਸਤਾਂ ਦੇ ਰਾਜੇ, ਹੈਦਰਾਬਾਦ ਵਾਂਗ ਆਪਣਾ ਵੱਖਰਾ ਰਾਜ ਕਾਇਮ ਰੱਖਣ ਲਈ ਤਰਲੋਮੱਛੀ ਹੋ ਰਹੇ ਸਨ। ਧਨਾਢ ਲੋਕ ਜਗੀਰਦਾਰੀ ਜਾਰੀ ਰੱਖਣ ਦੇ ਆਹਰ ਵਿਚ ਸਨ। ਦੇਸ਼ ਦੀ ਫਿਰਕੂ ਵੰਡ ਨਾਲ ਪੰਜਾਬ ਅਤੇ ਬੰਗਾਲ ਵਿਚ ਹਿੰਦੂ-ਸਿੱਖ-ਮੁਸਲਮਾਨ ਫਸਾਦ, ਜਾਇਦਾਦ ਦੀ ਸਾੜ-ਫੂਕ, ਬਹੂ-ਬੇਟੀਆਂ ਦੀ ਬੇਪਤੀ, ਆਬਾਦੀ ਦਾ ਤਬਾਦਲਾ, ਲੋਕਾਂ ਦੇ ਮੁੜ ਵਸੇਬੇ ਤੇ ਰੁਜ਼ਗਾਰ ਵਰਗੀਆਂ ਸਮੱਸਿਆਵਾਂ ਤੁਰੰਤ ਹੱਲ ਮੰਗਦੀਆਂ ਸਨ।

ਦੇਸ਼ ਦੀਆਂ ਸਭੇ ਰਾਜਸੀ ਪਾਰਟੀਆਂ ਅਤੇ ਆਮ ਜਨਤਾ ਉਸ ਵੇਲੇ ਦੀ ਨਹਿਰੂ ਸਰਕਾਰ ਤੋਂ ਗੋਆ, ਦਮਨ, ਦੀਵ ਤੇ ਨਗਰ ਹਵੇਲੀ ਦੇ ਪੁਰਤਗਾਲੀ ਇਲਾਕਿਆਂ ਨੂੰ ਆਜ਼ਾਦ ਕਰਵਾਉਣ ਲਈ ਜ਼ੋਰ ਪਾ ਰਹੀਆਂ ਸਨ। ਕਿਤੇ ਇਹ ਮਸਲਾ ਕੌਮਾਂਤਰੀ ਸਮੱਸਿਆ ਨਾ ਬਣ ਜਾਵੇ, ਨਹਿਰੂ ਦੀ ਕਾਂਗਰਸ ਸਰਕਾਰ, ਪੁਰਤਗਾਲੀ ਸਰਕਾਰ ਨਾਲ ਰਾਜਸੀ ਪੱਧਰ 'ਤੇ ਨਿਬੇੜਾ ਕਰਨ ਤੋਂ ਕੰਨੀ ਕਤਰਾ ਰਹੀ ਸੀ। ਅੱਠ ਸਾਲ ਦੀ ਲੰਬੀ ਉਡੀਕ ਪਿੱਛੋਂ ਸਮੁੱਚੇ ਦੇਸ਼ ਭਗਤਾਂ ਨੇ ਵਲੰਟੀਅਰ ਭਰਤੀ ਕਰਨੇ ਅਰੰਭ ਕੀਤੇ ਤਾਂ ਜੋ ਪੁਰ-ਅਮਨ ਰਹਿੰਦਿਆਂ ਜਮਹੂਰੀ ਜਦੋ-ਜਹਿਦ ਅਰੰਭੀ ਜਾਵੇ ਅਤੇ ਗੋਆ ਦੀ ਸਰਹੱਦ ਪਾਰ ਕਰ ਕੇ ਕੌਮੀ ਝੰਡਾ ਗੱਡਿਆ ਜਾਵੇ। ਇਸ ਕਾਰਜ ਲਈ 15 ਅਗਸਤ 1955 ਦਾ ਦਿਨ ਮਿਥਿਆ ਗਿਆ। ਵੱਖ-ਵੱਖ ਰਾਜਾਂ ਤੋਂ ਜਥੇ ਮਹਾਂਰਾਸ਼ਟਰ ਪੁੱਜਣ ਲੱਗੇ। ਪੰਜਾਬ ਦੇ ਜਥੇ ਦੀ ਅਗਵਾਈ ਸ਼ਹੀਦ-ਏ-ਆਜ਼ਮ-ਭਗਤ ਸਿੰਘ ਦੇ ਸਾਥੀ ਪੰਡਤ ਕਿਸ਼ੋਰੀ ਲਾਲ ਕਰ ਰਹੇ ਸਨ। ਕਰਨੈਲ ਸਿੰਘ ਈਸੜੂ ਅਧਿਆਪਕ ਦੀ ਨੌਕਰੀ ਛੱਡ ਕੇ ਜਥੇ ਵਿਚ ਸ਼ਾਮਿਲ ਹੋ ਗਏ।

ਕਰਨੈਲ ਸਿੰਘ ਦਾ ਜਨਮ ਚੱਕ ਨੰਬਰ 50, ਜ਼ਿਲ੍ਹਾ ਲਾਇਲਪੁਰ ਵਿਚ 1930 ਵਿਚ ਅਕਤੂਬਰ ਮਹੀਨੇ ਮਾਤਾ ਹਰਨਾਮ ਕੌਰ ਅਤੇ ਪਿਤਾ ਸੁੰਦਰ ਸਿੰਘ ਦੇ ਘਰ ਹੋਇਆ ਸੀ। ਘਰ ਦੀ ਗਰੀਬੀ ਦੂਰ ਕਰਨ ਲਈ ਸੁੰਦਰ ਸਿੰਘ ਘਰ ਦੱਸੇ ਬਗੈਰ ਫੌਜ ਵਿਚ ਭਰਤੀ ਹੋ ਗਿਆ। ਤਨਖਾਹ 7 ਰੁਪਏ ਮਹੀਨਾ ਲੱਗੀ ਜਿਸ ਵਿਚੋਂ ਉਹ 5 ਰੁਪਏ ਘਰ ਭੇਜ ਦਿੰਦੇ। ਕਰਨੈਲ ਸਿੰਘ ਨੇ ਖੁਸ਼ਪੁਰ ਦੇ ਪ੍ਰਾਇਮਰੀ ਸਕੂਲ ਤੋਂ ਪੰਜ ਜਮਾਤਾਂ ਪਾਸ ਕਰ ਲਈਆਂ। ਆਪ ਛੇ ਭੈਣ ਭਰਾ ਸਨ। ਸਭ ਤੋਂ ਵੱਡਾ ਤਖਤ ਸਿੰਘ ਪ੍ਰਿੰਸੀਪਲ ਬਣਿਆ ਜਿਨ੍ਹਾਂ ਨੇ ਪੰਜਾਬੀ ਗਜ਼ਲ ਦੇ ਖੇਤਰ ਵਿਚ ਵੀ ਵਾਹਵਾ ਨਾਮਣਾ ਖੱਟਿਆ। ਫਿਰ ਹਰਚੰਦ ਸਿੰਘ ਅਤੇ ਫਿਰ ਭੈਣਾਂ ਹਰਬੰਸ ਕੌਰ, ਸਵਰਨ ਕੌਰ ਤੇ ਕਰਨੈਲ ਕੌਰ।

ਉਸ ਸਮੇਂ ਅੰਗਰੇਜ਼ ਸਰਕਾਰ ਬਾਰਾਂ ਆਬਾਦ ਕਰਨਾ ਚਾਹੁੰਦੀ ਸੀ। ਸੁੰਦਰ ਸਿੰਘ ਨੇ ਸਸਤੇ ਭਾਅ ਦੋ ਮੁਰੱਬੇ ਮੁੱਲ ਲੈ ਲਏ ਪਰ ਚਾਚਾ ਇੰਦਰ ਸਿੰਘ ਨੇ ਕਾਗਜ਼ੀ ਘੁਣਤਰਾਂ ਰਾਹੀਂ ਜ਼ਮੀਨ ਆਪਣੇ ਨਾਂ ਕਰਵਾ ਲਈ। ਗਰੀਬੀ ਦੇ ਝੰਬੇ ਸੁੰਦਰ ਸਿੰਘ ਨੂੰ ਫਿਰ ਨੌਕਰੀ ਦਾ ਸਹਾਰਾ ਲੈਣਾ ਪਿਆ। ਸਰਫੇ ਨਾਲ ਪੈਸੇ ਜੋੜ ਕੇ ਮੰਝੀ ਬਾਰ ਖਾਲਸਪੁਰ ਜ਼ਿਲ੍ਹਾ ਮਿੰਟਗੁੰਮਰੀ ਵਿਚ ਇਕ ਮੁਰੱਬਾ ਜ਼ਮੀਨ ਖਰੀਦ ਲਈ। ਟੱਬਰ ਦਾ ਗੁਜ਼ਾਰਾ ਕੁਝ ਸੁਖਾਲਾ ਹੋਣ ਲੱਗਾ, ਪਰ ਪਾਕਿਸਤਾਨ ਬਣਨ ਕਰ ਕੇ ਸਭ ਕੁਝ ਛੱਡ-ਛਡਾ ਕੇ ਪਿੰਡ ਈਸੜੂ ਜ਼ਿਲ੍ਹਾ ਲੁਧਿਆਣਾ ਆਪਣੇ ਜੱਦੀ ਪਿੰਡ ਆਣ ਡੇਰੇ ਲਾਏ।

ਈਸੜੂ ਨੇੜੇ ਪਿੰਡ ਕੰਗਾਂ ਘਰਾਲਾ ਵਿਚ ਕੱਟ-ਕਟਾ ਕੇ 22 ਘੁਮਾਂ ਜ਼ਮੀਨ ਅਲਾਟ ਹੋਈ। ਕਰਨੈਲ ਸਿੰਘ ਨੇ ਹਾਈ ਸਕੂਲ ਖੰਨਾ ਤੋਂ ਚੰਗੇ ਨੰਬਰਾਂ 'ਚ ਦਸਵੀਂ ਪਾਸ ਕਰ ਲਈ। ਕਿਤਾਬਾਂ ਪੜ੍ਹਨ ਦਾ ਸ਼ੌਂਕ ਮੁੱਢ ਤੋਂ ਹੀ ਸੀ। ਇਕ ਵਾਰੀ ਰਾਹ ਜਾਂਦਿਆਂ 7 ਰੁਪਏ ਲੱਭੇ ਜਿਸ ਦੀਆਂ ਉਨ੍ਹਾਂ ਖੰਨੇ ਮੋਹਣ ਲਾਲ ਦੀ ਦੁਕਾਨ ਤੋਂ ਕਿਤਾਬਾਂ ਖਰੀਦ ਲਈਆਂ। ਗੁਰਬਖ਼ਸ਼ ਸਿੰਘ ਦੇ ਮਾਸਿਕ ਰਸਾਲੇ 'ਪ੍ਰੀਤਲੜੀ' ਦੇ ਉਹ ਪੱਕੇ ਪਾਠਕ ਸਨ ਜਿਸ ਦੇ ਵਿਚਾਰ ਗ੍ਰਹਿਣ ਕਰ ਕੇ ਵਿਗਿਆਨਕ ਸੋਚ ਦੇ ਧਾਰਣੀ ਬਣੇ। ਖਾਲਸਾ ਕਾਲਜ ਖੰਨਾ ਵਿਚ ਦਾਖਲਾ ਲੈਣ ਗਏ। ਪ੍ਰਿੰਸੀਪਲ ਗੁਰਦਿੱਤ ਸਿੰਘ ਕੋਲ ਵਿੱਦਿਆ ਪ੍ਰਾਪਤੀ ਲਈ ਉਤਸ਼ਾਹ ਤੇ ਘਰੇਲੂ ਤੰਗੀ ਦਾ ਜ਼ਿਕਰ ਕੀਤਾ। ਉਨ੍ਹਾਂ ਫੀਸ ਮੁਆਫੀ ਲਈ ਫਾਰਮ ਭਰ ਕੇ ਦੇਣ ਨੂੰ ਕਿਹਾ। ਸ. ਈਸੜੂ ਨੇ ਸਾਫ ਇਨਕਾਰ ਕਰਦਿਆਂ ਉਤਰ ਦਿੱਤਾ, "ਮੇਰੀ ਫੀਸ ਤੁਸੀਂ ਭਰ ਦਿਆ ਕਰਨੀ, ਇਵਜ਼ ਵਿਚ ਮੈਂ ਤੁਹਾਡਾ ਘਰੇਲੂ ਕੰਮ ਕਰ ਦਿਆਂ ਕਰਾਂਗਾ।"

ਉਨ੍ਹਾਂ ਦੀ ਸ਼ਖ਼ਸੀਅਤ ਤਰਾਸ਼ਣ, ਸੁਆਰਨ ਤੇ ਨਿਖਾਰਨ ਵਿਚ ਆਜ਼ਾਦ ਸਿੰਘ ਖਟੜਾ, ਕਾਮਰੇਡ ਭੀਮ ਸਿੰਘ ਅਤੇ ਭਰਤ ਪ੍ਰਕਾਸ਼ ਦਾ ਵੱਡਮੁੱਲਾ ਯੋਗਦਾਨ ਸੀ। ਵਿਦਿਆਰਥੀਆਂ, ਕਿਸਾਨਾਂ, ਮਜ਼ਦੂਰਾਂ ਨੂੰ ਜਥੇਬੰਦ ਕਰਨ ਹਿੱਤ ਉਨ੍ਹਾਂ ਅਹਿਮ ਭੂਮਿਕਾ ਨਿਭਾਈ। ਖਾਲਸਾ ਕਾਲਜ ਖੰਨਾ ਦੇ ਪ੍ਰਬੰਧਕਾਂ ਨੇ ਵਿਦਿਆਰਥੀਆਂ ਦੀਆਂ ਫੀਸਾਂ ਦੁੱਗਣੀਆਂ ਕਰ ਦਿੱਤੀਆਂ। ਏ.ਐਸ. ਸਕੂਲ ਖੰਨਾ ਦੀ ਗਰਾਊਂਡ ਵਿਚ ਉਨ੍ਹਾਂ ਦੀ ਪ੍ਰਧਾਨਗੀ ਹੇਠ ਵੱਡਾ ਜਲਸਾ ਹੋਇਆ। ਉਨ੍ਹਾਂ ਵਲੋਂ ਪੜ੍ਹੀ ਗਈ ਕਵਿਤਾ ਦੀਆਂ ਪਹਿਲੀਆਂ ਸਤਰਾਂ ਸਨ,

ਹੋ ਕੇ ਰਹੇਗੀ ਧਰਤੀ ਸਾਡੀ,
ਦੇਸ਼ ਅਸਾਡਾ ਹੋ ਕੇ ਰਹੇਗਾ।

ਕਾਮਰੇਡ ਰਾਮ ਸਿੰਘ ਕਿਰਤੀ ਦਾ ਸ. ਈਸੜੂ ਨੂੰ ਸਹਿਯੋਗ ਨਿਰੰਤਰ ਮਿਲਦਾ ਰਿਹਾ। ਉਨ੍ਹਾਂ ਦੀ ਅਗਵਾਈ ਵਿਚ ਵਿਦਿਆਰਥੀਆਂ ਦੀ ਜਿੱਤ ਹੋਈ। ਇਹ ਉਨ੍ਹਾਂ ਦੀ ਪਹਿਲੀ ਜਥੇਬੰਦਕ ਜਿੱਤ ਸੀ।

ਪਿੰਡ ਚੀਮਾ ਦੇ ਦੇਸ਼ ਭਗਤ ਕਾਮਰੇਡ ਕਰਤਾਰ ਸਿੰਘ ਦੀਆਂ ਲੋਕ ਪੱਖੀ ਸਰਗਰਮੀਆਂ ਕਰ ਕੇ ਜ਼ਿਲ੍ਹੇ ਭਰ ਦੀ ਪੁਲਿਸ ਪਿੰਡ ਦੇ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰ ਰਹੀ ਸੀ। ਦਿਨ ਮਿਥ ਕੇ ਇਲਾਕੇ ਦੇ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਤੇ ਵਿਦਿਆਰਥੀਆਂ ਦਾ ਸਾਂਝਾ ਜਲਸਾ ਤੇ ਮਾਰਚ ਜਥੇਬੰਦ ਕੀਤਾ ਗਿਆ ਜਿਸ ਦੀ ਅਗਵਾਈ ਕਰਦਿਆਂ ਉਨ੍ਹਾਂ ਨੇ ਪੁਲਿਸ ਨੂੰ ਵਾਰਨਿੰਗ ਦਿੱਤੀ ਕਿ ਜੇ ਗੈਰ ਜਮਹੂਰੀ ਢੰਗ ਵਰਤ ਕੇ ਆਮ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨੋਂ ਨਾ ਹਟੇ ਤਾਂ ਸਭ ਜਥੇਬੰਦ ਹੋ ਕੇ ਟਾਕਰਾ ਕਰਨ ਤੋਂ ਨਹੀਂ ਝਿਜਕਣਗੇ। ਇਸ ਪਿੱਛੋਂ ਪੁਲਿਸ ਨੂੰ ਪਿੰਡ ਘੇਰਨ ਦਾ ਹੌਸਲਾ ਨਾ ਪਿਆ।

ਕਾਲਜ ਦੀ ਪੜ੍ਹਾਈ ਵਿਚੇ ਛੱਡ ਕੇ ਉਹ ਸਰਕਾਰੀ ਪ੍ਰਾਇਮਰੀ ਸਕੂਲ ਬੰਬੀ (ਲੁਧਿਆਣਾ) ਅਨਟ੍ਰੇਂਡ ਅਧਿਆਪਕ ਦੇ ਤੌਰ 'ਤੇ ਨਿਯੁਕਤ ਹੋ ਗਏ ਅਤੇ ਟੀਚਰਜ਼ ਟ੍ਰੇਨਿੰਗ ਸੈਂਟਰ ਜਗਰਾਉਂ ਵਿਖੇ ਐਮਰਜੈਂਸੀ ਟੀਚਰਜ਼ ਟ੍ਰੇਨਿੰਗ ਵਿਚ ਦਾਖਲਾ ਵੀ ਲੈ ਲਿਆ। ਜਦੋਂ ਗੋਆ ਨੂੰ ਆਜ਼ਾਦ ਕਰਵਾਉਣ ਲਈ ਜਥਾ ਬਣਿਆ ਤਾਂ ਉਸ ਵਿਚ ਸ਼ਾਮਿਲ ਹੋ ਗਏ। ਜਥੇ ਦੇ ਆਗੂ ਪੰਡਿਤ ਕਿਸ਼ੋਰੀ ਲਾਲ ਨੇ ਬੜਾ ਸਮਝਾਇਆ ਕਿ ਇਸ ਵਿਚ ਸਰਕਾਰੀ ਮੁਲਾਜ਼ਮ ਸ਼ਾਮਲ ਨਹੀਂ ਹੋਣਗੇ, ਪਰ ਉਹ ਪੱਕਾ ਮਨ ਬਣਾ ਕੇ ਆਇਆ ਸੀ। ਕਹਿਣ ਲੱਗਾ, "ਪੰਡਤ ਜੀ, ਜਾਣ ਦਾ ਕਿਰਾਇਆ ਮੈਂ ਸਾਇਕਲ ਵੇਚ ਕੇ ਬਣਾ ਲਿਆ ਹੈ ਤੇ ਟਿਕਟ ਲੈ ਲਈ ਹੈ।



*ਸ਼ਹੀਦ ਕਰਨੈਲ ਸਿੰਘ ਈਸੜੂ*

ਆਉਣ ਦਾ ਪ੍ਰਬੰਧ ਜਿਸ ਹਾਲ ਵਿਚ ਵੀ ਹੋਵੇ, ਤੁਹਾਨੂੰ ਕਰਨਾ ਪਵੇਗਾ।" ਉਹ ਦਿੱਲੀ ਜਾਣ ਵਾਲੀ ਗੱਡੀ ਵਿਚ ਜਾ ਸਵਾਰ ਹੋਇਆ।

ਉਸ ਦੀ ਸ਼ਹੀਦੀ ਅਤੇ ਆਖਰੀ ਦਿਨਾਂ ਬਾਰੇ ਵਿਸਥਾਰ ਦਿੰਦੀਆਂ ਉਹ ਚਿੱਠੀਆਂ ਹਨ ਜੋ ਉਸ ਨੇ ਦਿੱਲੀ, ਪੂਨਾ, ਬੇਲਗਾਉਂ ਤੱਕ ਦੇ ਸਫ਼ਰ ਬਾਰੇ ਆਪਣੇ ਦੋਸਤਾਂ ਤੇ ਭੈਣ ਕਰਨੈਲ ਕੌਰ ਜੋ ਅੱਜ ਕੱਲ੍ਹ ਬੇਕਰਜ਼ਫੀਲਡ (ਕੈਲੀਫੋਰਨੀਆ) ਵਿਖੇ ਆਪਣੀ ਧੀ ਕੋਲ ਰਹਿੰਦੇ ਹਨ, ਨੂੰ ਲਿਖੀਆਂ। ਜਥੇ ਦੇ ਆਗੂ ਪੰਡਿਤ ਕਿਸ਼ੋਰੀ ਲਾਲ ਵੱਲੋਂ 'ਨਵਾਂ ਜ਼ਮਾਨਾ' ਅਖ਼ਬਾਰ ਦੇ 16 ਅਗਸਤ 1958 ਵਾਲੇ ਅੰਕ ਵਿਚ ਲਿਖੇ ਲੇਖ ਤੋਂ ਵੀ ਚਾਨਣ ਪੈਂਦਾ ਹੈ। 'ਗੁਰਮੁਖ ਮਾਰਗ' ਮਾਸਕ ਰਸਾਲੇ ਦੇ ਅਗਸਤ 2004 ਅਤੇ ਜੁਲਾਈ 2006 ਦੇ ਅੰਕਾਂ ਵਿਚ ਬੀਬੀ ਕਰਨੈਲ ਕੌਰ ਵੱਲੋਂ ਆਪਣੇ ਭਰਾ ਦੇ ਸੁਭਾਅ ਤੇ ਦੇਸ਼ ਭਗਤੀ ਬਾਰੇ ਲਿਖੇ ਲੇਖਾਂ ਤੋਂ ਸੂਹ ਮਿਲਦੀ ਹੈ। ਕਰਨੈਲ ਕੌਰ ਵੱਲੋਂ ਲਿਖੀ ਇਕ ਖੁੱਲ੍ਹੀ ਕਵਿਤਾ ਇਸੇ ਦੀ ਤਰਜਮਾਨੀ ਕਰਦੀ ਹੈ।

ਪੰਡਿਤ ਕਿਸ਼ੋਰੀ ਲਾਲ ਆਪਣੇ ਲੇਖ ਵਿਚ ਲਿਖਦੇ ਹਨ, "ਕਲਿਆਣ ਬੰਬਈ ਜਾ ਰਹੀ ਗੱਡੀ ਜਿਸ ਨੇ ਅੱਗੇ ਪੂਨੇ ਬੇਲਗਾਉਂ ਤੱਕ ਜਾਣਾ ਸੀ, ਵਿਚ ਭਾਰਤ ਦੇ ਵੱਖ-ਵੱਖ ਭਾਗਾਂ ਤੋਂ ਜੁੜੇ ਵਲੰਟੀਅਰ ਆਪਣੀ ਆਪਣੀ ਭਾਸ਼ਾ ਵਿਚ ਦੇਸ਼ ਭਗਤੀ ਦੇ ਗੀਤ ਗਾ ਕੇ ਮਾਹੌਲ ਸਿਰਜ ਰਹੇ ਸਨ। ਪੰਜਾਬ ਦੇ ਜਥੇ ਦੀ ਸ਼ਾਨ ਹੀ ਨਿਰਾਲੀ ਸੀ। ਬੇਲਗਾਉਂ ਤੋਂ ਗੋਆ ਦੀ ਸਰਹੱਦ ਬਾਦਾ ਤੱਕ ਟਰੱਕਾਂ ਵਿਚ ਜਾਣਾ ਸੀ, ਪਰ ਮਹਾਂਰਾਸ਼ਟਰ ਸਰਕਾਰ ਨੇ ਟਰੱਕਾਂ 'ਤੇ ਪਾਬੰਦੀ ਲਾ ਦਿੱਤੀ। ਪੰਜਾਬ ਦੇ ਜਥੇ ਨੂੰ ਬਾਦਾ ਤੱਕ ਬੱਸ ਦੀਆਂ ਟਿਕਟਾਂ ਮਿਲ ਗਈਆਂ। 15 ਅਗਸਤ 1955 ਦਾ ਉਹ ਦਿਨ ਚੜ੍ਹਿਆ। ਜੱਥਾ ਸਰਹੱਦ ਵੱਲ ਮਾਰਚ ਕਰਨ ਲੱਗਾ। ਦੇਸੀ-ਵਿਦੇਸ਼ੀ ਪੱਤਰਕਾਰ ਰਿਪੋਰਟ ਲੈਣ ਲਈ ਜਥੇ ਦੇ ਸੱਜੇ ਖੱਬੇ ਚੱਲ ਰਹੇ ਸਨ। ਆਗੂਆਂ ਦਾ ਡਰ ਸੀ ਕਿ ਗੋਲੀ ਚੱਲਣ ਦੀ ਹਾਲਤ ਵਿਚ ਭਗਦੜ ਨਾ ਮਚੇ। ਸਰਹੱਦ ਪਾਰ ਕਰਦਿਆਂ ਹੀ ਪੁਰਤਗਾਲੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ। ਝੰਡੇ ਵਾਲਾ ਜਥਾ ਰੁਕਿਆ। ਉਨ੍ਹਾਂ ਦੇ ਪੱਟ ਗੋਲੀਆਂ ਨੇ ਛਲਣੀ ਕਰ ਦਿੱਤੇ ਸਨ। ਲੇਟ ਜਾਣ ਦਾ ਹੁਕਮ ਹੋਇਆ। ਕੋਈ ਭਗਦੜ ਨਹੀਂ ਮਚੀ। ਝੰਡੇ ਵੱਲ ਸਾਰਿਆਂ ਦੀਆਂ ਅੱਖਾਂ ਸਨ। ਮਧੂਕਰ ਦੇ ਜ਼ਖ਼ਮੀ ਹੋਣ ਨਾਲ ਝੰਡਾ ਟੇਢਾ ਹੋ ਗਿਆ। ਇਕ ਇਸਤਰੀ ਵਲੰਟੀਅਰ ਲਾਈਨਾਂ ਚੀਰਦੀ ਹੋਈ ਝੰਡਾ ਉਚਾ ਚੁਕਣ ਲਈ ਅੱਗੇ ਵਧੀ। ਦੋ ਗੋਲੀਆਂ ਉਸ ਦੀ ਬਾਂਹ ਵਿਚੀਂ ਲੰਘ ਚੁੱਕੀਆਂ ਸਨ। ਉਸ ਵੀਰ ਪੁੱਤਰੀ ਨੂੰ ਸਾਂਭਣ ਲਈ ਚਿਤਲੇ ਖੜ੍ਹਾ ਹੋ ਗਿਆ ਤੇ ਧਰਤੀ ਉਤੇ ਕੌਮੀ ਝੰਡਾ ਗੱਡ ਦਿੱਤਾ।

...ਬਰਾਂਡੇ ਵਾਲੀ ਬੰਦੂਕ ਦਾ ਮੂੰਹ ਹੁਣ ਮੇਰੀ (ਪੰਡਿਤ ਕਿਸ਼ੋਰੀ ਲਾਲ) ਦੀ ਛਾਤੀ ਵੱਲ ਸੀ, ਪਰ ਕਰਨੈਲ ਸਿੰਘ ਦੌੜਦਾ ਹੋਇਆ ਅੱਗੇ ਵਧਿਆ, (ਪੰਡਤ ਜੀ ਨੂੰ) ਧੱਕਾ ਦੇ ਕੇ ਧਰਤੀ ਉਤੇ ਸੁੱਟ ਦਿੱਤਾ। ਗੋਲੀ ਲੱਗਣ ਕਾਰਨ ਕਰਨੈਲ ਸਿੰਘ ਉਛਲ ਕੇ ਚਾਰ ਕਦਮ ਅੱਗੇ ਜਾ ਡਿੱਗਾ। ਸਾਥੀ ਚਿਤਲੇ ਅਤੇ ਉਸ ਦੇ ਰਖਿਅਕਾਂ ਨੇ ਉਸ ਨੂੰ ਦਬਾ ਲਿਆ। ਇਹ ਤਾਂ ਪੰਜਾਬ ਦਾ ਸੂਰਮਾ ਕਰਨੈਲ ਸਿੰਘ ਸੀ ਜੋ ਸ਼ਹੀਦੀ ਜਾਮ ਪੀ ਗਿਆ ਸੀ। ਸੱਤ ਗੋਲੀਆਂ ਮਧੂਕਰ ਦੇ ਸਰੀਰ ਨੂੰ ਵੀ ਛਲਣੀ ਕਰ ਗਈਆਂ ਸਨ।"

ਇਨ੍ਹਾਂ ਦੋਵਾਂ ਦੀਆਂ ਦੇਹਾਂ ਪੂਨੇ ਵਿਚ ਅਗਨ ਭੇਟ ਕੀਤੀਆਂ ਗਈਆਂ। ਉਸ ਦਿਨ ਸਮੁੱਚੇ ਮਹਾਂਰਾਸ਼ਟਰ ਵਿਚ ਹੜਤਾਲ ਹੋਈ। ਪੰਡਿਤ ਜੀ ਨੇ ਸਤਿਆ ਗ੍ਰਹਿ ਸਮਿਤੀ ਵੱਲੋਂ ਕਰਨੈਲ ਸਿੰਘ ਦੀਆਂ ਅਸਥੀਆਂ ਕਲਸ ਵਿਚ ਪ੍ਰਾਪਤ ਕੀਤੀਆਂ ਅਤੇ ਵਾਪਸੀ ਸਫ਼ਰ ਸਮੇਂ ਹਰ ਸਟੇਸ਼ਨ 'ਤੇ ਵੱਡੀ ਗਿਣਤੀ ਵਿਚ ਲੋਕ ਉਨ੍ਹਾਂ ਦੇ ਸੁਆਗਤ ਲਈ ਆ ਜੁੜਦੇ ਸਨ। ਪੰਡਿਤ ਕਿਸ਼ੋਰੀ ਲਾਲ ਸ਼ਹੀਦ ਕਰਨੈਲ ਸਿੰਘ ਦੇ ਇਹ ਸ਼ਬਦ ਕਈ ਵਾਰੀ ਦੁਹਰਾਇਆ ਕਰਦੇ ਸਨ, "ਪੰਡਤ ਜੀ, ਜਾਣ ਦਾ ਕਿਰਾਇਆ ਮੈਂ ਸਾਇਕਲ ਵੇਚ ਕੇ ਬਣਾ ਲਿਆ ਹੈ ਤੇ ਟਿਕਟ ਲੈ ਲਈ ਹੈ। ਆਉਣ ਦਾ ਪ੍ਰਬੰਧ ਜਿਸ ਹਾਲ ਵਿਚ ਵੀ ਹੋਵੇ, ਤੁਹਾਨੂੰ ਕਰਨਾ ਪਵੇਗਾ।"

15 ਅਗਸਤ ਦੇ ਦਿਨ ਸਾਰੀਆਂ ਰਾਜਸੀ ਪਾਰਟੀਆਂ ਪਿੰਡ ਈਸੜੂ ਆਪੋ-ਆਪਣੀਆਂ ਰਾਜਸੀ ਕਾਨਫਰੰਸ ਕਰ ਕੇ ਸ਼ਹੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ, ਹਰ ਵਾਰ ਸ਼ਹੀਦ ਦੇ ਜੱਦੀ ਘਰ ਨੂੰ ਸਾਂਭਣ-ਸੰਭਾਲਣ, ਸੁਆਰਨ ਤੇ ਨਵੀਂ ਦਿੱਖ ਦੇਣ ਦੇ ਵਾਇਦੇ ਕਰ ਕੇ ਭੁੱਲ ਜਾਂਦੀਆਂ ਹਨ। ਅਗਲੇ ਸਾਲ ਫਿਰ ਉਹੀ ਕੁਝ ਹੁੰਦਾ ਹੈ। ਇਹ ਸਿਲਸਿਲਾ ਨਿਰੰਤਰ ਚੱਲ ਰਿਹਾ ਹੈ। ਸ਼ਹੀਦ ਕਰਨੈਲ ਸਿੰਘ ਬਸਤੀਬਾਦੀ ਪ੍ਰਬੰਧ ਦਾ ਜੂਲਾ ਲਾਹੁਣ ਲਈ ਜ਼ਿੰਦਗੀ ਭਰ ਜੂਝਿਆ। ਆਓ! ਨਵ-ਬਸਤੀਵਾਦ ਦੀ ਵਗ ਰਹੀ ਹਨੇਰੀ ਠੱਲ੍ਹਣ ਲਈ ਅੱਗੇ ਆਈਏ। ਇਹੀ ਇਸ ਸੂਰਬੀਰ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

ਜੂਝਦੇ ਹੋਏ ਲਹੂ ਦਾ
ਕਿੱਸਾ ਸੁਣਾਉਂਦੇ ਰਹੀਦਾ,
ਪੌਣ ਦੀ ਝੋਲੀ 'ਚ
ਖੁਸ਼ਬੂ ਗੀਤ ਪਾਉਂਦੇ ਰਹੀਦਾ।

## ਭੈਣ ਕਰਨੈਲ ਕੌਰ ਦੀ ਕਾਵਿਕ ਸ਼ਰਧਾਂਜਲੀ

**ਸ਼ਹੀਦ ਕਰਨੈਲ ਸਿੰਘ ਈਸੜੂ ਦੀ ਭੈਣ ਬੀਬੀ ਕਰਨੈਲ ਕੌਰ ਅੱਜ ਕੱਲ੍ਹ ਆਪਣੀ ਧੀ ਕੋਲ ਬੇਕਰਜ਼ਫੀਲਡ (ਕੈਲੀਫੋਰਨੀਆ, ਅਮਰੀਕਾ) ਵਿਚ ਰਹਿ ਰਹੀ ਹੈ। ਜਿਥੇ ਵੀ ਕਿਤੇ ਦੇਸ਼ ਦੇ ਸ਼ਹੀਦਾਂ ਨੂੰ ਯਾਦ ਕਰਨ ਲਈ ਸਮਾਗਮ ਹੁੰਦੇ ਹਨ, ਪ੍ਰਬੰਧਕ ਭੈਣ ਕਰਨੈਲ ਕੌਰ ਨੂੰ ਸਨਮਾਨਤ ਕਰਨ ਤੋਂ ਨਹੀਂ ਖੁੰਝਦੇ। ਬੀਬੀ ਕਰਨੈਲ ਕੌਰ ਨੂੰ ਆਪਣੇ ਵੀਰ ਕਰਨੈਲ ਸਿੰਘ ਦੀ ਸ਼ਹੀਦੀ 'ਤੇ ਬੜਾ ਫ਼ਖ਼ਰ ਹੈ। ਉਹ ਭਾਵੇਂ ਘੱਟ ਪੜ੍ਹੇ-ਲਿਖੇ ਹਨ, ਪਰ ਹੇਠਾਂ ਦਿੱਤੀ ਖੁੱਲ੍ਹੀ ਕਵਿਤਾ ਉਨ੍ਹਾਂ ਦੇ ਜਜ਼ਬਾਤ ਦੀ ਤਰਜਮਾਨੀ ਕਰਦੀ ਹੈ ਜਿਸ ਰਾਹੀਂ ਉਨ੍ਹਾਂ ਆਪਣੇ ਵੀਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਹਨ:**

### *ਵੀਰ ਕਰਨੈਲ ਪਿਆਰਿਆ ਉਏ*

ਜਦੋਂ ਜ਼ੁਲਮ ਹੱਦ ਅਨੰਤ ਹੁੰਦੀ
ਝੱਖੜ ਜ਼ੁਲਮ ਦਾ ਘੱਟਾ ਹੈ ਪਸਰ ਜਾਂਦਾ,
ਹਰ ਪਾਸੇ ਹੀ ਜ਼ੁਲਮ ਹੈ ਪਸਰ ਜਾਂਦਾ।

ਸੂਰਜ ਅਮਨ ਦਾ ਡਰ ਅਲੋਪ ਹੁੰਦਾ
ਐਸੇ ਹਨੇਰੇ ਨੂੰ ਜੱਗ ਤੋਂ ਕੱਢਣੇ ਲਈ
ਉਦੋਂ ਖ਼ੂਨ ਸ਼ਹੀਦਾਂ ਦਾ ਡੁੱਲ੍ਹਦਾ ਹੈ।
ਹਨੇਰੀ ਜ਼ੁਲਮ ਦੀ ਹੈ ਅਲੋਪ ਹੁੰਦੀ
ਬੂਟਾ ਆਜ਼ਾਦੀ ਵਾਲਾ ਫਲਦਾ ਫੁੱਲਦਾ ਹੈ।

ਪੁਰਤਗਾਲੀਆਂ ਜ਼ੁਲਮ ਅਨੰਤ ਕੀਤੇ
ਗੋਆ ਤਾਈਂ ਗੁਲਾਮ ਹੀ ਰੱਖਣੇ ਲਈ।
ਭਰਤੀ ਕੌਮੀ ਪ੍ਰਵਾਨਿਆਂ ਦੀ ਹੋਣ ਲੱਗੀ
ਸੁਣ ਸੁਣ ਕੇ ਜ਼ੁਲਮ ਬੇਦੋਸ਼ਿਆਂ 'ਤੇ
ਗਰਮੀ ਉਨ੍ਹਾਂ ਦੇ ਹੱਡਾਂ 'ਚੋਂ ਚੋਣ ਲੱਗੀ।

ਗੋਆ ਛੱਡ ਦਿਓ ਇਹ ਹੈ ਅੰਗ ਸਾਡਾ
ਉਚੀ ਨਾਹਰਾ ਸੀ ਉਨ੍ਹਾਂ ਗਜਾ ਦਿੱਤਾ।
15 ਅਗਸਤ ਨੂੰ ਗੋਆ ਦੀ ਧਰਤ ਅੰਦਰ
ਉਨ੍ਹਾਂ ਆਪਣਾ ਕਦਮ ਵਧਾ ਦਿੱਤਾ।

ਲਿਖਾਂ ਸਿਫ਼ਤ ਕੀ ਵੀਰੇ ਕਰਨੈਲ ਦੀ ਮੈਂ
ਜੀਹਨੇ ਜ਼ਿੰਦਗੀ ਨੂੰ ਘੋਲ ਘੁਮਾ ਦਿੱਤਾ,
ਛਾਤੀ ਵਿਚ ਗੋਲੀ ਖਾ ਕੇ ਵੈਰੀਆਂ ਦੀ
ਕਰਜ਼ਾ ਕਰਨੈਲ ਨੇ ਦੇਸ਼ ਤੋਂ ਲਾਹ ਦਿੱਤਾ।

ਕੀਤਾ ਜੱਗ ਦੇ ਵਿਚ ਹੈ ਨਾਮ ਰੌਸ਼ਨ
ਮੇਰੇ ਦੇਸ਼ ਦੇ ਸੋਹਣੇ ਸਿਤਾਰਿਆ ਓਏ।
ਗੋਆ ਤਾਈਂ ਆਜ਼ਾਦ ਕਰਵਾਉਣ ਖ਼ਾਤਰ
ਆਪਾ ਵਾਂਗ ਪਤੰਗੇ ਦੇ ਵਾਰਿਆ ਓਏ।
ਤੇਰਾ ਨਾਮ ਜਹਾਨ 'ਤੇ ਰਹੂ ਰੌਸ਼ਨ
ਮੇਰੇ ਵੀਰ ਕਰਨੈਲ ਪਿਆਰਿਆ ਉਏ।

# ਔਰਤ ਦੀ ਹਸਤੀ ਤੇ ਹੀਲਾ

*(ਪਿਛਲੇ ਸਫੇ ਦੀ ਬਾਕੀ)*

ਮਨਹੂਸ ਸਾਏ ਨਾਲ ਸਬੰਧਤ ਵੇਰਵੇ ਨਾਵਲ ਦੀ ਕਥਾ ਵਿਚ ਇੰਜ ਨਿਰਪੱਖਤਾ ਅਤੇ ਸਪੱਸ਼ਟਤਾ ਨਾਲ ਸੰਜੋਏ ਹੋਏ ਹਨ ਕਿ ਪਾਠਕ ਦੰਗ ਰਹਿ ਜਾਂਦਾ ਹੈ। ਸਤਿੰਦਰ ਸਿੰਘ ਖਾਲਸਾ ਆਪ੍ਰੇਸ਼ਨ ਦੌਰਾਨ ਸ਼ਹੀਦ ਹੋ ਜਾਂਦਾ ਹੈ ਜਦੋਂ ਕਿ ਸਾਹਿਬਜੀਤ ਸਿੰਘ ਅਤੇ ਸੰਦੀਪ ਸਿੰਘ ਵਿਪਰੀਤ ਦਿਸ਼ਾਵਾਂ ਵਿਚ ਆਪੋ-ਆਪਣੇ ਰਾਹਾਂ 'ਤੇ ਅੱਗੇ ਵਧ ਜਾਂਦੇ ਹਨ। ਅੰਦੋਲਨ ਦੇ ਅੰਤਿਮ ਦੌਰ ਵਿਚ ਲਹਿਰ ਦੇ ਵਿਚਲਤ ਹੋ ਜਾਣ 'ਤੇ ਜੋ ਭਿਆਨਕ ਘੜਮੱਸ ਪੈਂਦੀ ਹੈ, ਉਸ ਨੂੰ ਸ਼ਮਸ਼ੇਰ ਤੇ ਤਾਰਿਕ ਚੌਧਰੀ ਅਤੇ ਉਨ੍ਹਾਂ ਦੇ ਨਾਲ ਹੀ ਸੰਦੀਪ ਸਿੰਘ ਦੀ ਬਰਬਾਦੀ ਨੂੰ ਜਿਸ ਡੂੰਘੀ ਨੀਝ ਨਾਲ ਅੰਕਿਤ ਕੀਤਾ ਗਿਆ ਹੈ; ਉਹ ਹੈਰਤ-ਅੰਗੇਜ਼ ਹੈ। ਇਹ ਬਿਰਤਾਂਤ ਪੜ੍ਹਦਿਆਂ 'ਜੰਗ ਅਤੇ ਅਮਨ' ਸਮੁੱਚੇ ਬਿਰਤਾਂਤ ਦੇ ਆਰ-ਪਾਰ ਫੈਲੇ ਹੋਏ ਨਿਪੋਲੀਅਨ ਦੀ ਜਿੱਤ ਅਤੇ ਬਾਅਦ ਵਿਚ ਬਰਬਾਦੀ ਦੇ ਵੇਰਵੇ ਚੇਤਿਆਂ ਵਿਚ ਉਭਰੀ ਜਾਂਦੇ ਹਨ।

ਬਲਬੀਰ ਦੀ ਮਾਤਾ, ਸਪੱਰਸ਼, ਸਾਹਿਬਜੀਤ, ਜਸਬੀਰ ਕੌਰ, ਸੂਖਮ, ਪ੍ਰੋ. ਬ੍ਰਹਮ ਜਗਦੀਸ਼, ਸੋਨੀਆ, ਤਾਬਿੰਦਾ, ਡਾ. ਕੇਮੂੰ ਰਤਨ, ਈਮਾ, ਅੰਜ਼ੁਮ ਕਾਜ਼ਮੀ ਨੇਕੀ ਦੀਆਂ ਸ਼ਕਤੀਆਂ ਦੇ ਰੂਪ ਵਿਚ ਅਤੇ ਦੂਜੇ ਪਾਸੇ ਬਲਬੀਰ ਦਾ ਭਰਾ ਸੰਦੀਪ ਸਿੰਘ, ਰਘੁਦੇਵ ਮਹਾਜਨ, ਚੰਡੀਗੜ੍ਹ ਸਮੀਰ ਆਰਟ ਸਟੂਡੀਓ ਵਾਲਾ ਸਮੀਰ ਅਤੇ ਮੈਨਿਨ ਬਦੀ ਦੀਆਂ ਸ਼ਕਤੀਆਂ ਦੇ ਰੂਪ ਵਿਚ ਬਲਬੀਰ ਦੀ ਅਰਥਾਂ ਦੀ ਤਲਾਸ਼ ਦੀ ਯਾਤਰਾ ਦੀ ਇਸ ਮਹਾਂ-ਕਥਾ ਵਿਚ ਪੂਰੀ ਸ਼ਿੱਦਤ ਨਾਲ ਆਪੋ-ਆਪਣੀ ਭੂਮਿਕਾ ਨਿਭਾਉਂਦੇ ਹਨ। ਇਹ ਸਾਰੇ ਲੋਕ ਮਾਧਿਅਮ ਹਨ ਜਿਨ੍ਹਾਂ ਰਾਹੀਂ ਸੁਰਿੰਦਰ ਨੀਰ ਪਾਠਕਾਂ ਦੇ ਜ਼ਿਹਨ 'ਚ ਬਲਬੀਰ ਦੀ ਮਨਮੋਹਕ ਤਸਵੀਰ ਉਸਾਰਨ ਲਈ ਜਦੋਜਹਿਦ ਕਰ ਰਹੀ ਹੈ।

ਅਸੀਂ ਇਹ ਮੰਨ ਕੇ ਚੱਲ ਰਹੇ ਹਾਂ ਕਿ ਕਲਾ ਸਾਡੀ ਕਿਧਰੇ ਇਕ ਅਤੇ ਕਿਧਰੇ ਦੂਜੀ ਫਾਰਮ ਵਿਚ ਕਾਇਨਾਤ ਦੇ ਸੁਹੱਪਣ ਦਾ ਗਾਇਨ ਤਾਂ ਹੈ ਹੀ, ਇਹ ਇਨਸਾਨੀ ਸ਼ਖਸੀਅਤ ਦੇ ਰਹੱਸ ਅਤੇ ਵੱਖ-ਵੱਖ ਆਯਾਮਾਂ ਦੀ ਪੜਤਾਲ ਦਾ ਯਤਨ ਵੀ ਹੈ। ਕਾਦਰ ਦਾ ਰੂਪ ਜਾਂ ਸੁਭਾਅ ਕੀ ਹੈ; ਕਾਇਨਾਤ ਜਾਂ ਇਨਸਾਨ ਨਾਲ ਕਾਦਰ ਦਾ ਰਿਸ਼ਤਾ ਕੀ ਹੈ; ਇਹ ਕੇਂਦਰੀ ਸਵਾਲ ਹਨ, ਠੀਕ ਹੈ; ਪਰ ਜਿਸ ਸਵਾਲ ਨੇ ਕਲਾਕਾਰਾਂ ਦਾ ਧਿਆਨ ਸਭ ਤੋਂ ਵੱਧ ਸ਼ਿੱਦਤ ਨਾਲ ਸਦਾ ਹੀ ਮੱਲੀ ਰੱਖਿਆ ਹੈ, ਉਹ ਹੈ ਇਨਸਾਨ ਦੀ ਆਪਣੀ ਹੋਂਦ ਦੇ ਅਰਥਾਂ ਦੀ ਤਲਾਸ਼ ਅਤੇ ਔਰਤ ਤੇ ਮਰਦ ਦੀ ਖਿੱਚ ਜਾਂ ਰਿਸ਼ਤੇ ਦੇ ਵੱਖ-ਵੱਖ ਪਹਿਲੂਆਂ ਦੀ ਨਿਰੰਤਰ ਦੀ ਇਨਕੁਐਰੀ। ਦਰਅਸਲ ਇਹ ਇਕੋ ਪ੍ਰੋਜੈਕਟ ਹੈ ਅਤੇ ਇਸ ਨੂੰ ਦੋ ਹਿੱਸਿਆਂ ਵਿਚ ਵੰਡਿਆ ਨਹੀਂ ਜਾ ਸਕਦਾ।

ਔਰਤ ਨੂੰ ਮਰਦ ਦੀ ਸਵੀਕ੍ਰਿਤੀ ਦੀ ਜ਼ਰੂਰਤ ਹੈ, ਬੱਚੇ ਦੀ ਜ਼ਰੂਰਤ ਹੈ ਅਤੇ ਆਪਣੇ ਕਲਾਤਮਿਕ ਆਪੇ ਦੀ ਅਭਿਵਿਅਕਤੀ ਲਈ ਸੁਤੰਤਰਤਾ ਦੀ ਵੀ ਜ਼ਰੂਰਤ ਹੈ। ਜ਼ਿੰਦਗੀ ਦੇ ਮਹਾਂ ਜਸ਼ਨ ਵਿਚ ਵੱਖ-ਵੱਖ ਨਾਇਕਾਵਾਂ ਨੂੰ ਲੈ ਕੇ ਅਸੀਂ ਵੇਖ ਚੁੱਕੇ ਹਾਂ ਕਿ ਅਕਸਰ ਹੀ ਕਿਸੇ ਪ੍ਰਮਾਣਕ ਬਾਹਰੀ ਆਤਮਾ ਦੀ ਭਟਕਣ ਨੂੰ ਅੰਤਿਮ ਰਾਹਤ ਅਜਿਹਾ ਸਾਰਾ ਕੁਝ ਵਾਪਰ/ਪ੍ਰਾਪਤ ਹੋ ਜਾਣ 'ਤੇ ਵੀ ਨਹੀਂ ਮਿਲਦੀ; ਮਿਲ ਸਕਦੀ ਹੀ ਨਹੀਂ।

(ਚਲਦਾ)




*ਫਿਓਦੋਰ ਦਾਸਤੋਵਸਕੀ ਦਾ ਨਾਵਲ 'ਕਰਾਈਮ ਐਂਡ ਪਨਿਸ਼ਮੈਂਟ'*

ਕਹਾਣੀ

# ਪੀਰ ਗਾਲ੍ਹੜ ਸ਼ਾਹ

***ਲੇਖਕ ਹੀਰਾ ਸਿੰਘ ਦਰਦ (1889-1964) ਦੀ ਕਹਾਣੀ 'ਪੀਰ ਗਾਲ੍ਹੜ ਸ਼ਾਹ' ਉਸ ਦੌਰ ਦੀ ਰਚਨਾ ਹੈ ਜਦੋਂ ਪੰਜਾਬੀ ਬੰਦਾ ਸੁਚੇਤ ਰੂਪ ਵਿਚ ਵਹਿਮਾਂ-ਭਰਮਾਂ ਤੋਂ ਖਹਿੜਾ ਛੁਡਾ ਰਿਹਾ ਸੀ ਅਤੇ ਇਸੇ ਮੁਹਿੰਮ ਤਹਿਤ ਹਰ ਪੱਧਰ ਅਤੇ ਖੇਤਰ ਵਿਚ ਸਰਗਰਮੀ ਕੀਤੀ ਜਾ ਰਹੀ ਸੀ। ਸਿੱਖੀ ਨੇ ਵੀ ਕਿਉਂਕਿ ਵਹਿਮਾਂ-ਭਰਮਾਂ ਦਾ ਫਸਤਾ ਵੱਢਣ ਵਿਚ ਅਹਿਮ ਭੂਮਿਕਾ ਨਿਭਾਈ ਹੈ, ਇਸ ਲਈ ਇਸ ਕਹਾਣੀ ਵਿਚ ਆਇਆ ਟੱਬਰ ਸਿੱਖੀ ਨਾਲ ਹੀ ਸਬੰਧਤ ਹੈ। ਬਿਮਾਰੀ ਦੀ ਭੰਨੀ ਤ੍ਰੀਮਤ ਆਖਰਕਾਰ ਵਹਿਮਾਂ-ਭਰਮਾਂ ਵਿਚ ਰੁੜ੍ਹ ਜਾਂਦੀ ਹੈ। ਲੇਖਕ ਨੇ ਕਹਾਣੀ ਦੇ ਅਖੀਰ ਵਿਚ ਬਾਬਿਆਂ ਦਾ ਭਾਂਡਾ ਚੌਰਾਹੇ ਵਿਚ ਭੰਨ ਕੇ ਵਹਿਮਾਂ-ਭਰਮਾਂ ਤੋਂ ਮੁਕਤੀ ਦਾ ਸੁਨੇਹਾ ਦਿੱਤਾ ਹੈ। ਇਹ ਕਹਾਣੀ ਅਸੀਂ ਇਸ ਕਰ ਕੇ ਵੀ ਪਾਠਕਾਂ ਨਾਲ ਸਾਂਝੀ ਕਰਨ ਦੀ ਖੁਸ਼ੀ ਲੈ ਰਹੇ ਹਾਂ ਤਾਂ ਕਿ ਪਤਾ ਲੱਗ ਸਕੇ ਕਿ ਸਾਡਾ ਸਮਾਜ ਕਿਹੜੇ ਰਾਹਾਂ 'ਚੋਂ ਲੰਘ ਕੇ ਅੱਜ ਦੇ ਹਾਣ ਦਾ ਬਣਿਆ ਹੈ। -ਸੰਪਾਦਕ***

## ਹੀਰਾ ਸਿੰਘ ਦਰਦ

"ਇਕ ਗੱਲ ਆਖਾਂ, ਮੰਨੋਗੇ?" ਮੰਜੇ ਉਤੇ ਬਿਮਾਰ ਪਈ, ਲੇਟੀ ਹੋਈ ਰਜਨੀ ਨੇ ਉਦਾਸ ਤੇ ਢੱਠੇ ਹੋਏ ਦਿਲ ਨਾਲ ਕਿਹਾ।

ਮੰਜੀ ਦੇ ਕੋਲ ਹੀ ਕੁਰਸੀ ਉਪਰ ਸਰਦਾਰ ਚੇਤੰਨ ਸਿੰਘ ਜੀ ਆਪਣੀ ਪਿਆਰੀ ਸੁਪਤਨੀ ਦੀ ਲੰਮੀ ਬਿਮਾਰੀ ਦੇ ਫ਼ਿਕਰ ਵਿਚ ਬੈਠੇ ਹੋਏ ਸਨ। ਅਜੇ ਪਰਸੋਂ ਹੀ ਯੂ.ਪੀ. ਦੇ ਦੌਰੇ ਤੋਂ ਮੁੜੇ ਸਨ, ਪਰ ਠੇਕਿਆਂ ਤੇ ਵਪਾਰਕ ਕਾਰੋਬਾਰ ਦੇ ਜ਼ਰੂਰੀ ਕੰਮਾਂ ਲਈ ਉਨ੍ਹਾਂ ਨੂੰ ਤਾਰਾਂ 'ਤੇ ਤਾਰਾਂ ਆ ਰਹੀਆਂ ਸਨ ਕਿ ਝਟ-ਪਟ ਦਿੱਲੀ ਪਹੁੰਚੋ; ਨਹੀਂ ਤਾਂ ਲੱਖਾਂ ਦਾ ਨੁਕਸਾਨ ਹੋ ਜਾਵੇਗਾ। ਸੁਪਤਨੀ ਦੀ ਤਰਲੇ ਭਰੀ ਗੱਲ ਸੁਣ ਕੇ ਬੋਲੇ, "ਕੀ ਕਹਿ ਰਹੇ ਹੋ ਰਜਨੀ, ਕਿਉਂ ਨਹੀਂ ਮੰਨਾਂਗਾ। ਜੋ ਗੱਲ ਮੰਨਣ ਵਾਲੀ ਹੋਵੇ, ਉਸ ਦੇ ਮੰਨਣ ਤੋਂ ਮੈਂ ਕਦੀ ਨਾਬਰ ਹੋਇਆਂ?"

"ਖ਼ਬਰੇ ਆਖ ਦਿਓ ਕਿ ਇਹ ਮੰਨਣ ਵਾਲੀ ਨਹੀਂ। ਫਿਰ ਮੂੰਹੋਂ ਗੱਲ ਕੱਢ ਕੇ ਕਿਉਂ ਹੌਲੀ ਪਵਾਂ?"

"ਹੱਛਾ ਕਹੋ ਤਾਂ ਸਹੀ, ਪਹਿਲਾਂ ਹੀ ਸ਼ੱਕ ਕਿਉਂ ਕਰਦੇ ਹੋ ਕਿ ਮੈਂ ਨਹੀਂ ਮੰਨਾਂਗਾ।"

"ਨਹੀਂ ਕਹਿੰਦੀ। ਜਾਣ ਦਿਓ", ਅੱਖਾਂ ਵਿਚ ਹੰਝੂ ਭਰ ਕੇ ਰਜਨੀ ਬੋਲੀ, "ਬਚਣਾ ਤਾਂ ਮੈਂ ਹੈ ਈ ਨਹੀਂ, ਪਰ ਕਹਿੰਦੀ ਸਾਂ, ਅਰਮਾਨ ਨਾ ਰਹਿ ਜਾਏ। ਇਕ ਵੇਰ...", ਗਲਾ ਰੁਕ ਗਿਆ।

ਆਪਣੀ ਪਿਆਰੀ ਸੁਪਤਨੀ ਦੀ ਨਿਰਾਸ਼ਾ ਭਰੀ ਸੂਰਤ ਵੇਖ ਕੇ ਚੇਤੰਨ ਸਿੰਘ ਦਾ ਦਿਲ ਭਰ ਆਇਆ ਤੇ ਰਜਨੀ ਦਾ ਪੂਰਾ ਭਰੋਸਾ ਜਿੱਤਣ ਲਈ ਬੜੇ ਪਿਆਰ ਨਾਲ ਬੋਲੇ, "ਕਹੋ ਰਜਨੀ! ਜੋ ਕਹੋਗੇ, ਮੰਨਾਂਗਾ। ਜ਼ਰੂਰ ਮੰਨਾਂਗਾ! ਇਕ ਤੁਸੀਂ ਬਚ ਜਾਓ, ਭਾਵੇਂ ਲੱਖ ਰੁਪਿਆ ਲੱਗ ਜਾਏ, ਫਿਰ ਵੀ ਮੈਂ ਆਪਣੇ ਧੰਨਭਾਗ ਸਮਝਾਂਗਾ।"

ਰਜਨੀ ਦੇ ਬਿਮਾਰੀ ਨਾਲ ਪੀਲੇ ਤੇ ਉਦਾਸ ਪਏ ਚਿਹਰੇ ਉਪਰ ਵੀ ਖ਼ੁਸ਼ੀ ਦੀ ਲਹਿਰ ਦੌੜ ਗਈ ਤੇ ਉਹ ਬੋਲੀ, "ਸੁਆਮੀ ਜੀ, ਗੱਲ ਤਾਂ ਸ਼ਾਇਦ ਆਪ ਦੀ ਇੱਛਾ ਅਤੇ ਖ਼ਿਆਲਾਂ ਦੇ ਉਲਟ ਹੀ ਹੋਵੇ, ਪਰ ਮੇਰੇ ਦਿਲ ਵਿਚ ਚਿਰ ਤੋਂ ਇਹ ਗੱਲ ਬੈਠੀ ਹੋਈ ਏ। ਮੇਰਾ ਕਈ ਵੇਰ ਆਪ ਨੂੰ ਕਹਿਣ 'ਤੇ ਦਿਲ ਕੀਤਾ ਏ, ਪਰ ਹੌਸਲਾ ਨਹੀਂ ਪਿਆ। ਗੱਲ ਇਹ ਹੈ ਕਿ ਮੈਨੂੰ ਨਿਸ਼ਚਾ ਏ, ਮੈਨੂੰ ਕੋਈ ਬਿਮਾਰੀ ਨਹੀਂ। ਮੈਨੂੰ ਤਾਂ ਜਾਦੂ ਹੋਏ ਹੋਏ ਨੇ ਅਤੇ ਇਨ੍ਹਾਂ ਨੇ ਮੈਨੂੰ ਸੁਕਾ-ਸੁਕਾ ਕੇ ਮੁਕਾਣਾ ਏ। ਇਕ ਵੇਰ ਮੈਨੂੰ ਪੀਰ ਗਾਲ੍ਹੜ ਸ਼ਾਹ ਲੈ ਚੱਲੋ ਤਾਂ ਸ਼ੈਦ ਬਚ ਜਾਵਾਂ। ਮੈਂ ਪੀਰ ਗਾਲ੍ਹੜ ਸ਼ਾਹ ਦੀ ਬੜੀ ਤਾਰੀਫ਼ ਸੁਣੀ ਏ।"

"ਮੈਂ ਇਹ ਕੀ ਸੁਣ ਰਿਹਾ ਹਾਂ, ਰਜਨੀ? ਤੁਹਾਡੇ ਵਰਗੀ ਪੜ੍ਹੀ-ਲਿਖੀ ਸਮਝਦਾਰ ਸਿੱਖਣੀ ਦੇ ਮੂੰਹੋਂ ਜਾਦੂ ਤੇ ਫ਼ਰਜ਼ੀ ਪੀਰਾਂ ਫ਼ਕੀਰਾਂ 'ਤੇ ਸ਼ਰਧਾ?" ਚੇਤੰਨ ਸਿੰਘ ਨੇ ਕੁਝ ਹੈਰਾਨੀ ਨਾਲ ਕਿਹਾ।

ਉਹ ਅੰਗਰੇਜ਼ੀ ਪੜ੍ਹੇ-ਲਿਖੇ, ਪੁਰਾਤਨ ਵਹਿਮਾਂ-ਭਰਮਾਂ ਤੋਂ ਆਜ਼ਾਦ ਸਿੱਖ ਸਰਦਾਰ ਸਨ। ਸਿੰਘ ਸਭਾਵਾਂ ਵਿਚ ਅੱਗੇ ਵਧ-ਵਧ ਕੇ ਹਿੱਸਾ ਲੈਂਦੇ ਸਨ। ਕੁਦਰਤੀ ਤੌਰ 'ਤੇ ਉਹ ਇਸ ਗੱਲ ਵਿਚ ਬੜੀ ਹਤਕ ਮਹਿਸੂਸ ਕਰਨ ਲੱਗੇ ਕਿ ਇੱਡੇ ਵੱਡੇ ਸਿੱਖ ਸਰਦਾਰ ਦੀ ਇਸਤਰੀ ਫ਼ਕੀਰਾਂ ਦੀਆਂ ਕਬਰਾਂ ਪੂਜਣ ਤੁਰ ਪਵੇ।

ਉਹ ਰਜਨੀ ਨੂੰ ਦਲੀਲਾਂ ਤੇ ਗੁਰਬਾਣੀ ਦੇ ਉਪਦੇਸ਼ਾਂ ਨਾਲ ਸਮਝਾਉਣ ਤੇ ਤਸੱਲੀਆਂ ਦੇਣ ਲੱਗ ਪਏ, ਪਰ ਇਹ ਦਲੀਲਾਂ ਰਜਨੀ ਵਾਸਤੇ ਥਿੰਦੇ ਘੜੇ ਉਪਰ ਪਾਣੀ ਵਾਕੁਰ ਸਨ। ਉਹ ਗੁੰਮ ਜਿਹੀ ਹੁੰਦੀ ਗਈ! ਉਸ ਦੀਆਂ ਅੱਖਾਂ ਮਿਚਦੀਆਂ ਗਈਆਂ। ਸਰਦਾਰ ਚੇਤੰਨ ਸਿੰਘ ਨੂੰ ਦਿੱਲੀ ਤੋਂ ਅਰਜੈਂਟ ਤਾਰਾਂ ਆਈਆਂ ਹੋਈਆਂ ਸਨ। ਉਹ ਆਪਣੇ ਕਮਰੇ ਵਿਚ ਜਾ ਕੇ ਤਿਆਰੀ ਕਰਨ ਲੱਗ ਪਏ ਅਤੇ ਨੌਕਰ ਨੂੰ ਹਦਾਇਤਾਂ ਦੇਣ ਲੱਗੇ ਕਿ ਲੋੜ ਪੈਣ 'ਤੇ ਡਾਕਟਰ ਰਣਧੀਰ ਸਿੰਘ ਹੋਰਾਂ ਨੂੰ ਸੱਦ ਲਿਆਉਣਾ ਤੇ ਧਿਆਨ ਨਾਲ ਇਲਾਜ ਕਰਨਾ।

ਸਰਦਾਰ ਚੇਤੰਨ ਸਿੰਘ ਬਾਹਰ ਠੇਕਿਆਂ ਦੇ ਕੰਮਾਂ ਕਰ ਕੇ ਘਰ ਬਹੁਤ ਹੀ ਘੱਟ ਠਹਿਰਿਆ ਕਰਦੇ ਸਨ। ਲਾਹੌਰ ਪੁਰਾਣੀ ਅਨਾਰਕਲੀ ਵਿਚ ਬੜਾ ਸ਼ਾਨਦਾਰ ਬੰਗਲਾ ਕਿਰਾਏ 'ਤੇ ਲਿਆ ਹੋਇਆ ਸੀ। ਰਜਨੀ ਆਪਣੇ ਦੋ ਬੱਚਿਆਂ ਤੇ ਨੌਕਰਾਂ-ਨੌਕਰਾਣੀਆਂ ਨਾਲ ਇਕੱਲੀ ਉਸ ਵਿਚ ਰਹਿੰਦੀ ਸੀ। ਉਹ ਮੁਹੱਲੇ ਵਿਚ ਕਿਸੇ ਦੇ ਘਰ ਜਾਣਾ-ਆਉਣਾ ਉਕਾ ਪਸੰਦ ਨਹੀਂ ਸੀ ਕਰਦੀ। ਨਾ ਉਸ ਨੂੰ ਸਿਨਮਾ ਵੇਖਣ ਦਾ ਸ਼ੌਕ ਸੀ, ਨਾ ਕੋਈ ਹੋਰ ਸਮਾਜਕ ਜਾਂ ਸਾਹਿਤਕ ਸ਼ੁਗਲ ਹੀ ਸੀ। ਧਨ ਦੀ ਬੇਪ੍ਰਵਾਹੀ ਹੁੰਦਿਆਂ ਵੀ ਉਸ ਨੇ ਆਪਣੇ ਪੁਰਾਤਨ ਸੁਭਾਅ ਨਾਲ ਬੰਗਲੇ ਨੂੰ ਆਪਣਾ ਕੈਦਖ਼ਾਨਾ ਬਣਾਇਆ ਹੋਇਆ ਸੀ। ਉਸ ਨੂੰ ਆਪਣੀ ਮਾਲਣ, ਬੁੱਢੀ ਬਾਹਮਣੀ, ਇਕ-ਦੋ ਵਿਧਵਾ ਗ਼ਰੀਬ ਮੰਗਤੀਆਂ ਤੋਂ ਬਿਨਾਂ ਉਚੇ ਤਬਕੇ ਦੀਆਂ ਸਮਾਜਕ ਤੀਵੀਆਂ ਬਹੁਤ ਘੱਟ ਮਿਲਦੀਆਂ ਸਨ। ਹਾਂ! ਭਾਟੜੇ, ਸਾਧੂ, ਫ਼ਕੀਰ, ਹੱਥ ਵੇਖਣ ਵਾਲੇ ਜੋਤਸ਼ੀ ਤੇ ਰਮਲੀਏ, ਸ਼ਹਿਰਾਂ ਵਿਚ ਬਾਬੂਆਣੀਆਂ ਤੇ ਸੇਠਾਣੀਆਂ ਦੀਆਂ ਮੁਰਾਦਾਂ ਪੂਰੀਆਂ ਹੋਣ ਦੇ ਉਪਾਅ ਦੱਸਣ ਵਾਲੇ ਬਥੇਰੇ ਇਨ੍ਹਾਂ ਦੇ ਬੰਗਲੇ ਵਿਚ ਵੀ ਆ ਜਾਇਆ ਕਰਦੇ ਸਨ ਜਿਨ੍ਹਾਂ ਪਾਸੋਂ ਰਜਨੀ ਆਪਣੀ ਕਿਸਮਤ ਤੇ ਆਪਣੀ ਬਿਮਾਰੀ ਦਾ ਇਲਾਜ ਪੁੱਛਦੀ ਰਹਿੰਦੀ ਸੀ, ਪਰ ਸ. ਚੇਤੰਨ ਸਿੰਘ ਜੀ ਤੋਂ ਚੋਰੀ-ਚੋਰੀ।

ਉਸ ਦੀ ਬਿਮਾਰੀ ਮਾਮੂਲੀ ਸਿਰ ਦਰਦ, ਦਿਲ ਨੂੰ ਘੇਰ ਪੈਣ, ਕਦੀ ਕਦੀ ਪੇਟ ਦਰਦ ਹੋਣ ਤੋਂ ਵਧਦੀ ਵਧਦੀ ਹੁਣ ਗਸ਼ੀਆਂ ਤੱਕ ਅੱਪੜ ਪਈ ਸੀ। ਸਰਦਾਰ ਚੇਤੰਨ ਸਿੰਘ ਦੇ ਵਪਾਰਕ ਤੇ ਠੇਕਿਆਂ ਦੇ ਮਹਾਨ ਕੰਮ ਉਨ੍ਹਾਂ ਨੂੰ ਰਜਨੀ ਦੀ ਬਿਮਾਰੀ ਵੱਲ ਬਹੁਤ ਘੱਟ ਧਿਆਨ ਦੇਣ ਦਿੰਦੇ ਸਨ।

ਰਜਨੀ ਇਸ ਬੇਪ੍ਰਵਾਹੀ ਤੋਂ ਬਹੁਤ ਦੁਖੀ ਹੋ ਰਹੀ ਸੀ। ਐਤਕਾਂ ਉਸ ਦਾ ਖਿਆਲ ਸੀ, ਆਪਣੀ ਬਿਮਾਰੀ ਦੀ ਨਾਜ਼ਕ ਹਾਲਤ ਦੱਸ ਕੇ ਸਰਦਾਰ ਹੁਰਾਂ ਨੂੰ ਉਹ ਕੁਝ ਦਿਨ ਘਰ ਠਹਿਰਾ ਕੇ ਆਪਣਾ ਇਲਾਜ ਕਰਾਉਣ ਲਈ ਮਨਾ ਲਏਗੀ, ਪਰ ਉਨ੍ਹਾਂ ਦੇ ਰੁੱਖੇ ਜਵਾਬ ਤੇ ਇਸੇ ਹਾਲਤ ਵਿਚ ਜਾਣ ਦੀ ਤਿਆਰੀ ਵਿਚ ਜੁਟ ਜਾਣ ਨੇ ਰਜਨੀ ਦੇ ਬਿਮਾਰ ਤੇ ਨਾਜ਼ਕ ਦਿਲ ਉਪਰ ਡਾਢੀ ਸੱਟ ਮਾਰੀ। ਉਹ ਬਿਲਕੁਲ ਮਾਯੂਸ ਹੋ ਗਈ। ਇਕ ਡੋਬ ਪਿਆ, ਫਿਰ ਜਦ ਹੋਸ਼ ਆਈ ਤੇ ਤਾਬੋ ਨੌਕਰਾਣੀ ਨੂੰ ਵਾਜ ਮਾਰ ਕੇ ਕਿਹਾ, "ਅਨੀ ਤਾਬੋ, ਮੇਰੀ ਲਾਲੀ ਤੇ ਬਾਲੀ ਨੂੰ ਮੇਰੇ ਕੋਲ ਲੈ ਆ।"

ਦੋਹਾਂ ਨੂੰ ਕੁੱਛੜ ਲੈ ਕੇ, ਛਾਤੀ ਨਾਲ ਲਾ ਕੇ ਰਜਨੀ ਛਮ-ਛਮ ਰੋਣ ਲੱਗ ਪਈ। ਉਸ ਦੀਆਂ ਚੀਕਾਂ ਸੁਣ ਕੇ ਚੇਤੰਨ ਸਿੰਘ ਡਰੈਸਿੰਗ ਰੂਮ ਵਿਚੋਂ ਭੱਜ ਕੇ ਰਜਨੀ ਦੇ ਕਮਰੇ ਵਿਚ ਆ ਗਏ। ਉਹ ਕਹਿ ਰਹੀ ਸੀ, "ਸੁਆਮੀ ਜੀ, ਮੈਨੂੰ ਮੁਆਫ਼ ਕਰਨਾ। ਮੈਨੂੰ ਭੁੱਲ ਜਾਣਾ। ਮੇਰੀ ਅੰਤਿਮ ਪ੍ਰਣਾਮ। ਮੈਂ ਹੁਣ ਹੋਰ ਕੁਝ ਨਹੀਂ ਮੰਗਦੀ। ਮੈਂ ਗਾਲੜ੍ਹ ਸ਼ਾਹ ਪੀਰ ਦੇ ਨਹੀਂ ਜਾਂਦੀ। ਤੁਹਾਡੀ ਹੱਤਕ ਨਹੀਂ ਹੋਣ ਦਿੰਦੀ, ਪਰ ਇਕ ਅੰਤਿਮ ਬੇਨਤੀ ਹੈ। ਮੇਰੀਆਂ ਇਨ੍ਹਾਂ ਲਾਲੀਆਂ ਦਾ ਧਿਆਨ ਰੱਖਣਾ। ਇਨ੍ਹਾਂ ਨੂੰ ਕਿਸੇ ਡਾਢੀ ਦੇ ਪੱਲੇ ਨਾ ਪਾਣਾ।" ਕਹਿੰਦੀ ਹੋਈ ਚੀਕਾਂ ਤੇ ਡਾਡਾਂ ਮਾਰਦੀ ਰਜਨੀ ਬੇਹੋਸ਼ ਹੋ ਗਈ।

ਡਾਕਟਰ ਰਣਧੀਰ ਸਿੰਘ ਨੇ ਪਹੁੰਚ ਕੇ ਝਟ-ਪਟ ਦਵਾ ਦਾਰੂ ਕਰ ਕੇ ਰਜਨੀ ਨੂੰ ਹੋਸ਼ ਵਿਚ ਲਿਆਂਦਾ। ਫਿਰ ਚੰਗੀ ਤਰ੍ਹਾਂ ਮੁਆਇਨਾ ਕੀਤਾ। ਬਿਮਾਰੀ ਦੀ ਸਾਰੀ ਹਿਸਟਰੀ ਪੁੱਛੀ। ਅਖ਼ੀਰ ਵਿਚ ਰਜਨੀ ਨੇ ਡਾਕਟਰ ਜੀ ਨੂੰ ਇਹ ਵੀ ਦੱਸਿਆ, "ਮੈਨੂੰ ਤਾਂ ਇਉਂ ਮਲੂਮ ਹੁੰਦਾ ਹੈ, ਮੇਰਾ ਤਾਂ ਕਲੇਜਾ ਸੂਈਆਂ ਨਾਲ ਪ੍ਰੋਤਾ ਹੋਇਆ ਹੈ! ਭਾਵੇਂ ਤੁਸੀਂ ਵੀ ਹੱਸੋਗੇ ਹੀ, ਪਰ ਮੈਨੂੰ ਨਿਸ਼ਚਾ ਹੈ ਕਿ ਮੈਨੂੰ ਕਿਸੇ ਜਾਦੂ ਕੀਤੇ ਹੋਏ ਹਨ ਅਤੇ ਪੀਰ ਗਾਲ੍ਹੜ ਸ਼ਾਹ ਤੋਂ ਬਗ਼ੈਰ ਇਨ੍ਹਾਂ ਦਾ ਕੋਈ ਇਲਾਜ ਨਹੀਂ ਕਰ ਸਕਦਾ। ਤੁਹਾਡੀਆਂ ਵੀ ਤੇ ਹੋਰ ਡਾਕਟਰਾਂ ਦੀਆਂ ਵੀ ਮੈਂ ਅੱਗੇ ਸੈਂਕੜੇ ਰੁਪਿਆਂ ਦੀਆਂ ਦਵਾਈਆਂ ਖਾ ਚੁੱਕੀ ਹਾਂ। ਤੁਸੀਂ ਵੇਖ ਲੌ, ਕੱਖ ਅਸਰ ਨਹੀਂ ਹੁੰਦਾ।"

ਫਿਰ ਡਾਕਟਰ ਹੁਰੀਂ ਵੱਖਰੀ ਬੈਠਕ ਵਿਚ ਸ. ਚੇਤੰਨ ਸਿੰਘ ਹੁਰਾਂ ਕੋਲ ਜਾ ਕੇ ਬੈਠੇ ਅਤੇ ਦੱਸਿਆ ਕਿ "ਰਜਨੀ ਨੂੰ ਹਿਸਟੀਰੀਆ ਹੈ ਅਤੇ ਇਸ ਦਾ ਇਲਾਜ ਪੂਰੀ ਤਰ੍ਹਾਂ ਕਰਨ ਨਾਲ ਆਰਾਮ ਆਵੇਗਾ। ਇਕ ਤਾਂ ਇਸ ਦੇ ਕੋਲ ਆਪ ਦੀ ਹਾਜ਼ਰੀ ਬੜੀ ਜ਼ਰੂਰੀ ਹੈ। ਮਾਨਸਿਕ ਤੇ ਸਰੀਰਕ ਦੋਹਾਂ ਤਰ੍ਹਾਂ ਨਾਲ ਇਲਾਜ ਕੀਤਾ ਜਾਏਗਾ। ਇਸ ਦੇ ਮਨ ਨੂੰ ਪ੍ਰਸੰਨ ਰੱਖਣਾ ਅਤੇ ਇਸ ਦੇ ਦਿਲ ਵਿਚ ਜੰਮੇ ਵਹਿਮਾਂ ਭਰਮਾਂ ਦੇ ਸ਼ੱਕਾਂ ਨੂੰ ਕੱਢਣਾ ਪਹਿਲਾ ਕੰਮ ਹੈ, ਭਾਵੇਂ ਪੀਰ ਗਾਲ੍ਹੜ ਸ਼ਾਹ ਦੇ ਹੀ ਇਸ ਨੂੰ ਭੇਜਣਾ ਪਵੇ; ਪਰ ਨਾਲ ਹੀ ਬਾਕਾਇਦਗੀ ਨਾਲ ਦਵਾਈਆਂ ਤੇ ਖ਼ੁਰਾਕ ਦੇਣ ਦੀ ਲੋੜ ਹੈ। ਵਰਨਾ ਇਸ ਦਾ ਰਾਜ਼ੀ ਹੋਣਾ ਬਹੁਤ ਹੀ ਮੁਸ਼ਕਲ ਹੈ।"

ਸਰਦਾਰ ਚੇਤੰਨ ਸਿੰਘ ਹੁਰੀਂ ਸੋਚੀਂ ਪੈ ਗਏ। ਇਕ ਤਾਂ ਲੱਖਾਂ ਰੁਪਏ ਦੇ ਠੇਕਿਆਂ ਅਤੇ ਵਪਾਰ ਦੇ ਕੰਮਾਂ ਤੋਂ ਗ਼ੈਰਹਾਜ਼ਰ ਰਹਿਣਾ ਮੁਸ਼ਕਲ, ਦੂਜਾ ਰਜਨੀ ਨੂੰ ਪੀਰ ਦੀ ਕਬਰ 'ਤੇ ਭੇਜਣ ਦਾ ਸੁਆਲ,



ਪਰ ਸ. ਚੇਤੰਨ ਸਿੰਘ ਹੁਰੀਂ ਸ਼ਰੀਫ਼ ਗ੍ਰਹਿਸਥੀ ਸਨ। ਰਜਨੀ ਦੀ ਬਿਮਾਰੀ ਨੇ ਵੀ ਉਨ੍ਹਾਂ ਨੂੰ ਬਹੁਤ ਚਿੰਤਾਤੁਰ ਕਰ ਦਿੱਤਾ। ਉਸ ਵੱਲੋਂ ਆਪਣੀ ਬੇ-ਪ੍ਰਵਾਹੀ ਉਪਰ ਅਫਸੋਸ ਹੋਇਆ। ਸੋਚਣ ਲੱਗੇ, ਜੇ ਉਸ ਦੀ ਬਿਮਾਰੀ ਹੋਰ ਵਧ ਗਈ!

ਜਾਣ ਦਾ ਪ੍ਰੋਗਰਾਮ ਮੁਲਤਵੀ ਕਰ ਕੇ ਕੁਝ ਦਿਨ ਘਰ ਰਹਿ ਕੇ ਉਨ੍ਹਾਂ ਰਜਨੀ ਦਾ ਇਲਾਜ ਕਰਵਾਇਆ। ਕੁਝ ਨਜ਼ਦੀਕੀ ਰਿਸ਼ਤੇਦਾਰ ਮੰਗਾ ਲਏ ਤਾਂ ਜੋ ਰਜਨੀ ਦਾ ਸੰਗ ਵੀ ਹੋ ਜਾਏ ਤੇ ਉਨ੍ਹਾਂ ਦੀ ਗੈਰਹਾਜ਼ਰੀ ਵਿਚ ਇਲਾਜ ਤੇ ਸੇਵਾ ਵੀ ਹੋਵੇ। ਫਿਰ ਰਜਨੀ ਨੂੰ ਬੜੇ ਪ੍ਰੇਮ ਨਾਲ ਕਿਹਾ, "ਰਜਨੀ, ਜਿਸ ਤਰ੍ਹਾਂ ਤੇਰਾ ਜੀ ਚਾਹੇ, ਆਪਣਾ ਇਲਾਜ ਕਰ। ਮੇਰੇ ਵੱਲੋਂ ਤੈਨੂੰ ਪੂਰੀ ਖੁੱਲ੍ਹ ਹੈ। ਬੇਸ਼ਕ ਪੀਰ ਗਾਲ੍ਹੜ ਸ਼ਾਹ ਦੇ ਭੀ ਜਾ ਆ, ਪਰ ਇਹ ਸ਼ਰਤ ਜ਼ਰੂਰੀ ਹੈ ਕਿ ਡਾਕਟਰ ਹੁਰਾਂ ਦੀ ਦਵਾਈ ਤੇ ਉਨ੍ਹਾਂ ਦੀ ਦੱਸੀ ਖ਼ੁਰਾਕ ਵੀ ਖਾਂਦੇ ਰਹਿਣਾ। ਮੈਂ ਦਿੱਲੀ ਦਾ ਜ਼ਰੂਰੀ ਕੰਮ ਨਿਬੇੜ ਕੇ ਛੇਤੀ ਹੀ ਵਾਪਸ ਆ ਜਾਵਾਂਗਾ ਅਤੇ ਫਿਰ ਅਗਸਤ-ਸਤੰਬਰ ਦੇ ਮਹੀਨੇ ਕਿਸੇ ਪਹਾੜ 'ਤੇ ਚੱਲ ਕੇ ਦੋ ਮਹੀਨੇ 'ਕੱਠੇ ਰਹਾਂਗੇ ਅਤੇ ਜਦ ਤੀਕ ਤੂੰ ਰਾਜ਼ੀ ਨਾ ਹੋ ਜਾਵੇਗੀ, ਮੈਂ ਤੇਰੇ ਪਾਸ ਰਹਾਂਗਾ। ਰਜਨੀ, ਤੇਰੇ ਨਾਲ ਹੀ ਮੇਰਾ ਜਹਾਨ ਹੈ।" ਇਹ ਸੁਣ ਕੇ ਰਜਨੀ ਦੇ ਪੀਲੇ-ਭੂਕ ਮੂੰਹ ਉਪਰ ਆਸ ਦੀ ਮੁਸਕਰਾਹਟ ਖਿੜ ਪਈ ਅਤੇ ਹੌਸਲਾ ਵੀ ਪੈਦਾ ਹੋ ਗਿਆ। ਉਸ ਨੇ ਖੁਸ਼ੀ ਨਾਲ ਉਨ੍ਹਾਂ ਨੂੰ ਜਾਣ ਦੀ ਆਗਿਆ ਦੇ ਦਿੱਤੀ।

### (2)

ਦੂਜੇ ਦਿਨ ਸਵੇਰੇ ਹੀ ਮਾਲਣ ਨੂਰਭਰੀ ਫੁੱਲਾਂ ਦੀ ਟੋਕਰੀ ਭਰ ਕੇ ਲੈ ਆਈ। ਇਹ ਸਮਝੋ, ਪੀਰ ਗਾਲ੍ਹੜ ਸ਼ਾਹ ਦੀ ਸ਼ਹਿਰ ਵਿਚ ਵੱਡੀ ਪ੍ਰਚਾਰਕਾ ਸੀ। ਸ਼ਹਿਰ ਵਿਚ ਅਮੀਰ ਘਰਾਂ ਵਿਚ ਇਸ ਦਾ ਬਹੁਤ ਜਾਣ-ਆਉਣ ਸੀ। ਤਾਜ਼ੇ ਗੁਲਦਸਤੇ ਮੇਜ਼ ਉਤੇ ਸਜਾਏ ਗਏ। ਮੋਤੀਏ ਦੇ ਸੁੰਦਰ ਖ਼ੁਸ਼ਬੂਦਾਰ ਫੁੱਲ ਮਾਲਣ ਨੇ ਸਰਦਾਰਨੀ ਰਜਨੀ ਦੇ ਪੇਸ਼ ਕੀਤੇ ਅਤੇ ਸਲਾਮ ਦੁਆ ਆਖ ਕੇ ਬੋਲੀ, "ਸਰਦਾਰਨੀ ਜੀ, ਤਬੀਅਤ ਦਾ ਕੀ ਹਾਲ ਹੈ? ਅੱਲਾ ਪਾਕ ਆਪ ਨੂੰ ਛੇਤੀ ਰਾਜ਼ੀ ਕਰੇ।"

"ਨੂਰਾਂ, ਮੈਂ ਤਾਂ ਹੁਣ ਦਿਨਾਂ ਦੀ ਪ੍ਰਾਹੁਣੀ ਹਾਂ। ਵੇਖਦੀ ਨਹੀਂ, ਮੇਰਾ ਕੀ ਹਾਲ ਏ? ਫਿਰ ਸ਼ੈਦ...।"

"ਅੱਲਾ ਦਾ ਨਾਂ ਲਵੋ ਸਰਦਾਰਨੀ ਜੀ। ਏਦਾਂ ਨਾ ਕਹੋ। ਸੱਤ ਤੇ ਵੀਹ ਖੈਰੀਂ ਨੇ। ਹਾਂ ਸੱਚੀ ਫਿਰ ਕੀ ਸਲਾਹ ਬਣੀ, ਪੀਰ ਗਾਲ੍ਹੜ ਸ਼ਾਹ ਦੇ ਚੱਲੋਗੇ?"

"ਹਾਂ ਚੱਲਾਂਗੀ। ਸਰਦਾਰ ਹੁਰੀਂ ਪਹਿਲਾਂ ਤਾਂ ਨਹੀਂ ਸਨ ਮੰਨਦੇ, ਫਿਰ ਦਿੱਲੀ ਜਾਂਦੇ ਹੋਏ ਕਹਿ ਗਏ ਨੇ ਕਿ ਜੇ ਤੁਹਾਡੀ ਮਰਜ਼ੀ ਹੈ ਤਾਂ ਬੇਸ਼ੱਕ ਜਾਵੋ।"

ਇਹ ਸੁਣ ਕੇ ਮਾਲਣ ਬੜੀ ਖੁਸ਼ ਹੋ ਕੇ ਬੋਲੀ, "ਸਰਦਾਰ ਹੁਰਾਂ ਦੇ ਆਉਣ ਤੱਕ ਤਾਂ ਤੁਸੀਂ ਨੌਂ-ਬਰ-ਨੌਂ ਹੋ ਜਾਵੋਗੇ। ਫਿਰ ਉਨ੍ਹਾਂ ਨੂੰ ਪੁੱਛਣਾ ਕਿ ਕੌਣ ਸੱਚਾ ਏ। ਹੱਛਾ ਫਿਰ ਭਲਕੇ ਤਿਆਰ ਰਹੋ, ਜੁਮੇ-ਰਾਤ ਹੈ। ਇਸੇ ਦਿਨ ਪੀਰ ਹੁਰੀਂ ਗਾਲ੍ਹੜ ਬਖ਼ਸ਼ਦੇ ਨੇ।" ਮਾਲਣ ਅਸੀਸਾਂ ਦੇਂਦੀ ਤੇ ਦੁਆਈਂ ਕਰਦੀ ਚਲੀ ਗਈ।

ਜੁਮੇ-ਰਾਤ ਨੂੰ ਦੂਜੇ ਦਿਨ ਸਰਦਾਰਨੀ ਰਜਨੀ, ਮਾਲਣ ਨੂਰਭਰੀ, ਇਕ ਨੌਕਰ ਤੇ ਇਕ ਨੌਕਰਾਣੀ ਮੋਟਰ 'ਤੇ ਬੈਠ ਕੇ ਪੀਰ ਗਾਲ੍ਹੜ ਸ਼ਾਹ ਦੀ ਯਾਤਰਾ ਚੱਲ ਪਏ।

ਪੀਰ ਗਾਲ੍ਹੜ ਸ਼ਾਹ ਕੌਣ ਹੈ, ਕਿਥੋਂ ਹੈ ਅਤੇ ਇਸ ਵਿਚ ਕੀ ਕਲਾ ਹੈ? ਇਸ ਸਬੰਧੀ ਲੋਕਾਂ ਦੀ ਜ਼ਬਾਨੀ ਇਹ ਪਤਾ ਲਗਦਾ ਹੈ ਕਿ ਬਹੁਤ ਪੁਰਾਣੇ ਜ਼ਮਾਨੇ ਵਿਚ ਇਹ ਬੜਾ ਵਲੀ ਕਰਾਮਾਤੀ ਪੀਰ ਹੋ ਗੁਜ਼ਰਿਆ ਹੈ। ਇਹ ਗਾਲ੍ਹੜਾਂ ਨੂੰ ਬੜੇ ਪਿਆਰ ਨਾਲ ਪਾਲਦਾ ਸੀ। ਇਸੇ ਕਰ ਕੇ ਇਸ ਨੂੰ ਗਾਲ੍ਹੜ ਸ਼ਾਹ ਕਹਿੰਦੇ ਹਨ। ਇਸ ਦੇ ਤਕੀਏ ਦੇ ਅੱਗੇ ਪਿੱਛੇ ਸੈਂਕੜੇ ਗਾਲ੍ਹੜ ਫਿਰਦੇ ਰਹਿੰਦੇ ਸਨ। ਇਸ ਦੀਆਂ ਕਈ ਕਰਾਮਾਤਾਂ ਮਸ਼ਹੂਰ ਹਨ। ਇਸ ਨੇ ਮੀਂਹ ਬਰਸਾਏ, ਬਿਮਾਰੀਆਂ ਹਟਾਈਆਂ, ਮੁਰਦੇ ਜ਼ਿੰਦਾ ਕੀਤੇ, ਗ਼ਰੀਬਾਂ ਨੂੰ ਮਾਲਾ-ਮਾਲ ਕੀਤਾ, ਬਾਂਝ ਤੀਵੀਆਂ ਨੂੰ ਸੰਤਾਨ ਬਖ਼ਸ਼ੀ। ਇਸ ਨੂੰ ਕਈ ਲੋਕ ਲੱਖਦਾਤਾ ਤੇ ਮੋਤੀਆਂ ਵਾਲਾ ਵੀ ਕਹਿੰਦੇ ਹਨ। ਜਿਸ ਉਤੇ ਪੀਰ ਖੁਸ਼ ਹੋ ਜਾਵੇ, ਉਸ ਨੂੰ ਗਾਲ੍ਹੜ ਬਖ਼ਸ਼ ਦਿੰਦਾ ਸੀ। ਗਾਲ੍ਹੜ ਰੋਗੀ ਦਾ ਰੋਗ ਕੱਟ ਕੇ ਆਪ ਮਰ ਜਾਂਦਾ ਸੀ।

ਸਾਈਂ ਮੀਆਂ ਮੀਰ ਦੀ ਕਬਰ ਤੋਂ ਦੱਖਣ ਵੱਲ ਦੂਰ ਸਾਰੇ ਛਾਉਣੀ ਦੀ ਹੱਦ ਵਿਚ ਇਸ ਦੀ ਕਬਰ ਹੈ। ਕਹਿੰਦੇ ਹਨ, ਲਾਗ ਦੀ ਰੇਲਵੇ ਲਾਈਨ ਤੋਂ ਲੰਘਣ ਵਾਲੀ ਹਰ ਗੱਡੀ ਖੜੋ ਕੇ ਪੀਰ ਦੀ ਕਬਰ ਨੂੰ ਸਲਾਮ ਕਰ ਕੇ ਲੰਘਦੀ ਹੈ। ਜੇ ਸਲਾਮ ਨਾ ਕਰੇ ਤਾਂ ਪੀਰ ਦੀ ਕਰਾਮਾਤ ਨਾਲ ਰੋਕ ਦਿੱਤੀ ਜਾਂਦੀ ਹੈ ਜਾਂ ਉਸ ਦੀ ਟੱਕਰ ਹੋ ਜਾਂਦੀ ਹੈ। ਇਸ ਦੀ ਗੱਦੀ ਦਾ ਫਕੀਰ ਆਪਣੇ ਆਪ ਨੂੰ ਵੀਹਵੀਂ ਥਾਂ ਦੱਸਦਾ ਹੈ। ਤਿੰਨ-ਚਾਰ ਘੁਮਾਂ ਜਗ੍ਹਾ ਵਲੀ ਹੋਈ ਹੈ। ਬੜਾ ਸੁੰਦਰ ਤਕੀਆ ਹੈ। ਜੁਮੇ-ਰਾਤ ਨੂੰ ਖ਼ੂਬ ਰੌਣਕ ਲਗਦੀ ਹੈ। ਦੂਰ ਦੂਰ ਤੋਂ ਲੋਕੀ ਮੰਨਤਾਂ ਦੇਣ ਆਉਂਦੇ ਹਨ। ਮੁਸਲਮਾਨ ਤਾਂ ਆਮ ਆਉਂਦੇ ਹਨ, ਪਰ ਹਿੰਦੂ ਤੇ ਸਿੱਖ ਵੀ ਕਈ ਆ ਜਾਂਦੇ ਹਨ। ਇਥੇ ਪੰਜਾਹ ਸੱਠ ਮੁਜਾਵਰ ਰਹਿੰਦੇ ਹਨ। ਗੱਦੀ ਦੇ ਮਾਲਕ ਪੀਰ ਇਸ ਵੇਲੇ ਕੋਈ ਸੱਠ ਕੁ ਸਾਲ ਦੀ ਉਮਰ ਦੇ ਬਿਰਧ ਹਨ, ਪਰ ਸਰੀਰ ਤਕੜਾ ਹੈ। ਮਹਿੰਦੀ ਨਾਲ ਰੰਗੀ ਹੋਈ ਲੰਬੀ ਦਾਹੜੀ ਮੂੰਹ ਦੀ ਰੌਣਕ ਨੂੰ ਖ਼ੂਬ ਚਮਕਾ ਰਹੀ ਹੈ। ਹੁਣ ਵੀ ਅਹਾਤੇ ਵਿਚ ਜਿਧਰ ਵੇਖੋ, ਗਾਲ੍ਹੜਾਂ ਦੇ ਇੱਜੜ ਭਜਦੇ ਦਿਸਦੇ ਹਨ। ਇਥੋਂ ਗਾਲ੍ਹੜ ਪਕੜਨ ਜਾਂ ਮਾਰਨ ਦਾ ਕਿਸੇ ਨੂੰ ਹੁਕਮ ਨਹੀਂ। ਜਿਸ ਤਰ੍ਹਾਂ ਮਥਰਾ ਬਿੰਦਰਾਬਨ ਵਿਚ ਯਾਤਰੂ ਲੋਕ ਬਾਂਦਰਾਂ ਨੂੰ ਛੋਲੇ ਤੇ ਪੂਰੀਆਂ ਖਵਾ ਕੇ ਪੁੰਨ ਸਮਝਦੇ ਹਨ, ਇਥੇ ਗਾਲ੍ਹੜਾਂ ਨੂੰ ਬੇਰ, ਫਲ ਆਦਿਕ ਖੁਆਣ ਦਾ ਸੁਆਬ ਗਿਣਦੇ ਹਨ।

ਸਰਦਾਰਨੀ ਹੁਰਾਂ ਦੀ ਮੋਟਰ ਇਸੇ ਤਕੀਏ ਦੇ ਬਾਹਰ ਆ ਕੇ ਖੜੀ ਹੋ ਗਈ। ਮਾਲਣ ਨੂਰਭਰੀ ਸਰਦਾਰਨੀ ਨੂੰ ਪੀਰ ਦੀ ਕਬਰ ਦੀ ਪਰਿਕਰਮਾ ਕਰਵਾ ਕੇ, ਮੁਜਾਵਰਾਂ ਨੂੰ ਰੁਪਿਆ ਦਵਾ ਕੇ, ਫਿਰ ਗੱਦੀ ਵਾਲੇ ਪੀਰ ਦੇ ਕਮਰੇ ਵਿਚ ਲੈ ਗਈ। ਅੱਧੇ ਕੁ ਘੰਟੇ ਮਗਰੋਂ ਪਿੰਜਰੇ ਵਿਚ ਗਾਲ੍ਹੜ ਪਾਇਆ ਹੋਇਆ ਲੈ ਕੇ ਸਰਦਾਰਨੀ ਤੇ ਨੂਰਭਰੀ ਬਾਹਰ ਆਈਆਂ। ਦੋਹਾਂ ਦੇ ਚਿਹਰੇ ਖਿੜੇ ਹੋਏ ਸਨ; ਜਾਣੀਂ ਦਾ, ਮਨ ਦੀਆਂ ਮੁਰਾਦਾਂ ਪੂਰੀਆਂ ਹੋ ਗਈਆਂ। ਨੂਰਭਰੀ ਕਹਿਣ ਲੱਗੀ, "ਲੋਕੀਂ ਤਾਂ ਦਸ ਦਸ ਫੇਰੇ ਪਾਂਦੇ ਹਨ, ਪਰ ਗਾਲ੍ਹੜ ਨਹੀਂ ਮਿਲਦਾ। ਤੁਹਾਡੇ ਉਤੇ ਤਾਂ ਪੀਰ ਹੁਰੀਂ ਬੜੇ ਮਿਹਰਬਾਨ ਹੋ ਗਏ ਹਨ, ਵੇਖੋ ਅੱਜੋ ਹੀ ਗਾਲ੍ਹੜ ਬਖ਼ਸ਼ ਦਿੱਤਾ।"

ਪਿਛੇ ਪਿਛੇ ਬਿਮਾਰ ਤੀਵੀਂ ਤੇ ਸੁਕੜੂ ਜਿਹਾ ਮਰਦ ਆ ਰਹੇ ਸਨ। ਸੱਚਮੁੱਚ ਉਨ੍ਹਾਂ ਦਾ ਅੱਜ ਛੇਵਾਂ ਫੇਰਾ ਸੀ। ਪੀਰ ਜੀ ਨੇ ਕਿਹਾ ਸੀ, "ਅਜੇ ਹਜ਼ੂਰ ਦਾ ਹੁਕਮ ਆਪ ਨੂੰ ਗਾਲੜ੍ਹ ਦੇਣ ਦਾ ਨਹੀਂ ਹੋਇਆ।" ਮਾਲਣ ਦੀ ਗੱਲ ਸੁਣ ਕੇ ਉਹ ਪੇਂਡੂ ਤੀਵੀਂ ਬੋਲੀ, "ਕਿਆ ਜ਼ਮਾਨਾ ਆਇਆ ਏ, ਅੱਜਕੱਲ੍ਹ ਤੇ ਪੀਰ ਫਕੀਰ ਵੀ ਅਮੀਰਾਂ ਦੇ ਹੀ ਹੋ ਗਏ ਨੇ।" ਰਜਨੀ ਨੇ ਇਹ ਗੱਲ ਸੁਣੀ ਅਣਸੁਣੀ ਕਰ ਕੇ ਧੰਨਵਾਦ ਦੀ ਬੋਲੀ ਵਿਚ ਆਖਿਆ, "ਮਾਲਣ ਤੂੰ ਜਿਉਂਦੀ ਰਹੋ। ਇਹ ਸਭ ਤੇਰੀ ਹਿੰਮਤ ਦਾ ਫਲ ਏ। ਮੈਂ ਰਾਜ਼ੀ ਹੋ ਗਈ ਤਾਂ ਤੈਨੂੰ ਖੁਸ਼ ਕਰਾਂਗੀ। ਤੈਨੂੰ ਤਿੰਨੇ ਸੁੱਚੇ ਕੱਪੜੇ ਬਣਵਾ ਦਿਆਂਗੀ।"

"ਜੀ, ਤੇ ਮੈਂ ਅੱਗੇ ਕਿਸ ਦਾ ਦਿੱਤਾ ਖਾਂਦੀ ਆਂ, ਤੁਸੀਂ ਹੀ ਤਾਂ ਮੇਰੇ ਅੰਨ-ਦਾਤਾ ਹੋ। ਇਹ ਸਭ ਆਪ ਦੀਆਂ ਹੀ ਬਖ਼ਸ਼ਸ਼ਾਂ ਨੇ! ਅੱਲਾ ਨੇ ਚਾਹਿਆ ਤਾਂ ਦੋ ਹਫ਼ਤਿਆਂ ਵਿਚ ਈ ਤੁਸੀਂ ਰਾਜ਼ੀਬਾਜ਼ੀ ਹੋ ਜਾਓਗੇ!" ਨੌਕਰਾਣੀਆਂ ਦੇ ਲਹਿਜੇ ਵਿਚ ਨੂਰਭਰੀ ਨੇ ਉਤਰ ਦਿੱਤਾ ਅਤੇ ਨਾਲ ਹੀ ਤਾਕੀਦ ਕੀਤੀ, "ਸਰਦਾਰਨੀ ਜੀ, ਪੀਰ ਜੀ ਦੇ ਹੁਕਮ ਤੇ ਪੂਰੀ ਤਰ੍ਹਾਂ ਅਮਲ ਕਰਨਾ ਤੇ ਗਾਲ੍ਹੜ ਨੂੰ ਪੀਰ ਜੀ ਦੀ ਦਿੱਤੀ ਕਲਾਮ ਵਾਲੀ ਖੁਰਾਕ ਦਿੰਦੇ ਰਹਿਣਾ।"

ਇਸ ਤਰ੍ਹਾਂ ਦੀਆਂ ਗੱਲਾਂਬਾਤਾਂ ਕਰਦਿਆਂ ਦੋਵੇਂ ਮੋਟਰ 'ਤੇ ਬੈਠ ਕੇ ਆਪਣੇ ਘਰ ਆ ਗਈਆਂ।

ਰਜਨੀ ਕੁਝ ਡਾਕਟਰੀ ਦਵਾਈਆਂ ਵੀ ਖਾਂਦੀ ਰਹੀ ਅਤੇ ਗਾਲ੍ਹੜ ਨੂੰ ਬੇਰ, ਅੰਗੂਰ ਤੇ ਹੋਰ ਕਈ ਫਲ-ਫੁੱਲ ਵੀ ਪਾਏ ਜਾਂਦੇ ਰਹੇ ਅਤੇ ਪੀਰ ਜੀ ਵੱਲੋਂ ਦਿੱਤੀ ਹੋਈ ਖੁਰਾਕ ਵੀ ਖੁਆਈ ਜਾਂਦੀ ਰਹੀ। ਪੰਦਰਾਂ ਦਿਨ ਗੁਜ਼ਰ ਗਏ। ਅੱਗੇ ਹਰ ਰੋਜ਼ ਜਾਂ ਦੂਜੇ ਦਿਨ ਸਰਦਾਰਨੀ ਹੁਰਾਂ ਨੂੰ ਗਸ਼ ਪੈਂਦੀ ਸੀ ਤੇ ਉਹ ਚੀਕਾਂ ਮਾਰਨ ਲੱਗ ਪੈਂਦੇ ਸਨ। ਇਨ੍ਹਾਂ ਪੰਦਰਾਂ ਦਿਨਾਂ ਵਿਚ ਕੇਵਲ ਇਕ ਦੋ ਵੇਰ ਮਾੜੀ ਜਿਹੀ ਬੇਹੋਸ਼ੀ ਹੋਈ। ਸਰੀਰ ਵਿਚ ਬਲ ਆ ਗਿਆ। ਖੁਰਾਕ ਵਧ ਗਈ। ਅੱਗੇ ਘਰੋਂ ਬਾਹਰ ਨਹੀਂ ਸਨ ਜਾਂਦੇ, ਹੁਣ ਸੈਰ ਕਰਨ ਵੀ ਜਾਣ ਲੱਗ ਪਏ। 16ਵੇਂ ਦਿਨ ਗਾਲ੍ਹੜ ਮਰ ਗਿਆ। ਹੁਣ ਸਰਦਾਰਨੀ ਨੂੰ ਨਿਸ਼ਚਾ ਹੋ ਗਿਆ ਕਿ ਗਾਲ੍ਹੜ ਨੇ ਜਾਦੂ ਵੀ ਕੁਤਰ ਦਿੱਤੇ ਹਨ ਤੇ ਉਸ ਦੀ ਬਿਮਾਰੀ ਆਪ ਲੈ ਕੇ ਮਰ ਗਿਆ ਹੈ।

ਨੂਰਭਰੀ ਨੂੰ ਸਦਵਾ ਕੇ ਦੂਜੇ ਦਿਨ ਮੋਟਰ 'ਤੇ ਬੈਠ ਕੇ ਸਰਦਾਰਨੀ ਫਿਰ ਪੀਰ ਗਾਲ੍ਹੜ ਸ਼ਾਹ ਦੇ ਗਈ। ਪੀਰ ਹੁਰੀਂ ਬੜੀ ਮਸਤਾਨੀ ਤਬੀਅਤ ਨਾਲ ਇਨ੍ਹਾਂ ਨੂੰ ਨਾਲ ਲੈ ਕੇ ਟਾਹਲੀ ਦੇ ਮੁੱਢ 'ਤੇ ਜਾ ਬੈਠੇ ਤੇ ਨੂਰਭਰੀ ਨੂੰ ਕਿਹਾ, "ਬੀਬੀ, ਰਤਾ ਔਹ ਜਗ੍ਹਾ ਪੁੱਟ ਕੇ ਵੇਖੇਂ ਨਾ।"

ਨੂਰਭਰੀ ਨੇ ਫੁੱਟ ਕੁ ਡੂੰਘੀ ਜਗ੍ਹਾ ਪੁੱਟੀ ਤਾਂ ਵਿਚੋਂ ਇਕ ਲਾਲ ਟਾਕੀ ਨਿਕਲੀ ਜਿਸ ਵਿਚ ਮੁੱਠ ਕੁ ਸੂਈਆਂ ਦੇ ਨਿਕੇ ਟੋਟੇ ਪਏ ਸਨ। ਟਾਕੀ ਝਾੜੀ ਤਾਂ ਸੂਈਆਂ ਦੇ ਸਾਰੇ ਟੋਟੇ ਹੇਠਾਂ ਢੇਰੀ ਹੋ ਗਏ। ਪੀਰ ਹੁਰਾਂ ਸਰਦਾਰਨੀ ਦੀ ਪਿੱਠ 'ਤੇ ਥਾਪੜੀ ਦੇ ਕੇ ਕਿਹਾ, "ਲੈ ਬੀਬੀ, ਗਾਲ੍ਹੜ ਨੇ ਤੇਰੇ ਸਾਰੇ ਜਾਦੂ ਕੁਤਰ ਦਿਤੇ ਨੇ। ਹੁਣ ਤੂੰ ਬਿਲਕੁਲ ਰਾਜ਼ੀ ਏਂ। ਹੁਣ ਤੇਰੇ ਉਤੇ ਕੋਈ ਜਾਦੂ ਟੂਣਾ ਨਹੀਂ ਚੱਲੇਗਾ। ਜਾਹ, ਪਰ ਯਾਦ ਰੱਖ, ਪੀਰ ਗਾਲ੍ਹੜ ਸ਼ਾਹ ਨੂੰ ਕਦੀ ਨਾ ਭੁੱਲੀਂ। ਵਰ੍ਹੇ ਵਿਚ ਇਕ ਵਾਰੀ ਜ਼ਰੂਰ ਆਇਆ ਕਰੀਂ ਤੇ ਜੁਮੇ-ਰਾਤ ਨੂੰ ਭੰਡਾਰਾ ਭੇਜ ਦਿਆ ਕਰੀਂ।"

ਸਰਦਾਰਨੀ ਨੇ ਪੰਜ ਸੌ ਰੁਪਏ ਪੀਰ ਦੇ ਅੱਗੇ ਢੇਰੀ ਕਰ ਕੇ ਧੰਨਵਾਦ ਕੀਤਾ ਤੇ ਆਖਿਆ, "ਮੈਨੂੰ ਜਦ ਆਪ ਨੇ ਮਿਹਰ ਕਰ ਕੇ ਬਚਾਇਆ ਏ ਤਾਂ ਮੈਂ ਆਪ ਨੂੰ ਕਿਵੇਂ ਭੁੱਲਾਂਗੀ।"

ਸਰਦਾਰਨੀ ਰਜਨੀ ਅਜੇ ਕਾਫੀ ਕਮਜ਼ੋਰ ਸੀ। ਦਵਾਈਆਂ ਵੀ ਖਾਂਦੀ ਸੀ, ਪਰ ਉਸ ਨੂੰ ਹੁਣ ਨਿਸ਼ਚਾ ਹੋ ਗਿਆ ਸੀ ਕਿ ਮੇਰੇ ਜਾਦੂ ਪੀਰ ਗਾਲ੍ਹੜ ਸ਼ਾਹ ਨੇ ਕੁਤਰ ਦਿੱਤੇ ਹਨ ਤੇ ਮੈਂ ਹੁਣ ਰਾਜ਼ੀ ਹੋ ਜਾਵਾਂਗੀ।

*(3)*

ਸਰਦਾਰ ਚੇਤੰਨ ਸਿੰਘ ਜੀ ਦਿੱਲੀ ਤੋਂ ਫਰੰਟੀਅਰ ਮੇਲ ਗੱਡੀ 'ਤੇ ਸਵੇਰੇ ਲਾਹੌਰ ਆ ਗਏ। ਮੋਟਰ ਤੋਂ ਉਤਰ ਕੇ ਘਰ ਆਏ। ਉਨ੍ਹਾਂ ਦੇ ਹੱਥ ਵਿਚ ਤਾਜ਼ੀ ਅਖ਼ਬਾਰ ਸੀ। ਉਹ ਹੱਸਦੇ ਹੱਸਦੇ ਅੰਦਰ ਆਏ ਤੇ ਆਉਂਦੀਆਂ ਹੀ ਬੈਠਕ ਵਿਚ ਜਾ ਕੇ ਸਰਦਾਰਨੀ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਸੁੱਖ-ਸਾਂਤ ਪੁੱਛ ਕੇ ਕਹਿਣ ਲੱਗੇ, "ਆ ਰਜਨੀ, ਤੈਨੂੰ ਅੱਜ ਨਵੀਂ ਖ਼ਬਰ ਸੁਣਾਈਏ।"

ਰਜਨੀ ਦਿਲ ਵਿਚ ਸੋਚ ਰਹੀ ਸੀ ਕਿ ਜਦੋਂ ਸਰਦਾਰ ਹੁਰੀਂ ਆਉਣਗੇ ਤਾਂ ਸਭ ਤੋਂ ਪਹਿਲੇ ਪੀਰ ਗਾਲ੍ਹੜ ਸ਼ਾਹ ਦੀ ਕਰਾਮਾਤ ਦੀ ਗੱਲ ਉਨ੍ਹਾਂ ਨੂੰ ਸੁਣਾ ਕੇ ਪੁੱਛਾਂਗੀ, ਦੱਸੋ ਮੈਂ ਸੱਚੀ ਨਿਕਲੀ ਕਿ ਨਾ। ਸੋ ਉਸ ਦੇ ਮੂੰਹੋਂ ਨਿਕਲਿਆ, "ਪੀਰ ਗਾਲ੍ਹੜ ਸ਼ਾਹ ਦੀ?"

"ਆਹੋ ਪੀਰ ਗਾਲ੍ਹੜ ਸ਼ਾਹ ਦੀ। ਸੁਣੇਂਗੀ, ਤਾਂ ਵਾਹ ਵਾਹ ਕਰ ਉਠੇਂਗੀ।"

"ਮੈਂ ਜੋ ਕਹਿੰਦੀ ਸਾਂ ਕਿ ਇਹ ਪੀਰ ਬੜੀ ਕਲਾ ਵਾਲਾ ਹੈ, ਪਰ ਤੁਸੀਂ ਮੰਨਦੇ ਨਹੀਂ ਸੀ। ਵੇਖੋ, ਮੇਰੀ ਹਾਲਤ ਬਦਲ ਗਈ ਹੈ ਕਿ ਨਹੀਂ? ਪਰ ਤੁਸੀਂ ਖ਼ਬਰੇ ਅਜੇ ਤੀਕਰ ਵੀ ਆਖਦੇ ਹੋਵੋਗੇ ਕਿ ਇਹ ਸਭ ਪਖੰਡ ਹੀ ਏ।"

"ਮੇਰੀ ਗੱਲ ਵੀ ਸੁਣਨੀ ਏਂ ਕਿ ਆਪਣੀ ਈ ਦੱਬੀ ਜਾਏਂਗੀ।"

"ਦੱਸੋ ਵੀ, ਮੈਂ ਸੁਣਦੀ ਹਾਂ ਪਰ ਵੇਖਣਾ, ਪੀਰ ਲਈ ਕੋਈ ਬੁਰਾ ਸ਼ਬਦ ਨਾ ਬੋਲਣਾ। ਤੁਹਾਡਾ ਨਿਸ਼ਚਾ ਨਹੀਂ ਤਾਂ ਨਾ ਮੰਨੋ। ਤੁਸੀਂ ਤਾਂ ਕਿਸੇ ਗੁਰੂ ਪੀਰ ਦੀ ਵੀ ਕਰਾਮਾਤ ਨਹੀਂ ਮੰਨਦੇ। ਅੰਗਰੇਜ਼ੀ ਪੜ੍ਹਿਆਂ ਨੂੰ ਇਹੋ ਮਾਰ ਵਗ ਜਾਂਦੀ ਏ। ਉਨ੍ਹਾਂ ਦਾ ਕਿਸੇ 'ਤੇ ਸਿਦਕ ਭਰੋਸਾ ਹੀ ਨਹੀਂ ਰਹਿੰਦਾ। ਸਾਹਮਣੇ ਵੇਖਦੇ ਹੋ, ਹੱਥਾਂ ਉਤੇ ਸਰ੍ਹੋਂ ਜੰਮੀ ਏ। ਮੈਂ ਮਰਨ ਕਿਨਾਰਿਓਂ ਰਾਜ਼ੀ ਹੋਈ ਹਾਂ, ਪਰ ਤੁਸੀਂ ਅਜੇ ਵੀ ਕਹਿੰਦੇ ਹੋ ਕਿ ਇਹ ਸਭ ਠੱਗੀ ਏ, ਅਡੰਬਰ ਏ। ਵੇਖਣਾ ਮੈਨੂੰ ਕੋਈ ਅਜਿਹੀ ਭੈੜੀ ਗੱਲ ਨ ਸੁਣਾਣੀ।"

"ਚੰਗਾ ਫਿਰ ਤੁਸੀਂ ਪਹਿਲਾਂ ਆਪਣਾ ਲੈਕਚਰ ਮੁਕਾ ਲੌ, ਮੈਂ ਫਿਰ ਦੱਸਾਂਗਾ।" ਚੇਤੰਨ ਸਿੰਘ ਹੁਰਾਂ ਰਤਾ ਮੂੰਹ ਵੱਟ ਕੇ ਕਿਹਾ।

"ਗੁੱਸੇ ਹੋ ਗਏ ਹੋ? ਮੈਂ ਤਾਂ ਸਹਿ-ਸੁਭਾ ਗੱਲ ਕੀਤੀ ਸੀ। ਚੰਗਾ ਮਾਫੀ ਦਿਓ ਤੇ ਦੱਸੋ ਕੀ ਨਵੀਂ ਖ਼ਬਰ ਏ," ਰਜਨੀ ਨੇ ਕਿਹਾ।

"ਖ਼ਬਰ ਇਹੋ ਏ ਕਿ ਥੋੜੇ ਦਿਨਾਂ ਨੂੰ ਪੀਰ ਗਾਲ੍ਹੜ ਸ਼ਾਹ ਹੁਰਾਂ ਦਾ ਇਸ ਦੁਨੀਆਂ ਤੋਂ ਬਿਸਤਰਾ ਗੋਲ ਹੋਣ ਵਾਲਾ ਏ। ਛਾਉਣੀ ਦੇ ਵੱਡੇ ਅਫ਼ਸਰ ਨੇ ਹੁਕਮ ਦਿੱਤਾ ਏ ਕਿ ਅੱਜ ਤੋਂ ਵੀਹ ਪੰਝੀ ਸਾਲ ਪਹਿਲਾਂ ਇਹ ਜਗ੍ਹਾ ਬਿਲਕੁਲ ਸਫ਼ਾ-ਚਟ ਮੈਦਾਨ ਸੀ, ਇਹ ਛਾਉਣੀ ਦੀ ਜਗ੍ਹਾ ਹੈ। ਬਿਨਾਂ ਆਗਿਆ ਤੋਂ ਇਥੇ ਨਾਜਾਇਜ਼ ਕਬਜ਼ਾ ਕਰ ਕੇ ਕਬਰ ਬਣਾ ਲਈ ਗਈ ਤੇ ਇਹ ਸਾਰਾ ਅਡੰਬਰ ਰਚਿਆ ਗਿਆ ਹੈ। ਐਗਜ਼ੈਕਟਿਵ ਆਫ਼ੀਸਰ ਨੇ ਹੁਕਮ ਦਿੱਤਾ ਹੈ ਕਿ 15 ਦਿਨਾਂ ਦੇ ਅੰਦਰ ਅੰਦਰ ਆਪਣਾ ਸਭ ਮਲਬਾ ਉਠਾ ਕੇ ਲੈ ਜਾਵੋ, ਨਹੀਂ ਤਾਂ ਫੌਜ ਲਿਆ ਕੇ ਸਭ ਮਕਾਨ ਸਾਫ਼ ਕਰ ਦਿੱਤੇ ਜਾਣਗੇ ਤੇ ਇਥੇ ਫੌਜ ਲਈ ਬੈਰਕਾਂ ਬਣਨਗੀਆਂ।"

ਇਹ ਸੁਣ ਕੇ ਰਜਨੀ ਘਬਰਾਈ ਹੋਈ ਬੋਲੀ, "ਇਹ ਕਦੀ ਨਹੀਂ ਹੋਣਾ। ਜਿਹੜਾ ਪੀਰ ਦੀ ਕਬਰ ਢਾਹੁਣ ਜਾਵੇਗਾ, ਉਹ ਅੰਨ੍ਹਾ ਹੋ ਜਾਵੇਗਾ। ਜੋ ਕਹੀ ਮਾਰੇਗਾ, ਉਹਦੇ ਹੱਥ ਟੁੱਟ ਜਾਣਗੇ। ਇਨ੍ਹਾਂ ਲੋਕਾਂ ਦੀ ਕਿਉਂ ਮਤਿ ਮਾਰੀ ਗਈ ਏ? ਜਾਓ ਤੁਸੀਂ ਸਾਹਬ ਨੂੰ ਆਖੋ, ਅਜਿਹੀ ਬੇਵਕੂਫੀ ਨਾ ਕਰੇ।"

"ਮੈਂ ਕਿਉਂ ਜਾ ਕੇ ਆਖਾਂ? ਮੈਂ ਤਾਂ ਅੱਗੇ ਹੀ ਖਿਆਲ ਕਰਦਾ ਸਾਂ ਕਿ ਇਹ ਪੁਰਾਣੀ ਕਬਰ ਨਹੀਂ, ਇਹ ਨਵਾਂ ਹੀ ਅਡੰਬਰ ਏ। ਇਸੇ ਤਰ੍ਹਾਂ ਨਾਲ ਕਈ ਹੋਰ ਸ਼ਹਿਰਾਂ ਵਿਚ ਮਿਊਂਸਪਲ ਕਮੇਟੀਆਂ ਦੀਆਂ ਜ਼ਮੀਨਾਂ ਕਈ ਹਿੰਦੂ, ਮੁਸਲਮਾਨਾਂ ਤੇ ਸਿੱਖ ਸਾਧਾਂ ਫਕੀਰਾਂ ਨੇ ਮੱਲੀਆਂ ਹੋਈਆਂ ਨੇ। ਬਿਨਾਂ ਆਗਿਆ ਮਸੀਤਾਂ ਤੇ ਮੰਦਰ ਬਣਾ ਲਏ ਨੇ, ਜਾਂ ਧੂਣੀਆਂ ਲਾ ਲਈਆਂ ਨੇ। ਕਮੇਟੀਆਂ ਦੇ ਮੈਂਬਰ ਵੋਟਰਾਂ ਤੋਂ ਡਰਦੇ ਉਨ੍ਹਾਂ ਦੇ ਵਿਰੁਧ ਕੋਈ ਕਾਰਵਾਈ ਨਹੀਂ ਕਰਦੇ, ਪਰ ਇਥੇ ਛਾਉਣੀ ਹੈ ਅਤੇ ਸਾਹਬ ਵੀ ਬੜਾ ਕਰੜਾ ਹੈ। ਉਸ ਨੇ ਹੁਣ ਪੀਰ ਹੁਰਾਂ ਦੀਆਂ ਸਾਰੀਆਂ ਕਰਾਮਾਤਾਂ ਮਾਤ ਕਰ ਦੇਣੀਆਂ ਨੇ।"

"ਸਰਦਾਰ ਜੀ, ਚਲੋ ਫਿਰ ਕੁਝ ਦਿਨ ਇਥੋਂ ਬਾਹਰ ਚਲੇ ਚਲੀਏ।"

"ਕਿਉਂ?"

"ਸਾਹਬ ਨੇ ਟਲਣਾ ਨਹੀਂ। ਪੀਰ ਜੀ ਦੀ ਬੇਅਦਬੀ ਕਰਨੀ ਏ ਤੇ ਲਾਹੌਰ ਸਾਰਾ ਗ਼ਰਕ ਹੋ ਜਾਣਾ ਏ।"

ਚੇਤੰਨ ਸਿੰਘ ਖਿੜਖਿੜਾ ਕੇ ਹੱਸ ਪਏ, "ਕਸੂਰ ਇਕ ਸਾਹਬ ਕਰੇਗਾ ਤੇ ਸਾਰੇ ਲਾਹੌਰ ਨੂੰ ਸਜ਼ਾ ਕਿਉਂ ਮਿਲੇਗੀ? ਇਹ ਚੰਗਾ ਨਿਆਂ ਏ! ਰਜਨੀ, ਘਬਰਾਓ ਨਹੀਂ, ਅਜਿਹੀ ਕੋਈ ਗੱਲ ਨਹੀਂ ਹੋਣੀ। ਤੈਨੂੰ ਉਥੇ ਨਾਲ ਲੈ ਚੱਲਾਂਗੇ। ਤੇਰੀਆਂ ਅੱਖੀਆਂ ਦੇ ਸਾਹਮਣੇ ਸਭ ਕੁਝ ਹੋਵੇਗਾ।"

ਸਰਦਾਰਨੀ ਕੁਝ ਗ਼ਮਗੀਨ ਜਿਹੀ ਹੋ ਗਈ, "ਤੁਸੀਂ ਆਉਂਦਿਆਂ ਹੀ ਕੇਹੀ ਚੰਦਰੀ ਖ਼ਬਰ ਸੁਣਾਈ, ਮੇਰਾ ਤਾਂ ਦਿਲ ਥਾਵੇਂ ਨਹੀਂ ਰਿਹਾ। ਮੈਂ ਤਾਂ ਅਜੇ ਵੀ ਕਹਿੰਦੀ ਆਂ, ਸਾਹਬ ਨੂੰ ਕਹੋ, ਜ਼ਮੀਨ ਦੀ ਕੀਮਤ ਸਾਥੋਂ ਲੈ ਲਵੇ ਤੇ ਪੀਰ ਜੀ ਨੂੰ ਕੁਝ ਨਾ ਕਹੇ।"

"ਇਸ ਗੱਲ ਦੀ ਕੀ ਲੋੜ ਏ", ਚੇਤੰਨ ਸਿੰਘ ਨੇ ਰਜਨੀ ਦਾ ਹੌਸਲਾ ਵਧਾਉਂਦਿਆਂ ਹੋਇਆਂ ਕਿਹਾ, "ਸਗੋਂ ਸਾਹਬ ਨੂੰ ਢਾਹੁਣ ਦਾ ਸਵਾਦ ਚੱਖਣ ਦਿਓ ਤਾਂ ਜੋ ਪੀਰ ਜੀ ਦੀ ਸ਼ਕਤੀ ਤੇ ਕਲਾ ਹੋਰ ਪ੍ਰਸਿੱਧ ਹੋ ਜਾਵੇ ਅਤੇ ਫਿਰ ਮੇਰੇ ਵਰਗੇ ਬੇਸਿਦਕਿਆਂ ਨੂੰ ਵੀ ਪੀਰ ਜੀ ਦੀ ਸ਼ਰਨੀਂ ਢਹਿਣਾ ਪਵੇ।"

ਇਹ ਸੁਣ ਕੇ ਰਜਨੀ ਨੇ ਸੋਚਿਆ, ਗੱਲ ਤਾਂ ਠੀਕ ਹੈ। ਪੀਰ ਜੀ ਦੀ ਕਬਰ ਨੂੰ ਛੇੜਨ ਵਾਲੇ ਜ਼ਰੂਰ ਅੰਨ੍ਹੇ ਹੋ ਜਾਣਗੇ। ਫਿਰ ਸਾਡੇ ਸਰਦਾਰ ਜੀ ਵੀ ਮੰਨ ਜਾਣਗੇ ਤੇ ਦੋਵੇਂ ਇਕੱਠੇ ਪੀਰ ਦੀ ਜ਼ਿਆਰਤ ਨੂੰ ਚਲਿਆ ਕਰਾਂਗੇ। ਇਸ ਦੇ ਮਗਰੋਂ ਰਜਨੀ ਨੇ ਆਪਣੀ ਸਾਰੀ ਕਥਾ ਵੀ ਸੁਣਾਈ ਤੇ ਜਾਦੂ ਕੁਤਰ ਜਾਣ ਦੀ ਅੱਖੀਂ ਡਿਠੀ ਕਲਾ ਦੱਸੀ ਤੇ ਫੈਸਲਾ ਹੋਇਆ ਕਿ ਅਗਲੇ ਸੋਮਵਾਰ ਨੂੰ ਪੀਰ ਗਾਲ੍ਹੜ ਸ਼ਾਹ ਦੇ ਚੱਲਾਂਗੇ ਜਦੋਂ ਕਬਰ ਨੂੰ ਗਿਰਾਣ ਲਈ ਫੌਜ ਆਵੇਗੀ।

ਪੀਰ ਗਾਲ੍ਹੜ ਸ਼ਾਹ ਦਾ ਅਹਾਤਾ ਆਦਮੀਆਂ ਨਾਲ ਨੱਕੋ-ਨੱਕ ਭਰਿਆ ਪਿਆ ਹੈ। ਹਜ਼ਾਰਾਂ ਮੁਸਲਮਾਨ ਜੋਸ਼ ਵਿਚ ਭਰੇ ਐਲੀ ਐਲੀ ਦੇ ਨਾਹਰੇ ਲਾ ਰਹੇ ਹਨ। ਹਿੰਦੂ ਤੇ ਸਿੱਖ ਵੀ ਕਈ ਪੀਰ ਜੀ ਦੇ ਸ਼ਰਧਾਲੂ ਮੁਰੀਦ ਤੇ ਕਈ ਤਮਾਸ਼ਾਈ ਆਏ ਹੋਏ ਸਨ। ਸ. ਚੇਤੰਨ ਸਿੰਘ ਵੀ ਸਣੇ ਸਰਦਾਰਨੀ ਰਜਨੀ ਦੇ ਉਥੇ ਪਹੁੰਚ ਗਏ ਹਨ। ਜਲਸਾ ਸ਼ੁਰੂ ਹੋ ਗਿਆ। ਜੋਸ਼ ਭਰੀਆਂ ਨਜ਼ਮਾਂ ਪੜ੍ਹੀਆਂ ਗਈਆਂ। ਫਿਰ ਇਕ ਸੱਜਣ ਨੇ ਬੜਾ ਭੜਕੀਲਾ ਲੈਕਚਰ ਦਿੱਤਾ ਤੇ ਕਿਹਾ, "ਪੀਰ ਗਾਲ੍ਹੜ ਸ਼ਾਹ ਹੁਰਾਂ ਦੀ ਇਹ ਕਬਰ ਅੰਗਰੇਜ਼ਾਂ ਦੇ ਰਾਜ ਤੋਂ ਵੀ ਕਈ ਸੌ ਵਰ੍ਹੇ ਪਹਿਲਾਂ ਦੀ ਹੈ। ਅਸੀਂ ਕਟ ਕੇ ਮਰ ਜਾਵਾਂਗੇ, ਪਰ ਕਬਰ ਨਹੀਂ ਪੁੱਟਣ ਦਿਆਂਗੇ। ਇਸ ਵੇਲੇ ਵੀਹਵੀਂ ਪੁਸ਼ਤ ਦੀ ਗੱਦੀ ਚੱਲ ਰਹੀ ਹੈ। ਐ ਪੀਰ ਸਾਹਿਬ ਦੇ ਮੁਰੀਦੋ! ਮੁਸਲਮਾਨੋ, ਹਿੰਦੂਓ ਤੇ ਸਿੱਖੋ, ਅੱਜ ਤੁਹਾਡੇ ਸਿਦਕ ਦਾ ਇਮਤਿਹਾਨ ਹੈ।"

ਇਸੇ ਤਰ੍ਹਾਂ ਦੀਆਂ ਕੁਝ ਹੋਰ ਤਕਰੀਰਾਂ ਦੇ ਮਗਰੋਂ 40-45 ਕੁ ਸਾਲ ਦਾ ਚੰਗਾ ਸਮਝਦਾਰ, ਵਿਦਵਾਨ ਮੁਸਲਮਾਨ ਬਾਬੂ ਸਟੇਜ ਉਤੇ ਆਇਆ ਤੇ ਇਸ ਤਰ੍ਹਾਂ ਬੋਲਣਾ ਸ਼ੁਰੂ ਕੀਤਾ,

"ਮੈਂ ਮੁਸਲਮਾਨ ਹਾਂ। ਵੀਹ ਪੰਝੀ ਸਾਲ ਤੋਂ ਇਸਲਾਮ ਦੀ ਖਿਦਮਤ ਕਰ ਰਿਹਾ ਹਾਂ। ਦੋ ਵੇਰ ਹੱਜ ਕੀਤੇ ਨੇ। ਮਸਜਦਾਂ ਬਣਵਾਈਆਂ ਨੇ। ਮੈਂ ਆਪਣੇ ਖ਼ੂਨ ਦਾ ਇਕ ਇਕ ਕਤਰਾ ਇਸਲਾਮ ਦੀ ਇੱਜ਼ਤ ਲਈ ਕੁਰਬਾਨ ਕਰ ਦਿਆਂਗਾ। (ਅੱਲਾ ਹੂ ਅਕਬਰ ਦੇ ਨਾਹਰੇ) ਪਰ ਜਿਥੇ ਸੱਚਾਈ ਹੋਵੇ, ਝੂਠ ਨਾ ਹੋਵੇ। ਪੀਰ ਗਾਲ੍ਹੜ ਸ਼ਾਹ ਬਾਰੇ ਜੋ ਅਸਲੀਅਤ ਮੈਨੂੰ ਮਲੂਮ ਏ, ਉਹ ਆਪ ਨੂੰ ਪਤਾ ਨਹੀਂ। ਤੁਸੀਂ ਜੋਸ਼ ਵਿਚ ਓ ਅਤੇ ਸ਼ਾਇਦ ਮੇਰੀ ਗੱਲ ਨਾ ਮੰਨੋ, ਪਰ ਮੈਂ ਅੱਲਾ ਨੂੰ ਹਾਜ਼ਰ ਨਾਜ਼ਰ ਸਮਝ ਕੇ ਇਕਰਾਰ ਕਰਦਾ ਆਂ ਕਿ ਜੇ ਮੈਂ ਝੂਠਾ ਹੋਵਾਂ ਤਾਂ ਮੇਰਾ ਸਿਰ ਇਥੇ ਹੀ ਵੱਢ ਦੇਣਾ। ਗੱਲ ਇਹ ਹੈ ਕਿ ਪੀਰ ਵਾਲੀ ਕਬਰ ਪੁਰਾਣੀ ਨਹੀਂ। ਇਸ ਦੀਆਂ ਇੱਟਾਂ ਪੁੱਟ ਕੇ ਵੇਖੋ ਤਾਂ ਆਪ ਨੂੰ ਪਤਾ ਲੱਗ ਜਾਵੇਗਾ ਕਿ ਇਹ ਵੀਹ ਪੰਝੀ ਕੁ ਸਾਲ ਦੇ ਨਵੇਂ ਭੱਠਿਆਂ ਦੀਆਂ ਇੱਟਾਂ ਹਨ। ਪੰਝੀ ਸਾਲ ਹੋਏ, ਜਦੋਂ ਮੈਂ ਲਾਹੌਰ ਕਾਲਜ ਵਿਚ ਪੜ੍ਹਦਾ ਸੀ, ਮੈਂ ਅਤੇ ਮੇਰੇ ਦੋ ਹੋਰ ਸਾਥੀ ਨਹਿਰ 'ਤੇ ਪੜ੍ਹਨ ਆਇਆ ਕਰਦੇ ਸਾਂ ਅਤੇ ਕਦੀ ਕਦੀ ਓਸ ਟਾਹਲੀ ਹੇਠਾਂ ਬੈਠ ਕੇ ਪੜ੍ਹਿਆ ਕਰਦੇ ਸਾਂ। ਉਦੋਂ ਇਹ ਸਾਰੀ ਜਗ੍ਹਾ ਬਿਲਕੁਲ ਮੈਦਾਨ ਸੀ। ਕਿਸੇ ਕਬਰ ਦਾ ਨਾਂ ਨਿਸ਼ਾਨ ਨਹੀਂ ਸੀ। ਪੀਰ ਗਾਲ੍ਹੜ ਸ਼ਾਹ ਹੁਰੀਂ ਕਿਵੇਂ ਬਣ ਗਏ? ਜਦ ਕਬਰ ਪੁੱਟੋਗੇ ਤਾਂ ਇਸ ਵਿਚੋਂ ਸੰਦੂਕੜੀ ਨਿਕਲੇਗੀ ਤੇ ਉਸ ਵਿਚੋਂ ਪੀਰ ਗਾਲ੍ਹੜ ਸ਼ਾਹ ਦੀ ਸਾਰੀ ਸੱਚੀ ਕਹਾਣੀ ਆਪ ਨੂੰ ਪਤਾ ਲੱਗ ਜਾਵੇਗੀ। ਉਸ ਨੂੰ ਸੁਣ ਕੇ ਆਪ ਨੂੰ ਪੂਰੀ ਤਸੱਲੀ ਹੋ ਜਾਵੇਗੀ। ਆਪ ਜੋਸ਼ ਵਿਚ ਨਾ ਆਵੋ ਅਤੇ ਬੇਫਾਇਦਾ ਆਪਣੀਆਂ ਜਾਨਾਂ ਨਾ ਗਵਾਓ। ਸਰਕਾਰ ਦਾ ਇਥੇ ਕੋਈ ਕਸੂਰ ਨਹੀਂ। ਜੇ ਕੋਈ ਕਸੂਰ ਏ ਤਾਂ ਮੇਰਾ ਤੇ ਮੇਰੇ ਸਾਥੀਆਂ ਦਾ ਹੈ। ਮੈਂ ਇਸ ਰੌਲੇ ਦੀ ਖ਼ਬਰ ਬੰਬਈ ਵਿਚ ਪੜ੍ਹੀ ਜਿਥੇ ਮੈਂ ਅੱਜਕੱਲ੍ਹ ਸੌਦਾਗਰੀ ਕਰ ਰਿਹਾ ਹਾਂ। ਮੈਂ ਸੋਚਿਆ ਕਿ ਅਕਾਰਨ ਹੀ ਸੈਂਕੜੇ ਖ਼ੂਨ ਨਾ ਹੋ ਜਾਣ, ਇਸ ਲਈ ਮੈਂ ਭੱਜਾ ਆਇਆ ਹਾਂ ਤੇ ਅੱਜ ਹੀ ਇਥੇ ਪਹੁੰਚਿਆ ਹਾਂ। ਖ਼ੁਦਾ ਦੇ ਵਾਸਤੇ ਮੇਰੀ ਗੱਲ 'ਤੇ ਯਕੀਨ ਕਰੋ।"

ਇਹ ਸੁਣ ਕੇ ਕਈ ਸਿਆਣੇ ਤਾਂ ਠੰਢੇ ਹੋ ਗਏ, ਪਰ ਆਮ ਲੋਕੀਂ ਰੌਲਾ ਪਾਉਣ ਲੱਗ ਪਏ, "ਇਹ ਕੋਈ ਸਰਕਾਰੀ ਛਛੂੰਦਰ ਏ। ਝੋਲੀ ਚੁੱਕ ਏ। ਇਸ ਦੀ ਗੱਲ ਨਾ ਮੰਨੋ। ਧੋਖਾ ਦੇ ਰਿਹਾ ਏ। ਇਹ ਮੁਸਲਮਾਨ ਨਹੀਂ, ਕਾਫਰ ਏ ਜੋ ਪੀਰ ਜੀ ਦੀ ਕਬਰ ਢਾਹੁਣ ਦੀ ਹਮਾਇਤ ਕਰਦਾ ਏ।"

ਕੋਈ ਸ਼ਰਧਾਲੂ ਆਖਣ ਲੱਗਾ, "ਹੱਛਾ ਸਾਨੂੰ ਕੀ? ਪੀਰ ਗਾਲ੍ਹੜ ਸ਼ਾਹ ਵਿਚ ਥੋੜ੍ਹੀ ਕਰਾਮਾਤ ਏ? ਉਸ ਦੀ ਕਬਰ ਨੂੰ ਛੇੜਨ ਵਾਲਾ ਉਥੇ ਹੀ ਨਾ ਪਥਰ ਬਣ ਜਾਏਗਾ? ਵੇਖੋ ਤਾਂ ਸਹੀ।"

ਗੱਲ ਕੀ ਜਿੰਨੇ ਮੂੰਹ, ਓਨੀਆਂ ਗੱਲਾਂ। ਤਿੰਨ ਵੱਜ ਗਏ। ਫੌਜ ਆ ਗਈ। ਐਗਜ਼ੈਕਟਿਵ ਆਫ਼ੀਸਰ ਵੀ ਘੋੜੇ 'ਤੇ ਸਵਾਰ ਹੋ ਕੇ ਆ ਗਿਆ। ਮਸ਼ੀਨਗੰਨਾਂ ਵੀ ਆ ਗਈਆਂ। ਐਗਜ਼ੈਕਟਿਵ ਆਫ਼ੀਸਰ ਨੂੰ ਮਿਲ ਕੇ ਉਸੇ ਮੁਸਲਮਾਨ ਬਾਬੂ ਨੇ ਸਾਰੀ ਗੱਲ ਸਮਝਾ ਦਿੱਤੀ ਕਿ ਗੁੱਸੇ ਵਿਚ ਨਹੀਂ ਔਣਾ ਤੇ ਗੋਲੀ ਬਿਲਕੁਲ ਨਹੀਂ ਚਲਾਣੀ। ਕਬਰ ਦੇ ਪੁੱਟਣ ਵਿਚ ਮੈਂ ਆਪ ਦੇ ਨਾਲ ਹਾਂ। ਉਸ ਦੇ ਵਿਚੋਂ ਐਸੀ ਚੀਜ਼ ਨਿਕਲੇਗੀ ਕਿ ਸਭ ਐਜੀਟੇਸ਼ਨ ਠੰਢੀ ਹੋ ਜਾਵੇਗੀ ਅਤੇ ਆਪ ਨੂੰ ਕੋਈ ਆਦਮੀ ਬੁਰਾ-ਭਲਾ ਨਹੀਂ ਕਹੇਗਾ।

ਬੜੀ ਸਿਆਣਪ ਨਾਲ ਭੀੜ ਨੂੰ ਲਾਂਭੇ ਕਰ ਕੇ, ਘੇਰਾ ਪਾ ਕੇ ਅਹਾਤੇ ਦੀ ਸਫ਼ਾਈ ਸ਼ੁਰੂ ਹੋਈ। ਮੁਖੀ ਤੇ ਜ਼ਿੰਮੇਵਾਰ ਮੁਸਲਮਾਨਾਂ, ਹਿੰਦੂਆਂ ਤੇ ਸਿੱਖਾਂ ਨੂੰ ਕੋਲ ਖੜ੍ਹਾ ਕਰ ਕੇ ਕਬਰ ਨੂੰ ਪੁੱਟਣਾ ਸ਼ੁਰੂ ਕੀਤਾ ਗਿਆ।

ਸਰਦਾਰ ਚੇਤੰਨ ਸਿੰਘ ਵੀ ਆਪਣੀ ਸੁਪਤਨੀ ਸਣੇ ਕੋਲ ਖੜੋਤੇ ਸਨ। ਕਬਰ ਦੀਆਂ ਇੱਟਾਂ ਜੋ ਸਭ ਤੋਂ ਹੇਠੋਂ ਨਿਕਲੀਆਂ, ਉਹ ਕੋਈ ਵੀਹ ਸਾਲ ਦੇ ਪੁਰਾਣੇ ਭੱਠਿਆਂ ਦੀਆਂ ਸਨ ਜਿਨ੍ਹਾਂ ਦੇ ਠੱਪੇ ਉਪਰ ਲੱਗੇ ਹੋਏ ਸਨ। ਗਜ਼ ਕੁ ਡੂੰਘਾਈ ਤੋਂ ਬੰਦ ਸੰਦੂਕੜੀ ਨਿਕਲੀ। ਹੋਰ ਕੋਈ ਹੱਡੀ ਜਾਂ ਮਨੁੱਖੀ ਅੰਗ ਦਾ ਨਿਸ਼ਾਨ ਨਾ ਨਿਕਲਿਆ। ਸੰਦੂਕੜੀ ਖੋਲ੍ਹੀ ਗਈ। ਉਸ ਵਿਚ ਦੋ ਬੋਤਲਾਂ ਸਨ। ਇਕ ਬੋਤਲ ਵਿਚੋਂ ਗਾਲ੍ਹੜ ਦਾ ਪਿੰਜਰ ਤੇ ਪੂਛ ਨਿਕਲੀ। ਦੂਜੀ ਵਿਚੋਂ ਕਾਗਜ਼ ਨਿਕਲਿਆ ਜਿਸ ਉਤੇ ਜਨਵਰੀ ਸੰਨ... ਦੀ ਤਾਰੀਖ਼ ਪਈ ਸੀ। ਤਿੰਨ ਸੱਜਣਾਂ ਦੇ ਦਸਤਖਤਾਂ ਹੇਠਾਂ ਇਹ ਇਬਾਰਤ ਲਿਖੀ ਹੋਈ ਸੀ,

"ਅੱਜ ਅਸੀਂ ਤਿੰਨੇ ਬੀ.ਏ. ਦੇ ਵਿਦਿਆਰਥੀ ਟਾਹਲੀ ਹੇਠਾਂ ਬੈਠੇ ਪੜ੍ਹ ਰਹੇ ਸਾਂ ਕਿ ਇਕ ਗਾਲ੍ਹੜ ਸਾਡੇ ਅੱਗਿਉਂ ਲੰਘਿਆ। ਸਾਡੇ ਵਿਚੋਂ ਇਕ ਜਣੇ ਨੇ ਉਸ ਵੱਲ ਬੂਟ ਵਗਾਹ ਮਾਰਿਆ। ਉਹ ਉਥੇ ਹੀ ਚਿਤ ਹੋ ਗਿਆ। ਇਹ ਵੇਖ ਕੇ ਸਾਨੂੰ ਬਹੁਤ ਦੁੱਖ ਹੋਇਆ। ਅਸਾਂ ਗਾਲ੍ਹੜ ਚੁੱਕ ਲਿਆ। ਫਿਰ ਸਲਾਹ ਕੀਤੀ, ਇਸ ਨੂੰ ਦਫ਼ਨ ਕਰ ਦਈਏ। ਸਾਡੇ ਵਿਚੋਂ ਇਕ ਨੂੰ ਮੌਜੂ ਸੁੱਝਿਆ ਤੇ ਉਸ ਨੇ ਦੋ ਬੋਤਲਾਂ ਤੇ ਸੰਦੂਕੜੀ ਲੈ ਆਂਦੀ। ਕਹਿਣ ਲੱਗਾ, ਇਸ ਵਿਚ ਬੰਦ ਕਰ ਕੇ ਅਸੀਂ ਇਸ ਦੀ ਕਬਰ ਬਣਾਵਾਂਗੇ ਅਤੇ ਵੇਖਾਂਗੇ ਲੋਕੀਂ ਸਾਡੇ ਗਾਲ੍ਹੜ ਸ਼ਾਹ ਦੀ ਕਿਤਨੀ ਕੁ ਮਾਨਤਾ ਕਰਦੇ ਹਨ। ਦੂਜੇ ਨੇ ਕਿਹਾ, ਕਿਤੇ ਮਗਰੋਂ ਭਾਰੀ ਬਿਪਤਾ ਨਾ ਬਣ ਜਾਵੇ, ਨਾਲ ਇਕ ਚਿੱਠੀ ਲਿਖ ਕੇ ਪਾ ਦਿਓ! ਸੋ ਦੂਜੀ ਬੋਤਲ ਵਿਚ ਅਸੀਂ ਇਹ ਚਿੱਠੀ ਲਿਖ ਕੇ ਪਾ ਰਹੇ ਹਾਂ ਤਾਂ ਜੇ ਜਦ ਕਦੀ ਕੋਈ ਝਗੜਾ ਪਵੇ, ਇਸ ਨੂੰ ਪੜ੍ਹ ਕੇ ਫੈਸਲਾ ਹੋ ਜਾਵੇ।"

ਦਸਤਖਤ 1. ਗੁਲਾਮ ਮੁਹੰਮਦ 2. ਰਾਮ ਨਾਥ 3. ਸ਼ਾਮ ਸਿੰਘ

ਅੱਜ ਤਾਰੀਖ ਜਨਵਰੀ ਸੰਨ...

ਇਹ ਚਿੱਠੀ ਪੜ੍ਹਦਿਆਂ ਹੀ ਖਿੱਲੀ ਮਚ ਗਈ ਅਤੇ ਜੋਸ਼ ਦਾ ਤੂਫ਼ਾਨ ਇਕਦਮ ਸ਼ਾਂਤ ਹੋ ਗਿਆ। ਬੰਬਈ ਵਾਲੇ ਬਾਬੂ ਨੇ ਹੋਰ ਦੱਸਿਆ ਕਿ ਅਸਾਂ ਫਿਰ ਕਬਰ ਬਣਾਈ ਸੀ ਅਤੇ ਬੈਠੇ ਬੈਠੇ ਜੇ ਕੋਈ ਮਿਲੇ, ਅਸੀਂ ਇਹੋ ਕਹਿੰਦੇ ਸਾਂ ਕਿ ਪੀਰ ਗਾਲ੍ਹੜ ਸ਼ਾਹ ਦੀ ਕਬਰ ਹੈ। ਸਾਡੇ ਕਾਲਜ ਵਿਚ ਹੁੰਦਿਆਂ ਹੀ ਕੋਈ ਤਿੰਨ ਕੁ ਮਹੀਨੇ ਮਗਰੋਂ ਇਥੇ ਇਕ ਫ਼ਕੀਰ ਆ ਕੇ ਬੈਠ ਗਿਆ ਸੀ ਜਿਸ ਨੇ ਹਰੀ ਝੰਡੀ ਖੜ੍ਹੀ ਕਰ ਦਿੱਤੀ ਸੀ। ਕਾਲਜ ਪਾਸ ਕਰ ਕੇ ਅਸੀਂ ਆਪੋ ਆਪਣੇ ਕੰਮਾਂ 'ਤੇ ਚਲੇ ਗਏ। ਇਹ ਸਭ ਕੁਝ ਸਾਡੇ ਮਗਰੋਂ ਰਚਨਾ ਰਚੀ ਗਈ।

ਜਦੋਂ ਲੋਕਾਂ ਨੂੰ ਇਸ ਅਸਲੀਅਤ ਦਾ ਪਤਾ ਲੱਗਾ ਤਾਂ ਸਾਰੇ ਸ਼ਹਿਰ ਵਿਚ ਅਖ਼ਬਾਰਾਂ ਵਿਚ ਕਈ ਦਿਨ ਮੌਜੂ ਬਣਿਆ ਰਿਹਾ।

---

# ਵੇ ਪਰਦੇਸੀਂ ਵੱਸਦਿਆ ਸੱਜਣਾ...

*(ਸਫਾ 25 ਦੀ ਬਾਕੀ)*

ਇਸ ਤਰ੍ਹਾਂ ਦਾ ਦੇਸ਼ ਛੱਡ ਕੇ ਨਹੀਂ ਜਾਈਦਾ। ਲੋਕ ਤਾਂ ਸਿੱਧੇ-ਅਸਿੱਧੇ ਢੰਗ-ਤਰੀਕੇ ਵਰਤ ਕੇ ਇੱਥੇ ਪਹੁੰਚਦੇ ਹਨ, ਤੇ ਤੂੰ ਸਭ ਕੁਝ ਛੱਡ ਕੇ ਤੁਰਿਆ ਜਾਂਦਾ ਏਂ। ਮੈਂ ਮਸਾਂ ਉਸ ਨੂੰ ਰੋਕਿਆ।

ਹਰਪਾਲ ਰੁਕ ਤਾਂ ਗਿਆ ਪਰ ਉਸ ਦੇ ਦਿਮਾਗ ਵਿਚ ਹਮੇਸ਼ਾ ਪਿੰਡ ਘੁੰਮਦਾ ਰਹਿੰਦਾ। ਆਪਣੇ ਬੱਚੇ ਤੇ ਘਰਵਾਲੀ ਉਸ ਨੂੰ ਕਦੇ ਨਾ ਭੁੱਲਦੇ। ਆਪਣੀ ਮਾਂ ਨਾਲ ਗੱਲ ਕਰਦਾ ਤਾਂ ਰੋਣੋਂ ਨਾ ਹਟਦਾ। ਬਾਪੂ ਉਸ ਦਾ ਹਮੇਸ਼ਾ ਕਹਿੰਦਾ-ਪਾਲਿਆ ਆ ਜਾ ਪੁੱਤਰਾ! ਮੈਂ ਸ਼ਰੀਕਾਂ ਤੋਂ ਉਂਗਲ ਜਿੰਨੀ ਚੀਜ਼ ਵੀ ਉਧਾਰੀ ਨਹੀਂ ਮੰਗੀ, ਦੇਖੀਂ! ਮੈਨੂੰ ਕਿਤੇ ਆਖਰੀ ਸਮੇਂ ਸ਼ਰੀਕਾਂ ਦਾ ਮੋਢਾ ਨਾ ਉਧਾਰਾ ਲੈਣਾ ਪੈ ਜਾਵੇ। ਹਰਪਾਲ ਦੇ ਮਾਪੇ ਵੀ ਆਪਣੀ ਜਗ੍ਹਾ ਸੱਚੇ ਸਨ। ਥੋੜ੍ਹਾ ਸਮਾਂ ਲੰਘਿਆ ਤਾਂ ਹਰਪਾਲ ਦਾ ਐਕਸੀਡੈਂਟ ਹੋ ਗਿਆ। ਉਹ ਆਪ ਤਾਂ ਬਚ ਗਿਆ, ਪਰ ਟਰੱਕ-ਟਰੇਲਰ ਸੁਆਹ ਹੋ ਗਿਆ। ਇੰਸ਼ੋਰੈਂਸ ਨਾਲ ਕਾਨੂੰਨੀ ਲੜਾਈ ਲੜ ਕੇ ਉਸ ਨੇ ਆਪਣੇ ਨੁਕਸਾਨ ਦੀ ਰਕਮ ਵਸੂਲ ਲਈ। ਲੋਕਾਂ ਨਾਲ ਲੈਣ-ਦੇਣ ਬਰਾਬਰ ਕਰਨ ਲੱਗ ਪਿਆ। ਫਿਰ ਇਕ ਦਿਨ ਇੰਡੀਅਨ ਅੰਬੈਂਸੀ ਤੋਂ ਐਮਰਜੈਂਸੀ ਸਲਿਪ ਲੈਣ ਤੁਰਨ ਲੱਗਿਆ ਤਾਂ ਮੇਰੇ ਕੋਲੋਂ ਫਿਰ ਨਾ ਰਿਹਾ ਗਿਆ। ਮੈਂ ਫਿਰ ਕਹਿ ਦਿੱਤਾ ਕਿ ਬਾਈ! ਆਪਾਂ ਇਕ ਵਾਰ ਵਕੀਲ ਨਾਲ ਰਾਇ ਕਰ ਲਈਏ, ਸ਼ਾਇਦ ਆਪਣਾ ਕੰਮ ਬਣਨ ਵਾਲਾ ਹੀ ਹੋਵੇ। ਹਰਪਾਲ ਨੇ ਕਿਹਾ-ਮੈਂ ਵਕੀਲਾਂ, ਦਲੀਲਾਂ ਤੇ ਅਪੀਲਾਂ ਨੂੰ ਗਿਆਰਾਂ ਸਾਲਾਂ ਤੋਂ ਦੇਖ ਰਿਹਾ ਹਾਂ, ਹੁਣ ਸਿਰ ਤੋਂ ਪਾਣੀ ਲੰਘ ਚੁੱਕਾ ਹੈ। ਬੱਚੇ ਵੱਡੇ ਹੋ ਰਹੇ ਨੇ, ਉਨ੍ਹਾਂ ਨੂੰ ਹੁਣ ਮੇਰੀ ਜ਼ਰੂਰਤ ਹੈ। ਮਾਪਿਆਂ ਨੂੰ ਹੁਣ ਡੰਗੋਰੀ ਦੀ ਲੋੜ ਹੈ। ਕੱਲ੍ਹ ਨੂੰ ਜਦੋਂ ਬੱਚੇ ਵਿਆਹ ਦਿੱਤੇ ਤੇ ਮਾਪੇ ਜਹਾਨੋਂ ਤੁਰ ਗਏ, ਤਾਂ ਮੇਰੇ ਹੱਥ ਕੀ ਆਇਆ? ਬਾਕੀ ਰੋਟੀ ਪਾਣੀ ਜੋਗਾ ਮੈਂ ਜੋੜ ਲਿਆ ਹੈ, ਜੇ ਨਾ ਸਰਿਆ ਤਾਂ ਤੇਰੇ ਕੋਲੋਂ ਮੰਗਾ ਲਵਾਂਗਾ, ਪਰ ਹੁਣ ਮੈਨੂੰ ਨਾ ਰੋਕੀਂ। ਅੱਜ ਮੈਨੂੰ ਵਾਪਸ ਜਾਣ ਦਾ ਉਨਾ ਹੀ ਚਾਅ ਹੈ, ਜਿੰਨਾ ਦਿੱਲੀ ਤੋਂ ਜਹਾਜ਼ ਚੜ੍ਹਨ ਲੱਗੇ ਨੂੰ ਸੀ।

ਹਰਪਾਲ ਟਿਕਟ ਲੈ ਪਿੰਡ ਪਹੁੰਚ ਗਿਆ। ਸਾਡਾ ਮਹੀਨਾ ਭਰ ਦਿਲ ਨਾ ਲੱਗਿਆ। ਫਿਰ ਮਜਬੂਰੀਆਂ ਨੇ ਭੱਜ-ਨੱਠ ਵਿਚ ਰੋਲ ਦਿੱਤਾ। ਹਰਪਾਲ ਨਾਲ ਫੋਨ 'ਤੇ ਗੱਲ ਕਰ ਕੇ ਮਨ ਹੌਲਾ ਕਰ ਲੈਂਦਾ। ਮੇਰੇ ਬੱਚੇ ਵੀ ਉਡਾਰ ਹੋਣ ਲੱਗੇ, ਪਰ ਅਜੇ ਘਰਵਾਲੀ ਘਰ ਜੋਗੀ ਹੀ ਸੀ, ਮੈਨੂੰ ਸਾਹ ਦਿਵਾਉਣ ਜੋਗੀ ਨਹੀਂ ਸੀ ਹੋਈ। ਉਧਰ, ਹਰਪਾਲ ਨੇ ਜਾ ਕੇ ਇਕ ਸਾਲ ਤਾਂ ਬਾਹਰ ਪੈਰ ਨਾ ਕੱਢਿਆ। ਸਾਲ ਪਿੱਛੋਂ ਦੋ ਪਲਾਟ ਖਰੀਦ ਲਏ। ਸ਼ਹਿਰ ਆਪਣੇ ਕਿਸੇ ਸੱਜਣ ਕੋਲ ਦੁਕਾਨ 'ਤੇ ਬੈਠਾ ਰਹਿੰਦਾ ਤੇ ਹੌਲੀ-ਹੌਲੀ ਉਸ ਨੇ ਪ੍ਰਾਪਰਟੀ ਡੀਲਰ ਵਜੋਂ ਪੈਰ ਮਜ਼ਬੂਤ ਕਰ ਲਏ। ਜ਼ਮੀਨਾਂ ਅਤੇ ਪਲਾਟਾਂ ਦੀ ਕੀਮਤ ਘੰਟਿਆਂ ਬਾਅਦ ਚੜ੍ਹਦੀ ਜਾਂਦੀ। ਉਸ ਦੇ ਖਰੀਦੇ ਪਲਾਟ ਚਾਰ ਗੁਣਾਂ ਵਧਦੇ ਗਏ। ਚਹੁੰ-ਪੰਜਾਂ ਸਾਲਾਂ ਵਿਚ ਹਰਪਾਲ ਨੇ ਰੁਪਈਆ ਇੰਜ ਇਕੱਠਾ ਕੀਤਾ, ਜਿਵੇਂ ਜੱਟ ਤੰਗਲੀ ਨਾਲ ਤੂੜੀ ਇਕੱਠੀ ਕਰਦਾ ਹੈ।

ਸ਼ਹਿਰ ਵਿਚ ਖਰੀਦੇ ਪਲਾਟ ਵਿਚ ਸੱਠ ਲੱਖ ਰੁਪਏ ਲਾ ਕੇ ਕੋਠੀ ਪਾਈ। ਬੱਚਿਆਂ ਨੂੰ ਚੰਗੇ ਸਕੂਲਾਂ ਵਿਚ ਪੜ੍ਹਨੇ ਪਾਇਆ। ਹਰਪਾਲ ਦੇ ਮਾਂ ਬਾਪ ਵੀ ਦੂਣੇ ਹੋ ਗਏ। ਉਨ੍ਹਾਂ ਨੂੰ ਵੀ ਪਤਾ ਸੀ ਕਿ ਘਰ ਦੇ ਵਿਹੜੇ ਪੁੱਤਾਂ ਨਾਲ ਹੀ ਭਰੇ ਚੰਗੇ ਲੱਗਦੇ ਹਨ। ਹਰਪਾਲ ਦੀ ਭੈਣ ਬੇਸ਼ੱਕ ਪਹਿਲਾਂ ਆ ਕੇ ਮਾਂ-ਬਾਪ ਦਾ ਦੁੱਖ ਵੰਡਾ ਜਾਂਦੀ ਸੀ, ਪਰ ਉਹ ਵੀ ਹੁਣ ਆਪਣੇ ਘਰ ਭੱਜਣ ਦੀ ਕਾਹਲ ਕਰਦੀ। ਉਸ ਦਾ ਜੋਗੀਆਂ ਵਾਲਾ ਫੇਰਾ ਮਾਪਿਆਂ ਨੂੰ ਖੁਸ਼ ਨਾ ਕਰਦਾ, ਉਂਜ ਹੁਣ ਮਾਪੇ ਬਾਗੋ-ਬਾਗ ਸਨ। ਹਰਪਾਲ ਦੀ ਧੀ ਪਲੱਸ ਟੂ ਕਰ ਕੇ ਆਇਲੈਟ ਕਰਨ ਲੱਗ ਪਈ। ਪੁੱਤ ਪਲੱਸ ਵਨ ਵਿਚ ਦਾਖਲ ਹੋ ਗਿਆ। ਹਰਪਾਲ ਜਿਹੜਾ ਹਰੇ ਪੱਤੇ ਨੂੰ ਉਡੀਕਦਾ ਰਹਿੰਦਾ ਸੀ, ਅੱਜ ਉਸ ਦੇ ਵਿਹੜੇ ਖੁਸ਼ੀਆਂ ਦੀ ਹਰਿਆਵਲ ਨੱਚ ਰਹੀ ਸੀ।

ਇਕਬਾਲ ਨੇ ਦੱਸਿਆ, ਮੇਰੇ ਦੋਵੇਂ ਪੁੱਤਰ ਸਕੂਲ ਵਿਚੋਂ ਨਿਕਲੇ ਤਾਂ ਕਾਲਜ ਜਾ ਵੜੇ। ਕਾਲਜ ਵੜਨ ਸਾਰ ਹੀ ਉਨ੍ਹਾਂ ਨੂੰ ਅਮਰੀਕਾ ਦੇ ਕਲਚਰ ਨੇ ਆਪਣੀ ਬੁੱਕਲ ਵਿਚ ਲਪੇਟ ਲਿਆ। ਸਾਡੇ ਪਿਆਰ ਦਾ ਮੁੱਲ ਉਹ ਪੁੱਠੀਆਂ ਕਰਤੂਤਾਂ ਕਰ ਕੇ ਮੋੜਨ ਲੱਗੇ। ਮੇਰੀ ਜ਼ਿੰਦਗੀ ਨੂੰ ਫਿਕਰਾਂ ਨੇ ਘੇਰ ਲਿਆ। ਹੱਸਦੇ ਰਹਿੰਦੇ ਚਿਹਰੇ 'ਤੇ ਕਾਲੀ ਸਿਆਹੀ ਫਿਰਨ ਲੱਗੀ। ਫਿਰ ਇਕ ਦਿਨ ਤਾਂ ਵੱਡੇ ਪੁੱਤ ਨੇ ਮਰਨ ਬਰਾਬਰ ਕਰ ਦਿੱਤਾ, ਜਦੋਂ ਕਿਹਾ ਕਿ ਮੈਂ ਆਪਣੇ ਨਾਲ ਪੜ੍ਹਦੀ ਅਫਰੀਕਨ ਮੂਲ ਦੀ ਕਾਲੀ ਕੁੜੀ ਨਾਲ ਵਿਆਹ ਕਰਵਾਉਣਾ ਹੈ।

ਮੇਰੇ ਦਿਲ ਦੇ ਅਰਮਾਨਾਂ ਨੂੰ ਪੁੱਤਰ ਨੇ ਬਿਨਾਂ ਤੀਲੀ ਤੋਂ ਫੂਕ ਸੁੱਟਿਆ ਸੀ। ਮੈਂ ਤਾਂ ਪੁੱਤਰਾਂ ਨੂੰ ਪੜ੍ਹਾ ਕੇ ਆਪਣੇ ਯਾਰ ਹਰਪਾਲ ਦੀ ਧੀ ਦੇ ਕਾਬਲ ਬਣਾਉਣਾ ਚਾਹੁੰਦਾ ਸੀ ਤੇ ਹਰਪਾਲ ਨੂੰ ਮੁੜ ਅਮਰੀਕਾ ਵਿਚ ਦੇਖਣਾ ਚਾਹੁੰਦਾ ਸੀ, ਪਰ ਪੁੱਤਰਾਂ ਲਈ ਸਾਡੀ ਯਾਰੀ ਕੋਈ ਮਾਅਨਾ ਨਹੀਂ ਸੀ ਰੱਖਦੀ। ਉਨ੍ਹਾਂ ਨੂੰ ਤਾਂ ਆਪਣੀ ਮੌਜ-ਮਸਤੀ ਪਿਆਰੀ ਸੀ। ਅਖੀਰ ਵੱਡਾ ਪੁੱਤ ਘਰ ਹੀ ਛੱਡ ਗਿਆ। ਵੱਡੇ ਵਾਂਗ ਛੋਟਾ ਨਾ ਹੱਥੋਂ ਨਿਕਲ ਜਾਵੇ, ਇਸ ਗੱਲੋਂ ਚੱਤੇ ਪਹਿਰ ਡਰਦੇ ਰਹਿੰਦੇ। ਇੰਜ ਲੱਗਦਾ ਜਿਵੇਂ ਉਹ ਸਾਡੇ ਮਾਪੇ ਹੋਣ ਤੇ ਅਸੀਂ ਉਨ੍ਹਾਂ ਦੇ ਧੀ-ਪੁੱਤ।

ਹਰਪਾਲ ਦੀ ਧੀ ਆਇਲੈਟ ਕਰ ਕੇ ਪੜ੍ਹਾਈ ਦੇ ਤੌਰ 'ਤੇ ਕੈਨੇਡਾ ਆ ਗਈ। ਪੁੱਤ ਅਗਾਂਹ ਪੜ੍ਹੀ ਗਿਆ। ਹਰਪਾਲ ਨੇ ਹੌਲੀ-ਹੌਲੀ ਇਲਾਕੇ ਦੇ ਐਮ.ਐਲ.ਏ. ਤੱਕ ਆਉਣੀ-ਜਾਣੀ ਬਣਾ ਲਈ। ਸ਼ਹਿਰ ਵਿਚ ਵੀ ਚਾਰ ਭਾਈ ਪੁੱਛ ਕੇ ਗੱਲ ਕਰਨ ਲੱਗ ਗਏ। ਲੀਡਰੀ ਕੋਟੇ ਵਿਚੋਂ ਹੀ ਵੀਜ਼ਾ ਲੁਆ ਕੇ ਸਾਰਾ ਯੂਰਪ ਘੁੰਮ ਗਿਆ ਤੇ ਮੇਰੀ ਕਾਰ ਘਰ ਤੋਂ ਸਟੋਰ ਤੱਕ ਹੀ ਘੁੰਮਦੀ ਰਹਿੰਦੀ। ਕਾਰ ਵੀ ਦਸਾਂ ਸਾਲਾਂ ਬਾਅਦ ਮਸਾਂ ਬਦਲੀ ਸੀ। ਕੰਮ ਦੀ ਭੱਜ-ਨੱਠ ਕਰਦਿਆਂ ਸਮਾਂ ਬੀਤਦਾ ਗਿਆ। ਮੇਰਾ ਗਰੀਨ ਕਾਰਡ ਆ ਗਿਆ। ਮੈਂ ਮਹੀਨੇ ਦੀ ਛੁੱਟੀ ਲੈ ਪਿੰਡ ਚਲਿਆ ਗਿਆ। ਦੂਜੇ ਦਿਨ ਹੀ ਜਾਹ ਕੇ ਹਰਪਾਲ ਨੂੰ ਮਿਲਿਆ। ਮੈਂ ਤਾਂ ਉਸ ਦਾ ਘਰ-ਬਾਰ ਤੇ ਕੰਮ-ਕਾਜ ਦੇਖ ਕੇ ਹੈਰਾਨ ਹੋ ਗਿਆ। ਮੈਨੂੰ ਆਪਣੇ ਆਪ ਇੰਜ ਲੱਗਿਆ ਕਿ ਜਿਵੇਂ ਮੈਂ ਗਰੀਬੀ ਦਾ ਭੰਨ੍ਹਿਆ ਅੱਜ ਅਮਰੀਕਾ ਤੋਂ ਨਹੀਂ, ਉਸ ਪੰਜਾਬੋਂ ਆਇਆ ਹੋਵਾਂ ਜਿਸ ਪੰਜਾਬ ਨੂੰ ਛੱਡ ਕੇ ਬੇਗਾਨੇ ਮੁਲਕ ਦੀ ਹਿੱਕ ਨੂੰ ਚੁੰਬੜੇ ਸੀ। ਹਰਪਾਲ ਦੀ ਚੜ੍ਹਾਈ ਦੇਖ ਕੇ ਮੈਨੂੰ ਆਪਣੇ ਬੋਲਾਂ 'ਤੇ ਸ਼ਰਮਿੰਦਗੀ ਹੋਣ ਲੱਗੀ ਕਿ ਇੰਡੀਆ ਜ਼ਿੰਦਗੀ ਨਰਕ ਬਣ ਜਾਊਗੀ, ਪਰ ਮੈਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਪਰਮਾਤਮਾ ਨੇ ਜਦੋਂ ਦੇਣਾ ਤਾਂ ਇਥੇ ਵੀ ਦੇ ਦੇਣਾ ਤੇ ਉਥੇ ਵੀ!

ਹਰਪਾਲ ਨੇ ਧੀ ਕੈਨੇਡਾ ਵਿਆਹ ਦਿੱਤੀ। ਪੁੱਤ ਨੂੰ ਇੰਡੀਆ ਵਿਚ ਹੀ ਵਿਆਹ ਲਿਆ। ਦੋ ਵਕਤ ਦੀ ਰੋਟੀ ਮਿਲਦੀ ਹੈ ਤੇ ਮਨ ਸ਼ਾਂਤੀ ਵਿਚ ਹੈ। ਇਕ-ਦੋ ਸੌਦੇ ਕਰਵਾ ਕੇ ਰੋਟੀ ਜੋਗਾ ਕਰੀ ਜਾਂਦਾ ਹੈ। ਜ਼ਮੀਨ ਦਾ ਮਾਮਲਾ ਤੇ ਰਕਮ ਦਾ ਵਿਆਜ਼ ਦਿਨੋ-ਦਿਨ ਖਾਤੇ ਵਿਚ ਰੌਣਕ ਲਾਈ ਜਾਂਦੇ ਹਨ। ਇੱਧਰ ਮੇਰਾ ਵੱਡਾ ਪੁੱਤ ਤਾਂ ਪੱਕਾ ਹੀ ਕਾਲਿਆਂ ਦੀ ਕਾਲੋਨੀ ਵਿਚ ਰਹਿੰਦਾ ਹੈ। ਛੋਟੇ ਨੂੰ ਜੇ ਵਿਆਹ ਬਾਰੇ ਪੁੱਛੀਦਾ ਹੈ ਤਾਂ ਉਹ ਅੱਗਿਉਂ ਆਖ ਦਿੰਦਾ ਹੈ, ਪਾਪਾ ਇਹ ਤੇਰਾ ਬਿਜ਼ਨਸ ਨਹੀਂ ਹੈ। ਜਦੋਂ ਲੋੜ ਪਈ, ਮੈਂ ਆਪੇ ਕਰਵਾ ਲਾਊਂਗਾ। ਤੇ ਮੈਂ ਬਿੱਲ ਬੱਤੀਆਂ ਜੋਗਾ ਕਮਾਈ ਜਾਂਦਾ ਹਾਂ।"

ਬਾਈ ਇਕਬਾਲ ਦੀ ਕਹਾਣੀ ਸੁਣ ਕੇ ਮੈਂ ਵੀ ਸੋਚਣ ਲਈ ਮਜਬੂਰ ਹੋ ਗਿਆ ਕਿ ਜੇ ਰੱਬ ਚਾਹੇ ਤਾਂ ਮੰਜੀ ਖੰਜੂਰ ਥੱਲੇ ਵੀ ਡਾਹੀ ਜਾ ਸਕਦੀ ਹੈ ਤੇ ਠੰਢੀ ਛਾਂ ਦਾ ਅਨੰਦ ਲਿਆ ਜਾ ਸਕਦਾ ਹੈ।

#

ਨੌਜਵਾਨ ਫਿਲਮਸਾਜ਼ ਜਤਿੰਦਰ ਮੌਹਰ 'ਪੰਜਾਬ ਟਾਈਮਜ਼' ਦੇ ਪਾਠਕਾਂ ਨਾਲ ਸ਼ਬਦ-ਸਾਂਝ ਪਾਉਣ ਇਕ ਵਾਰ ਫਿਰ ਹਾਜ਼ਰ ਹੈ। ਇਨ੍ਹਾਂ ਕਾਲਮਾਂ ਵਿਚ ਉਸ ਦਾ ਹਫਤਾਵਾਰੀ ਕਾਲਮ 'ਪਹਿਲੀ ਗੱਲ' ਛਪਦਾ ਰਿਹਾ ਹੈ ਜਿਸ ਨੂੰ ਵਾਹਵਾ ਹੁੰਗਾਰਾ ਮਿਲਿਆ ਸੀ। ਇਸ ਅੰਕ ਤੋਂ ਉਹ ਹਰ ਹਫਤੇ 'ਕਲਾ ਤੇ ਜ਼ਿੰਦਗੀ' ਕਾਲਮ ਨਾਲ ਦਸਤਕ ਦਿਆ ਕਰੇਗਾ। ਆਪਣੀ ਪਹਿਲੀ ਪੰਜਾਬੀ ਫਿਲਮ 'ਮਿੱਟੀ' (2010) ਨਾਲ ਉਹ ਫਿਲਮ ਜਗਤ ਵਿਚ ਆਪਣੀ ਵਿਲੱਖਣ ਪਛਾਣ ਬਣਾ ਚੁੱਕਾ ਹੈ। ਇਸ ਤੋਂ ਬਾਅਦ ਉਸ ਨੇ 'ਸਰਸਾ' ਬਣਾਈ। ਅੱਜਕੱਲ੍ਹ ਉਹ ਆਪਣੀ ਨਵੀਂ ਫਿਲਮ ਦੀ ਪਟਕਥਾ ਲਿਖਣ ਵਿਚ ਰੁੱਝਿਆ ਹੋਇਆ ਹੈ।




# ਮੁਕਾਮੀ ਤ੍ਰਾਸਦੀਆਂ ਤੇ ਲਾਤੀਨੀ ਸਿਨੇਮਾ


'ਦਿ ਸੀਕਰੇਟ ਇਨ ਦੇਅਰ ਆਈਜ਼' ਫਿਲਮ ਵਿਚ ਸੋਲਦਾਦ ਵਿਲਾਮੀ।

ਸਿਨੇਮਾ ਮਨੁੱਖੀ ਸੰਵੇਦਨਾ ਨੂੰ ਪਰਦਾਪੇਸ਼ ਕਰਨ ਦਾ ਮਾਧਿਅਮ ਹੈ ਜੋ ਮਨੁੱਖੀ ਪਿੰਡੇ ਅਤੇ ਰੂਹਾਂ 'ਤੇ ਹੰਢਾਈਆਂ ਤ੍ਰਾਸਦੀਆਂ ਨਾਲ ਸਮਕਾਲੀ ਸੰਵਾਦ ਰਚਾਉਂਦਾ ਹੈ। ਇਸ ਜ਼ਿੰਮੇਵਾਰ ਸੰਵਾਦ 'ਚੋਂ ਲੋਕਾਈ ਦੇ ਰੌਸ਼ਨ ਭਵਿੱਖ ਦੀ ਪੈੜ ਮਿਲ ਸਕਦੀ ਹੈ। ਚਾਲੂ ਅਤੇ ਗ਼ੈਰ-ਜ਼ਿੰਮੇਵਾਰ ਫ਼ਿਲਮਾਂ ਬਣਾਉਣ ਦਾ ਰੁਝਾਨ ਬੇਸ਼ੱਕ ਭਾਰੂ ਰੂਪ 'ਚ ਸਾਹਮਣੇ ਆਉਂਦਾ ਰਿਹਾ ਹੈ, ਪਰ ਸੁਹਿਰਦ ਅਤੇ ਜ਼ਿੰਮੇਵਾਰ ਸਿਨੇਮਾ ਦੀ ਲੰਮੀ ਰਵਾਇਤ ਵੀ ਰਹੀ ਹੈ; ਇਹ ਭਾਵੇਂ ਘੱਟ ਗਿਣਤੀ ਵਿਚ ਹੀ ਕਿਉਂ ਨਾ ਹੋਵੇ। ਇਨ੍ਹਾਂ ਫ਼ਿਲਮਸਾਜ਼ਾਂ ਨੇ ਵਿੱਤੀ, ਸਮਾਜਕ ਅਤੇ ਸਿਆਸੀ ਪਾਬੰਦੀਆਂ ਦੇ ਖ਼ਿਲਾਫ਼ ਲੰਮੀ ਲੜਾਈ ਲੜੀ ਹੈ ਜੋ ਅੱਜ ਵੀ ਜਾਰੀ ਹੈ ਅਤੇ ਅਨੇਕਾਂ ਔਕੜਾਂ ਦੇ ਬਾਵਜੂਦ ਭਵਿੱਖ ਵਿਚ ਜਾਰੀ ਰਹੇਗੀ।

ਵੱਖਰੇ ਵੱਖਰੇ ਮੁਲਕਾਂ ਦੇ ਫ਼ਿਲਮਸਾਜ਼ਾਂ ਨੇ ਮੁਕਾਮੀ ਸੰਵੇਦਨਾਵਾਂ ਅਤੇ ਤ੍ਰਾਸਦੀਆਂ ਨੂੰ ਵਿਸ਼ਾ ਬਣਾ ਕੇ ਫ਼ਿਲਮ-ਕਿਰਤਾਂ ਸਿਰਜੀਆਂ ਹਨ। ਫ਼ਿਲਮਸਾਜ਼ ਜ਼ਿੰਮੇਵਾਰੀ ਅਤੇ ਦਰਦਮੰਦੀ ਦੇ ਅਹਿਸਾਸ 'ਚੋਂ ਆਪਣੇ ਨੇੜੇ ਦੇ ਲੋਕਾਂ ਦੇ ਦੁੱਖਾਂ ਦੀ ਬਾਤ ਪਾਉਂਦਾ ਹੈ। ਮੁਕਾਮੀ ਤ੍ਰਾਸਦੀ ਨੂੰ ਆਲਮੀ ਹਾਲਾਤ ਦੀ ਕੜੀ ਵਜੋਂ ਪੇਸ਼ ਕਰਨਾ ਫ਼ਿਲਮਸਾਜ਼ ਦਾ ਹਾਸਲ ਹੁੰਦਾ ਹੈ। ਗ਼ੈਰ-ਬੋਲੀ ਅਤੇ ਵੱਖਰੇ ਖ਼ਿੱਤੇ ਦਾ ਬੰਦਾ ਦੂਰ-ਦੁਰੇਡੇ ਵਾਪਰੇ ਹਾਦਸੇ ਨਾਲ ਸਾਂਝੀ ਤੰਦ ਲੱਭਦਾ ਹੈ।

ਇਸ ਪ੍ਰਸੰਗ 'ਚ ਲਾਤੀਨੀ ਫ਼ਿਲਮਸਾਜ਼ਾਂ ਦਾ ਜ਼ਿਕਰ ਕਰਨਾ ਬਣਦਾ ਹੈ। ਪਿਛਲੀ ਸਦੀ 'ਚ ਲਾਤੀਨੀ ਮੁਲਕਾਂ ਨੇ ਸਾਮਰਾਜੀ ਜੰਗਬਾਜ਼ਾਂ ਵਲੋਂ ਥੋਪੀਆਂ 'ਜਮਹੂਰੀ' ਅਤੇ ਫ਼ੌਜੀ ਤਾਨਾਸ਼ਾਹੀਆਂ ਦਾ ਕਹਿਰ ਝੱਲਿਆ ਹੈ ਜੋ ਮਨੁੱਖੀ-ਇਤਿਹਾਸ ਦਾ ਕਾਲਾ ਪੰਨਾ ਹੈ। ਕੁਦਰਤੀ ਸੋਮਿਆਂ ਦੀ ਭਾਰੀ ਲੁੱਟ ਇਨ੍ਹਾਂ ਮੁਲਕਾਂ 'ਚ ਮਚਾਈ ਗਈ। ਲੁੱਟ ਦਾ ਰਾਜ ਜਾਰੀ ਰੱਖਣ ਲਈ ਹਰ ਤਰ੍ਹਾਂ ਦੇ ਹੱਥਕੰਡੇ ਵਰਤੇ ਗਏ। ਸੰਨ 1973 ਵਿਚ ਚਿੱਲੀ ਦੀ ਜਮਹੂਰੀ ਸਰਕਾਰ ਦੇ ਮੁਖੀ ਸਲਾਵਡੋਰ ਅਲਾਂਦੇ ਨੂੰ ਦਿਨ-ਦਿਹਾੜੇ ਕਤਲ ਕਰ ਦਿੱਤਾ ਗਿਆ। ਜਨਰਲ ਪਿਨੋਚੇ ਦੇ ਫ਼ੌਜੀ ਨਿਜ਼ਾਮ ਨੇ ਵੱਖਰੀ ਸਿਆਸੀ ਸੋਚ ਰੱਖਣ ਵਾਲੇ ਜੀਆਂ ਨੂੰ ਵਿਉਂਤਬੱਧ ਢੰਗ ਨਾਲ ਕਿਉਟਣਾ ਸ਼ੁਰੂ ਕੀਤਾ। ਮੁਲਕ ਦੇ ਖੇਡ ਮੈਦਾਨਾਂ ਤੋਂ ਲੈ ਕੇ ਐਟਾਕਾਮਾ ਦੇ ਮਾਰੂਥਲ ਨੂੰ ਤਸ਼ੱਦਦਖਾਨਿਆਂ 'ਚ ਤਬਦੀਲ ਕਰ ਦਿੱਤਾ ਗਿਆ।

ਅਮਰੀਕਾ ਦੀ ਸ਼ਹਿ ਹੇਠ ਫ਼ੌਜੀ ਦਹਿਸ਼ਤਗਰਦੀ ਦਾ ਨੰਗਾ ਨਾਚ ਬ੍ਰਾਜ਼ੀਲ, ਅਰਜਨਟੀਨਾ ਅਤੇ ਬਹੁ ਗਿਣਤੀ ਲਾਤੀਨੀ ਮੁਲਕਾਂ 'ਚ ਨੱਚਿਆ ਗਿਆ। ਬਸਤਾਨਾਂ ਅਤੇ ਫ਼ੌਜੀਆਂ ਨੇ ਤਰੱਕੀ, ਕੌਮਵਾਦ ਅਤੇ ਕਮਿਉਨਿਜ਼ਮ ਦੇ ਖ਼ਤਰੇ ਤੋਂ ਬਚਾਅ ਵਰਗੇ ਤਿੰਨ ਬਦਨਾਮ ਨਾਅਰਿਆਂ ਹੇਠ ਇਹ ਭਿਆਨਕ ਦਹਿਸ਼ਤ-ਚੱਕਰ ਚਲਾਇਆ। ਲਾਤੀਨੀ ਫ਼ਿਲਮਸਾਜ਼ਾਂ ਨੇ ਉਨ੍ਹਾਂ ਦਹਿਸ਼ਤੀ ਸਮਿਆਂ ਬਾਰੇ ਲਗਾਤਾਰ ਫ਼ਿਲਮਾਂ ਬਣਾਈਆਂ ਹਨ ਅਤੇ ਬਣਾ ਰਹੇ ਹਨ। ਇਨ੍ਹਾਂ ਫ਼ਿਲਮਾਂ ਵਿਚ ਦਹਿਸ਼ਤ ਦੇ, ਲਾਤੀਨੀ ਮਾਨਸਿਕਤਾ ਉੱਤੇ ਪਏ ਫ਼ੌਰੀ ਅਤੇ ਚਿਰਕਾਲੀ ਅਸਰ ਨੂੰ ਉਘੜਵੇ ਰੂਪ 'ਚ ਦੇਖਿਆ ਜਾ ਸਕਦਾ ਹੈ। ਦਿ ਸੀਕਰੇਟ ਇਨ ਦੇਅਰ ਆਈਜ਼, ਨਾਈਟ ਔਫ਼ ਦਿ ਪੈਨਸਿਲਜ਼, ਨੋ, ਦਿ ਆਫ਼ੀਸ਼ੀਅਲ ਸਟੋਰੀ, ਜ਼ੂਜ਼ੂ ਏਂਜਲ, ਪੋਸਟ ਮਾਰਟਮ, ਕਰੌਨੀਕਲ ਔਫ਼ ਐਨ ਐਸਕੇਪ, ਫੀਸਟ ਔਫ਼ ਦਿ ਗੋਟ, ਇਨ ਦਿ ਟਾਈਮ ਔਫ਼ ਬਟਰਫਲਾਈਜ਼, ਪ੍ਰਾਈਵੇਟ ਲਾਈਵਜ਼, ਬੈਟਲ ਔਫ਼ ਚਿਲੀ, ਮਚੂਕਾ, ਸੇਮ ਲਵ ਸੇਮ ਰੇਨ ਅਤੇ ਹੈਡ ਲੈਸ ਵਿਮੈਨ ਵਰਗੀਆਂ ਫ਼ਿਲਮਾਂ ਇਸ ਰੁਝਾਨ ਦੀਆਂ ਨੁਮਾਇੰਦਾ ਅਤੇ ਗੌਲਣਯੋਗ ਕਿਰਤਾਂ ਹਨ। ਇਹ ਫ਼ਿਲਮਾਂ ਚਰਚ ਤੋਂ ਲੈ ਕੇ ਤ੍ਰਾਸਦੀ ਲਈ ਜ਼ਿੰਮੇਵਾਰ ਹਰ ਸਮਾਜਕ ਅਤੇ ਸਿਆਸੀ ਅਦਾਰਿਆਂ 'ਤੇ ਸਵਾਲ ਉਠਾਉਂਦੀਆਂ ਹਨ।

ਅਰਜਨਟੀਨਾ ਵਿਚ 'ਗੰਦੀ ਜੰਗ' (1976-86) ਦੇ ਦਿਨਾਂ 'ਚ ਫ਼ੌਜੀ ਤਾਨਾਸ਼ਾਹੀ ਨੇ ਮੁਲਕ ਦੇ ਹਜ਼ਾਰਾਂ ਖੱਬੇ-ਪੱਖੀ, ਮਜ਼ਦੂਰ ਆਗੂ, ਵਿਦਿਆਰਥੀ ਅਤੇ ਬੁੱਧੀਜੀਵੀ ਕਸਾਈਖਾਨਿਆਂ 'ਚ ਮਾਰ-ਖਪਾ ਦਿੱਤੇ। ਪਿਛਲੇ ਦਿਨੀਂ 'ਗੰਦੀ ਜੰਗ' ਦੇ ਫ਼ੌਜੀ ਤਾਨਾਸ਼ਾਹ ਜਾਰਜ ਰਾਫੇਲ ਵਿਡੈਲਾ ਨੂੰ 'ਸੋਚੀ ਸਮਝੀ ਸਾਜ਼ਿਸ਼' ਤਹਿਤ ਕੈਦੀ ਕੁੜੀਆਂ ਦੇ ਬੱਚੇ ਚੋਰੀ ਕਰਨ ਦੇ ਜੁਰਮ 'ਚ ਪੰਜਾਹ ਸਾਲ ਦੀ ਸਜ਼ਾ ਸੁਣਾਈ ਗਈ। ਵਿਡੈਲਾ ਆਪਣੇ ਰਾਜ ਵੇਲੇ ਕਹਿੰਦਾ ਹੁੰਦਾ ਸੀ ਕਿ ਰਾਜ ਦੀ ਰੱਖਿਆ ਲਈ ਹਰ ਨਾਬਰ ਬੰਦੇ ਨੂੰ ਮਾਰਾਂਗੇ। ਉਸ ਉੱਤੇ ਪੰਜ ਸੌ ਤੋਂ ਵੱਧ ਬੱਚੇ ਚੋਰੀ ਕਰਨ ਦਾ ਇਲਜ਼ਾਮ ਹੈ। ਜੇਲ੍ਹ ਵਿਚ ਬੰਦ ਗਰਭਵਤੀ ਕੁੜੀਆਂ ਦੇ ਬੱਚੇ ਚੋਰੀ ਕਰ ਕੇ ਅਮੀਰਾਂ ਅਤੇ ਅਸਰ-ਰਸੂਖ਼ ਵਾਲੇ ਬੇਔਲਾਦ ਲੋਕਾਂ ਨੂੰ ਵੇਚ ਦਿੱਤੇ ਜਾਂਦੇ ਸਨ। ਬਹੁਤੀਆਂ ਕੁੜੀਆਂ ਸਿਆਸੀ ਕੈਦੀ ਸਨ। ਬੱਚੇ ਦੇ ਜਨਮ ਤੋਂ ਬਾਅਦ ਕੈਦੀ ਕੁੜੀਆਂ ਨੂੰ ਮਾਰ ਦਿੱਤਾ ਜਾਂਦਾ ਸੀ। ਇਨ੍ਹਾਂ ਬੱਚਿਆਂ ਨੂੰ ਆਪਣੇ ਅਸਲੀ ਮਾਂ-ਬਾਪ ਦਾ ਪਤਾ ਤੱਕ ਨਹੀਂ ਹੈ। ਕਈ ਕੇਸਾਂ 'ਚ ਕਾਤਲਾਂ ਨੇ ਹੀ ਮਕਤੂਲ ਦੇ ਬੱਚੇ ਨੂੰ ਆਪਣਾ ਜੁਆਕ ਬਣਾ ਲਿਆ। ਇਹ ਬੱਚੇ ਮਾਂ-ਪਿਉ ਦੇ ਕਾਤਲਾਂ ਨੂੰ ਹੀ ਮਾਪੇ ਮੰਨੀ ਬੈਠੇ ਹਨ। ਦਾਦੇ-ਦਾਦੀਆਂ ਅੱਜ ਵੀ ਮਾਰ-ਖਪਾਏ ਪੁੱਤਾਂ-ਧੀਆਂ ਅਤੇ ਚੋਰੀ ਕੀਤੇ ਪੋਤੇ-ਪੋਤਰੀਆਂ ਨੂੰ ਲੱਭ ਰਹੇ ਹਨ। ਅਰਜਨਟੀਨੀ ਫ਼ਿਲਮ 'ਦਿ ਆਫ਼ੀਸ਼ੀਅਲ ਸਟੋਰੀ' ਅਜਿਹੇ ਹੀ ਪਾਤਰਾਂ ਨੂੰ ਪਰਦਾਪੇਸ਼ ਕਰਦੀ ਹੈ। ਕਈ ਫ਼ਿਲਮਾਂ ਉਨ੍ਹਾਂ ਕਾਲੇ ਸਮਿਆਂ 'ਚ ਚਰਚ ਦੀ ਸ਼ੱਕੀ ਅਤੇ ਨਾਂਹ-ਪੱਖੀ ਭੂਮਿਕਾ ਨੂੰ ਉਜਾਗਰ ਕਰਦੀਆਂ ਹਨ। ਇਸ ਤੋਂ ਵੀ ਅੱਗੇ ਚਰਚ ਨੇ ਕਾਤਲਾਂ ਨਾਲ ਮਿਲ ਕੇ ਕੰਮ ਕੀਤਾ। ਗੰਦੀ ਜੰਗ ਦੌਰਾਨ ਬੱਸ ਪਾਸ ਲਈ ਸੰਘਰਸ਼ ਕਰਨ ਵਾਲੇ ਹਾਈ ਸਕੂਲ ਦੇ ਮੁੰਡੇ ਕੁੜੀਆਂ ਨੂੰ ਵੀ ਮਾਰ-ਖਪਾ ਦਿੱਤਾ ਗਿਆ। ਤਸ਼ੱਦਦ ਅਤੇ ਕਤਲ ਲਈ ਕਸਾਈਖਾਨਿਆਂ 'ਚ ਲਿਆਂਦੇ ਇਨ੍ਹਾਂ ਬੱਚਿਆਂ ਲਈ 'ਨਾਈਟ ਔਫ਼ ਦਿ ਪੈਨਸਿਲਜ਼' ਸ਼ਬਦ ਵਰਤਿਆ ਜਾਂਦਾ ਸੀ। ਚਰਚ ਅਤੇ ਹਾਕਮਾਂ ਦੀ ਨਜ਼ਰ ਵਿਚ ਇਹ ਮੁੰਡੇ-ਕੁੜੀਆਂ 'ਵਿਗੜੇ ਹੋਏ ਨਾਸਤਿਕ' ਸਨ ਜਿਨ੍ਹਾਂ ਨੂੰ ਸਿੱਧੇ ਰਸਤੇ ਪਾਉਣ ਦਾ ਇਹੀ ਤਰੀਕਾ ਸੀ। ਕੁਝ ਸਮਾਂ ਪਹਿਲਾਂ ਨਵੇਂ ਬਣੇ ਪੋਪ ਉੱਤੇ ਤਾਨਾਸ਼ਾਹ ਵਿਡੈਲਾ ਨਾਲ 'ਕੀਮਤੀ ਸਬੰਧ' ਰੱਖਣ ਦੇ ਦੋਸ਼ ਲੱਗੇ ਹਨ। ਚਰਚ ਅਤੇ ਨਵੇਂ ਬਣੇ ਪੋਪ ਦੀ ਸਾਜ਼ਿਸ਼ੀ ਭੂਮਿਕਾ ਦੀ ਕੁਝ ਨਿਰਪੱਖ ਰਹੇ ਪਾਦਰੀਆਂ ਨੇ ਪੁਸ਼ਟੀ ਕੀਤੀ ਹੈ ਜਿਨ੍ਹਾਂ ਨੇ ਫ਼ੌਜੀ ਨਿਜ਼ਾਮ ਦੇ ਬੇਕਿਰਕ ਜ਼ੁਲਮ ਦੀ ਮਨੁੱਖੀ ਪੈਂਤੜੇ ਤੋਂ ਵਿਰੋਧਤਾ ਕੀਤੀ ਸੀ। ਫ਼ਿਲਮ 'ਨਾਈਟ ਔਫ਼ ਦਿ ਪੈਨਸਿਲਜ਼ ਅਤੇ 'ਜ਼ੂਜ਼ੂ ਏਂਜਲ' ਵਿਚ ਅਜਿਹੇ ਵੇਰਵੇ ਮਿਲਦੇ ਹਨ। ਇਹ ਫ਼ਿਲਮਾਂ ਸੱਚੀਆਂ ਕਹਾਣੀਆਂ 'ਤੇ ਬਣੀਆਂ ਫ਼ਿਲਮਾਂ ਹਨ। ਹੁਣ ਫਿਰ ਇਹ ਸਵਾਲ ਤਾਂ ਪੁੱਛ ਹੀ ਲੈਣਾ ਚਾਹੀਦਾ ਹੈ ਕਿ ਵਿਡੈਲਾ ਨੂੰ ਸਜ਼ਾ ਮਿਲਣ ਤੋਂ ਬਾਅਦ ਹੁਣ ਮੌਜੂਦਾ ਪੋਪ ਦੀ ਜ਼ਿੰਮੇਵਾਰੀ ਕੌਣ ਤੈਅ ਕਰੇਗਾ?

ਅਲਬਾਨੀਅਨ ਲੇਖਕ ਇਸਮਾਈਲ ਕਦਾਰੇ ਕਹਿੰਦਾ ਹੈ ਕਿ ਕਲਾ ਮੂਲ ਰੂਪ 'ਚ ਤਾਨਾਸ਼ਾਹੀ ਦੀ ਦੁਸ਼ਮਣ ਹੈ। ਫ਼ਿਲਮ ਕਲਾ ਇਸ ਪ੍ਰਸੰਗ ਤੋਂ ਬਾਹਰ ਨਹੀਂ ਹੋ ਸਕਦੀ। ਸਾਡੇ ਪੰਜਾਬੀ ਫ਼ਿਲਮਸਾਜ਼ਾਂ ਦੇ ਸਾਹਮਣੇ ਇਹ ਸਵਾਲ ਉੱਭਰ ਕੇ ਆਉਂਦਾ ਹੈ ਕਿ ਅਸੀਂ ਫ਼ਿਲਮ-ਕਿਰਤਾਂ ਰਾਹੀਂ ਮੁਕਾਮੀ ਤ੍ਰਾਸਦੀਆਂ ਨਾਲ ਕਿਸ ਕਿਸਮ ਦਾ ਸੰਵਾਦ ਰਚਾਇਆ ਹੈ? ਇਹ ਤ੍ਰਾਸਦੀਆਂ ਸਾਡੇ ਸਿਨੇਮੇ ਤੋਂ ਬਾਹਰ ਕਿਉਂ ਹਨ? ਇਹ ਜ਼ਰੂਰ ਕਹਿਣਾ ਬਣਦਾ ਹੈ ਕਿ ਇਨ੍ਹਾਂ ਤ੍ਰਾਸਦੀਆਂ ਦੀ ਗੱਲ ਕਰਦੇ ਹੋਏ ਸਾਨੂੰ ਜ਼ਿੰਮੇਵਾਰੀ ਅਤੇ ਪੜਚੋਲਮੁਖੀ ਪਹੁੰਚ ਰੱਖਣੀ ਪਵੇਗੀ। ਹਰ ਗੱਲ ਸ਼ਰਧਾ ਜਾਂ ਭਾਵੁਕਤਾ ਨਾਲ ਨਹੀਂ ਨਿਬੇੜੀ ਜਾ ਸਕਦੀ।


'ਦਿ ਆਫ਼ੀਸ਼ੀਅਲ ਸਟੋਰੀ' ਫਿਲਮ ਦੀ ਝਲਕ।

# ਪ੍ਰਿਯੰਕਾ ਦਾ ਪਿਆਰ



ਪ੍ਰਿਯੰਕਾ ਚੋਪੜਾ ਰੀਅਲ ਮੈਡਰਿਡ ਦੇ ਸਟਾਰ ਫੁੱਟਬਾਲ ਖਿਡਾਰੀ ਕ੍ਰਿਸਟੀਆਨੋ ਰਿਨਾਲਡੋ ਅਤੇ ਉਸ ਦੇ ਸਾਥੀਆਂ ਨਾਲ ਨੱਚ-ਨੱਚ ਫ਼ਾਵੀਂ ਹੋ ਗਈ। ਹਿੰਦੀ ਫਿਲਮਾਂ ਦੀ ਇਸ ਸਟਾਰ ਆਦਾਰਾ ਦੀ ਪੁੱਛਗਿੱਛ ਅੱਜਕੱਲ੍ਹ ਬਾਲੀਵੁੱਡ ਵਿਚ ਪਹਿਲਾਂ ਨਾਲੋਂ ਕੁਝ ਕੁ ਘੱਟ ਗਈ ਹੈ, ਪਰ ਅਮਰੀਕਾ ਵਿਚ ਪ੍ਰਿਯੰਕਾ ਦੀ ਬੱਲੇ-ਬੱਲੇ ਹੈ। ਮਿਆਮੀ ਦੇ ਮਸ਼ਹੂਰ 'ਐਲ 4 ਕਲੱਬ' ਵਿਚ ਹੋਈ ਪਾਰਟੀ ਦੌਰਾਨ ਪ੍ਰਿਯੰਕਾ ਚੋਪੜਾ ਰਿਨਾਲਡੋ ਨਾਲ ਮਟਕਣ ਲੱਗ ਪਈ। ਪਾਰਟੀ ਮਘੀ ਦੇਖਦਿਆਂ ਰਿਨਾਲਡੋ ਦੇ ਹੋਰ ਸਾਥੀ ਵੀ ਪ੍ਰਿਯੰਕਾ ਨਾਲ ਝੂਮ ਉਠੇ। ਇਹ ਪਾਰਟੀ ਸਵੇਰੇ ਤੜਕੇ ਤਕ ਚਲਦੀ ਰਹੀ ਤੇ ਪ੍ਰਿਯੰਕਾ ਵੀ ਪਹੁ-ਫੁਟਾਲੇ ਤੱਕ ਆਪਣੇ ਪਿਆਰ ਦੇ ਜਲਵੇ ਬਖੇਰਦੀ ਰਹੀ। ਪੁੱਛਣ 'ਤੇ ਉਸ ਨੇ ਇੰਨਾ ਹੀ ਕਿਹਾ, "ਮਿਆਮੀ ਦਾ ਮਾਹੌਲ ਹੀ ਅਜਿਹਾ ਸੀ। ਮੈਚ ਤੋਂ ਬਾਅਦ ਜਿਉਂ ਹੀ ਪਾਰਟੀ ਦਾ ਰੰਗ ਬੱਝਿਆ, ਮੇਰਾ ਦਿਲ ਨੱਚਣ ਨੂੰ ਕਰਨ ਲੱਗਾ ਅਤੇ ਮੈਂ ਨੱਚ ਉਠੀ।"

# ਮਾਹੀਆ ਗੀਤ ਵਾਲੀ ਲਾਹੌਰਨ ਏਨੀ ਖਾਲਿਦ

ਲਹਿੰਦੇ ਪੰਜਾਬ ਦੇ ਮਸ਼ਹੂਰ ਸ਼ਹਿਰ ਲਾਹੌਰ ਵਿਚ ਜੰਮੀ ਏਨੀ ਖਾਲਿਦ ਗਾਇਨ ਅਤੇ ਮਾਡਲਿੰਗ ਦੇ ਖੇਤਰ ਵਿਚ ਆਪਣੀ ਡੂੰਘੀ ਪਛਾਣ ਬਣਾ ਚੁੱਕੀ ਹੈ। ਉਹਦਾ ਪੂਰਾ ਨਾਂ ਨੂਰ-ਉਲ-ਏਨ ਖਾਲਿਦ ਹੈ ਅਤੇ ਅੱਜਕੱਲ੍ਹ ਉਹ ਪ੍ਰਿੰਸਸ ਵਜੋਂ ਵੀ ਮਸ਼ਹੂਰ ਹੈ। ਉਹਦਾ ਕਰੀਅਰ 2005 ਵਿਚ ਉਸ ਵੇਲੇ ਸ਼ੁਰੂ ਹੋਇਆ ਸੀ ਜਦੋਂ ਘਰ ਬੈਠੀ ਬੋਰ ਹੋ ਰਹੀ ਏਨੀ ਨੇ ਗੁਣ-ਗੁਣਾਉਣਾ ਆਰੰਭ ਕਰ ਦਿੱਤਾ। ਫਿਰ ਛੇਤੀ ਹੀ ਉਸ ਦੀ ਮੁਲਾਕਾਤ ਪਰਿਵਾਰ ਦੇ ਇਕ ਮਿੱਤਰ ਰਾਹੀਂ ਸਮਾਗਮ ਕਰਵਾਉਣ ਵਾਲੇ ਇਕ ਸ਼ਖਸ ਨਾਲ ਹੋ ਗਈ। ਉਸ ਦਾ ਗਾਇਆ ਪਹਿਲਾ ਹੀ ਗੀਤ 'ਮਾਹੀਆ' ਹਿੱਟ ਹੋ ਗਿਆ ਅਤੇ ਏਨੀ ਰਾਤੋ-ਰਾਤ ਸਟਾਰ ਬਣ ਗਈ। ਉਸ ਦਾ ਗਾਉਣ ਦਾ ਸਟਾਈਲ ਵੀ ਬਾਕੀਆਂ ਨਾਲੋਂ ਵੱਖਰਾ ਸੀ ਅਤੇ ਇਸੇ ਨੇ ਹੀ ਉਸ ਦੇ ਬਹੁਤੇ ਨੰਬਰ ਬਣਾਏ। ਫਿਲਮਸਾਜ਼ ਮਹੇਸ਼ ਭੱਟ ਨੇ ਇਹ ਗੀਤ ਆਪਣੀ ਫਿਲਮ 'ਅਵਾਰਾਪਨ' ਵਿਚ ਸ਼ਾਮਲ ਕੀਤਾ ਤਾਂ ਏਨੀ ਦੀ ਮਸ਼ਹੂਰੀ ਬਾਲੀਵੁੱਡ ਵਿਚ ਵੀ ਹੋ ਗਈ ਅਤੇ ਉਸ ਦੇ ਸਰੋਤਿਆਂ ਦੀ ਗਿਣਤੀ ਵੀ ਦੁੱਗਣੀ-ਚੌਗੁਣੀ ਹੋ ਗਈ। 2006 ਵਿਚ ਜਦੋਂ ਉਸ ਦੀ ਪਲੇਠੀ ਐਲਬਮ 'ਪ੍ਰਿੰਸਸ' ਰਿਲੀਜ਼ ਹੋਈ ਤਾਂ ਉਸ ਨੂੰ ਪ੍ਰਿੰਸਸ ਖਾਲਿਦ ਪੁਕਾਰਿਆ ਜਾਣ ਲੱਗਾ। 2010 ਵਿਚ ਉਸ ਦੀ ਇਕ ਹੋਰ ਐਲਬਮ 'ਕਿਆ ਯਹੀ ਪਿਆਰ ਹੈ' ਰਿਲੀਜ਼ ਹੋਈ। ਇਨ੍ਹਾਂ ਦੋਹਾਂ ਐਲਬਮਾਂ ਨੇ ਉਸ ਨੂੰ ਆਸਮਾਨ ਉਤੇ ਪਹੁੰਚਾ ਦਿੱਤਾ। ਗਾਇਨ ਤੋਂ ਇਲਾਵਾ ਏਨੀ ਨੇ 2010 ਵਿਚ ਮਾਡਲਿੰਗ ਦੇ ਖੇਤਰ ਵਿਚ ਵੀ ਪੈਰ ਧਰਿਆ ਅਤੇ ਵਾਹ-ਵਾਹੀ ਖੱਟੀ। ਏਨੀ ਲੋਕ-ਪੱਖੀ ਪ੍ਰੋਜੈਕਟਾਂ ਨਾਲ ਵੀ ਜੁੜੀ ਹੋਈ ਹੈ। ਪਾਕਿਸਤਾਨ ਦੇ ਹੜ੍ਹ ਪੀੜਤਾਂ ਦੀ ਉਸ ਨੇ ਪੁੱਜ ਕੇ ਇਮਦਾਦ ਕੀਤੀ।



ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ॥ ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ॥

# ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ

113-10-101 ਐਵਿਨਿਊ ਰਿਚਮੰਡ ਹਿੱਲ ਨਿਊਯਾਰਕ ਵੱਲੋਂ



25 ਅਗਸਤ ਦਿਨ ਐਤਵਾਰ ਨੂੰ ਮਨਾਇਆ ਜਾਵੇਗਾ ਸਮੋਕੀ ਪਾਰਕ ਵਿਚ 11 ਤੋਂ 5 ਵਜੇ ਤੱਕ



# "ਗੁਰੂ ਲਾਧੋ ਰੇ" ਦਿਵਸ

8ਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਜੋਤੀ-ਜੋਤ ਸਮਾਉਣ ਸਮੇਂ ਗੁਰੂ ਜੋਤ ਗੁਰੂ ਤੇਗ ਬਹਾਦਰ ਸਾਹਿਬ ਵਿਚ ਟਿਕਾ, ਕੇਵਲ ਇਸ਼ਾਰੇ ਮਾਤਰ ਹੀ ਕਿਹਾ ਕਿ 'ਬਾਬਾ ਬਕਾਲੇ'। ਬਸ ਅਜੋਕੇ ਸਮੇਂ ਦੀ ਤਰ੍ਹਾਂ ਪਾਖੰਡੀਆਂ ਦਾ ਤਾਂਤਾ ਲੱਗ ਗਿਆ। ਸਤਿਗੁਰੂ ਨੇ ਆਪਣੇ ਸਿਦਕੀ ਸਿੱਖ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਆਪਣੇ ਪ੍ਰਤੀ ਅਟੁੱਟ ਸ਼ਰਧਾ ਨੂੰ ਭਾਗ ਲਾਉਂਦਿਆਂ ਡੁਬਦੇ ਜਹਾਜ਼ ਨੂੰ ਬੰਨ੍ਹੇ ਲਾ ਕੇ ਗੁਰ-ਸਿੱਖ ਦੀ ਕੀਤੀ ਅਰਦਾਸ ਨੂੰ ਪ੍ਰਵਾਨ ਕੀਤਾ। ਸ਼ੁਕਰਾਨੇ ਵਜੋਂ ਬਾਬੇ ਬਕਾਲੇ ਦੀ ਧਰਤੀ 'ਤੇ ਪਹੁੰਚੇ ਤਾਂ ਪਾਖੰਡੀਆਂ ਵਿਚ ਘਿਰ ਗਏ ਪਰ ਸਤਿਗੁਰ ਦੁਆਰਾ ਬਖਸ਼ੀ ਵਿਵੇਕ ਬੁੱਧੀ ਨਾਲ ਗੁਰੂ ਤੇਗ ਬਹਾਦਰ ਸਾਹਿਬ ਨੂੰ ਗੁਰੂ ਪ੍ਰਵਾਨ ਕਰਕੇ ਗੁਰੂ ਲਾਧੋ ਰੇ, ਗੁਰੂ ਲਾਧੋ ਰੇ ਦਾ ਹੋਕਾ ਦਿੱਤਾ ਅਤੇ ਸਿੱਖ ਕੌਮ ਨੂੰ ਪਾਖੰਡੀ ਗੁਰੂਆਂ ਤੋਂ ਨਿਜਾਤ ਦਿਵਾਕੇ ਸੱਚੇ ਗੁਰੂ ਦੇ ਲੜ ਲਾਇਆ। ਉਸ ਸਮੇਂ ਨੂੰ ਯਾਦ ਕਰਦਿਆਂ ਅਤੇ ਆਪਣੇ ਫਰਜ਼ ਦੀ ਪੂਰਤੀ ਕਰਦਿਆਂ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ 113-10-101 ਐਵਿਨਿਊ ਰਿਚਮੰਡ ਹਿੱਲ ਨਿਊਯਾਰਕ ਵੱਲੋਂ ਗੁਰੂ ਲਾਧੋ ਰੇ ਦਿਵਸ ਸਮੋਕੀ ਪਾਰਕ, 125-ਸਟਰੀਟ, ਅਟਲਾਂਟਿਕ ਐਵਿਨਿਊ ਰਿੱਚ ਮੰਡ ਹਿੱਲ ਵਿਖੇ 25 ਅਗਸਤ ਦਿਨ ਐਤਵਾਰ ਨੂੰ ਟ੍ਰਾਈਸਟੇਟ ਦੀਆਂ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਜਥੇਬੰਦੀਆਂ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿਚ ਪੰਥ ਪ੍ਰਸਿੱਧ ਵਿਦਵਾਨ ਅਤੇ ਕੀਰਤਨੀ ਜੱਥੇ ਅਤੇ ਕਥਾਕਾਰ ਹਾਜ਼ਰੀਆਂ ਭਰ ਰਹੇ ਹਨ। ਸਮੁੱਚੀ ਸਾਧ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

**ਪ੍ਰੋਗਰਾਮ** ਭੋਗ ਸ੍ਰੀ ਅਖੰਡ ਪਾਠ ਸਾਹਿਬ 25 ਅਗਸਤ 10 ਵਜੇ ਗੁਰਦੁਆਰਾ ਸਾਹਿਬ ਵਿਖੇ ਪੁਆਇਆ ਜਾਵੇਗਾ

**ਉਪਰੰਤ 11.00 ਵਜੇ ਮਹਾਰਾਜ ਜੀ ਦੀ ਸਵਾਰੀ ਸਮੋਕੀ ਪਾਰਕ ਵਿਚ ਸ਼ਸ਼ੋਭਤ ਕੀਤੀ ਜਾਵੇਗੀ।**

**ਪਹੁੰਚ ਰਹੇ ਕੀਰਤਨੀ ਜੱਥੇ ਅਤੇ ਕਥਾਵਾਚਕ**

* ਭਾਈ ਸਰਬਜੀਤ ਸਿੰਘ ਜੀ ਲਾਡੀ ਹਜ਼ੂਰੀ ਰਾਗੀ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ * ਭਾਈ ਸਰਬਜੀਤ ਸਿੰਘ ਜੀ ਗੁਰਦਾਸਪੁਰ ਵਾਲੇ * ਪ੍ਰੋਫੈਸਰ ਮਨਜੀਤ ਸਿੰਘ ਜੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ। * ਗਿਆਨੀ ਬਲਦੇਵ ਸਿੰਘ ਜੀ ਪਾਂਉਂਟਾ ਸਾਹਿਬ ਵਾਲੇ * ਪੰਥ ਪ੍ਰਸਿੱਧ ਵਿਦਵਾਨ ਤੇ ਹਿਸਟੋਰੀਅਨ ਡਾ. ਸੁਖਪ੍ਰੀਤ ਸਿੰਘ ਉਦੋਕੇ ਜੋ ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦੇ ਇਤਿਹਾਸ ਬਾਰੇ ਖੋਜ ਕਰ ਰਹੇ ਹਨ, ਆਪ ਜੀ ਨਾਲ ਇਤਿਹਾਸਿਕ ਵਿਚਾਰਾਂ ਦੀ ਸਾਂਝ ਪਾਣਗੇ।

**ਪ੍ਰਾਰਥਕ: ਐਗਜ਼ੈਕਟਿਵ ਕਮੇਟੀ, ਬੋਰਡ ਆਫ ਟਰੱਸਟ, ਇਲੈਕਸ਼ਨ ਕਮੇਟੀ ਅਤੇ ਗੁਰੂ ਘਰ ਦਾ ਸਟਾਫ**

## Executive Committee Members : 2012 - 2014

Gurmej Singh
President- 917-513-9830
Mohinder Singh Mehmadpur
Vice President- 917-940-9004
Raghbir Singh Babby Gen. Sect.- 917-440-4440
Gurmit Singh Mehmadpur Sect. 917-225-6703
Kulwant Singh Nadala Cashier 718-306-7779
Amrik Singh Morthali Cashier 917-548-3190
Harjit Singh Pro-917-704-2400
Gurpreet Singh-917-403-3042
Malkit Singh Mehmadpur- 917-913-3352
Tarsem Singh Surkhan-917-217-6581
Daler Singh-917-849-9033

Raghbir Singh Rangoo
646-829-5962
Tarlochan Singh Mehmadpur
917-334-0398
Karanjit Singh-718-478-6710
Darshan Singh-347-701-9040
Baljinder Kaur-718-347-6127
Sarabjit Kaur-917-226-6245
Sundeep Kaur-718-969-0441
Paramjit Kaur

Baldev Singh Gilzian Chairman .-516-805-3870, Jasbir Singh Pathankot Vice Ch.- 917-254-3175, Rajinder Pal Singh Patwari sect.

| | |
|---|---|
| Ranjit Singh Mehmadpur | Baldev Singh |
| Gurnam Singh | Rupinder Singh |
| Saroop Singh | Karnail Singh |
| Sarabjit Singh | Surinder Singh |
| Prabhjit Singh Rocky | Lakhwinder Singh |
| Gurwant Singh | Sampuran Singh |
| Joginder Singh | Jaswinder Kaur |
| Satnam Singh | Nirmal Kaur |
| Balwinder Singh Subhanpur | Malkit Singh |


ਪ੍ਰੋ. ਸੁਖਪ੍ਰੀਤ ਸਿੰਘ ਉਦੋਕੇ


ਪ੍ਰੋ. ਮਨਜੀਤ ਸਿੰਘ



➤ ਗਿਆਨੀ ਜਸਪਾਲ ਸਿੰਘ ਮੁੱਖ ਗ੍ਰੰਥੀ ➤ ਗਿਆਨੀ ਸੇਵਕ ਸਿੰਘ ਗ੍ਰੰਥੀ ➤ ਗਿਆਨੀ ਕੁਲਵੰਤ ਸਿੰਘ ਗ੍ਰੰਥੀ
➤ ਭਾਈ ਜਗਤ ਸਿੰਘ ਸੇਵਾਦਾਰ ➤ ਭਾਈ ਗੁਰਮੀਤ ਸਿੰਘ ਲੰਗਰ ਸੇਵਾਦਾਰ ➤ ਬਲਜਿੰਦਰ ਸਿੰਘ ਸੋਨੀ

* ਮਾਸਟਰ ਮਹਿੰਦਰ ਸਿੰਘ * ਸ. ਰਘਬੀਰ ਸਿੰਘ ਸੁਭਾਨਪੁਰ
* ਸ. ਮਨਜੀਤ ਸਿੰਘ ਦਸੂਹਾ * ਸ. ਪ੍ਰੀਤਮ ਸਿੰਘ ਗਿਲਜ਼ੀਆਂ
* ਸ. ਕੁਲਦੀਪ ਸਿੰਘ ਖਾਲਸਾ * ਸ. ਹਿੰਮਤ ਸਿੰਘ ਸਰਪੰਚ
* ਸ. ਪਰਮਜੀਤ ਸਿੰਘ ਬੇਗੋਵਾਲ

**ਗੁਰਦੁਆਰਾ ਸਾਹਿਬ ਦੇ ਫੋਨ: 718-805-6941/718-805-7400**

# ਗੁਰਦੁਆਰਾ ਗੁਰੂ ਨਾਨਕ ਦਰਬਾਰ, ਸਾਊਥਿੰਗਟਨ, ਕਨੈਕਟੀਕਟ

## ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਹਾੜੇ 'ਤੇ

# ਰਾਗ ਦਰਬਾਰ



ਗੁਰਦੁਆਰਾ ਗੁਰੂ ਨਾਨਕ ਦਰਬਾਰ 1610 ਵੈਸਟ ਸਟਰੀਟ ਸਾਊਥਿੰਗਟਨ ਕਨੈਕਟੀਕਟ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਨਿਮਾਣਾ ਜਿਹਾ ਉਪਰਾਲਾ ਕਰਕੇ 31 ਅਗਸਤ ਦਿਨ ਸਨਿਚਰਵਾਰ ਨੂੰ ਸ਼ਾਮ 8 ਵਜੇ ਤੋਂ ਲੈ ਕੇ ਰਾਤ 12 ਵਜੇ ਤਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਰਾਗ ਦਰਬਾਰ ਕਰਵਾਇਆ ਜਾ ਰਿਹਾ ਹੈ ਜੀ। ਦੀਵਾਨ ਦੀ ਸਮਾਪਤੀ ਤੋਂ ਬਾਅਦ ਫੁੱਲਾਂ ਦੀ ਵਰਖਾ ਹੋਵੇਗੀ। ਕੀਰਤਨ ਦਰਬਾਰ ਵਿਚ ਪੰਥ ਪ੍ਰਸਿਧ ਰਾਗੀ ਜਥੇ ਗੁਰਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਨਗੇ। ਟ੍ਰਾਈ ਸਟੇਟ ਦੀਆਂ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚ ਕੇ ਗੁਰੂ ਪਾਤਸ਼ਾਹ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**ਪਹੁੰਚ ਰਹੇ ਰਾਗੀ ਜਥੇ ਅਤੇ ਵਿਦਵਾਨ**

1. ਭਾਈ ਸਰਬਜੀਤ ਸਿੰਘ ਰੰਗੀਲਾ
2. ਭਾਈ ਅਵਤਾਰ ਸਿੰਘ ਤੇ ਦਿਲਬਾਗ ਸਿੰਘ
3. ਭਾਈ ਸੁਰਜੀਤ ਸਿੰਘ ਲੌਂਗ ਆਈਲੈਂਡ
4. ਭਾਈ ਸਤਨਾਮ ਸਿੰਘ ਲੁਧਿਆਣਾ



## ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ

ਭਾਈ ਦਿਲਰਾਜ ਸਿੰਘ ਚਾਵਲਾ
(ਪ੍ਰਧਾਨ)
ਫੋਨ: (203) 768-8774

ਭਾਈ ਸੁਖਦੇਵ ਸਿੰਘ ਮੱਲ੍ਹੀ
(ਮੀਤ ਪ੍ਰਧਾਨ)
ਫੋਨ: (860) 995-2227

ਭਾਈ ਜਸਪਾਲ ਸਿੰਘ
(ਸਕੱਤਰ)
ਫੋਨ: (860) 263-3734

ਬੀਬੀ ਹਰਜਿੰਦਰ ਕੌਰ
(ਚੇਅਰਮੈਨ, ਬੋਰਡ ਆਫ ਟਰਸਟ)
ਫੋਨ: (917) 793-0031

ਹੈਡ ਗ੍ਰੰਥੀ ਭਾਈ ਕੋਮਲ ਸਿੰਘ, ਫੋਨ: 860-621-3015

# Gurdwara Guru Nanak Darbar

1610 West Street, Southington, CT 06489-1054